# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 12 | 23 March 2022 to 30 March 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com


# ਰਾਜ ਸਭਾ ਨਾਮਜ਼ਦਗੀਆਂ ਨੂੰ ਲੈ ਕੇ 'ਆਪ' ਕਸੂਤੀ ਫਸੀ

## ✪ ਸ਼ੋਸ਼ਲ ਮੀਡੀਆ ਉਪਰ ਪੰਜਾਬੀਆਂ ਵਲੋਂ ਕਰੜਾ ਵਿਰੋਧ ✪ ਵਿਰੋਧੀ ਰਾਜਨੀਤਕ ਪਾਰਟੀਆਂ ਨੇ 'ਆਪ' ਨੂੰ ਘੇਰਿਆ ✪ ਬੀਬੀ ਖਾਲੜਾ ਰਾਜ ਸਭਾ ਲਈ ਯੋਗ ਉਮੀਦਵਾਰ ਸੀ : ਸੁਖਪਾਲ ਖਹਿਰਾ ✪ 'ਆਪ' ਦੇ ਪੰਜ ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਦਾਖ਼ਲ

**'ਆਪ' ਵਲੋਂ ਅਜਿਹੀ ਪਿਰਤ ਪਾਉਣ ਤੋਂ ਇਹ ਤਾਂ ਸਾਫ਼ ਹੋ ਗਈ ਹੈ ਕਿ ਉਹ ਪੰਜਾਬ ਦੇ ਹਿਤਾਂ ਨੂੰ ਬਹੁਤਾ ਮਹੱਤਵ ਕਦੇ ਨਹੀਂ ਦੇਵੇਗੀ ਪਰ ਹੈਰਾਨੀ ਹੈ ਕਿ ਜਿਸ ਸੂਬੇ ਵਿਚੋਂ ਉਨਾਂ ਨੂੰ 42 ਫ਼ੀਸਦੀ ਵੋਟਾਂ ਮਿਲੀਆਂ ਹੋਣ, ਉਥੇ ਉਨਾਂ ਨੂੰ ਪੰਜਾਬ ਦਾ ਪੱਖ ਰੱਖ ਸਕਣ ਵਾਲੇ ਪੰਜ ਪੰਜਾਬੀ ਵੀ ਰਾਜ ਸਭਾ ਵਿਚ ਭੇਜਣ ਵਾਸਤੇ ਨਹੀਂ ਮਿਲੇ। ਇਕ ਹੋਰ ਗੱਲ ਨੂੰ ਲੈ ਕੇ ਵੀ ਪੰਜਾਬ ਵਿਚ ਨਿਰਾਸ਼ਾ ਉਪਜੀ ਹੈ ਕਿ ਸਿੱਖ ਪ੍ਰਦੇਸ਼ ਹੋਣ ਦੇ ਨਾਤੇ, ਦਸਤਾਰਧਾਰੀ ਚਿਹਰਾ ਪੰਜਾਬ ਵਿਚੋਂ ਭੇਜਣਾ ਸਿੱਖ ਅਪਣਾ ਹੱਕ ਸਮਝਦੇ ਸਨ। ਹਰਭਜਨ ਸਿੰਘ ਇਕ ਵਧੀਆ ਵੱਡੇ ਖਿਡਾਰੀ ਹਨ ਪਰ ਉਨਾਂ ਨੂੰ ਸਿੱਖਾਂ ਦੀ ਆਵਾਜ਼ ਨਹੀਂ ਮੰਨਿਆ ਜਾਂਦਾ। ਅੱਜ ਜਦ ਘੱਟ ਗਿਣਤੀਆਂ ਉਤੇ ਖ਼ਤਰੇ ਵੱਧ ਰਹੇ ਹਨ, ਸਿੱਖਾਂ ਦੀ ਆਵਾਜ਼ ਚੁਕਣ ਵਾਲੇ ਘਟਦੇ ਜਾ ਰਹੇ ਹਨ। ਇਸੇ ਕਰ ਕੇ ਵਾਰ ਵਾਰ ਅਸੀ ਅਪਣੇ ਕਿਰਦਾਰ ਵਲ ਧਿਆਨ ਦੇਣ ਨੂੰ ਆਖਦੇ ਆਏ ਹਾਂ - ਸਿੱਖ ਫ਼ਲਸਫ਼ੇ 'ਤੇ ਟਿਕਿਆ ਕਿਰਦਾਰ ਜਿਸ ਤੇ ਲਾਲਚ, ਮਾਫ਼ੀਆ ਤੇ ਸਿਆਸਤ ਦੇ ਦਾਗ਼ ਨਾ ਹੋਣ। ਵੈਸੇ ਤਾਂ ਭਗਵੰਤ ਮਾਨ ਆਪ ਕਦੇ ਬੀਬੀ ਖਾਲੜਾ ਨੂੰ ਰਾਜ ਸਭਾ ਵਿਚ ਭੇਜਣ ਦੀ ਗੱਲ ਆਖਦੇ ਹੁੰਦੇ ਸਨ।ਪਰ ਸਿੱਖਾਂ ਦੇ ਦਰਦ ਤੋਂ ਆਪ ਹੀ ਅਣਜਾਣ ਹੋ ਗਏ। ਪਰ ਪੰਜਾਬ ਜਾਣਦਾ ਸੀ ਕਿ ਉਸ ਨੇ ਕੇਜਰੀਵਾਲ ਨੂੰ ਹੋਰ ਕੁੱਝ ਨਹੀਂ, ਕੇਵਲ ਏਨਾ ਸੋਚ ਕੇ ਹੀ ਇਕ ਮੌਕਾ ਦਿਤਾ ਸੀ ਕਿ ਉਸ ਨੂੰ ਆਪਣੇ ਕਿਸੇ ਆਗੂ ਤੇ ਵਿਸ਼ਵਾਸ ਨਹੀਂ ਰਿਹਾ।**

ਚੰਡੀਗੜ - ਪੰਜਾਬ ਤੋਂ ਰਾਜ ਸਭਾ ਦੀਆਂ ਪੰਜ ਖ਼ਾਲੀ ਹੋਈਆਂ ਸੀਟਾਂ 'ਤੇ ਆਪ ਪਾਰਟੀ ਵਲੋਂ ਜੋ ਪੰਜ ਉਮੀਦਵਾਰ ਬਣਾਏ ਗਏ ਉਸ ਨੇ 'ਆਪ' ਦੇ ਹੱਕ ਵਿਚ ਵੱਡਾ ਫ਼ਤਵਾ ਦੇਣ ਵਾਲੇ ਪੰਜਾਬੀਆਂ ਨੂੰ ਵੱਡੀ ਮਾਯੂਸੀ ਦਿੱਤੀ । ਪੰਜਾਬ ਜੋ ਕਿ ਦੇਸ਼ ਦੀ ਇਕ ਘੱਟ ਗਿਣਤੀ ਦੀ ਨੁਮਾਇੰਦਗੀ ਵਾਲਾ ਸੂਬਾ ਹੈ ਤੋਂ ਹੀ ਰਾਜ ਸਭਾ ਵਿਚ ਪੰਜਾਬੀ ਚਿਹਰਾ ਨਾ ਭੇਜੇ ਜਾਣ ਦਾ ਰਾਜ ਦੀਆਂ ਕਈ ਪਾਰਟੀਆਂ ਤੇ ਜਥੇਬੰਦੀਆਂ ਵਲੋਂ ਤਿੱਖਾ ਵਿਰੋਧ ਹੋਇਆ ਹੈ ।ਇਥੋਂ ਤਕ ਸ਼ੋਸ਼ਲ ਮੀਡੀਆ ਵਿਚ ਆਮ ਲੋਕਾਂ ਵਲੋਂ ਤਿਖਾ ਵਿਰੋਧ ਦੇਖਣ ਨੂੰ ਮਿਲਿਆ। ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ,ਬੁਲਾਰੇ ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਰਾਜ ਸਭਾ ਵਿਚ ਇਸ ਤਰਾਂ ਨਾਲ ਇਕ ਘੱਟ ਗਿਣਤੀ ਦੀ ਨੁਮਾਇੰਦਗੀ ਖ਼ਤਮ ਕਰਨ ਦਾ ਮਤਲਬ ਇਹ ਹੈ ਕਿ ਇਕ ਫ਼ਿਰਕੇ ਨਾਲ ਸਬੰਧਤ ਮੁੱਦੇ ਦੇਸ਼ ਦੀ ਪਾਰਲੀਮੈਂਟ ਵਿਚ ਨਾ ਉੱਠ ਸਕਣ । ਉਨਾਂ ਕਿਹਾ ਕਿ ਹਰਭਜਨ ਸਿੰਘ ਨੂੰ ਇਕ ਨਾਮਵਰ ਖਿਡਾਰੀ ਕਰਕੇ ਅਗਰ ਨਾਮਜ਼ਦਗੀ ਮਿਲੀ ਹੈ ਤਾਂ ਅਜਿਹੇ ਖਿਡਾਰੀ ਨੂੰ ਰਾਸ਼ਟਰਪਤੀ ਵਲੋਂ ਹੀ ਨਾਮਜ਼ਦ ਕਰ ਦਿੱਤਾ ਜਾਣਾ ਚਾਹੀਦਾ ਸੀ ਲੇਕਿਨ 'ਆਪ' ਵਲੋਂ ਦੇਸ਼ ਦੇ ਸੁਪਰੀਮ ਅਦਾਰੇ ਵਿਚ ਕੋਈ ਸਿੱਖ ਚਿਹਰਾ ਮੋਹਰਾ ਨਾਮਜ਼ਦ ਨਾ ਕਰਨਾ ਚਿੰਤਾ ਦਾ ਵਿਸ਼ਾ ਹੈ ।ਅਕਾਲੀ ਵਿਧਾਇਕ ਪਾਰਟੀ ਦੇ ਆਗੂ ਮਨਪ੍ਰੀਤ ਸਿੰਘ ਇਆਲੀ ਨੇ ਵੀ ਕਿਹਾ ਕਿ ਆਪ ਪਾਰਟੀ ਵਲੋਂ ਇਕ ਵੀ ਪੰਥਕ ਚਿਹਰਾ, ਕੋਈ ਔਰਤ ਜਿਨਾਂ ਦੀ 50 ਪ੍ਰਤੀਸ਼ਤ ਵਸੋਂ ਹੈ ਤੇ ਕਿਸਾਨੀ ਪ੍ਰਧਾਨ ਸੂਬੇ ਵਿਚੋਂ ਕਿਸੇ ਇਕ ਵੀ ਕਿਸਾਨ ਨੂੰ ਨੁਮਾਇੰਦਗੀ ਦੇਣ ਦੇ ਕਾਬਲ ਨਾ ਸਮਝਣਾ ਸੂਬੇ ਦੇ ਵੋਟਰਾਂ ਨਾਲ ਵੱਡਾ ਧੋਖਾ ਹੈ ।ਪੰਜਾਬ ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਟਵੀਟ ਕਰਕੇ ਕਿਹਾ ਕਿ ਪੰਜਾਬ ਵਿਚੋਂ ਰਾਜ ਸਭਾ ਮੈਂਬਰਾਂ ਦੀ ਚੋਣ ਲਈ ਹਰਭਜਨ ਸਿੰਘ ਨੂੰ ਛੱਡ ਕੇ



ਬਾਕੀ ਉਹ ਨਵੀਆਂ ਬੈਟਰੀਆਂ ਹਨ, ਜਿਨਾਂ ਦਾ ਰਿਮੋਟ ਕੰਟਰੋਲ ਦਿੱਲੀ ਵਿਚ ਹਨ। ਆਮ ਆਦਮੀ ਪਾਰਟੀ ਦੇ ਕਨਵੀਨਰ ਕੇਜਰੀਵਾਲ ਨੇ ਪੰਜਾਬ ਨਾਲ ਧੋਖਾ ਕੀਤਾ ਹੈ।

ਵਿਧਾਇਕ ਸੁਖਪਾਲ ਖਹਿਰਾ ਨੇ ਕਿਹਾ ਕਿ ਰਾਜ ਸਭਾ ਲਈ ਗ਼ੈਰ-ਪੰਜਾਬੀਆਂ ਦੀ ਚੋਣ 'ਆਪ' ਵਰਕਰਾਂ ਨਾਲ ਕੋਝਾ ਮਜ਼ਾਕ ਹੈ। ਉਨਾਂ ਕਿਹਾ ਕਿ ਇਸ ਸਬੰਧੀ ਮਨੁੱਖੀ ਅਧਿਕਾਰਾਂ ਦੀ ਮੁਦਈ ਪਰਮਜੀਤ ਕੌਰ ਖਾਲੜਾ ਦੀ ਚੋਣ ਕੀਤੀ ਜਾ ਸਕਦੀ ਸੀ।ਪਰਗਟ ਸਿੰਘ ਨੇ ਕੇਜਰੀਵਾਲ 'ਤੇ ਪੰਜਾਬੀਆਂ ਨਾਲ ਧੋਖਾ ਕਰਨ ਦਾ ਦੋਸ਼ ਵੀ ਲਾਇਆ। ਸਾਬਕਾ ਕਾਂਗਰਸੀ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਸਿਆਸੀ ਪਾਰਟੀਆਂ ਵਿੱਚ ਇਹ ਪਰੰਪਰਾ ਰਹੀ ਹੈ ਕਿ ਰਾਜ ਸਭਾ ਵਿੱਚ ਪੰਜਾਬ ਦੀ ਨੁਮਾਇੰਦਗੀ ਸਿਰਫ਼ ਪੰਜਾਬੀ ਹੀ ਕਰਦੇ ਹਨ ਪਰ ਦੁੱਖ ਦੀ ਗੱਲ ਹੈ ਕਿ 'ਆਪ' ਨੇ ਰਾਜ ਸਭਾ ਲਈ ਬਾਹਰਲੇ ਲੋਕਾਂ ਨੂੰ ਚੁਣਿਆ ਹੈ। ਉਨਾਂ ਕਿਹਾ ਕਿ ਗ਼ੈਰ-ਪੰਜਾਬੀਆਂ ਦੀ ਇਹ ਚੋਣ ਕਿਸੇ ਤਰਾਂ ਵੀ ਵਾਜਬ ਨਹੀਂ ਹੈ।

ਜ਼ਿਕਰਯੋਗ ਹੈ ਕਿ ਸਾਬਕਾ ਮੰਤਰੀ ਰਾਜਾ ਵੜਿੰਗ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਲਿਖ ਕੇ ਰਾਜ ਸਭਾ ਲਈ ਮੈਂਬਰਾਂ ਦੀ ਚੋਣ ਵੇਲੇ ਪੰਜਾਬੀ ਤੇ ਪੰਜਾਬੀਅਤ ਦਾ ਖ਼ਿਆਲ ਰੱਖਣ ਦੀ ਅਪੀਲ ਕੀਤੀ ਸੀ। ਯੂਥ ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਵਿਧਾਇਕ ਬਿਕਰਮਜੀਤ ਸਿੰਘ ਚੌਧਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਧਰਤੀ ਤੋਂ ਸਹੁੰ ਚੁੱਕੀ ਹੈ ਤੇ 'ਆਪ' ਸਰਕਾਰ ਨੇ ਸ਼ਹੀਦਾਂ ਦੇ ਸੁਫ਼ਨਿਆਂ ਨੂੰ ਸੱਚ ਕਰਨ ਦੀ ਗੱਲ ਕੀਤੀ ਹੈ। ਉਨਾਂ ਕਿਹਾ ਕਿ 'ਆਪ' ਨੂੰ ਚਾਹੀਦਾ ਸੀ ਕਿ ਸ਼ਹੀਦਾਂ ਦੇ ਪਰਿਵਾਰਾਂ 'ਚੋਂ ਕਿਸੇ ਨੂੰ ਰਾਜ ਸਭਾ ਵਿੱਚ ਭੇਜਿਆ ਜਾਂਦਾ। ਭਾਜਪਾ ਦੇ ਸੂਬਾ ਜਨਰਲ ਸਕੱਤਰ ਡਾ. ਸੁਭਾਸ਼ ਸ਼ਰਮਾ ਨੇ ਕਿਹਾ ਕਿ 'ਆਪ' ਵਲੋਂ ਰਾਜ ਸਰਕਾਰ ਅਤੇ ਸਥਾਨਕ ਲੀਡਰਸ਼ਿਪ ਨੂੰ ਫੈਸਲੇ ਲੈਣ ਦੀ ਕੋਈ ਸ਼ਕਤੀ ਜਾਂ ਅਧਿਕਾਰ ਨਾ ਦੇ ਕੇ ਉਨਾਂ ਨੂੰ ਕਾਲਪਨਿਕ ਆਗੂਆਂ ਤੱਕ ਸੀਮਤ ਕਰ ਦਿੱਤਾ ਗਿਆ ਹੈ ।ਉਨਾਂ ਦੱਸਿਆ ਕਿ ਰਾਘਵ ਚੱਢਾ ਅਤੇ ਸੰਦੀਪ ਪਾਠਕ ਦੋਵੇਂ ਗੈਰ-ਪੰਜਾਬੀ ਹਨ, ਜਦੋਂਕਿ ਬਾਕੀ ਤਿੰਨ ਹਰਭਜਨ ਸਿੰਘ, ਸੰਜੀਵ ਅਰੋੜਾ ਅਤੇ ਅਸ਼ੋਕ ਮਿੱਤਲ ਦਾ ਕੋਈ ਸਿਆਸੀ ਪਿਛੋਕੜ ਨਹੀਂ ਹੈ ।

## ਕੋਣ ਹੈ ਹਰਭਜਨ ਸਿੰਘ

3 ਜੁਲਾਈ 1980 ਨੂੰ ਜਲੰਧਰ, ਪੰਜਾਬ 'ਚ ਜੰਮੇ ਹਰਭਜਨ ਸਿੰਘ ਭਾਰਤੀ ਤੇ ਅੰਤਰਰਾਸ਼ਟਰੀ ਕ੍ਰਿਕੇਟ ਦਾ ਵੱਡਾ ਨਾਂਅ ਹਨ। ਹਰਭਜਨ ਸਿੰਘ ਨੇ ਭਾਰਤ ਵੱਲੋਂ 103 ਟੈਸਟ ਮੈਚ ਅਤੇ 236 ਵਨਡੇਅ ਮੈਚ ਖੇਡੇ ਹਨ। 1998 ਵਿੱਚ ਪਹਿਲਾ ਟੈਸਟ ਆਸਟਰੇਲੀਆ ਅਤੇ ਇਸੇ ਸਾਲ ਨਿਊਜੀਲੈਂਡ ਖਿਲਾਫ਼ ਪਹਿਲਾ ਵਨਡੇਅ ਖੇਡਿਆ ਸੀ।ਹਰਭਜਨ 2007 ਵਿੱਚ ਟੀ-20 ਵਿਸ਼ਵ ਕੱਪ ਟੀਮ ਅਤੇ 2011 ਦੀ ਵਨਡੇਅ ਵਿਸ਼ਵ ਕੱਪ ਜੇਤੂ ਭਾਰਤੀ ਟੀਮ ਦਾ ਹਿੱਸਾ ਵੀ ਸਨ। ਹਰਭਜਨ ਸਿੰਘ ਦਾ ਵਿਵਾਦਾਂ ਨਾਲ ਵੀ ਖਾਸਾ ਸਾਥ ਰਿਹਾ ਹੈ।ਇਸ ਵਿਚ ਆਈਪੀਐੱਲ ਦੌਰਾਨ ਸ਼੍ਰੀਸੰਤ ਨੂੰ ਥੱਪੜ ਮਾਰਨ ਤੋਂ ਲੈ ਕੇ ਆਸਟਰੇਲੀਆਈ ਬੱਲੇਬਾਜ਼ ਐਂਡਰਿਊ ਸਾਇਮੰਡਸ ਨਾਲ ਭਿੜਨਾ ਸ਼ਾਮਲ ਹੈ। ਨਾਂਅ ਨਾਲ ਜਾਨਿਆ ਜਾਂਦਾ ਹੈ।ਉਨਾਂ ਨੂੰ ਅਨੁਸ਼ਾਸਨਹੀਣਤਾ ਦੇ ਦੋਸ਼ 'ਚ ਕਈ ਵਾਰ ਰਾਸ਼ਟਰੀ ਕ੍ਰਿਕਟ ਅਕੈਡਮੀ ਵਿਚ ਵੀ ਭੇਜਿਆ ਗਿਆ ਸੀ ਤਾਂ ਜੋ ਉਹ ਆਪਣੇ ਆਚਰਨ ਵਿਚ ਸੁਧਾਰ ਕਰ ਸਕਣ। ਸ਼੍ਰੀਸੰਤ ਨੂੰ ਥੱਪੜ ਮਾਰਨਾ ਉਨਾਂ ਨੂੰ ਕਾਫੀ ਮਹਿੰਗਾ ਪਿਆ ਸੀ ਜਦਕਿ ਆਸਟਰੇਲੀਆ ਦੇ ਐਂਡਰਿਊ ਸਾਇਮੰਡਜ਼ ਨਾਲ ਉਨਾਂ ਦਾ ਵਿਵਾਦ ਸਚਿਨ ਤੇਂਦੁਲਕਰ ਕਾਰਨ ਸੁਲਝ ਗਿਆ ਸੀ।

# ਪੰਥਕ ਜਥੇਬੰਦੀਆਂ ਵਲੋਂ ਯੂਰਪ ਪੱਧਰ ਦੀ ਪੰਥਕ ਕਾਨਫ਼ਰੰਸ

## ਬੰਦੀ ਸਿੰਘਾਂ ਦੀ ਰਿਹਾਈ ਬਾਰੇ ਵਿਚਾਰਾਂ ਹੋਈਆਂ

## *ਦੀਪ ਸਿੱਧੂ ਨੂੰ ਸ਼ਰਧਾਂਜਲੀ ਭੇਟ

**ਪੈਰਿਸ/ਏ.ਟੀ.ਨਿਊਜ਼:** ਗੁਰਦੁਆਰਾ ਸਿੰਘ ਸਭਾ ਬੋਬਿਨੀ ਵਿਖੇ ਸਮੂਹ ਪੰਥਕ ਜਥੇਬੰਦੀਆਂ ਵਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਯੂਰਪ ਪੱਧਰ ਦੀ ਪੰਥਕ ਕਾਨਫ਼ਰੰਸ ਕਰਵਾਈ ਗਈ, ਜਿਸ ਵਿਚ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਵਿਚਾਰਾਂ ਕੀਤੀਆਂ ਗਈਆਂ ।ਇਸ ਮੌਕੇ ਪੁੱਜੇ ਬੋਬਿਨੀ ਦੇ ਮੇਅਰ ਅਬਦੁਲ ਸਾਅਦੀ, ਸਹਾਇਕ ਜੋਸਫ਼ ਮੋਰੀਆ ਤੇ ਡਿਪਟੀ ਮੇਅਰ ਰਣਜੀਤ ਸਿੰਘ ਗੁਰਾਇਆਂ ਵਲੋਂ ਭਰੋਸਾ ਦਿੱਤਾ ਗਿਆ ਕਿ ਫਰਾਂਸ ਸਰਕਾਰ ਮਨੁੱਖੀ ਹੱਕਾਂ ਦੇ ਆਧਾਰ 'ਤੇ ਭਾਰਤ ਸਰਕਾਰ ਨਾਲ ਇਸ ਮੁੱਦੇ 'ਤੇ ਗੱਲਬਾਤ ਕਰੇਗੀ । ਇਸ ਤੋਂ ਇਲਾਵਾ ਹੋਰ ਪੰਥਕ ਮਸਲਿਆਂ ਸਿੱਖੀ ਦੀ ਹੋਂਦ 'ਤੇ ਮੰਡਰਾਉਂਦੇ ਬਿਪਰਵਾਦੀ ਖ਼ਤਰੇ ਬਾਬਤ ਵਿਚਾਰ ਰੱਖੇ ਗਏ ।ਇਸ ਦੇ ਨਾਲ ਹੀ ਆਉਣ ਵਾਲੇ ਭਵਿੱਖ ਵਿਚ ਪੰਥਕ ਜਥੇਬੰਦੀਆਂ ਵਲੋਂ ਲਾਮਬੰਦ ਹੋ ਕੇ ਪੰਜਾਬ ਵਿਚ ਲੋਕਤੰਤਰਿਕ ਢੰਗ ਨਾਲ ਸੰਘਰਸ਼ ਤੇਜ਼ ਕਰਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਯਤਨ ਕੀਤੇ ਜਾਣ ਦੀ ਗੱਲ ਕਹੀ ਗਈ ।ਦੀਪ ਸਿੱਧੂ ਨੂੰ ਪੰਥਕ ਜਥੇਬੰਦੀਆਂ ਵਲੋਂ ਸ਼ਰਧਾਂਜਲੀ ਭੇਟ ਕੀਤੀ ਗਈ ।ਇਸ ਮੌਕੇ ਚਾਰ ਮਤੇ ਪੜੇ ਗਏ ਤੇ ਸੰਗਤ ਵਲੋਂ ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨਗੀ ਦਿੱਤੀ ਗਈ ।ਭਾਈ ਹਰਜੀਤ ਸਿੰਘ ਹਾਲੈਂਡ, ਭਾਈ ਰਘਬੀਰ ਸਿੰਘ ਫਰਾਂਸ, ਭਾਈ ਗੁਰਮੀਤ ਸਿੰਘ ਖਨਿਆਣ ਜਰਮਨੀ, ਭਾਈ ਹਰਜੋਤ ਸਿੰਘ ਹਾਲੈਂਡ, ਭਾਈ ਚਰਨ ਸਿੰਘ ਹਾਲੈਂਡ, ਭਾਈ ਕਸ਼ਮੀਰ ਸਿੰਘ, ਚੈਨ ਸਿੰਘ ਫਰਾਂਸ, ਭਾਈ ਸਤਨਾਮ ਸਿੰਘ, ਭਾਈ ਪਰਮਜੀਤ ਸਿੰਘ ਸੋਹਲ, ਭਾਈ ਦਲਵਿੰਦਰ ਸਿੰਘ ਘੁੰਮਣ, ਭਾਈ ਸੁਖਜਿੰਦਰ ਸਿੰਘ ਤੋਂ ਇਲਾਵਾ ਭਾਈ ਰਣਜੀਤ ਸਿੰਘ ਡਿਪਟੀ ਮੇਅਰ ਤੇ ਮੇਅਰ ਅਬਦੁਲ ਸਾਅਦੀ ਵਲੋਂ ਵੀ ਕਾਨਫ਼ਰੰਸ ਨੂੰ ਸੰਬੋਧਨ ਕੀਤਾ ਗਿਆ।



ਗੁਰਦੁਆਰਾ ਸਿੰਘ ਸਭਾ ਬੋਬਿਨੀ ਵਿਖੇ ਪੰਥਕ ਕਾਨਫ਼ਰੰਸ ਨੂੰ ਸੰਬੋਧਨ ਕਰਦੇ ਹੋਏ ਵੱਖ-ਵੱਖ ਬੁਲਾਰੇ। ਤਸਵੀਰਾਂ: ਹਰਪ੍ਰੀਤ ਕੌਰ

# ਪੰਜਾਬ ਕੈਬਨਿਟ ਦੇ 11 ਮੰਤਰੀਆਂ ਵਿਚੋਂ 7 ਖ਼ਿਲਾਫ਼ ਅਪਰਾਧ ਦੇ ਦੋਸ਼ ਤੇ 9 ਕਰੋੜ ਪਤੀ

**ਨਵੀਂ ਦਿੱਲੀ/ਏ.ਟੀ.ਨਿਊਜ਼:** ਰਾਜਨੀਤਕ ਹਸਤੀਆਂ ਦਾ ਲੇਖਾ-ਜੋਖਾ ਰੱਖਣ ਵਾਲੀ ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਸ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਹੈ ਕਿ ਪੰਜਾਬ ਵਿਚ ਬਣੀ 'ਆਪ' ਸਰਕਾਰ ਦੇ 11 ਮੰਤਰੀਆਂ ਵਿਚੋਂ 7 ਖ਼ਿਲਾਫ਼ ਅਪਰਾਧਿਕ ਮਾਮਲੇ ਦਰਜ ਹਨ, ਜਿਨਾਂ ਵਿਚੋਂ ਚਾਰ ਖ਼ਿਲਾਫ਼ ਗੰਭੀਰ ਮਾਮਲੇ ਹਨ। ਇਨਾਂ 11 ਮੰਤਰੀਆਂ ਵਿਚ ਮੁੱਖ ਮੰਤਰੀ ਭਗਵੰਤ ਮਾਨ ਵੀ ਸ਼ਾਮਿਲ ਹਨ। ਏ.ਡੀ.ਆਰ. ਵਲੋਂ ਮੁੱਖ ਮੰਤਰੀ ਭਗਵੰਤ ਮਾਨ ਸਮੇਤ 11 ਮੰਤਰੀਆਂ ਦੇ ਹਲਫ਼ਨਾਮਿਆਂ ਦਾ ਮੁਲਾਂਕਣ ਕੀਤਾ ਗਿਆ ਹੈ। ਏਡੀਆਰ. ਨੇ ਕਿਹਾ ਹੈ ਕਿ 7 ਮੰਤਰੀਆਂ (64 ਫੀਸਦੀ) ਨੇ ਆਪਣੇ ਹਲਫ਼ਨਾਮੇ ਵਿਚ ਅਪਰਾਧਿਕ ਮਾਮਲਿਆਂ ਬਾਰੇ ਦੱਸਿਆ ਹੈ, ਜਿਨਾਂ ਵਿਚੋਂ ਚਾਰ (36 ਫੀਸਦੀ) ਨੇ ਗੰਭੀਰ ਅਪਰਾਧਿਕ ਮਾਮਲਿਆਂ ਬਾਰੇ ਜਾਣਕਾਰੀ ਦਿੱਤੀ ਹੈ। ਇਨਾਂ ਹੀ 11 ਮੰਤਰੀਆਂ ਵਿਚੋਂ 9 ਮੰਤਰੀ ਕਰੋੜਪਤੀ ਹਨ, ਜਿਨਾਂ ਵਿਚੋਂ ਹੁਸ਼ਿਆਰਪੁਰ ਤੋਂ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਦੀ 8.56 ਕਰੋੜ ਰੁਪਏ ਦੀ ਜਾਇਦਾਦ ਹੈ। ਜਦੋਂ ਕਿ ਸਭ ਤੋਂ ਘੱਟ 6.19 ਲੱਖ ਦੀ ਜਾਇਦਾਦ ਭੋਆ ਤੋਂ ਲਾਲ ਚੰਦ ਦੀ ਹੈ। ਜੇਕਰ ਦੇਣਦਾਰੀਆਂ ਦੀ ਗੱਲ ਕੀਤੀ ਜਾਵੇ ਤਾਂ ਜਿੰਪਾ ਵੱਲ 1.08 ਕਰੋੜ ਰੁਪਏ ਦੀਆਂ ਦੇਣਦਾਰੀਆਂ ਹਨ। ਇਹ ਵੀ ਦੱਸਿਆ ਗਿਆ ਹੈ ਕਿ 5 ਮੰਤਰੀਆਂ (45 ਫੀਸਦੀ) ਦੀ ਵਿੱਦਿਅਕ ਯੋਗਤਾ 10ਵੀਂ ਤੋਂ ਲੈ ਕੇ 12ਵੀਂ ਜਮਾਤ ਤੱਕ ਹੈ ਜਦੋਂ ਕਿ ਬਾਕੀ ਦੇ ਮੰਤਰੀ ਗ੍ਰੈਜੂਏਟ ਹਨ। 6 ਮੰਤਰੀਆਂ (55 ਫੀਸਦੀ) ਦੀ ਉਮਰ 31 ਤੋਂ 50 ਸਾਲ ਅਤੇ 5 ਮੰਤਰੀ (45) ਮੰਤਰੀਆਂ ਦੀ ਉਮਰ 51 ਤੋਂ 60 ਸਾਲ ਦੇ ਵਿਚਕਾਰ ਹੈ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਵਿਧਾਨ ਸਭਾ ਵਿਚ ਸ਼ਹੀਦ ਭਗਤ ਸਿੰਘ, ਅੰਬੇਡਕਰ ਤੇ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਲਾਉਣ ਦਾ ਫੈਸਲਾ

## ✪ ਰਾਜਾ ਵੜਿੰਗ ਨੂੰ ਪਤਾ ਨਹੀਂ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਕਦੋਂ ਹੈ ✪ ਆਪ' ਸਰਕਾਰ ਦੇ ਮੰਤਰੀਆਂ ਨੇ ਸੰਭਾਲਿਆ ਚਾਰਜ, ਬੋਲੇ, 'ਇੱਕ ਪੈਸੇ ਦਾ ਵੀ ਭ੍ਰਿਸ਼ਟਾਚਾਰ ਨਹੀਂ ਹੋਣ ਦਿੱਤਾ ਜਾਏਗਾ' ✪ ਰਾਜਪਾਲ ਦੇ ਭਾਸ਼ਣ ਵਿਚ ਪੰਜਾਬ ਮਸਲੇ ਤੇ ਪੰਜਾਬੀ ਭਾਸ਼ਾ ਦਾ ਮਸਲਾ ਗਾਇਬ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ 'ਵਿਚ ਸ਼ਹੀਦ ਭਗਤ ਸਿੰਘ, ਡਾ. ਭੀਮ ਰਾਓ ਅੰਬੇਡਕਰ ਤੇ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਲਗਾਏ ਜਾਣਗੇ। ਇਸ ਬਾਰੇ ਪੰਜਾਬ ਵਿਧਾਨ ਸਭਾ ਵਿੱਚ ਮਤਾ ਪਾਸ ਕੀਤਾ ਗਿਆ ਹੈ। ਸੀਐਮ ਭਗਵੰਤ ਮਾਨ ਦੇ ਪ੍ਰਸਤਾਵ 'ਤੇ ਸਦਨ ਨੇ ਸਿਫਾਰਸ਼ ਕੀਤੀ ਹੈ। ਯਾਦ ਰਹੇ ਕਿ ਪਹਿਲਾਂ ਸ਼ਹੀਦ ਭਗਤ ਸਿੰਘ ਤੇ ਡਾ. ਅੰਬੇਡਕਰ ਦੇ ਬੁੱਤ ਲਾਉਣ ਦੀ ਯੋਜਨਾ ਸੀ। ਕਾਂਗਰਸੀ ਲੀਡਰ ਪ੍ਰਤਾਪ ਸਿੰਘ ਬਾਜਵਾ ਨੇ ਮਹਾਰਾਜਾ ਰਣਜੀਤ ਸਿੰਘ ਦਾ ਵੀ ਬੁੱਤ ਲਾਉਣ ਦੀ ਮੰਗ ਕੀਤੀ ਤਾਂ ਪੰਜਾਬ ਸਰਕਾਰ ਨੇ ਵਿਧਾਨ ਸਭਾ ਵਿਚ ਸ਼ਹੀਦ ਭਗਤ ਸਿੰਘ, ਡਾ. ਭੀਮ ਰਾਓ ਅੰਬੇਡਕਰ ਤੇ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਲਾਉਣ ਦਾ ਫੈਸਲਾ ਕੀਤਾ ਹੈ।ਇਸ ਦੇ ਨਾਲ ਹੀ ਕੱਲ 23 ਮਾਰਚ ਨੂੰ ਪੂਰੇ ਪੰਜਾਬ ਵਿੱਚ ਸਰਕਾਰੀ ਛੁੱਟੀ ਦਾ ਐਲਾਨ ਕੀਤਾ ਗਿਆ ਹੈ। ਇਹ ਛੁੱਟੀ ਸ਼ਹੀਦ ਭਗਤ ਸਿੰਘ ਰਾਜਗੁਰੂ ਤੇ ਸੁਖਦੇਵ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਕੀਤੀ ਗਈ ਹੈ। ਇਹ ਐਲਾਨ ਵਿਧਾਨ ਸਭਾ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤਾ ਗਿਆ। ਉਨਾਂ ਨੇ ਇਹ ਵੀ ਐਲਾਨ ਕੀਤਾ ਕਿ 28 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਹੈ ਤੇ ਉਸ ਦਿਨ ਸਾਰੇ ਸਕੂਲਾਂ ਤੇ ਕਾਲਜਾਂ ਵਿੱਚ ਸ਼ਹੀਦ ਭਗਤ ਸਿੰਘ 'ਤੇ ਕੋਰੀਓਗ੍ਰਾਫੀ ਨਾਟਕ ਕਰਵਾਏ ਜਾਣਗੇ।ਇਸ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਕਾਂਗਰਸੀ ਵਿਧਾਇਕ ਰਾਜਾ ਵੜਿੰਗ ਨੂੰ ਪੁੱਛਿਆ ਕਿ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਕਦੋਂ ਹੈ ਤਾਂ ਰਾਜਾ ਵੜਿੰਗ ਇਹ ਨਹੀਂ ਦੱਸ ਸਕੇ।

ਭਗਵੰਤ ਮਾਨ ਸਰਕਾਰ ਦੇ ਵਿਧਾਨ ਸਭਾ ਸੈਸ਼ਨ ਦੇ ਆਖਰੀ ਦਿਨ ਸੀ ਰਾਜਪਾਲ ਬੀਐਲ ਪੁਰੋਹਿਤ ਦੇ ਸੰਬੋਧਨ 'ਤੇ ਚਰਚਾ ਹੋਈ। ਰਾਜਪਾਲ ਨੇ ਵਿਧਾਨ ਸਭਾ ਵਿੱਚ ਮਾਨ ਸਰਕਾਰ ਦੇ ਰੋਡਮੈਪ ਬਾਰੇ ਜਾਣਕਾਰੀ ਦਿੱਤੀ ਸੀ। ਪੰਜਾਬ ਦੇ ਰਾਜਪਾਲ ਸ੍ਰੀ ਬਨਵਾਰੀ ਲਾਲ ਪੁਰੋਹਿਤ ਵਲੋਂ ਪੰਜਾਬ ਵਿਧਾਨ ਸਭਾ ਵਿਚ ਨਵੀਂ ਸਰਕਾਰ ਵਲੋਂ ਪੇਸ਼ ਭਾਸ਼ਣ ਪੜ੍ਹਦਿਆਂ ਕਿਹਾ ਕਿ ਪੰਜਾਬੀਆਂ ਵਲੋਂ ਬਦਲਾਅ ਦੇ ਹੱਕ ਵਿਚ ਤੇ ਧੱਕੇਸ਼ਾਹੀ ਵਿਰੁੱਧ ਇਨਾਂ ਚੋਣਾਂ ਦੌਰਾਨ ਇਤਿਹਾਸਕ ਫ਼ਤਵਾ ਦਿੱਤਾ ਗਿਆ ਹੈ । ਉਨਾਂ ਕਿਹਾ ਕਿ ਨਵੀਂ ਸਰਕਾਰ ਸੂਬੇ ਵਿਚ ਟਰਾਂਸਪੋਰਟ, ਸ਼ਰਾਬ ਤੇ ਰੇਤ ਮਾਫ਼ੀਆ ਖ਼ਤਮ ਕਰਨ ਲਈ ਵਚਨਬੱਧ ਹੈ ਕਿਉਂਕਿ ਮਗਰਲੀਆਂ ਸਰਕਾਰਾਂ ਦੌਰਾਨ ਅਜਿਹੇ ਅਨਸਰਾਂ ਨੇ ਸਰਕਾਰੀ ਖ਼ਜ਼ਾਨੇ ਨੂੰ ਹਜ਼ਾਰਾਂ ਕਰੋੜ ਦਾ ਚੂਨਾ ਲਗਾਇਆ। ਉਨਾਂ ਕਿਹਾ ਕਿ ਸਰਕਾਰ ਵਲੋਂ ਟਰਾਂਸਪੋਰਟ



ਦੀਆਂ ਸਮੱਸਿਆਵਾਂ ਖ਼ਤਮ ਕਰਨ ਲਈ ਇਕ ਕਮਿਸ਼ਨ ਬਣਾਇਆ ਜਾਵੇਗਾ। ਉਨਾਂ ਭਾਸ਼ਣ ਵਿਚ ਕਿਹਾ ਸੀ ਕਿ ਸਰਕਾਰ ਬਰਗਾੜੀ ਤੇ ਬੇਅਦਬੀ ਦੇ ਮਾਮਲਿਆਂ ਤੇ ਬੰਬ ਧਮਾਕਿਆਂ ਨਾਲ ਸੰਬੰਧਿਤ ਸਾਰੇ ਮਾਮਲਿਆਂ ਅਤੇ ਗੈਂਗਸਟਰਾਂ ਦੀ ਡੂੰਘਾਈ ਨਾਲ ਜਾਂਚ ਕਰੇਗੀ ਤੇ ਮਾਸਟਰਮਾਈਂਡ ਸਮੇਤ ਸਾਰੇ ਦੋਸ਼ੀਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਰਾਜਪਾਲ ਦੇ ਭਾਸ਼ਣ ਵਿਚ ਸੂਬੇ ਦੇ ਪਿੰਡਾਂ ਤੇ ਸ਼ਹਿਰੀ ਵਾਰਡਾਂ ਵਿਚ 16000 ਕਲੀਨਿਕ ਸਥਾਪਤ ਕਰਨ ਅਤੇ ਸਰਕਾਰੀ ਹਸਪਤਾਲ ਵਿਚ ਸੁਧਾਰ ਤੇ ਇਲਾਜ ਮੁਫ਼ਤ ਕਰਨ ਦਾ ਵੀ ਐਲਾਨ ਕੀਤਾ ਗਿਆ। ਇਹ ਵੀ ਐਲਾਨ ਕੀਤਾ ਗਿਆ ਕਿ ਸੂਬੇ ਭਰ ਵਿਚ ਬਿਜਲੀ ਦੀ ਸਪਲਾਈ 24 ਘੰਟੇ ਦੇਣ ਦਾ ਕੰਮ 3 ਸਾਲਾਂ ਵਿਚ ਪੂਰਾ ਕਰ ਲਿਆ ਜਾਵੇਗਾ। ਇਹ ਵੀ ਐਲਾਨ ਕੀਤਾ ਗਿਆ ਕਿ ਫ਼ਸਲਾਂ ਦੇ ਖ਼ਰਾਬੇ ਦਾ ਮੁਆਵਜ਼ਾ 30 ਅਪ੍ਰੈਲ ਤੱਕ ਜਾਰੀ ਕਰ ਦਿੱਤਾ ਜਾਵੇਗਾ ਅਤੇ ਖੇਤੀਬਾੜੀ ਤੇ ਪਸ਼ੂ ਪਾਲਣ ਨੂੰ ਲਾਹੇਵੰਦ ਬਣਾਉਣ ਲਈ ਇਕ ਨਵੀਂ ਯੋਜਨਾ ਆਰੰਭੀ ਜਾਵੇਗੀ। ਰਾਜਪਾਲ ਦੇ ਭਾਸ਼ਣ ਵਿਚ ਕਿਹਾ ਗਿਆ ਕਿ ਆਊਟਸੋਰਸ ਤੇ ਠੇਕੇ 'ਤੇ ਰੱਖੇ ਅਧਿਆਪਕਾਂ ਦੀਆਂ ਨੌਕਰੀਆਂ ਰੈਗੂਲਰ ਕੀਤੀਆਂ ਜਾਣਗੀਆਂ ਅਤੇ ਅਧਿਆਪਕਾਂ ਦਾ ਮਿਆਰ ਚੁੱਕਣ ਲਈ ਉਨਾਂ ਨੂੰ ਸਿਖਲਾਈ ਲਈ ਵਿਦੇਸ਼ਾਂ ਵਿਚ ਭੇਜਿਆ ਜਾਵੇਗਾ। ਭਾਸ਼ਣ ਵਿਚ ਕਿਹਾ ਗਿਆ ਕਿ ਪੰਜਾਬ ਵਿਚ ਬਿਜਲੀ ਦੀਆਂ ਦਰਾਂ ਦੂਜੇ ਰਾਜਾਂ ਨਾਲੋਂ ਵੱਧ ਹਨ ਕਿਉਂਕਿ ਨਿੱਜੀ ਪਾਵਰ ਪਲਾਂਟਾਂ ਤੇ ਸੱਤਾ ਵਿਚ ਬੈਠਿਆਂ ਵਿਚਕਾਰ ਮਿਲੀਭੁਗਤ ਸੀ। ਉਨਾਂ ਕਿਹਾ ਕਿ ਪ੍ਰਵਾਸੀ ਭਾਰਤੀਆਂ ਦੀ ਮੰਗ ਅਨੁਸਾਰ ਜਲੰਧਰ ਵਿਚ ਅੰਤਰਰਾਸ਼ਟਰੀ ਹਵਾਈ ਅੱਡਾ ਬਣਾਉਣ ਲਈ ਸਰਕਾਰ ਵਚਨਬੱਧ ਹੈ। ਭਾਸ਼ਣ ਵਿਚ 18 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ ਇਕ ਹਜ਼ਾਰ ਰੁਪਏ ਮਹੀਨਾ ਦੀ ਸਹਾਇਤਾ ਦਾ ਐਲਾਨ ਤਾਂ ਦੁਹਰਾਇਆ ਗਿਆ ਪ੍ਰੰਤੂ ਇਹ ਸਪੱਸ਼ਟ ਨਹੀਂ ਕੀਤਾ ਕਿ ਇਹ ਲਾਗੂ ਕਦੋਂ ਤੋਂ ਹੋਵੇਗਾ। ਦਿਲਚਸਪ ਗੱਲ ਇਹ ਹੈ ਕਿ ਰਾਜਪਾਲ ਦੇ ਭਾਸ਼ਣ ਵਿਚ ਪੰਜਾਬ ਨਾਲ ਸੰਬੰਧਿਤ ਅੰਤਰਰਾਜੀ ਮਸਲਿਆਂ 'ਤੇ ਕੋਈ ਟਿੱਪਣੀ ਜਾਂ ਅਹਿਦ ਨਹੀਂ ਕੀਤਾ ਗਿਆ। ਚੰਡੀਗੜ੍ਹ 'ਤੇ ਪੰਜਾਬ ਦੇ ਬਣਦੇ ਹੱਕ, ਦਰਿਆਈ ਪਾਣੀਆਂ 'ਤੇ ਸੂਬੇ ਦੇ ਬਣਦੇ ਅਧਿਕਾਰ ਅਤੇ ਖ਼ਾਸਕਰ ਹੁਣ ਜਿਵੇਂ ਭਾਖੜਾ ਬਿਆਸ ਪ੍ਰਬੰਧਕੀ ਬੋਰਡ ਵਿਚ ਪੰਜਾਬ ਦਾ ਰੋਲ ਖ਼ਤਮ ਕਰ ਦਿੱਤਾ ਗਿਆ ਹੈ, ਜੋ ਕਿ 1967 ਤੱਕ ਸੂਬੇ ਦਾ ਹੀ ਇਕ ਅਦਾਰਾ ਸੀ, ਸੰਬੰਧੀ ਵੀ ਭਗਵੰਤ ਮਾਨ ਸਰਕਾਰ ਵਲੋਂ ਚੁੱਪੀ ਰੱਖਣਾ ਵੱਡੀ ਹੈਰਾਨੀ ਤੇ ਮਾਯੂਸੀ ਵਾਲਾ ਮੁੱਦਾ ਹੈ। ਰਾਜਪਾਲ ਜਿਨਾਂ ਆਪਣੇ ਭਾਸ਼ਣ ਦਾ ਬਹੁਤਾ ਹਿੱਸਾ ਅੰਗਰੇਜ਼ੀ ਵਿਚ ਹੀ ਪੜ੍ਹਿਆ ਲੇਕਿਨ ਰਾਜ ਸਰਕਾਰ ਵਲੋਂ ਤਿਆਰ ਕੀਤੇ ਇਸ ਭਾਸ਼ਣ ਵਿਚ ਪੰਜਾਬੀ ਭਾਸ਼ਾ ਨੂੰ ਪ੍ਰਫੁਲਿਤ ਕਰਨ ਦੀ ਕੋਈ ਗੱਲ ਨਹੀਂ ਕਹੀ ਗਈ।

**3 ਮਹੀਨਿਆਂ ਦਾ 37,120 ਕਰੋੜ 23 ਲੱਖ 76 ਹਜ਼ਾਰ ਦਾ ਬਜਟ ਪਾਸ**

ਪੰਜਾਬ ਦੀ ਭਗਵੰਤ ਮਾਨ ਸਰਕਾਰ ਦੇ ਪਹਿਲੇ ਵਿਧਾਨ ਸਭਾ ਸੈਸ਼ਨ ਦਾ ਤੀਜਾ ਤੇ ਆਖਰੀ ਦਿਨ ਦੌਰਾਨ ਵਿੱਤ ਮੰਤਰੀ ਹਰਪਾਲ ਚੀਮਾ ਨੇ 2022-23 ਦੇ 3 ਮਹੀਨਿਆਂ ਦਾ ਬਜਟ ਪੇਸ਼ ਕਰਦਿਆਂ ਦੱਸਿਆ ਕਿ ਅਪਰੈਲ ਤੋਂ ਜੂਨ ਤੱਕ ਲੇਖਾ-ਜੋਖਾ ਗਰਾਂਟ 37,120 ਕਰੋੜ 23 ਲੱਖ 76 ਹਜ਼ਾਰ ਰੁਪਏ ਬਣਦੀ ਹੈ। ਇਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਇਸ ਤੋਂ ਬਾਅਦ ਸਪੀਕਰ ਕੁਲਤਾਰ ਸੰਧਵਾਂ ਨੇ ਵਿਧਾਨ ਸਭਾ ਦੀ ਕਾਰਵਾਈ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤੀ।

**ਇਕ ਵਿਧਾਇਕ ਇਕ ਪੈਨਸ਼ਨ ਦੀ ਨੀਤੀ ਬਾਰੇ ਚਰਚਾ**

ਖ਼ਬਰਾਂ ਅਨੁਸਾਰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ 'ਇਕ ਵਿਧਾਇਕ ਇਕ ਪੈਨਸ਼ਨ' ਦੀ ਨੀਤੀ ਬਣਾਉਣ ਬਾਰੇ ਵਿਚਾਰ ਕਰ ਰਹੀ ਹੈ। ਹਰਿਆਣਾ ਵਿਧਾਨ ਸਭਾ ਨੇ 2018 ਵਿਚ ਵਿਧਾਇਕਾਂ ਦੀਆਂ ਪੈਨਸ਼ਨਾਂ ਸੀਮਤ ਕਰਨ ਬਾਰੇ ਕਾਨੂੰਨ ਬਣਾਇਆ ਸੀ ਜਿਸ ਵਿਚ 1 ਜਨਵਰੀ 2016 ਤਕ ਪੰਜ ਸਾਲ ਵਿਧਾਇਕ ਰਹਿ ਚੁੱਕੇ ਵਿਅਕਤੀ ਨੂੰ 50,000 ਰੁਪਏ ਮਾਸਕ ਪੈਨਸ਼ਨ ਦਿੱਤੇ ਜਾਣ ਦਾ ਫ਼ੈਸਲਾ ਕੀਤਾ ਗਿਆ ਅਤੇ ਪੰਜ ਸਾਲ ਤੋਂ ਜ਼ਿਆਦਾ ਸਮੇਂ ਲਈ ਵਿਧਾਇਕ ਰਹੇ ਵਿਅਕਤੀਆਂ ਨੂੰ ਹਰ ਵਾਧੂ ਸਾਲ ਲਈ 2,000 ਰੁਪਏ ਜ਼ਿਆਦਾ ਦਿੱਤੇ ਜਾਣ ਨੂੰ ਪ੍ਰਵਾਨਗੀ ਦਿੱਤੀ ਸੀ। ਇਸੇ ਤਰਾਂ ਮਹਿੰਗਾਈ ਭੱਤਾ ਅਤੇ ਯਾਤਰਾ ਭੱਤਾ ਵੀ ਸੀਮਤ ਕੀਤੇ ਗਏ ਸਨ। ਪੰਜਾਬ ਵਿਚ ਇਕ ਵਾਰ ਵਿਧਾਇਕ ਰਹਿਣ ਵਾਲੇ ਨੂੰ 75,150 ਰੁਪਏ ਪੈਨਸ਼ਨ ਮਿਲਦੀ ਹੈ ਅਤੇ ਹਰ ਮਿਆਦ ਲਈ ਲਗਭਗ 50,000 ਰੁਪਏ ਦਾ ਵਾਧਾ ਜੁੜਦਾ ਹੈ। ਪੰਜਾਬ ਦੇ ਕਈ ਵਿਧਾਇਕ ਢਾਈ ਲੱਖ ਰੁਪਏ ਮਾਸਕ ਤੋਂ ਜ਼ਿਆਦਾ ਪੈਨਸ਼ਨ ਲੈ ਰਹੇ ਹਨ। ਸੂਬੇ ਦੇ ਕਿਸੇ ਸਾਬਕਾ ਸਰਬਉੱਚ ਅਧਿਕਾਰੀ ਨੂੰ ਵੱਧ ਤੋਂ ਵੱਧ ਪੈਨਸ਼ਨ (ਮਹਿੰਗਾਈ ਭੱਤਾ ਪਾ ਕੇ) ਡੇਢ ਲੱਖ ਰੁਪਏ ਤੋਂ ਜ਼ਿਆਦਾ ਨਹੀਂ ਮਿਲਦੀ।

ਪੈਨਸ਼ਨ ਸੰਵੇਦਨਸ਼ੀਲ ਮਸਲਾ ਹੈ ਪਰ ਇਹ ਸਵਾਲ ਉਠਾਇਆ ਜਾਣਾ ਸੁਭਾਵਿਕ ਹੈ ਕਿ ਕਿਸੇ ਵਿਅਕਤੀ ਨੂੰ ਵੱਧ ਤੋਂ ਵੱਧ ਕਿੰਨੀ ਪੈਨਸ਼ਨ ਮਿਲਣੀ ਚਾਹੀਦੀ ਹੈ। ਸਾਬਕਾ ਸਰਕਾਰੀ ਅਧਿਕਾਰੀਆਂ ਨੂੰ ਪੈਨਸ਼ਨ ਨਿਯਮਾਂ ਅਨੁਸਾਰ ਮਿਲਦੀ ਹੈ। ਨਿਯਮ ਤਾਂ ਸਾਬਕਾ ਵਿਧਾਇਕਾਂ ਲਈ ਵੀ ਬਣਾਏ ਗਏ ਹਨ ਪਰ ਉਨਾਂ ਵਿਚ ਪੈਨਸ਼ਨ ਦੀ ਵੱਧ ਤੋਂ ਵੱਧ ਸੀਮਾ ਨਿਯਤ ਨਹੀਂ ਕੀਤੀ ਗਈ। ਕੇਂਦਰ ਸਰਕਾਰ ਅਤੇ ਬਹੁਤੀਆਂ ਸਰਕਾਰਾਂ ਨੇ 2004 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਲਈ ਤਾਂ ਪੈਨਸ਼ਨ ਸਕੀਮ ਹੀ ਬੰਦ ਕਰ ਦਿੱਤੀ ਹੈ ਅਤੇ ਮੁਲਾਜ਼ਮ ਉਸ ਲਈ ਅੰਦੋਲਨ ਕਰ ਰਹੇ ਹਨ ਪਰ ਸਾਬਕਾ ਵਿਧਾਇਕਾਂ ਦੀਆਂ ਪੈਨਸ਼ਨਾਂ ਵਧਾਈਆਂ ਜਾਂਦੀਆਂ ਰਹੀਆਂ ਹਨ।

ਸਮਾਜਿਕ ਸੁਰੱਖਿਆ ਲਈ ਪੈਨਸ਼ਨ ਜ਼ਰੂਰੀ ਹੈ ਪਰ ਇਕ ਹੱਦ ਤੋਂ ਜ਼ਿਆਦਾ ਪੈਨਸ਼ਨ ਦੇਣਾ ਨੈਤਿਕ ਪੱਖ ਤੋਂ ਗ਼ਲਤ ਹੈ। ਬੇਸ਼ੱਕ 10 ਵਾਰ ਵਿਧਾਇਕ ਅਤੇ ਪੰਜ ਵਾਰ ਮੁੱਖ ਮੰਤਰੀ ਰਹਿ ਚੁੱਕੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਪ੍ਰਕਾਸ਼ ਸਿੰਘ ਬਾਦਲ ਨੇ ਪੈਨਸ਼ਨ ਲੈਣ ਤੋਂ ਇਨਕਾਰ ਕਰ ਦਿੱਤਾ ਹੈ ਪਰ ਉਨਾਂ ਦੀ ਪਾਰਟੀ ਦੇ ਹੀ ਹੋਰ ਸਾਬਕਾ ਵਿਧਾਇਕ ਵੱਡੀਆਂ ਪੈਨਸ਼ਨਾਂ ਲੈ ਰਹੇ ਹਨ। ਵਿਧਾਇਕ, ਸਾਬਕਾ ਵਿਧਾਇਕ ਅਤੇ ਹੋਰ ਸਿਆਸੀ ਆਗੂ ਨੈਤਿਕਤਾ ਦੇ ਵੱਡੇ ਦਾਅਵੇ ਕਰਦੇ ਹਨ ਪਰ ਕਿਸੇ ਸਾਬਕਾ ਵਿਧਾਇਕ ਨੇ ਪੈਨਸ਼ਨ ਜਾਂ ਹੋਰ ਫ਼ਾਇਦੇ ਮਿਲਣ ਦੀ ਨੈਤਿਕਤਾ 'ਤੇ ਕਦੀ ਸਵਾਲ ਨਹੀਂ ਉਠਾਇਆ। ਪੰਜਾਬ ਦੇ ਸਿਆਸੀ ਆਗੂਆਂ ਨੇ ਇਸ ਸਬੰਧੀ ਕੋਈ ਸੰਵੇਦਨਸ਼ੀਲਤਾ ਨਹੀਂ ਦਿਖਾਈ ਅਤੇ ਉਹ ਵਿਧਾਇਕਾਂ ਨੂੰ ਮਿਲਣ ਵਾਲੇ ਫ਼ਾਇਦਿਆਂ ਵਿਚ ਵਾਧਾ ਕਰਦੇ ਰਹੇ ਹਨ ਅਤੇ ਇਸੇ ਤਰਾਂ ਸਾਬਕਾ ਵਿਧਾਇਕਾਂ ਦੀ ਪੈਨਸ਼ਨ ਵੀ ਵਧਦੀ ਰਹੀ ਹੈ। ਸਾਬਕਾ ਵਿਧਾਇਕਾਂ ਵਿਚੋਂ ਬਹੁਤ ਸਾਰੇ ਵਿਅਕਤੀ ਅਜਿਹੇ ਹਨ ਜਿਨਾਂ ਨੂੰ ਆਮਦਨ ਪੱਖੋਂ ਸਮਾਜ ਵਿਚ ਉੱਚ-ਵਰਗ ਵਿਚ ਰੱਖਿਆ ਜਾ ਸਕਦਾ ਹੈ; ਉਨਾਂ ਨੂੰ ਪੈਨਸ਼ਨ ਦੀ ਜ਼ਰੂਰਤ ਨਹੀਂ ਹੈ। ਅਜਿਹੇ ਸਾਬਕਾ ਵਿਧਾਇਕਾਂ ਨੂੰ ਮਿਲਦੀਆਂ ਵੱਡੀਆਂ ਪੈਨਸ਼ਨਾਂ ਇਸ ਗੱਲ ਦਾ ਸੰਕੇਤ ਹਨ ਕਿ ਸਿਆਸੀ ਜਮਾਤ ਵਿਚ ਕਿੰਨੀ ਨੈਤਿਕ ਗਿਰਾਵਟ ਆ ਚੁੱਕੀ ਹੈ।

ਆਪ ਸਰਕਾਰ ਰਾਜ ਦੇ 35 ਹਜ਼ਾਰ ਮੁਲਾਜ਼ਮਾਂ ਨੂੰ ਪੱਕਾ ਕਰੇਗੀ

**ਮੁੱਖ ਸਕੱਤਰ ਨੂੰ ਬਿੱਲ ਦਾ ਖਰੜਾ ਤਿਆਰ ਕਰਨ ਦਾ ਹੁਕਮ**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਦੇ ਗਰੁੱਪ-ਸੀ ਅਤੇ ਡੀ ਦੇ 35 ਹਜ਼ਾਰ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਦਾ ਐਲਾਨ ਕੀਤਾ ਹੈ। ਮਾਨ ਨੇ ਇਸ ਬਾਰੇ ਮੁੱਖ ਸਕੱਤਰ ਅਤੇ ਹੋਰ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਇਸ ਬਾਰੇ ਬਿੱਲ ਦਾ ਖਰੜਾ ਤਿਆਰ ਕਰਨ ਦੇ ਹੁਕਮ ਦਿੱਤੇ ਹਨ ਤਾਂ ਜੋ ਅਗਲੇ ਵਿਧਾਨ ਸਭਾ ਸੈਸ਼ਨ ਵਿੱਚ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਬਾਰੇ ਬਿੱਲ ਪਾਸ ਕਰਵਾਇਆ ਜਾ ਸਕੇ।

# ਜ਼ੇਲੇਂਸਕੀ ਨੇ ਦਿੱਤੀ ਚੇਤਾਵਨੀ ਕਿ ਰੂਸ ਨਾਲ ਮਾਮਲਾ ਹਲ ਨਾ ਹੋਇਆ ਤਾ ਤੀਜਾ ਵਿਸ਼ਵ ਯੁੱਧ ਹੋਵੇਗਾ

## ਯੂਕਰੇਨ ਵਲੋਂ ਰੂਸ ਅੱਗੇ ਆਤਮ-ਸਮਰਪਣ ਕਰਨ ਤੋਂ ਸਾਫ਼ ਇਨਕਾਰ : ਮਾਸਕੋ ਦੀ ਚਿਤਾਵਨੀ

**ਕੀਵ:** ਜਿਵੇਂ ਹੀ ਯੂਕਰੇਨ ਆਤਮ ਸਮਰਪਣ ਕਰਨ ਦੀ ਮਾਸਕੋ ਦੀ ਚਿਤਾਵਨੀ ਦਰਮਿਆਨ ਰੂਸ ਦੇ ਸਾਹਮਣੇ ਝੁਕਣ ਤੋਂ ਇਨਕਾਰ ਕੀਤਾ ਤਾਂ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਇਕ ਵਾਰ ਫਿਰ ਦੁਨੀਆ ਨੂੰ ਯਾਦ ਦਿਵਾਇਆ ਕਿ ਜੇਕਰ ਗੱਲਬਾਤ ਸਿਰੇ ਨਾ ਚੜ੍ਹੀ ਤਾਂ ਇਹ ਕੌਮਾਂਤਰੀ ਆਫ਼ਤ ਹੋਵੇਗੀ ।ਉਨਾਂ ਦੇ ਡਿਪਟੀ ਨੇ ਮਰੀਯੂਪੋਲ ਸ਼ਹਿਰ ਨੂੰ ਛੱਡਣ ਦੀ ਰੂਸੀ ਮੰਗ ਨੂੰ ਖ਼ਾਰਜ ਕਰਦੇ ਹੋਏ ਕਿਹਾ ਕਿ ਕਿਸੇ ਵੀ ਆਤਮ-ਸਮਰਪਣ ਦਾ ਕੋਈ ਸਵਾਲ ਹੀ ਨਹੀਂ ਹੈ । ਰੂਸੀ ਰੱਖਿਆ ਮੰਤਰਾਲੇ ਨੇ ਸ਼ਹਿਰ ਦੇ ਆਤਮਸਮਰਪਣ ਦੇ ਬਦਲੇ ਮਨੁੱਖੀ ਗਲਿਆਰੇ ਖੋਲਣ ਦੀ ਪੇਸ਼ਕਸ਼ ਕੀਤੀ ਸੀ । ਇਸ ਨਾਲ ਪਹਿਲਾਂ ਯੂਕਰੇਨ ਦੇ ਰਾਸ਼ਟਰਪਤੀ ਨੇ ਦੋਸ਼ ਲਗਾਇਆ ਕਿ ਰੂਸ ਨੇ ਮਰੀਯੂਪੋਲ 'ਚ ਯੁੱਧ ਅਪਰਾਧ ਕੀਤਾ । ਜ਼ੇਲੇਂਸਕੀ ਨੇ ਕਿਹਾ ਕਿ ਉਨਾਂ ਦਾ ਮੰਨਣਾ ਹੈ ਕਿ ਰੂਸ ਦੇ ਹਮਲੇ ਦੇ ਅੰਤ ਵਿਚ ਗੱਲਬਾਤ ਕਰਨ ਦੀ ਅਸਫਲਤਾ ਦਾ ਅਰਥ ਤੀਜਾ ਵਿਸ਼ਵ ਯੁੱਧ ਹੋਵੇਗਾ । ਜ਼ੇਲੇਂਸਕੀ ਨੇ ਕਿਹਾ ਕਿ ਉਹ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਸਿੱਧੇ ਗੱਲਬਾਤ ਲਈ ਤਿਆਰ ਹਨ । ਉਨਾਂ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਅਸੀਂ ਗੱਲਬਾਤ ਤੋਂ ਬਿਨਾਂ ਇਸ ਜੰਗ ਨੂੰ ਖ਼ਤਮ ਨਹੀਂ ਕਰ ਸਕਦੇ ।ਯੂਕਰੇਨ ਦੇ ਰਾਸ਼ਟਰਪਤੀ ਨੇ ਇਕ ਵਾਰ ਫਿਰ ਕਿਹਾ ਕਿ ਉਨਾਂ ਦਾ ਮੰਨਣਾ ਹੈ ਕਿ ਜੇਕਰ ਉਨਾਂ ਦਾ ਦੇਸ਼ ਨਾਟੋ ਦਾ ਮੈਂਬਰ ਹੁੰਦਾ ਤਾਂ ਯੁੱਧ ਸ਼ੁਰੂ ਨਾ ਹੁੰਦਾ ।ਉਨਾਂ ਕਿਹਾ ਕਿ ਜੇਕਰ ਨਾਟੋ ਦੇ ਮੈਂਬਰ ਸਾਨੂੰ ਗੱਠਜੋੜ ਵਿਚ ਸ਼ਾਮਿਲ ਕਰਨ ਲਈ ਤਿਆਰ ਹਨ ਤਾਂ ਇਸ ਨੂੰ ਤੁਰੰਤ ਕਰਨ ਕਿਉਂਕਿ ਲੋਕ ਰੋਜ਼ ਮਰ ਰਹੇ ਹਨ ।

# ‘ਆਪ’ ਸੂਬੇ ਦੀ ਤਰੱਕੀ ਤੇ ਲੋਕਾਂ ਦੀ ਭਲਾਈ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ : ਮੁਖ ਮੰਤਰੀ ਮਾਨ

## ਆਪ ਸਰਕਾਰ ਵਲੋਂ ਸਹੀਦ-ਏ-ਆਜਮ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਸਰਧਾਂਜਲੀ ਅਰਪਿਤ

**ਖਟਕੜ ਕਲਾਂ (ਸਹੀਦ ਭਗਤ ਸਿੰਘ ਨਗਰ)-** ਬੀਤੇ ਦਿਨੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਹੀਦ-ਏ-ਆਜਮ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਸਰਧਾਂਜਲੀ ਅਰਪਿਤ ਕਰਨ ਉਪਰੰਤ ਕਿਹਾ ਸੀ ਕਿ ਪੰਜਾਬ ਸਰਕਾਰ ਵੱਲੋਂ ਸਹੀਦ ਭਗਤ ਸਿੰਘ, ਸਹੀਦ ਰਾਜਗੁਰੂ ਅਤੇ ਸਹੀਦ ਸੁਖਦੇਵ ਨੂੰ ਸਹੀਦ ਦਾ ਦਰਜਾ ਦਿਵਾਉਣ ਲਈ ਠੋਸ ਅਤੇ ਸੁਹਿਰਦ ਯਤਨ ਕੀਤੇ ਜਾਣਗੇ।

ਸਹੀਦ ਭਗਤ ਸਿੰਘ ਦੇ ਭਤੀਜੇ ਸਵ. ਅਭੈ ਸੰਧੂ ਦੀ ਪਤਨੀ ਸ੍ਰੀਮਤੀ ਤੇਜੀ ਸੰਧੂ, ਅਭੈ ਸੰਧੂ ਦੀ ਪੁੱਤਰੀ ਸ੍ਰੀਮਤੀ ਅਨੁਸ ਪ੍ਰਿਆ, ਪ੍ਰਭਦੀਪ ਸਿੰਘ ਬੈਨੀਵਾਲ, ਹਕੂਮਤ ਸਿੰਘ ਮੱਲ੍ਹੀ, ਜੋਰਾਵਰ ਸਿੰਘ ਸੰਧੂ, ਗੌਰਵ ਸੰਧੂ, ਸ੍ਰੀਮਤੀ ਸ੍ਰੀਮਤੀ ਕੰਨਗੀ ਸੰਧੂ ਅਤੇ ਹੋਰ ਪਰਿਵਾਰਕ ਮੈਂਬਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਭਰੋਸਾ ਦਿਵਾਇਆ ਕਿ ਭਾਰਤ ਦੀ ਅਜਾਦੀ ਦੇ ਸੰਘਰਸ ਦੇ ਮਹਾਨ ਨਾਇਕ ਅਤੇ ਉਨ੍ਹਾਂ ਦੇ ਦੋਵਾਂ ਸਾਥੀਆਂ ਨੂੰ ਸਹੀਦ ਦਾ ਦਰਜਾ ਦਿਵਾਉਣ ਲਈ ਸਾਡੀ ਸਰਕਾਰ ਹਰ ਸੰਭਵ ਯਤਨ ਕਰੇਗੀ, ਜਿਨ੍ਹਾਂ ਨੇ ਛੋਟੀ ਉਮਰ ਵਿੱਚ ਦੇਸ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ ਸੀ। ਉਨ੍ਹਾਂ ਅਫਸੋਸ ਜਾਹਰ ਕਰਦਿਆਂ ਕਿਹਾ ਕਿ ਇਹ ਬੜਾ ਮੰਦਭਾਗਾ ਹੈ ਕਿ ਆਜਾਦੀ ਦੇ 70 ਸਾਲ ਤੋਂ ਵੱਧ ਸਮਾਂ ਬੀਤ ਜਾਣ ਪਿੱਛੋਂ ਵੀ ਇਨ੍ਹਾਂ ਕੌਮੀ ਨਾਇਕਾਂ ਨੂੰ ਇਹ ਦਰਜਾ ਨਹੀਂ ਦਿੱਤਾ ਗਿਆ। ਭਗਵੰਤ ਮਾਨ ਨੇ ਕਿਹਾ ਕਿ ਦੇਸ ਨੂੰ ਬਰਤਾਨਵੀ ਸਾਮਰਾਜਵਾਦ ਦੇ ਚੁੰਗਲ ਵਿੱਚੋਂ ਕੱਢਣ ਲਈ ਸਮੁੱਚੀ ਕੌਮ ਸਰਦਾਰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਅਦੁੱਤੀ ਸਹਾਦਤ ਦੀ ਸਦਾ ਰਿਣੀ ਰਹੇਗੀ।

ਸਹੀਦ-ਏ-ਆਜਮ ਭਗਤ ਸਿੰਘ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਲੋਕਾਂ ਦੇ ਪੂਰਨ ਸਹਿਯੋਗ ਦੀ ਮੰਗ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸਹੀਦ ਭਗਤ ਸਿੰਘ ਦੀ ਸੁਹਿਰਦ ਸੋਚ ’ਤੇ ਡੱਟ ਕੇ ਪਹਿਰਾ ਦੇਣ ਅਤੇ ਖੁਸਹਾਲ ਅਤੇ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਲਈ ਵਚਨਬੱਧ ਹੈ।




ਮੁੱਖ ਮੰਤਰੀ ਨੇ ਅਫਸੋਸ ਜਾਹਰ ਕਰਦਿਆਂ ਕਿਹਾ ਕਿ ਹੁਣ ਤੱਕ ਦੇਸ ਅਤੇ ਸੂਬੇ ਵਿੱਚ ਸੱਤਾ ਸੰਭਾਲਣ ਵਾਲਿਆਂ ਨੇ ਸਹੀਦ ਭਗਤ ਸਿੰਘ ਦੇ ਸੁਪਨੇ ਨੂੰ ਅਮਲੀ ਜਾਮਾ ਪਵਾਉਣ ਲਈ ਕੁਝ ਵੀ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਇਹ ਬੜਾ ਮੰਦਭਾਗਾ ਹੈ ਕਿ ਸਾਡੇ ਨੌਜਵਾਨਾਂ ਨੂੰ ਰੁਜਗਾਰ ਅਤੇ ਬਿਹਤਰ ਭਵਿੱਖ ਦੀ ਭਾਲ ਵਿੱਚ ਉਨ੍ਹਾਂ ਮੁਲਕਾਂ ਵਿੱਚ ਹੀ ਜਾਣ ਲਈ ਮਜਬੂਰ ਹੋਣਾ ਪਿਆ ਜਿਨ੍ਹਾਂ ਦੇ ਮੂਲ ਵਾਸੀਆਂ ਨੂੰ ਸਹੀਦ ਭਗਤ ਸਿੰਘ ਅਤੇ ਹੋਰ ਆਜਾਦੀ ਘੁਲਾਟੀਆਂ ਨੇ ਲੰਮੇ ਅਜਾਦੀ ਸੰਘਰਸ ਤੋਂ ਬਾਅਦ ਦੇਸ ਤੋਂ ਬਾਹਰ ਕੱਢਿਆ ਸੀ। ਭਗਵੰਤ ਮਾਨ ਨੇ ਕਿਹਾ ਕਿ ਪੰਜਾਬੀਆਂ ਦੇ ਸਹਿਯੋਗ ਨਾਲ ਇਸ ਮੰਦਭਾਗੇ ਰੁਝਾਨ ਨੂੰ ਠੱਲ੍ਹ ਪਾਈ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਨੇਕ ਕਾਰਜ ਲਈ ਦਿਨ-ਰਾਤ ਕੰਮ ਕਰ ਰਹੀ ਹੈ। ਉਨ੍ਹਾਂ ਪੰਜਾਬੀਆਂ ਨੂੰ ਭਰੋਸਾ ਦਿਵਾਇਆ ਕਿ ‘ਆਪ’ ਸਰਕਾਰ ਸੂਬੇ ਦੀ ਤਰੱਕੀ ਅਤੇ ਲੋਕਾਂ ਦੀ ਭਲਾਈ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ। ਭਗਵੰਤ ਮਾਨ ਨੇ ਕਿਹਾ ਕਿ ਲੋਕਾਂ ਦੇ ਸਹਿਯੋਗ ਅਤੇ ਮਦਦ ਤੋਂ ਬਿਨਾਂ ਇਹ ਮਹੱਤਵਪੂਰਨ ਕਾਰਜ ਪੂਰਾ ਨਹੀਂ ਕੀਤਾ ਜਾ ਸਕਦਾ। ਇਸ ਦੌਰਾਨ ਮੁੱਖ ਮੰਤਰੀ ਨੇ ਖਟਕੜ ਕਲਾਂ ਸਥਿਤ ਅਜਾਇਬ ਘਰ ਦਾ ਦੌਰਾ ਵੀ ਕੀਤਾ। ਭਾਵੁਕ ਹੋ ਕੇ ਭਗਵੰਤ ਮਾਨ ਨੇ ਵਿਜਟਰ ਬੁੱਕ ਵਿੱਚ ਲਿਖਿਆ, “ਖਟਕੜ ਕਲਾਂ ਦੀ ਪਵਿੱਤਰ ਧਰਤੀ ਹਮੇਸਾਂ ਮੇਰੇ ਦਿਲ ਦੇ ਬਹੁਤ ਨੇੜੇ ਰਹੀ ਹੈ। **ਬਾਕੀ ਸਫ਼ਾ 31 ’ਤੇ**

# ਬੀਬੀਐਮਬੀ ਨਿਯਮਾਂ ’ਚ ਬਦਲਾਅ ਖ਼ਿਲਾਫ਼ ਏਜੀ ਨਾਲ ਸਲਾਹ ਕਰਕੇ ਸੁਪਰੀਮ ਕੋਰਟ ਵਿਚ ਕੇਸ ਦਾਇਰ ਕਰਨ ਭਗਵੰਤ ਮਾਨ : ਤਿਵਾੜੀ

## ਉਹ ਬਤੌਰ ਮੈਂਬਰ ਪਾਰਲੀਮੈਂਟ ਲੋਕ ਸਭਾ ’ਚ ਜ਼ਾਹਿਰ ਕਰਨਗੇ ਆਪਣਾ ਵਿਰੋਧ

**ਨਿਊਯਾਰਕ/ਰੋਪੜ/ਰਾਜ ਗੋਗਨਾ:-** ਸ੍ਰੀ ਆਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਅਤੇ ਸਾਬਕਾ ਕੇਂਦਰੀ ਮੰਤਰੀ ਮਨੀਸ਼ ਤਿਵਾੜੀ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਏਜੀ ਨਾਲ ਸਲਾਹ ਕਰਕੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਨਿਯਮਾਂ ਵਿੱਚ ਕੇਂਦਰ ਸਰਕਾਰ ਵੱਲੋਂ ਕੀਤੀਆਂ ਤਬਦੀਲੀਆਂ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਣ ਲਈ ਕਿਹਾ ਹੈ। ਪੰਜਾਬ ਤੋਂ ਸੰਸਦ ਮੈਂਬਰ ਹੁੰਦਿਆਂ ਉਹ ਲੋਕ ਸਭਾ ਵਿੱਚ ਇਸ ਸਬੰਧੀ ਆਪਣਾ ਵਿਰੋਧ ਪ੍ਰਗਟ ਕਰਨਗੇ। ਇਸ ਸਬੰਧ ਵਿੱਚ ਇੱਕ ਟਵੀਟ ਰਾਹੀਂ ਐਮਪੀ ਤਿਵਾੜੀ ਨੇ ਮੁੱਖ ਮੰਤਰੀ ਮਾਨ ਨੂੰ ਸੰਵਿਧਾਨ ਦੀ ਧਾਰਾ 131 ਦੇ ਤਹਿਤ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਸੋਧ) ਨਿਯਮਾਂ, 2022 ਨੂੰ ਚੁਣੌਤੀ ਦੇਣ ਲਈ ਸੂਬੇ ਦੇ ਐਡਵੋਕੇਟ ਜਨਰਲ ਨਾਲ ਸਲਾਹ ਕਰਕੇ ਸੁਪਰੀਮ ਕੋਰਟ ਵਿੱਚ ਕੇਸ ਦਾਇਰ ਕਰਨ ਲਈ ਕਿਹਾ ਹੈ, ਕਿਉਂਕਿ ਜਦੋਂ ਇਹ ਸੋਧ ਲਿਆਂਦੀ ਗਈ ਸੀ ਤਾਂ ਪੰਜਾਬ ਵਿਚ ਚੋਣ ਜ਼ਾਬਤਾ ਸੀ ਅਤੇ ਹੁਣ ਇਸ ਮੁੱਦੇ ਨੂੰ ਉਠਾਉਣਾ ਉਨਾਂ ਦੀ ਜ਼ਿੰਮੇਵਾਰੀ ਹੈ, ਜੋ ਕਿ ਪੰਜਾਬ ਪ੍ਰਤੀ ਪੱਖਪਾਤੀ ਹੈ।

ਉਨਾਂ ਕਿਹਾ ਕਿ ਕੇਂਦਰ ਦੇ ਨੋਟੀਫਿਕੇਸ਼ਨ ਰਾਹੀਂ ਬੋਰਡ ਮੈਂਬਰਾਂ ਅਤੇ ਚੇਅਰਮੈਨਾਂ ਦੀਆਂ ਯੋਗਤਾਵਾਂ ਨੂੰ ਵਧਾਉਣ ਸਮੇਤ ਖੋਜ-ਕਮ-ਚੋਣ ਕਮੇਟੀ ਦਾ ਗਠਨ ਵੀ ਕੀਤਾ ਗਿਆ ਹੈ। ਉਨਾਂ ਦੱਸਿਆ ਕਿ ਡੈਮ ਤੋਂ ਪੈਦਾ ਹੋਣ ਵਾਲੀ ਜ਼ਿਆਦਾਤਰ ਬਿਜਲੀ ਪੰਜਾਬ ਅਤੇ



ਹਰਿਆਣਾ ਨੂੰ ਦਿੱਤੀ ਜਾਂਦੀ ਹੈ, ਜਿਸ ਵਿੱਚੋਂ ਮੈਂਬਰ (ਪਾਵਰ) ਅਤੇ ਮੈਂਬਰ (ਸਿੰਚਾਈ) ਦੀਆਂ ਅਸਾਮੀਆਂ ਕ੍ਰਮਵਾਰ ਦੋਵਾਂ ਰਾਜਾਂ ਦੇ ਨੁਮਾਇੰਦਿਆਂ ਵੱਲੋਂ ਭਰੀਆਂ ਗਈਆਂ ਹਨ। ਜਦੋਂ ਕਿ ਨਿਯਮਾਂ ਵਿੱਚ ਬਦਲਾਅ ਨਾਲ ਅਜਿਹਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਦੱਸੀਆਂ ਗਈਆਂ ਯੋਗਤਾਵਾਂ ਬਹੁਤ ਸਖ਼ਤ ਹਨ ਅਤੇ ਰਾਜ ਬਿਜਲੀ ਬੋਰਡਾਂ ਦੇ ਜ਼ਿਆਦਾਤਰ ਮੈਂਬਰ ਇਨਾਂ ਨੂੰ ਪੂਰਾ ਨਹੀਂ ਕਰਦੇ ਜਿਸ ਕਾਰਨ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚ ਪੰਜਾਬ ਅਤੇ ਹਰਿਆਣਾ ਨੂੰ ਕੋਈ ਪ੍ਰਤੀਨਿਧਤਾ ਨਹੀਂ ਮਿਲੇਗੀ।

ਇਸਦੇ ਨਾਲ ਹੀ ਨੋਟੀਫਿਕੇਸ਼ਨ ਰਾਹੀਂ ਗਠਿਤ ਸਰਚ-ਕਮ-ਸਿਲੈਕਸ਼ਨ ਕਮੇਟੀ ਵਿੱਚ ਬਿਜਲੀ ਮੰਤਰਾਲੇ ਦੇ ਸਕੱਤਰ ਚੇਅਰਮੈਨ ਨਵੀਂ ਅਤੇ ਨਵਿਆਉਣਯੋਗ ਊਰਜਾ ਮੰਤਰਾਲੇ ਦੇ ਸਕੱਤਰ, ਮੈਂਬਰ ਜਲ ਸ਼ਕਤੀ ਮੰਤਰਾਲੇ ਦੇ ਸਕੱਤਰ, ਮੈਂਬਰ ਬਿਜਲੀ ਮੰਤਰਾਲੇ ਦੇ ਅਧੀਨ ਕੇਂਦਰੀ ਜਨਤਕ ਕੰਪਨੀ ਦਾ ਚੇਅਰਮੈਨ, ਬਿਜਲੀ ਮੰਤਰਾਲੇ ਦੁਆਰਾ ਨਾਮਜ਼ਦ ਕੀਤਾ ਜਾਣਾ, ਬਿਜਲੀ ਮੰਤਰਾਲਾ ਇੱਕ ਬਾਹਰੀ ਮਾਹਿਰ ਨਿਯੁਕਤ ਕਰਨਾ, ਸ਼ਾਮਲ ਹੋਣਗੇ।ਅਜਿਹੀ ਸਥਿਤੀ ਵਿੱਚ ਇਸ ਸਮੁੱਚੀ ਕਮੇਟੀ ਵਿੱਚ ਕੇਂਦਰ ਸਰਕਾਰ ਦੇ ਨੁਮਾਇੰਦੇ ਹੋਣਗੇ ਅਤੇ ਇਸ ਵਿੱਚ ਸੰਘੀ ਪ੍ਰਣਾਲੀ ਦੀ ਅਸਲ ਭਾਵਨਾ ਨਜ਼ਰ ਨਹੀਂ ਆ ਰਹੀ ਹੈ।ਉਨਾਂ ਖੁਲਾਸਾ ਕੀਤਾ ਕਿ ਪੰਜਾਬ ਪੁਨਰਗਠਨ ਐਕਟ 1966 ਦੀ ਧਾਰਾ-97 ਅਨੁਸਾਰ ਜਾਰੀ ਨੋਟੀਫਿਕੇਸ਼ਨ ਵਿਚ ਕਿਸੇ ਮੈਂਬਰ ਦੀ ਯੋਗਤਾ ਜਾਂ ਖੋਜ-ਕਮ-ਚੋਣ ਕਮੇਟੀ ਦੇ ਗਠਨ ਦਾ ਸਪੱਸ਼ਟ ਤੌਰ ’ਤੇ ਜ਼ਿਕਰ ਨਹੀਂ ਹੈ। ਇਸੇ ਤਰਾਂ, ਇਹ ਕਾਨੂੰਨ ਪੰਜਾਬ ਪੁਨਰਗਠਨ ਐਕਟ, 1966 ਦੀਆਂ ਧਾਰਾਵਾਂ 78 ਅਤੇ 79 ਦੀ ਭਾਵਨਾ ਦੇ ਵੀ ਵਿਰੁੱਧ ਹੈ।

# ਅਮਰੀਕਾ ਵਿਚ ਭਿਆਨਕ ਤੂਫਾਨ ਨੇ ਮਚਾਈ ਤਬਾਹੀ, ਕਈ ਲੋਕ ਜ਼ਖਮੀ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਅਮਰੀਕਾ ਦੇ ਦੱਖਣੀ ਪੂਰਬੀ ਹਿੱਸੇ ਵਿਚ ਆਏ ਭਿਆਨਕ ਤੂਫਾਨ, ਤੇਜ਼ ਹਵਾਵਾਂ ਤੇ ਗੜੇਮਾਰੀ ਕਾਰਨ ਭਾਰੀ ਨੁਕਸਾਨ ਪੁੱਜਾ ਹੈ ਤੇ ਕਈ ਲੋਕਾਂ ਦੇ ਜ਼ਖਮੀ ਹੋਣ ਦੀ ਰਿਪੋਰਟ ਹੈ। ਅਨੇਕਾਂ ਘਰਾਂ ਨੂੰ ਨੁਕਸਾਨ ਪੁੱਜਾ ਹੈ। ਐਸਕੈਮਬੀਆ ਕਾਊਂਟੀ, ਅਲਬਾਮਾ ਵਿਚ ਜ਼ਖ਼ਮੀ ਹੋਏ 6 ਲੋਕਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਐਸਕਾਮਬੀਆ ਕਾਊਂਟੀ ਦੇ ਪੁਲਿਸ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਕੁਝ ਲੋਕ ਮੋਬਾਇਲ ਹੋਮ ਪਾਰਕ ਵਿਚ ਜ਼ਖਮੀ ਹੋਏ ਹਨ ਤੇ ਇਨਾਂ ਨੂੰ ਐਂਬੂਲੈਂਸ ਰਾਹੀਂ ਹਸਪਤਾਲ ਲਿਜਾਇਆ ਗਿਆ । ਬੁਲਾਰੇ ਸ਼ੈਰਿਫ ਹੀਥ ਜੈਕਸਨ ਨੇ ਦੱਸਿਆ ਕਿ ਪੈਨਸਾਕੋਲਾ, ਫਲੋਰਿਡਾ ਦੇ ਉਤਰ ਵਿਚ 9 ਘਰ ਤਬਾਹ ਹੋਏ ਹਨ ਜਦਕਿ ਇਕ ਘਰ ਨੂੰ ਤੂਫਾਨ ਆਪਣੇ ਨਾਲ ਹੀ ਵਹਾਅ ਕੇ ਲੈ ਗਿਆ। ਉਨਾਂ ਦੱਸਿਆ ਕਿ ਮੌਕੇ ਉਪਰ ਜਾਇਜ਼ਾ ਲੈਣ ਲਈ ਕੌਮੀ ਮੌਸਮ ਸੇਵਾ ਦੇ ਅਧਿਕਾਰੀ ਜਾਣਗੇ। ਇਸ ਕਿਸਮ ਦਾ ਤੂਫਾਨ ਹੀ ਜਾਰਜੀਆ ਵਿਚ ਆਉਣ ਦੀ ਰਿਪੋਰਟ ਹੈ ਜੋ ਕਾਰੋਲੀਨਾਸ ਵੱਲ ਵੱਧ ਰਿਹਾ ਹੈ।

# ਟੈਕਸਾਸ ਵਿਚ ਲੋਕਾਂ ਨੂੰ ਅੱਗ ਤੋਂ ਬਚਾਉਣ ਦਾ ਯਤਨ ਕਰ ਰਹੇ ਇਕ ਪੁਲਿਸ ਅਧਿਕਾਰੀ ਦੀ ਮੌਤ



*ਅਬੀਲੇਨ ਦੇ ਪੱਛਮ ਵਿਚ ਅੱਗ ਨਾਲ ਪ੍ਰਭਾਵਿਤ ਚੈਪਲ ਹਿੱਲ ਮੋਬਾਇਲ ਹੋਮ ਪਾਰਕ ਵਿਚੋਂ ਲੋਕ ਸੁਰੱਖਿਅਤ ਥਾਵਾਂ ‘ਤੇ ਜਾਂਦੇ ਹੋਏ*

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਟੈਕਸਾਸ ਦੇ ਜੰਗਲ ਨੂੰ ਲੱਗੀ ਅੱਗ ਕਾਰਨ ਸੈਂਕੜੇ ਲੋਕਾਂ ਨੂੰ ਘਰ ਬਾਰ ਛੱਡ ਕੇ ਭੱਜਣ ਲਈ ਮਜਬੂਰ ਹੋਣਾ ਪਿਆ ਹੈ। ਟੈਕਸਾਸ ਫੌਰੈਸਟ ਸਰਵਿਸ ਦੇ ਇਕ ਅਧਿਕਾਰੀ ਅਨੁਸਾਰ 62 ਵਰਗ ਮੀਲ ਤੋਂ ਵਧ ਰਕਬਾ ਸੜ ਗਿਆ ਹੈ। ਈਸਟਲੈਂਡ ਕਾਊਂਟੀ, ਟੈਕਸਾਸ ਵਿਚ ਬਚਾਅ ਕਾਰਵਾਈ ਵਿਚ ਲੱਗੀ ਪੁਲਿਸ ਵਿਭਾਗ ਦੀ ਡਿਪਟੀ ਬਾਰਬਰਾ ਫੈਨਲੇ ਦੀ ਮੌਤ ਹੋ ਗਈ। ਪੁਲਿਸ ਮੁਖੀ ਜੈਸਨ ਵੈਗਰ ਨੇ ਕਿਹਾ ਹੈ ਕਿ ਫੈਨਲੇ ਨੇ ਅੱਗ ਵਿਚ ਘਿਰੇ ਇਕ ਬਜੁਰਗ ਨੂੰ ਬਚਾਉਣ ਦਾ ਯਤਨ ਕੀਤਾ ਜਿਸ ਦੌਰਾਨ ਉਹ ਖੁਦ ਅੱਗ ਦੀ ਲਪੇਟ ਵਿਚ ਆ ਗਈ। ਅੱਗ ਨਾਲ ਪ੍ਰਭਾਵਿਤ ਗੋਰਮੈਨ ਕਸਬੇ ਵਿਚੋਂ ਤਕਰੀਬਨ 475 ਘਰਾਂ ਨੂੰ ਖਾਲੀ ਕਰਵਾਇਆ ਗਿਆ ਹੈ ਤੇ ਲੋਕਾਂ ਨੂੰ ਸੁਰੱਖਿਅਤ ਥਾਵਾਂ ’ਤੇ ਭੇਜਿਆ ਗਿਆ ਹੈ। ਡਾਊਨ ਟਾਊਨ ਰੇਂਜਰ ਵਿਚ ਇਕ ਚਰਚ ਵੀ ਅੱਗ ਦੀ ਲਪੇਟ ਵਿਚ ਆ ਕੇ ਤਬਾਹ ਹੋ ਗਿਆ। ਇਹ 103 ਸਾਲ ਪੁਰਾਣੀ ਇਮਾਰਤ ਸੀ। ਹੋਰ ਕਈ ਇਤਿਹਾਸਕ ਇਮਾਰਤਾਂ ਦੇ ਵੀ ਸੜ ਜਾਣ ਦੀ ਖਬਰ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਮਾਮਲਾ 'ਦਿ ਕਸ਼ਮੀਰ ਫਾਈਲਜ਼' ਬਾਰੇ ਵਿਵਾਦ ਦਾ

## ✪ ਫ਼ਿਲਮ 'ਤੇ ਲੋਕਾਂ ਦੀ ਰਾਇ ਵੱਖ-ਵੱਖ, ਭਾਜਪਾ ਫ਼ਿਲਮ ਦੇ ਹਕ ਵਿਚ ✪ ਪ੍ਰਧਾਨ ਮੰਤਰੀ ਮੋਦੀ ਨੇ ਫ਼ਿਲਮ ਦੀ ਆਲੋਚਨਾ ਨੂੰ ਇੱਕ ਸਾਜ਼ਿਸ਼ ਆਖਿਆ ✪ 'ਦਿ ਕਸ਼ਮੀਰ ਫਾਈਲਜ਼' ਦੇ ਨਿਰਦੇਸ਼ਕ ਵਿਵੇਕ ਅਗਨੀਹੋਤਰੀ ਨੂੰ ਮਿਲੀ Y ਸ਼੍ਰੇਣੀ ਦੀ ਸੁਰੱਖਿਆ, ਮਿਲ ਰਹੀਆਂ ਸਨ ਧਮਕੀਆਂ

**ਜਲੰਧਰ:** 90 ਦੇ ਦਹਾਕੇ ਵਿੱਚ ਕਸ਼ਮੀਰ ਤੋਂ ਹਿੰਦੂਆਂ ਦੀ ਹਿਜਰਤ ਉੱਤੇ ਆਧਾਰਿਤ ਫਿਲਮ 'ਦਿ ਕਸ਼ਮੀਰ ਫਾਈਲਜ਼' ਨੇ ਕਈ ਨਵੇਂ ਵਿਵਾਦ ਖੜੇ ਕਰ ਦਿੱਤੇ ਹਨ। ਭਾਰਤੀ ਜਨਤਾ ਪਾਰਟੀ ਨੇ ਵਿਵੇਕ ਅਗਨੀਹੋਤਰੀ ਦੀ ਫਿਲਮ ਦਾ ਖੁੱਲ ਕੇ ਸਮਰਥਨ ਕੀਤਾ ਹੈ। ਜਿਨਾਂ ਰਾਜਾਂ ਵਿੱਚ ਭਾਜਪਾ ਦੀਆਂ ਸਰਕਾਰਾਂ ਹਨ, ਉੱਥੇ ਇਸ ਫਿਲਮ ਨੂੰ ਟੈਕਸ ਮੁਕਤ ਕਰ ਦਿੱਤਾ ਗਿਆ ਹੈ ਅਤੇ ਲੋਕ ਇਸ ਫਿਲਮ ਨੂੰ ਦੇਖਣ ਲਈ ਲਗਾਤਾਰ ਟਿਕਟਾਂ ਬੁੱਕ ਕਰਵਾ ਰਹੇ ਹਨ। 7 ਦਿਨਾਂ 'ਚ 97 ਕਰੋੜ ਦੀ ਕਮਾਈ ਕਰਕੇ ਇਹ ਫਿਲਮ ਬਲਾਕਬਸਟਰ ਬਣ ਗਈ ਹੈ ਅਤੇ ਅੱਜ ਮੰਨਿਆ ਜਾ ਰਿਹਾ ਹੈ ਕਿ ਇਹ 100 ਕਰੋੜ ਦੇ ਕਲੱਬ ਵਿਚ ਸ਼ਾਮਲ ਹੋ ਜਾਵੇਗੀ।ਬੀਤੇ ਸ਼ੁੱਕਰਵਾਰ ਨੂੰ ਰਿਲੀਜ਼ ਹੋਈ ਫ਼ਿਲਮ 'ਦਿ ਕਸ਼ਮੀਰ ਫਾਈਲਜ਼' ਇੱਕ ਕਾਲਪਨਿਕ ਕਹਾਣੀ ਉੱਤੇ ਆਧਾਰਿਤ ਹੈ। ਫਿਲਮ ਦਾ ਮੁੱਖ ਕਿਰਦਾਰ ਇੱਕ ਯੂਨੀਵਰਸਿਟੀ ਦਾ ਵਿਦਿਆਰਥੀ ਹੈ ਜਿਸ ਨੂੰ ਪਤਾ ਲੱਗਦਾ ਹੈ ਕਿ ਉਸ ਦੇ ਮਾਤਾ-ਪਿਤਾ ਦਾ ਕਤਲ ਜਿਹਾਦੀਆਂ ਨੇ ਕੀਤਾ ਸੀ ਅਤੇ ਨਾ ਕਿ ਉਹ ਇੱਕ ਹਾਦਸਾ ਸੀ। ਫ਼ਿਲਮ ਵਿੱਚ ਇਸ ਵਿਦਿਆਰਥੀ ਦੇ ਕਿਰਦਾਰ ਦੇ ਦਾਦਾ ਨੇ ਉਸ ਨੂੰ ਉਸ ਦੇ ਮਾਤਾ ਪਿਤਾ ਦੇ ਕਤਲ ਨੂੰ ਇੱਕ ਹਾਦਸਾ ਦੱਸਿਆ ਸੀ।

ਫਿਲਮ ਸਮੀਖਿਅਕਾਂ ਵੱਲੋਂ ਇਸ ਫ਼ਿਲਮ ਨੂੰ ਠੀਕ- ਠਾਕ ਆਖਿਆ ਗਿਆ ਹੈ ਪਰ ਸੋਸ਼ਲ ਮੀਡੀਆ ਉੱਪਰ ਇਸ ਫ਼ਿਲਮ ਨੇ ਇੱਕ ਵਿਵਾਦ ਪੈਦਾ ਕਰ ਦਿੱਤਾ ਹੈ।ਫਿਲਮ ਦੇ ਸਮਰਥਕਾਂ ਮੁਤਾਬਕ ਇਸ ਨੇ ਇੱਕ ਅਜਿਹੇ ਮੁੱਦੇ ਨੂੰ ਚੁੱਕਿਆ ਹੈ ਜਿਸ ਨੂੰ ਹਮੇਸ਼ਾ ਨਜ਼ਰਅੰਦਾਜ਼ ਕੀਤਾ ਗਿਆ। ਇਹ ਮੁੱਦਾ ਕਸ਼ਮੀਰ ਦੇ ਪੰਡਤਾਂ ਦੇ ਸੰਕਟ ਨਾਲ ਜੁੜਿਆ ਹੈ ਪਰ ਇਸ ਦੇ ਵਿਰੋਧੀ ਆਖਦੇ ਹਨ ਕਿ ਇਸ ਵਿੱਚ ਤੱਥਾਂ ਨੂੰ ਤੋੜਿਆ - ਮਰੋੜਿਆ ਗਿਆ ਹੈ ਅਤੇ ਇਹ ਮੁਸਲਮਾਨਾਂ ਦੇ ਖ਼ਿਲਾਫ਼ ਭਾਵਨਾਵਾਂ ਨੂੰ ਭੜਕਾਉਂਦਾ ਹੈ। ਇਸ ਦੇ ਨਾਲ ਹੀ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੇ ਕਈ ਮੰਤਰੀਆਂ ਨੇ ਇਸ ਫਿਲਮ ਦੀ ਸ਼ਲਾਘਾ ਕੀਤੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਇਸ ਫਿਲਮ ਦੀ ਆਲੋਚਨਾ ਨੂੰ ਵੀ ਇੱਕ ਸਾਜ਼ਿਸ਼ ਆਖਿਆ ।

### ਕੀ ਹੈ ਕਸ਼ਮੀਰ ਮਾਮਲਾ

ਭਾਰਤ ਪਾਕਿਸਤਾਨ ਸਰਹੱਦ 'ਤੇ ਵਸਿਆ ਕਸ਼ਮੀਰ ਹਮੇਸ਼ਾਂ ਤੋਂ ਇੱਕ ਸੰਵੇਦਨਸ਼ੀਲ ਮੁੱਦਾ ਰਿਹਾ ਹੈ।ਇਸ ਦੀ ਬਹੁਤਾਤ ਆਬਾਦੀ ਮੁਸਲਮਾਨ ਹੈ ਅਤੇ 80 ਦੇ ਦਹਾਕੇ ਵਿੱਚ ਇੱਥੇ ਭਾਰਤ ਦੇ ਖ਼ਿਲਾਫ਼ ਹਥਿਆਰਬੰਦ ਤਰੀਕੇ ਨਾਲ ਬਗਾਵਤ ਹੋਈ ਸੀ।90 ਦੇ ਦਹਾਕੇ ਵਿੱਚ ਜਿਹਾਦੀਆਂ ਵੱਲੋਂ ਕਸ਼ਮੀਰੀ ਹਿੰਦੂ ਪੰਡਿਤਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ ਜੋ ਕਸ਼ਮੀਰ ਵਿੱਚ ਘੱਟ ਗਿਣਤੀ ਸਨ। ਇਨਾਂ ਵਿੱਚੋਂ ਕਈਆਂ ਨੂੰ ਮਾਰ ਦਿੱਤਾ ਗਿਆ ਅਤੇ ਇਕ ਅੰਦਾਜ਼ੇ ਮੁਤਾਬਕ ਹਜ਼ਾਰਾਂ ਕਸ਼ਮੀਰੀ ਪੰਡਿਤ ਆਪਣਾ ਘਰ ਛੱਡ ਕੇ ਚਲੇ ਗਏ। ਇਨਾਂ ਵਿੱਚੋਂ ਬਹੁਤੇ




ਕਦੇ ਵਾਪਸ ਨਹੀਂ ਆਏ।

ਭਾਰਤ ਸਰਕਾਰ ਵੱਲੋਂ ਕਸ਼ਮੀਰ ਵਿੱਚ ਫੌਜ ਲਗਾ ਦਿੱਤੀ ਗਈ ਅਤੇ ਫੌਜ ਨੂੰ ਕਈ ਤਾਕਤਾਂ ਦਿੱਤੀਆਂ ਗਈਆਂ ਜਿਨਾਂ ਵਿਚ ਪੁੱਛਗਿੱਛ ਲਈ ਹਿਰਾਸਤ ਵਿੱਚ ਲੈਣਾ ਸ਼ਾਮਿਲ ਹੈ। ਭਾਰਤੀ ਫ਼ੌਜ ਉੱਪਰ ਸਥਾਨਕ ਕਸ਼ਮੀਰੀਆਂ ਉੱਤੇ ਅੱਤਿਆਚਾਰ ਦੇ ਇਲਜ਼ਾਮ ਵੀ ਲੱਗਦੇ ਰਹੇ ਹਨ ਜਿਸ ਨੂੰ ਸਮੇਂ-ਸਮੇਂ 'ਤੇ ਨਕਾਰਿਆ ਗਿਆ ਹੈ।ਭਾਰਤ ਸਰਕਾਰ ਖ਼ਿਲਾਫ਼ ਕਸ਼ਮੀਰ ਵਿੱਚ ਕਈ ਵਾਰ ਵੱਡੇ ਰੋਸ ਪ੍ਰਦਰਸ਼ਨ ਦੇਖੇ ਗਏ ਹਨ ਅਤੇ ਕਈ ਵਾਰ ਇਸ ਵਿੱਚ ਨਾਗਰਿਕਾਂ ਦੀ ਮੌਤ ਵੀ ਹੋਈ ਹੈ।2019 ਵਿੱਚ ਮੋਦੀ ਸਰਕਾਰ ਵੱਲੋਂ ਧਾਰਾ 370 ਹਟਾਏ ਜਾਣ ਤੋਂ ਬਾਅਦ ਇਹ ਰਿਸ਼ਤਾ ਹੋਰ ਅਸਹਿਜ ਹੋ ਗਿਆ।ਭਾਰਤੀ ਜਨਤਾ ਪਾਰਟੀ ਵੱਲੋਂ ਇਸ ਵਿਵਾਦਿਤ ਖੇਤਰ ਨੂੰ ਚੋਣਾਂ ਲਈ ਵੀ ਕਈ ਵਾਰ ਵਰਤਿਆ ਗਿਆ ਹੈ-ਜਿਨਾਂ ਵਿਚ ਹਿੰਦੂ ਆਬਾਦੀ ਦੀ ਹਿਜਰਤ ਦਾ ਮੁੱਦਾ ਸ਼ਾਮਿਲ ਹੈ।

**ਕਵਰ ਸਟੋਰੀ**

ਭਾਜਪਾ ਵੱਲੋਂ ਇਲਜ਼ਾਮ ਲਗਾਏ ਗਏ ਹਨ ਕਿ ਕਾਂਗਰਸ ਪਾਰਟੀ ਜੋ ਉਸ ਵੇਲੇ ਦੀਆਂ ਘਟਨਾਵਾਂ ਤੋਂ ਪਹਿਲਾਂ ਅਤੇ ਬਾਅਦ ਵਿਚ ਸੱਤਾ ਵਿਚ ਸੀ, ਉਸ ਨੇ ਹਮੇਸ਼ਾਂ ਕਸ਼ਮੀਰੀ ਪੰਡਤਾਂ ਦੇ ਦੁੱਖਾਂ ਨੂੰ ਦਰਕਿਨਾਰ ਕੀਤਾ ਹੈ।ਹਾਲਾਂਕਿ ਕਸ਼ਮੀਰੀ ਪੰਡਤਾਂ ਮੁਤਾਬਕ ਕਿਸੇ ਰਾਜਨੀਤਕ ਪਾਰਟੀ ਨੇ ਉਨ੍ਹਾਂ ਦੇ ਮੁੜ ਵਸੇਬੇ ਲਈ ਕੋਈ ਬਹੁਤਾ ਕੰਮ ਨਹੀਂ ਕੀਤਾ।

ਕਸ਼ਮੀਰ ਦੇ ਮੁੱਦੇ ਨੇ ਕਈ ਫ਼ਿਲਮਾਂ ਅਤੇ ਕਿਤਾਬਾਂ ਨੂੰ ਪ੍ਰੇਰਿਤ ਕੀਤਾ ਹੈ।ਪੱਤਰਕਾਰ ਅਤੇ ਲੇਖਕ ਰਾਹੁਲ ਪੰਡਿਤਾਂ ਕਸ਼ਮੀਰ ਦੇ ਮੁੱਦੇ ਨੇ ਕਈ ਫ਼ਿਲਮਾਂ ਅਤੇ ਕਿਤਾਬਾਂ ਨੂੰ ਪ੍ਰੇਰਿਤ ਕੀਤਾ ਹੈ।'ਦਿ ਕਸ਼ਮੀਰ ਫਾਈਲਜ਼' ਬਾਰੇ ਤਿੱਖੇ ਪ੍ਰਤੀਕਰਮ ਉੱਪਰ ਰਾਹੁਲ ਆਖਦੇ ਹਨ ਕਿ ਕਸ਼ਮੀਰੀ ਪੰਡਤਾਂ ਨੂੰ ਹਮੇਸ਼ਾ ਅਜਿਹਾ ਲੱਗਿਆ ਹੈ ਕਿ ਉਨ੍ਹਾਂ ਦੀ ਕਹਾਣੀ ਨੂੰ ਦਬਾਇਆ ਗਿਆ ਹੈ।" ਰਾਹੁਲ ਪੰਡਿਤਾ ਦੀ ਕਿਤਾਬ 'ਆਰ ਮੂਨ ਹੈਜ਼ ਬਲੱਡ ਕਲਾਟਸ' ਉਨ੍ਹਾਂ ਦੇ ਇੱਕ ਕਿਸ਼ੋਰ ਵਜੋਂ ਕਸ਼ਮੀਰ ਛੱਡਣ ਦੀ ਕਹਾਣੀ ਉੱਪਰ ਆਧਾਰਿਤ ਹੈ। ਉਨ੍ਹਾਂ ਮੁਤਾਬਕ ਉਨ੍ਹਾਂ ਨੂੰ ਹੈਰਾਨੀ ਹੁੰਦੀ ਹੈ ਕਿ ਦੇਸ਼ ਦੇ ਬਹੁਤ ਘੱਟ ਲੋਕ ਕਸ਼ਮੀਰ ਦੇ ਇਤਿਹਾਸ ਦਾ ਇਹ ਪੰਨਾ ਜਾਣਦੇ ਅਤੇ ਸਮਝਦੇ ਹਨ।

### ਧਰੁਵੀਕਰਨ ਅਤੇ ਰਾਜਨੀਤੀ

ਇਸ ਫ਼ਿਲਮ ਨੇ ਕਸ਼ਮੀਰੀ ਪੰਡਤਾਂ ਦੇ ਮੁੱਦੇ ਨੂੰ ਜ਼ਰੂਰ ਚੁੱਕਿਆ ਹੈ ਪਰ ਕੁਝ ਸਮੀਖਿਅਕਾਂ ਨੇ ਕਲਾਕਾਰਾਂ ਦੀ ਅਦਾਕਾਰੀ ਦੀ ਸਰਾਹਨਾ ਕੀਤੀ ਹੈ ਜਦੋਂਕਿ ਕਈਆਂ ਮੁਤਾਬਕ ਇਸ ਵਿੱਚ ਮੁਸਲਮਾਨਾਂ ਖ਼ਿਲਾਫ਼ ਨਫ਼ਰਤ ਨੂੰ ਉਤਸ਼ਾਹਿਤ ਕੀਤਾ ਗਿਆ ਹੈ। ਇਸ ਨੂੰ ਦੇਖਣ ਵਾਲੇ ਲੋਕ ਵੀ ਵੰਡੇ ਹੋਏ ਹਨ। ਕਈ ਲੋਕ ਇਸ ਨਾਲ ਪ੍ਰਭਾਵਿਤ ਹੋਏ ਹਨ ਅਤੇ ਉਨ੍ਹਾਂ ਨੂੰ ਲੱਗਦਾ ਹੈ ਕਿ ਇਹ ਪੁਰਾਣੇ ਜ਼ਖ਼ਮਾਂ ਮੱਲਮ ਦਾ ਕੰਮ ਕਰੇਗਾ ਜਦੋਂਕਿ ਕਈਆਂ ਨੂੰ ਲੱਗਦਾ ਹੈ ਕਿ ਕਸ਼ਮੀਰ ਦੇ ਮੁਸਲਮਾਨਾਂ ਨੂੰ ਜਿਸ ਤਰੀਕੇ ਨਾਲ ਦਿਖਾਇਆ ਗਿਆ ਹੈ ਅਤੇ ਜੋ ਸੁਨੇਹਾ ਫਿਲਮ ਦੇ ਰਹੀ ਹੈ ਉਹ ਠੀਕ ਨਹੀਂ ਹੈ।ਪਰ ਇਸ ਫ਼ਿਲਮ ਦਾ ਸਭ ਤੋਂ ਵੱਧ ਸਮਰਥਨ ਭਾਰਤੀ ਜਨਤਾ ਪਾਰਟੀ ਦੇ ਮੰਤਰੀਆਂ ਵੱਲੋਂ ਕੀਤਾ ਗਿਆ ਹੈ।ਮਹਿਲਾ ਅਤੇ ਬਾਲ ਵਿਕਾਸ ਮੰਤਰੀ ਸਮ੍ਰਿਤੀ ਇਰਾਨੀ ਨੇ ਟਵੀਟ ਰਾਹੀਂ ਲੋਕਾਂ ਨੂੰ ਫ਼ਿਲਮ ਦੇਖਣ ਦੀ ਅਪੀਲ ਕੀਤੀ ਹੈ।ਇਸ ਦੇ ਨਿਰਮਾਤਾ ਅਤੇ ਇਸ ਨਾਲ ਜੁੜੇ ਹੋਰ ਲੋਕ ਇਸ ਹਫ਼ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲੇ ਸਨ।

ਇਸ ਤੋਂ ਇਲਾਵਾ ਬਾਲੀਵੁੱਡ ਦੇ ਹੋਰ ਵੀ ਕਈ ਕਲਾਕਾਰਾਂ ਨੇ ਇਸ ਫ਼ਿਲਮ ਦੇ ਸਮਰਥਨ ਵਿੱਚ ਸੋਸ਼ਲ ਮੀਡੀਆ ਉੱਪਰ ਪੋਸਟ ਕੀਤਾ ਹੈ। ਇਨ੍ਹਾਂ ਵਿੱਚ ਅਕਸ਼ੈ ਕੁਮਾਰ ਅਤੇ ਕੰਗਨਾ ਰਣੌਤ ਸ਼ਾਮਿਲ ਹਨ।ਇਸ ਫ਼ਿਲਮ ਦੇ ਮੁੱਖ ਕਲਾਕਾਰ ਅਨੁਪਮ ਖੇਰ ਨੂੰ ਜਦੋਂ ਪੁੱਛਿਆ ਗਿਆ ਕਿ ਕੀ ਇਹ ਫ਼ਿਲਮ ਕੇਵਲ ਭਾਰਤੀ ਜਨਤਾ ਪਾਰਟੀ ਸਰਕਾਰ ਦੇ ਸਮੇਂ ਵੀ ਬਣਾਈ ਜਾ ਸਕਦੀ ਸੀ ਤਾਂ ਉਨ੍ਹਾਂ ਆਖਿਆ,"ਇਹ ਸਹੀ ਹੈ... ਹਰ ਫ਼ਿਲਮ ਦਾ ਇੱਕ ਸਮਾਂ ਹੁੰਦਾ ਹੈ।"

ਇਸ ਫ਼ਿਲਮ ਦੇ ਨਿਰਮਾਤਾ ਵਿਵੇਕ ਅਗਨੀਹੋਤਰੀ ਨੂੰ ਭਾਰਤੀ ਜਨਤਾ ਪਾਰਟੀ ਦੇ ਸਮਰਥਕ ਵਜੋਂ ਦੇਖਿਆ ਜਾਂਦਾ ਰਿਹਾ ਹੈ।ਵਿਵੇਕ ਅਗਨੀਹੋਤਰੀ ਨੇ ਆਪਣੀ ਫ਼ਿਲਮ 'ਦਿ ਕਸ਼ਮੀਰ ਫਾਈਲਜ਼' ਦਾ ਸਮਰਥਨ ਕੀਤਾ ਹੈ। ਉਹ ਆਖਦੇ ਹਨ," ਇਹ ਹਿੰਦੂ ਜਾਂ ਮੁਸਲਮਾਨ ਬਾਰੇ ਨਹੀਂ ਹੈ।"ਪਰ ਆਲਟ ਨਿਊਜ਼ ਦੇ ਸਹਿ-ਸੰਸਥਾਪਕ ਮੁਹੰਮਦ ਜ਼ੁਬੇਰ ਨੇ ਅਜਿਹੇ ਕਈ ਵੀਡੀਓ ਸ਼ੇਅਰ ਕੀਤੇ ਹਨ ਜਿਸ ਵਿੱਚ ਫਿਲਮ ਦੀ ਸਕਰੀਨਿੰਗ ਦੌਰਾਨ ਭਗਵੇਂਵਾਦੀ ਮੁਸਲਮਾਨ ਵਿਰੋਧੀ ਨਾਅਰੇ ਲਾਉਂਦੇ ਨਜ਼ਰ ਆਏ ਹਨ।

ਫਿਲਮ ਦਿ ਕਸ਼ਮੀਰ ਫਾਈਲਜ਼ ਦੇ ਨਿਰਦੇਸ਼ਕ ਵਿਵੇਕ ਅਗਨੀਹੋਤਰੀ ਨੂੰ ਸਰਕਾਰ ਨੇ Y ਸ਼੍ਰੇਣੀ ਦੀ ਸੁਰੱਖਿਆ ਪ੍ਰਦਾਨ ਕੀਤੀ ਹੈ। ਵਿਵੇਕ ਨੇ ਸਰਕਾਰ 'ਵਿਚ ਉੱਚ ਪੱਧਰ 'ਤੇ ਬੈਠੇ ਲੋਕਾਂ ਨੂੰ ਉਨ੍ਹਾਂ ਨੂੰ ਮਿਲ ਰਹੀਆਂ ਧਮਕੀਆਂ ਤੋਂ ਜਾਣੂ ਕਰਵਾਇਆ ਸੀ। ਜਿਸ ਤੋਂ ਬਾਅਦ ਮਾਮਲੇ ਦੀ ਗੰਭੀਰਤਾ ਨੂੰ ਸਮਝਦੇ ਹੋਏ ਸਰਕਾਰ ਨੇ ਉਨ੍ਹਾਂ ਨੂੰ ਸੁਰੱਖਿਆ ਦੇਣ ਦਾ ਫੈਸਲਾ ਕੀਤਾ ਹੈ।

# ਮਾਮਲਾ ਪੰਜਾਬ ਤੋਂ ਬਾਹਰੋਂ ਰਹਿਣ ਵਾਲਿਆਂ ਨੂੰ ਪੰਜਾਬ ਵਲੋਂ ਰਾਜ ਸਭਾ ਦੀ ਮੈਂਬਰੀ ਲਈ ਆਪ ਵਲੋਂ ਨਾਮਜ਼ਦਗੀਆਂ ਦਾ

## ਪੰਜਾਬ ਦੇ ਹਿੱਤਾਂ ਦੀ ਪਹਿਰੇਦਾਰੀ ਕਰਨ ਵਾਲੇ ਪੰਜਾਬੀਆਂ ਨੂੰ ਆਮ ਆਦਮੀ ਪਾਰਟੀ ਵਲੋਂ ਰਾਜ ਸਭਾ ਅਤੇ ਪਾਰਲੀਮੈਂਟ ਵਿੱਚ ਭੇਜਣਾ ਚਾਹੀਦੈ : ਜਥੇਦਾਰ ਪੰਜੋਲੀ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ:**-ਪੰਜਾਬ ਦੇ ਲੋਕਾਂ ਨੇ ਵੋਟਾਂ ਪਾ ਕੇ ਆਮ ਆਦਮੀ ਪਾਰਟੀ ਦੀ ਅਗਵਾਈ ਵਿੱਚ ਪੰਜਾਬ ਦੀ ਸਰਕਾਰ ਚੁਣੀ ਹੈ ਜਿਸ ਦੀ ਵੱਡੀ ਜਿੰਮੇਵਾਰੀ ਹੈ ਕਿ ਉਹ ਪੰਜਾਬ ਦੇ ਹਿੱਤਾਂ ਦੀ ਪਹਿਰੇਦਾਰੀ ਕਰਨ ਦਾ ਯਤਨ ਕਰਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਜਥੇਦਾਰ ਕਰਨੈਲ ਸਿੰਘ ਪੰਜੋਲੀ ਨੇ ਇਕ ਪ੍ਰੈਸ ਬਿਆਨ ਰਾਹੀ ਕਿਹਾ ਕਿ ਲੰਮੇ ਸਮੇਂ ਤੋਂ ਕੇਂਦਰ ਦੀ ਕਾਂਗਰਸ ਸਰਕਾਰ ਅਤੇ ਮੌਜੂਦਾ ਭਾਜਪਾ ਸਰਕਾਰ ਪੰਜਾਬ ਦੇ ਹਿੱਤਾਂ ਨਾਲ ਵਿਸ਼ਵਾਸ਼ਘਾਤ ਕਰਦੀ ਆ ਰਹੀ ਹੈ।ਪੰਜਾਬੀਆਂ ਨੇ ਪਿਛਲੇ ਸਮੇਂ ਵਿੱਚ ਸ਼੍ਰੋਮਣੀ ਅਕਾਲੀ ਦੀ ਅਗਵਾਈ ਵਿੱਚ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਦਿਆਂ ਲਹੂ ਬੀਟਵੀਆਂ ਜੰਗਾਂ ਮੋਰਚਿਆਂ ਦੇ ਰੂਪ ਵਿੱਚ ਲੜੀਆਂ ਹਨ। ਅੱਜ ਜਦੋਂ ਪੰਜਾਬ ਦੀ ਨੁਮਾਇੰਦਗੀ ਕਰਨ ਲਈ ਰਾਜ ਸਭਾ ਦੀਆਂ ਖਾਲੀ ਪਈਆਂ ਸੀਟਾਂ ਉਤੇ ਪੰਜਾਬ ਦੇ ਨੁਮਾਇੰਦੇ ਭੇਜਣੇ ਹਨ ਤਾਂ ਆਮ ਆਦਮੀ ਪਾਰਟੀ ਨੂੰ ਪੰਜਾਬ ਦੇ ਪਾਣੀਆਂ, ਪੰਜਾਬੀ ਬੋਲਦੇ ਇਲਾਕੇ, ਕਿਸਾਨੀ ਹਿੱਤਾਂ ਸਮੇਤ ਪੰਜਾਬ ਦੇ ਸਾਰੇ ਮਸਲਿਆਂ ਦੀ ਪਹਿਰੇਦਾਰੀ ਕਰਨ ਵਾਲੇ ਸੁਹਿਰਦ ਨੁਮਾਇੰਦੇ ਭੇਜਣੇ ਚਾਹੀਦੇ ਹਨ। ਸ੍. ਹਰਭਜਨ ਸਿੰਘ ਮਾਨ ਨਿਰਸੰਦੇਹ ਇਕ ਅੱਛਾ ਖਿਡਾਰੀ ਹੈ ਜਿਸ ਨੇ ਦੁਨੀਆਂ ਭਰ ਵਿੱਚ ਪੰਜਾਬ ਦਾ ਅਤੇ ਭਾਰਤ ਦਾ ਨਾਮ ਉੱਚਾ ਕੀਤਾ ਹੈ ਪਰ ਉਸ ਨੂੰ ਕੇਂਦਰ ਵਲੋਂ ਪੰਜਾਬ ਨਾਲ ਕੀਤੇ ਗਏ ਧੱਕਿਆਂ ਦੀ ਦਾਸਤਾਨ ਦੀ ਕਹਾਣੀ ਬਾਰੇ ਕੋਈ ਜਾਣਕਾਰੀ ਨਹੀਂ ਅਤੇ ਨਾ ਹੀ ਉਸਨੇ ਪੰਜਾਬ ਦੇ ਹਿੱਤਾਂ ਲਈ ਕੋਈ ਜੱਦੋ-ਜਹਿਦ ਕੀਤੀ ਹੈ।ਕਿਸੇ ਧਨਾਢ ਵਪਾਰੀ ਤੋਂ ਪੈਸੇ ਲੈ ਕੇ ਰਾਜ ਸਭਾ ਵਿੱਚ ਭੇਜਣਾ ਵੀ ਪੰਜਾਬ ਨਾਲ ਵਿਸ਼ਵਾਸਘਾਤ ਹੀ ਹੋਵੇਗਾ।

ਜਥੇਦਾਰ ਪੰਜੋਲੀ ਨੇ ਕਿਹਾ ਕਿ ਪੰਜਾਬ ਦੇ ਐਮ. ਐਲ.ਏਜ਼ ਰਾਹੀ ਪੰਜਾਬ ਤੋਂ ਬਾਹਰਲੇ ਸੂਬਿਆਂ ਦੇ ਵਿਅਕਤੀਆਂ ਨੂੰ ਰਾਜ ਸਭਾ ਵਿੱਚ ਭੇਜਣਾ ਪੰਜਾਬ



ਨਾਲ ਨੰਗੀ ਚਿੱਟੀ ਗਦਾਰੀ ਹੀ ਹੋਵੇਗੀ। ਪੰਜਾਬੀਆਂ ਦਾ ਇਹ ਖਦਸ਼ਾ ਸੱਚ ਸਾਬਤ ਹੋਵੇਗਾ ਕਿ ਆਮ ਆਦਮੀ ਪਾਰਟੀ ਪੰਜਾਬ ਹਿਤੈਸ਼ੀ ਪਾਰਟੀ ਨਹੀਂ ਹੈ। ਸ੍. ਪੰਜੋਲੀ ਨੇ ਕਿਹਾ ਕਿ ਅੱਜ ਜਦੋਂ ਭਾਜਪਾ ਦੀ ਕੇਂਦਰ ਸਰਕਾਰ ਸੂਬਿਆਂ ਦੇ ਅਧਿਕਾਰ ਖੋਹ ਕੇ ਉਨ੍ਹਾਂ ਦੀ ਹੋਂਦ ਹਸਤੀ ਮਿਟਾਉਣਾ ਚਾਹੁੰਦੀ ਹੈ ਅਤੇ ਕੇਂਦਰ ਦੀ ਸ਼ਕਤੀ ਦਾ ਵਿਕੇਂਦਰੀ ਕਰਨ ਦੀ ਬਜਾਏ ਕੇਂਦਰੀਕਰਨ ਕਰਨਾ ਚਾਹੁੰਦੀ ਹੈ ਤਾਂ ਇਸ ਗੱਲ ਦੀ ਹੋਰ ਵੀ ਵੱਧ ਜਰੂਰਤ ਪੈ ਜਾਂਦੀ ਹੈ ਕਿ ਪੰਜਾਬ ਦੇ ਹਿੱਤਾਂ ਦੀ ਸਮਝ ਰੱਖਣ ਵਾਲਾ ਅਤੇ ਪੰਜਾਬ ਦੇ ਹਿੱਤਾਂ ਲਈ ਸਿਦਕ ਉਤੇ ਪਹਿਰਾ ਦੇਣ ਵਾਲੇ ਨੁਮਾਇੰਦੇ ਭੇਜਣੇ ਚਾਹੀਦੇ ਹਨ।

ਜਥੇਦਾਰ ਪੰਜੋਲੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਚਾਹੀਦਾ ਹੈ ਕਿ ਉਹ ਆਪਣੀ ਪਾਰਟੀ ਵਿਚੋਂ ਹੀ ਮਿਹਨਤੀ, ਇਮਾਨਦਾਰ, ਅਤੇ ਜੁਝਾਰੂ ਸੋਚ ਵਾਲੇ ਗਰੀਬ ਵਰਕਰਾਂ ਨੂੰ ਰਾਜ ਸਭਾ ਵਿੱਚ ਬਤੌਰ ਪੰਜਾਬ ਦੇ ਨੁਮਾਇੰਦੇ ਭੇਜ ਕੇ ਆਪਣੀ ਪਾਰਟੀ ਦਾ ਅਤੇ ਪੰਜਾਬ ਦਾ ਨਾਮ ਉਚਾ ਕਰਨ ਦਾ ਯਤਨ ਕਰਨ।

# ਨਨਕਾਣਾ ਸਾਹਿਬ ’ਚ ਨਵੇਂ ਵਰੇ ਮੂਲ ਨਾਨਕਸ਼ਾਹੀ ਸੰਮਤ 554 ਸਬੰਧੀ ਕੈਲੰਡਰ ਜਾਰੀ







ਅਹਿਮਦ, ਪਾਕਿਸਤਾਨ ਸਿੱਖ ਗੁ: ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਮੀਰ ਸਿੰਘ, ਰਾਣਾ ਸ਼ਾਹਿਦ ਸਲੀਮ ਐਡੀਸ਼ਨਲ ਸੈਕਟਰੀ ਅਤੇ ਇਮਰਾਨ ਗੋਂਦਲ ਡਿਪਟੀ ਸੈਕਟਰੀ ਦਾ ਪਾਕਿਸਤਾਨ ਸਥਿਤ ਗੁਰਦੁਆਰਾ ਸਾਹਿਬਾਨ ਦੀ ਪੁਰਾਤਨ ਦਿੱਖ ਨੂੰ ਛੇੜੇ ਬਿਨਾਂ ਬਹੁਤ ਖ਼ੂਬਸੂਰਤ ਬਨਾਉਣ ਅਤੇ ਵਿਦੇਸ਼ਾਂ ਤੋਂ ਆਉਣ ਵਾਲੀਆਂ ਸੰਗਤਾਂ ਲਈ ਪਾਕਿਸਤਾਨ ਦੀ ਧਰਤੀ ਵੱਲੋਂ ਹਮੇਸ਼ਾ 24 ਘੰਟੇ ਦਰਵਾਜੇ ਖੁੱਲੇ ਰੱਖਣ ਲਈ ਬਹੁਤ ਧੰਨਵਾਦ ਕੀਤਾ।

ਗਿਆਨੀ ਜਨਮ ਸਿੰਘ ਨੇ ਨਵੇਂ ਸਿੱਖ ਮੂਲ ਨਾਨਕਸ਼ਾਹੀ ਵਰੇ ਦੀ ਵਧਾਈ ਦਿੱਤੀ ਅਤੇ ਸੰਗਤਾਂ ਨਨਕਾਣਾ ਸਾਹਿਬ- ਨਨਕਾਣਾ ਸਾਹਿਬ ਵਿੱਚ ਮੂਲ ਨਾਨਕਸ਼ਾਹੀ ਕੈਲੰਡਰਸੰਮਤ 554ਵਾਂ ਸਾਲ 2022-23 ਦਾ ਕੈਲੰਡਰ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਾਰੀ ਕਰ ਦਿੱਤਾ ਗਿਆ। ਗੁਰਦੁਆਰਾ ਜਨਮ ਅਸਥਾਨ ਦੇ ਗ੍ਰੰਥੀ ਭਾਈ ਪ੍ਰੇਮ ਸਿੰਘ, ਗਿਆਨੀ ਜਨਮ ਸਿੰਘ, ਸ. ਤਰਨ ਸਿੰਘ ਸਾਬਕਾ ਮੈਂਬਰ (ਪੀ.ਐਸ.ਜੀ.ਪੀ.ਸੀ) ਅਤੇ ਸ੍ਰੀ ਨਨਕਾਣਾ ਸਾਹਿਬ ਦੀਆਂ ਸੰਗਤਾਂ ਵੱਲੋਂ ਜੈਕਾਰਿਆਂ ਦੀ ਗੂੰਜ ’ਚ ਨਾਨਕਸ਼ਾਹੀ ਕੈਲੰਡਰ ਜਾਰੀ ਕੀਤਾ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਸੰਮਤ 554 ਦੀ ਆਮਦ ਦੀ ਖ਼ੁਸ਼ੀ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਜਨਮ ਅਸਥਾਨ ਗੁਰਦੁਆਰਾ ਜਨਮ ਅਸਥਾਨ, ਨਨਕਾਣਾ ਸਾਹਿਬ ਵਿਖੇ ਗੁਰਮਤਿ ਸਮਾਗਮ ਕਰਵਾਏ ਗਏ।

ਦੇਸ਼-ਵਿਦੇਸ਼ਾਂ ਤੋਂ ਸੰਗਤਾਂ ਨੇ ਹਾਜ਼ਰੀਆਂ ਭਰੀਆਂ। ਪ੍ਰਸਿੱਧ ਕਥਾਵਾਚਕ ਗਿਆਨੀ ਤਰਬੇਦੀ ਸਿੰਘ ਯੂ.ਕੇ. ਵਾਲਿਆਂ ਨਾਲ ਪਾਕਿਸਤਾਨ ਦੇ ਗੁਰਦੁਆਰਿਆਂ ਦੀ ਯਾਤਰਾ ਲਈ ਆਈਆਂ ਹੋਈਆਂ ਸੰਗਤਾਂ ਨੇ ਵੀ ਕਥਾ-ਕੀਰਤਨ ਰਾਹੀਂ ਹਾਜ਼ਰੀ ਭਰੀ। ਭਾਈ ਤਰਬੇਦੀ ਸਿੰਘ ਜੀ ਨੇ ਸੰਗਤਾਂ ਨੂੰ ਗੁਰਬਾਣੀ ਅਤੇ ਇਤਿਹਾਸ ਨਾਲ ਜੋੜਿਆ। ਨਨਕਾਣਾ ਸਾਹਿਬ ਦੀਆਂ ਸਿੱਖ ਬੀਬੀਆਂ ਅਤੇ ਯੂ.ਕੇ. ਤੋਂ ਆਈਆਂ ਬੀਬੀਆਂ ਦੇ ਜੱਥਿਆਂ ਨੇ ਵੀ ਕੀਰਤਨ ਦੀ ਹਾਜ਼ਰੀ ਭਰੀ। ਯੂ.ਕੇ. ਤੋਂ ਆਈਆਂ ਸੰਗਤਾਂ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ, ਪਾਕਿਸਤਾਨ ਓਕਾਫ਼ ਬੋਰਡ ਦੇ ਚੇਅਰਮੈਨ ਡਾ. ਆਮਿਰ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਦੱਸਿਆ ਕਿ ਸਾਨੂੰ ਭਾਈ ਗੁਰਦਾਸ ਜੀ ਦੇ ਬਚਨ ਯਾਦ ਹੋਣੇ ਚਾਹੀਦੇ ਹਨ।

ਮਾਰਿਆ ਸਿੱਕਾ ਜਗਤ ਵਿੱਚ ਨਾਨਕ ਨਿਰਮਲ ਪੰਥ ਚਲਾਇਆ। (ਭਾ.ਗੁ) ਇਸ ਨਿਰਮਲ ਪੰਥ ਨੂੰ ਬਿੱਪਰਵਾਦ ਵੱਲੋਂ ਢਾਹ ਲਾਉਣ ਲਈ ਉਹ ਮਹਾਨ ਕੂਟਨੀਤਕ ਆਚਾਰੀਆ ਚਾਣੱਕਯ ਦੇ 4 ਅਸਤਰ- ਸਾਮ, ਦਾਮ, ਦੰਡ ਤੇ ‘ਭੇਦ’ ਵਰਤ ਕੇ ਗੁਰਮਤਿ ਅਤੇ ਪੰਥ ਦਾ ਵੱਡਾ ਨੁਕਸਾਨ ਕਰ ਰਹੇ ਹਨ। ਜਦੋਂ ਪੰਥ ਦੇ ਕੁਝ ਸੁਚੇਤ ਸਿੱਖਾਂ ਨੇ ਸਖਤ ਮਿਹਨਤ ਅਤੇ ਲਗਨ ਨਾਲ ਨਾਨਕਸ਼ਾਹੀ ਕੈਲੰਡਰ ਤਿਆਰ ਕੀਤਾ, ਫੇਰ ਨਾਨਕਸ਼ਾਹੀ ਕੈਲੰਡਰ (ਮੂਲ) ਜਿਸ ਨੂੰ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ ਦੀ ਸਰਪ੍ਰਸਤੀ ਹੇਠ, ਪੰਥਕ ਵਿਦਵਾਨਾਂ ਦੀ ਸਹਿਮਤੀ ਅਤੇ ਕੌਮ ਦੀ ਪ੍ਰਵਾਨਗੀ ਲੈ ਕੇ 2003 ਵਿੱਚ ਜਾਰੀ ਕੀਤਾ ਗਿਆ। ਉਨਾਂ ਕਿਹਾ ਕਿ ਸਾਧ ਸੰਗਤ ਜੀ ਉਸ ਸਮੇਂ ਕਿਸੀ ਵੀ ਪੰਥਕ ਮੀਟਿੰਗ ’ਚ ਪਾਕਿਸਤਾਨ ਸਿੱਖ ਗੁ: ਪ੍ਰਬੰਧਕ ਕਮੇਟੀ ਨੂੰ ਸੱਦਾ ਪੱਤਰ ਨਹੀਂ ਭੇਜਿਆ ਗਿਆ ਅਤੇ ਨਾ ਹੀ ਕੋਈ ਸਲਾਹ-ਮਸ਼ਵਰਾ ਦੇਣ ਲਈ ਕਿਹਾ ਗਿਆ। ਇੰਨਾਂ ਵਿਤਕਰੇ ਭਰੇ ਵਤੀਰੇ ਦੇ ਬਾਵਜੂਦ ਪਾਕਿਸਤਾਨ ਸਿੱਖ ਗੁ: ਪ੍ਰਬੰਧਕ ਕਮੇਟੀ ਨੇ ਇਸ ਤੇ ਪਹਿਰਾ ਦਿੱਤਾ ਅਤੇ ਇਸ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਪੰਥਕ ਹਿੱਤਾਂ ਨੂੰ ਸਾਹਮਣੇ ਰੱਖ ਕੇ ਖਿੜੇ ਮੱਥੇ ਪ੍ਰਵਾਨ ਕੀਤਾ ਤੇ ਅੱਗੇ ਤੋਂ ਵੀ ਪਾਕਿਸਤਾਨ ਦੀ ਸਿੱਖ ਸੰਗਤ ਸਿੱਖ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਮਾਨਤਾ ਦੇਣਗੇ ਅਤੇ ਇਸ ਦੇ ਮੁਤਾਬਕ ਹੀ ਦਿਨ ਤਿਉਹਾਰ ਮਨਾਉਣਗੇ ਕਿਉਂਕਿ ਇਹ ਕੈਲੰਡਰ ਸਿੱਖ ਕੌਮ ਦੀ ਵਿਲੱਖਣਤਾ ਦਾ ਪ੍ਰਤੀਕ ਹੈ ਕਿਉਂਕਿ ਹਰੇਕ ਜਿਉਂਦੀ-ਜਾਗਦੀ ਕੌਮ ਦਾ ਆਪਣਾ ਧਰਮ, ਗ੍ਰੰਥ, ਰਾਜ, ਵਿਧਾਨ, ਨਿਸ਼ਾਨ ਅਤੇ ਕੈਲੰਡਰ ਹੁੰਦਾ ਹੈ।

ਸਿੱਖ ਕੌਮ ਵੀ ਇਹ ਸਾਰੀਆਂ ਸ਼ਰਤਾਂ ਪੂਰੀਆਂ ਕਰਦੀ ਹੈ। ਸਿੱਖ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਲੀਡਰਸ਼ਿਪ ਵਿੱਚ 8 ਸਾਲ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਕਮਾਂਡ ਹੇਠ 50 ਸਾਲ ਰਾਜ ਕਰ ਚੁੱਕੇ ਹਨ। ਇਹ ਗੱਲ ਮੈਂ ਨਹੀਂ ਕਹਿ ਰਿਹਾ ਬਲਕਿ ਪ੍ਰਸਿੱਧ ਕਵੀ ਤੇ ਇਤਿਹਾਸਕਾਰ ਸ਼ਾਹ ਮੁਹੰਮਦ ਵੀ ਲਿਖ ਗਿਆ ਹੈ :-

ਸ਼ਾਹ ਮੁਹੰਮਦਾ ਪੂਰੇ ਪਚਾਸ ਬਰਸਾਂ, ਅੱਛਾ ਰੱਜ ਕੇ ਰਾਜ ਕਮਾਇ ਗਇਆ।

ਉਨਾਂ ਕਿਹਾ ਅੱਜ ਦੇ ਸਰਕਾਰੀ ਪਿੱਠੂ ਸੰਪ੍ਰਦਾਈ ਲੋਕ, ਅਖੌਤੀ ਰਾਜਸੀ ਅਤੇ ਡੇਰੇਦਾਰ ਸਾਧ ਇਸ ਮੂਲ ਨਾਨਕਸ਼ਾਹੀ ਕੈਲੰਡਰ ਦੀ ਵਿਰੋਧਤਾ ਕਰ ਰਹੇ ਹਨ। ਇਨਾਂ ਦੇ ਪਿੱਛੇ ਸੰਘ ਪ੍ਰਵਾਰ, ਆਰ.ਐਸ.ਐਸ. (ਰਾਸ਼ਟਰੀ ਸਿੱਖ ਸੰਗਤ) ਅਤੇ ਸਿੱਖ ਪੰਥ ਵਿੱਚ ਘੁਸਪੈਠ ਕਰ ਚੁੱਕੇ ਰਾਜਸੀ ਲੀਡਰ, ਅਖੌਤੀ ਪ੍ਰਚਾਰਕ, ਲਿਖਾਰੀ ਅਤੇ ਉੱਚੇ-ਉੱਚੇ ਅਹੁਦਿਆਂ ’ਤੇ ਬੈਠੇ ਉਹ ਲੋਕ ਹਨ ਜੋ ਅੰਦਰ ਖਾਤੇ ਸਿੱਖੀ ਦਾ ਘਾਣ ਆਪਣੀਆਂ ਕਲਮਾਂ ਅਤੇ ਪ੍ਰਚਾਰ ਰਾਹੀਂ ਕਰ ਰਹੇ ਹਨ। ਕਿਸੇ ਤਖ਼ਤ ਦਾ ਜਥੇਦਾਰ ਸਿੰਘ ਸਾਹਿਬ ਸਾਨੂੰ ਲਵ-ਕੁਛ ਦੀ ਔਲਾਦ ਦੱਸਦਾ ਹੈ ਤੇ ਕਈ ਅੱਡੀ-ਚੋਟੀ ਦਾ ਜੋਰ ਲਾ ਰਹੇ ਨੇ ਸਾਡੇ ਬੱਚਿਆਂ ਦੀਆਂ ਸਕੂਲੀ ਇਤਿਹਾਸ ਦੀਆਂ ਕਿਤਾਬਾਂ ਵਿੱਚ ਮਿਲਾਵਟਾਂ ਕਰਨ ਲਈ। ਸਿੱਖ ਕੌਮ ਨੇ ਆਪਣੇ ਰਾਜ ਵੇਲੇ ਨਾਨਕਸ਼ਾਹੀ ਸਿੱਕੇ ਚਲਾਏ ? ਕੀ ਹੁਣ ਸਾਨੂੰ ਤਕੜੇ ਹੋ ਕੇ ਇਸ ’ਤੇ ਪਹਿਰਾ ਨਹੀਂ ਦੇਣਾ ਚਾਹੀਦਾ ? ਉਹ ਤਾਂ ਸਾਨੂੰ ਕੇਸਧਾਰੀ ਹਿੰਦੂ ਕਹਿ ਕੇ ਹੀ ਪ੍ਰਚਾਰਣਾ ਚਾਹੁੰਦੇ ਹਨ ਪਰ ਅਸੀਂ ਦੁਨੀਆਂ ਨੂੰ ਦੱਸਣਾ ਹੈ ਕਿ ਗੁਰੂ ਗ੍ਰੰਥ ਸਾਹਿਬ, ਮੂਲ ਨਾਨਕਸ਼ਾਹੀ ਕੈਲੰਡਰ ਅਤੇ ਸਿੱਖ ਰਹਿਤ ਮਰਯਾਦਾ ਮੁਕੰਮਲ ਤੌਰ ’ਤੇ ਸਿੱਖਾਂ ਦੀ ਵਿਲੱਖਣ ਹੋਂਦ ਦੇ ਪ੍ਰਤੀਕ ਹਨ।

ਸਟੇਜ ਸੈਕਟਰੀ ਅਤੇ ਅਰਦਾਸ ਦੀ ਸੇਵਾ ਗ੍ਰੰਥੀ ਪ੍ਰੇਮ ਸਿੰਘ ਜੀ ਨੇ ਨਿਭਾਈ। ਖਾਲਸਾ ਜੀ ਕੇ ਬੋਲ-ਬਾਲੇ, ਖਾਲਸਾ ਪੰਥ ਦੀ ਚੜਦੀ ਕਲਾ ਅਤੇ ਹਰ ਮੈਦਾਨ ਫ਼ਤਹਿਯਾਬੀ ਲਈ ਅਰਦਾਸ ਤੋਂ ਉਪਰੰਤ ਆਪ ਜੀ ਵੱਲੋਂ ਸੰਗਤਾਂ ਨੂੰ ਅਪੀਲ ਕੀਤੀ ਕਿ ਹਰ ਸਿੱਖ ਆਪਣੇ ਘਰ ਵਿੱਚ ਮੂਲ ਨਾਨਕਸ਼ਾਹੀ ਕੈਲੰਡਰ ਜ਼ਰੂਰ ਲਗਾਏ ਤਾਂ ਜੋ ਸਾਡੇ ਬੱਚੇ ਇਤਿਹਾਸਕ ਦਿਹਾੜਿਆਂ ਤੋਂ ਜਾਣੂ ਹੋ ਸਕਣ। ਉਨਾਂ ਨੇ ਪਾਕਿਸਤਾਨ ਸਿੱਖ ਗੁ: ਪ੍ਰਬੰਧਕ ਕਮੇਟੀ, ਪੰਜਾਬੀ ਸਿੱਖ ਸੰਗਤ ਦੇ ਚੇਅਰਮੈਨ ਗੋਪਾਲ ਸਿੰਘ ਚਾਵਲਾ, ਨਨਕਾਣਾ ਸਾਹਿਬ ਦੀਆਂ ਸਮੂਹ ਸੰਗਤਾਂ ਅਤੇ ਸਮੂਹ ਗੁਰਦੁਆਰਾ ਸਾਹਿਬਾਨ ਦੇ ਗ੍ਰੰਥੀ/ ਕੀਰਤਨੀ ਸਿੰਘਾਂ ਵੱਲੋਂ ਸਿੱਖ ਮੂਲ ਨਾਨਕਸ਼ਾਹੀ ਵਰੇ 554 ਦੀਆਂ ਬਹੁਤ-ਬਹੁਤ ਵਧਾਈਆਂ ਦਿੱਤੀ।

ਇਸ ਮੌਕੇ ਗੁਰਦੁਆਰਾ ਸ੍ਰੀ ਜਨਮ ਅਸਥਾਨ ਦੇ ਕੇਅਰਟੇਕਰ ਅਤੀਕ ਗਿਲਾਨੀ, ਸ੍ਰ. ਤਰਨ ਸਿੰਘ ਸਾਬਕਾ ਮੈਂਬਰ (ਪੀ.ਐਸ.ਜੀ.ਪੀ.ਸੀ), ਗ੍ਰੰਥੀ ਭਾਈ ਹੀਰਾ ਸਿੰਘ ਗੁਰਦੁਆਰਾ ਤੰਬੂ ਸਾਹਿਬ, ਸ੍ਰ. ਮਸਤਾਨ ਸਿੰਘ, ਬਾਬਾ ਰਵੇਲ ਸਿੰਘ (ਨਿਸ਼ਕਾਮ ਸੇਵਾਦਾਰ) ਗੁਰਦੁਆਰਾ ਮਾਲ ਜੀ ਸਾਹਿਬ, ਮੈਨੇਜਰ ਕਪਿਲਰਾਜ ਸਿੰਘ (ਪੰਜਾਬੀ ਸਿੱਖ ਸੰਗਤ), ਸ੍ਰ. ਸਰੂਪ ਸਿੰਘ ਮੁੱਖ ਸੇਵਾਦਾਰ ਜਲਘਰ, ਭਾਈ ਗਿਆਨ ਸਿੰਘ ਅਤੇ ਬੇਅੰਤ ਸੰਗਤਾਂ ਨੇ ਹਾਜ਼ਰੀਆਂ ਭਰੀਆਂ। ਨਿਰਵੈਰ ਖਾਲਸਾ ਗੱਤਕਾ ਦਲ ਦੇ ਨੌਜਵਾਨਾਂ ਅਤੇ ਬੱਚਿਆਂ ਵੱਲੋਂ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ, ਰਾਜ ਕਰੇਗਾ ਖਾਲਸਾ ਦੇ ਜੈਕਾਰਿਆਂ ਦੀ ਗੂੰਜ ’ਚ ‘ਗੁਰਮਤਿ ਦੀ ਸੋਚ ’ਤੇ, ਪਹਿਰਾ ਦਿਆਂਗੇ ਠੋਕ ਕੇ’ ‘ਗੁਰਮਤਿ ਦੀ ਸੋਚ ’ਤੇ, ਪਹਿਰਾ ਦਿਆਂਗੇ ਠੋਕ ਕੇ’ ਨਾਲ ਨਵੇਂ ਸਾਲ ਨਾਨਕਸ਼ਾਹੀ ਸੰਮਤ 554 ਦੀ ਆਮਦ ਦੀ ਖ਼ੁਸ਼ੀ ਮਨਾਈ ਗਈ ਅਤੇ ਸਮੁੱਚੀ ਸਿੱਖ ਕੌਮ ਨੂੰ ਪਾਕਿਸਤਾਨ ਓਕਾਫ਼ ਬੋਰਡ ਦੇ ਚੇਅਰਮੈਨ ਡਾ. ਆਮਿਰ ਅਹਿਮਦ ਸਾਹਿਬ, ਰਾਣਾ ਸ਼ਾਹਿਦ ਸਲੀਮ ਸਾਹਿਬ ਐਡੀਸ਼ਨਲ ਸੈਕਟਰੀ, ਇਮਰਾਨ ਗੋਂਦਲ ਡਿਪਟੀ ਸੈਕਟਰੀ ਅਤੇ ਪਾਕਿਸਤਾਨ ਸਿੱਖ ਗੁ: ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਅਮੀਰ ਸਿੰਘ ਵੱਲੋਂ ਲੱਖ-ਲੱਖ ਵਧਾਈ ਦਿੱਤੀ ਗਈ।

# ਜਾਤ ਪ੍ਰਥਾ ਦੇ ਖ਼ਾਤਮੇ ਬਗੈਰ ਚੰਗੇ ਸਮਾਜ ਦੀ ਸਿਰਜਣਾ ਸੰਭਵ ਨਹੀਂ : ਅਰੁੰਧਤੀ ਰਾਏ

## ਪੰਜਾਬੀ ’ਵਰਸਿਟੀ ਦੇ ਵਿਹੜੇ ਸੰਵਾਦ ਰਚਾਇਆ, ਕਿਸਾਨ ਅੰਦੋਲਨ ਵਿਚ ਪੰਜਾਬੀਆਂ ਦੀ ਭੂਮਿਕਾ ਦੀ ਕੀਤੀ ਸ਼ਲਾਘਾ

**ਪਟਿਆਲਾ/ਏ.ਟੀ.ਨਿਊਜ਼ :-** ਪਹਿਲੀ ਵਾਰ ਪੰਜਾਬੀ ਯੂਨੀਵਰਸਿਟੀ ਪੁੱਜੇ ਕੌਮਾਂਤਰੀ ਲੇਖਿਕਾ ਤੇ ਸਮਾਜਿਕ ਕਾਰਕੁਨ ਅਰੁੰਧਤੀ ਰਾਏ ਨੇ ਆਖਿਆ ਕਿ ਆਧੁਨਿਕ ਯੁਗ ਵਿਚ ਨਿੱਗਰ ਤੇ ਉਸਾਰੂ ਸਮਾਜ ਦੀ ਸਿਰਜਣਾ ਦੀਆਂ ਬਾਤਾਂ ਪੈਣ ਲੱਗੀਆਂ ਹਨ, ਪਰ ਇਹ ਰੂਪ ਹਕੀਕੀ ਨਹੀਂ ਹੈ ਕਿਉਂਕਿ ਜਾਤ ਪ੍ਰਥਾ ਦਾ ਪ੍ਰਕੋਪ ਹਾਲੇ ਵੀ ਸਮਾਜ ਵਿੱਚ ਬਰਕਰਾਰ ਹੈ। ਉਨਾਂ ਆਖਿਆ ਕਿ ਚੰਗੇ ਸਮਾਜ ਦੀ ਸਿਰਜਣਾ ਜਾਤ ਪ੍ਰਥਾ ਦੇ ਖ਼ਾਤਮੇ ਤੋਂ ਬਗੈਰ ਨਹੀਂ ਹੋ ਸਕਦੀ।

ਇਹ ਸਮਾਗਮ ਯੂਨੀਵਰਸਿਟੀ ਦੇ ਐਜੂਕੇਸ਼ਨਲ ਮਲਟੀ ਮੀਡੀਆ ਰਿਸਰਚ ਸੈਂਟਰ ਵੱਲੋਂ ਕਰਵਾਇਆ ਗਿਆ ਜਿਥੇ ਵਿਭਾਗ ਦੇ ਡਾਇਰੈਕਟਰ ਦਲਜੀਤ ਅਮੀ ਨੇ ਲੇਖਿਕਾ ਨਾਲ ਸੰਵਾਦ ਰਚਾਇਆ। ਲੇਖਿਕਾ ਅਰੁੰਧਤੀ ਰਾਏ ਨੇ ਜਾਤ, ਧਰਮ ਅਤੇ ਭਾਸ਼ਾ ਦੀਆਂ ਵੰਡੀਆਂ ਤੋਂ ਉੱਪਰ ਉੱਠ ਕੇ ਆਪਸੀ ਇੱਕਜੁੱਟਤਾ ਦੀ ਲੋੜ ’ਤੇ ਜ਼ੋਰ ਦਿੱਤਾ। ਕਿਸਾਨੀ ਸੰਘਰਸ਼ ਦੌਰਾਨ ਪੰਜਾਬੀਆਂ ਦੀ ਭੂਮਿਕਾ ਦੀ ਸ਼ਲਾਘਾ ਕਰਦਿਆਂ, ਉਨਾਂ ਕਿਹਾ ਕਿ ਇਸ ਸੰਘਰਸ਼ ਨੇ ਇੱਕ ਉਮੀਦ ਪੈਦਾ ਕੀਤੀ ਹੈ ਤੇ ਅਵਾਮ ਨੂੰ ਦੱਸਿਆ ਹੈ ਕਿ ਆਪਣੇ ਹੱਕਾਂ ਲਈ ਹਕੂਮਤ ਦੀ ਅੱਖ ਵਿੱਚ ਅੱਖ ਪਾ ਕੇ ਗੱਲ ਕਿਸ ਤਰਾਂ ਕੀਤੀ ਜਾ ਸਕਦੀ ਹੈ। ਉਨਾਂ ਕੇਂਦਰ ਸਰਕਾਰ ਦੀਆਂ ਗ਼ਲਤ ਨੀਤੀਆਂ ’ਤੇ ਟਿੱਪਣੀ ਕਰਦਿਆਂ ਕਿਹਾ ਕਿ ਦੇਸ਼ ਨੂੰ ਸਿਰਫ਼ ਚਾਰ ਲੋਕ ਚਲਾ ਰਹੇ ਹਨ, ਜਿਨਾਂ ਵਿੱਚੋਂ ਦੋ ਖਰੀਦਦਾਰੀ ਤੇ ਦੋ ਵੇਚਣ ਦਾ ਕੰਮ ਕਰ ਰਹੇ ਹਨ। ਉਨਾਂ ਇਹ ਵੀ ਕਿਹਾ ਕਿ ਜਦੋਂ ਮੁੱਖ ਧਾਰਾ ਦੇ ਮੀਡੀਆ ਸਣੇ ਸੂਬੇ ਦੀ ਬਹੁਤੀ ਮਸ਼ੀਨਰੀ ਦੁਰਵਰਤੋਂ ਦੇ ਰਾਹ ਪਾ ਦਿੱਤੀ ਗਈ ਹੋਵੇ ਤਾਂ ਲੋਕਾਂ ਦਾ ਜਮਹੂਰੀਅਤ ਵਿੱਚ ਭਰੋਸਾ ਕਾਇਮ ਰਹਿਣਾ ਮੁਸ਼ਕਲ ਹੈ।





ਆਪਸ ਵਿੱਚ ਉਲਝਦੇ ਹੋਏ ਵਿਦਿਆਰਥੀ ਜਥੇਬੰਦੀਆਂ ਦੇ ਕਾਰਕੁਨ।

ਇਸ ਮੌਕੇ ਪ੍ਰਧਾਨਗੀ ਭਾਸ਼ਣ ਦੌਰਾਨ ਵੱਖ-ਵੱਖ ਵਿਗਿਆਨਕ ਹਵਾਲਿਆਂ ਨਾਲ ਵੰਨ-ਸੁਵੰਨਤਾ ਦੇ ਸੰਕਲਪ ਬਾਰੇ ਆਪਣੇ ਵਿਚਾਰਾਂ ਦੀ ਪੁਸ਼ਟੀ ਕਰਦਿਆਂ, ਵਾਈਸ ਚਾਂਸਲਰ ਪ੍ਰੋ. ਅਰਵਿੰਦ ਨੇ ਦੱਸਿਆ ਕਿ ਵੰਨ-ਸੁਵੰਨਤਾ ਦਾ ਨਾ ਹੋਣਾ ਗ਼ੈਰ-ਕੁਦਰਤੀ ਗੱਲ ਹੁੰਦੀ ਹੈ। ਇਸ ਮੌਕੇ ਨਾਰੀ ਅਧਿਐਨ ਕੇਂਦਰ ਦੇ ਡਾਇਰੈਕਟਰ ਡਾ. ਰਿਤੂ ਲਹਿਲ ਨੇ ਸਵਾਗਤੀ ਸ਼ਬਦ ਤੇ ਡੀਨ ਵਿਦਿਆਰਥੀ ਭਲਾਈ ਪ੍ਰੋ. ਅਨੁਪਮਾ ਨੇ ਧੰਨਵਾਦੀ ਸ਼ਬਦ ਸਾਂਝੇ ਕੀਤੇ।

**ਏਬੀਵੀਪੀ ਕਾਰਕੁਨਾਂ ਨੇ ਦਿਖਾਈਆਂ ਕਾਲੀਆਂ ਝੰਡੀਆਂ**

ਅਰੁੰਧਤੀ ਰਾਏ ਦੀ ਪੰਜਾਬੀ ਯੂਨੀਵਰਸਿਟੀ ਕੈਂਪਸ ਵਿੱਚ ਆਮਦ ਦਾ ਵਿਰੋਧ ਕਰਦੇ ਹੋਏ ਅੱਜ ਵਿਦਿਆਰਥੀ ਜਥੇਬੰਦੀ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏਬੀਵੀਪੀ) ਦੇ ਕਾਰਕੁਨਾਂ ਨੇ ਜਥੇਬੰਦੀ ਦੇ ਆਗੂ ਕੁਨਾਲ ਗੁਪਤਾ ਦੀ ਅਗਵਾਈ ਹੇਠ ਕਾਲੀਆਂ ਝੰਡੀਆਂ ਵਿਖਾਉਂਦੇ ਹੋਏ ਵਿਰੋਧ ਪ੍ਰਦਰਸ਼ਨ ਕੀਤਾ। ਉਨਾਂ ਦੋਸ਼ ਲਾਇਆ ਕਿ ਅਰੁੰਧਤੀ ਰਾਏ ਕੇਂਦਰ ਸਰਕਾਰ, ਭਾਜਪਾ ਅਤੇ ਆਰਐੱਸਐੱਸ ਖ਼ਿਲਾਫ਼ ਭੰਡੀ ਪ੍ਰਚਾਰ ਕਰਦੇ ਹਨ। ਦੂਜੇ ਪਾਸੇ ਯੂਨੀਵਰਸਿਟੀ ਦੀਆਂ ਕੁਝ ਹੋਰ ਵਿਦਿਆਰਥੀ ਜਥੇਬੰਦੀਆਂ ਡੀਐੱਸਓ, ਪੀਐੱਸਯੂ, ਪੀਆਰਐੱਸਯੂ ਅਤੇ ਏਆਈਐੱਸਐੱਫ਼ ਨੇ ਇਸ ਪ੍ਰਦਰਸ਼ਨ ਦਾ ਵਿਰੋਧ ਕੀਤਾ ਤੇ ਹਿੰਦੂਤਵੀ ਜਥੇਬੰਦੀ ਦੇ ਵਰਕਰਾਂ ਦੀ ਕੁੱਟਮਾਰ ਕੀਤੀ ਪਰ ਸੁਰੱਖਿਆ ਅਮਲੇ ਨੇ ਮਾਹੌਲ ਨੂੰ ਸ਼ਾਂਤ ਕੀਤਾ।

# ‘ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ’ ਹੋਂਦ ਤੋਂ ਪਹਿਲਾਂ ਸੁਆਲਾਂ ਵਿਚ ਘਿਰੀ

## ਪਾਰਟੀ ਨੂੰ ਧਾਰਮਿਕ ਜਾਮਾ ਪਵਾ ਕੇ ਪਿਛਲੇ ਦਰਵਾਜੇ ਤੋਂ ਆਪਣੇ ਮਨੋਰਥਾਂ ਲਈ ਸਿਆਸੀ ਰੰਗਤ ਦਿੱਤਾ ਜਾਏਗਾ : ਇੰਦਰ ਮੋਹਨ ਸਿੰਘ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਪ੍ਰਧਾਨ ਹਰਮੀਤ ਸਿੰਘ ਕਾਲਕਾ ਦੀ ਰਹਨੁਮਾਈ ਹੇਠ ਬੀਤੇ ਦਿਨੀਂ ਗਠਨ ਕੀਤੇ ‘ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ’ ਨੂੰ ਵਿਵਾਦਪੂਰਨ ਕਰਾਰ ਦਿੰਦਿਆਂ ਦਿੱਲੀ ਗੁਰਦੁਆਰਾ ਮਾਮਲਿਆਂ ਦੇ ਜਾਣਕਾਰ ਸ. ਇੰਦਰ ਮੋਹਨ ਸਿੰਘ ਨੇ ਕਿਹਾ ਹੈ ਕਿ ਇਸ ਨਵੀਂ ਪਾਰਟੀ ਦੇ ਮਨਸੂਬਿਆਂ ਨੇ ਦਿੱਲੀ ਦੀਆਂ ਸੰਗਤਾਂ ਵਿਚ ਭੰਬਲਭੂਸਾ ਪਾ ਦਿੱਤਾ ਹੈ। ਉਨਾਂ ਕਿਹਾ ਕਿ ਅਹੁਦੇਦਾਰਾਂ ਵਲੋਂ ਇਸ ਪਾਰਟੀ ਦੇ ਨਿਰੋਲ ਧਾਰਮਿਕ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ ਪ੍ਰੰਤੂ ਨਾਲ ਹੀ ਇਹ ਵੀ ਕਿਹਾ ਜਾ ਰਿਹਾ ਕਿ ਜੇਕਰ ਇਸ ਪਾਰਟੀ ਨਾਲ ਸਬੰਧਤ ਕੋਈ ਵਿਅਕਤੀ ਸਿਆਸੀ ਚੋਣਾਂ ਲੜਨ ਦਾ ਫੈਸਲਾ ਕਰਦਾ ਹੈ ਤਾਂ ਉਸ ਨੂੰ ਇਸ ਪਾਰਟੀ ਵਲੋਂ ਲੋੜੀਂਦਾ ਸਹਿਯੋਗ ਦਿੱਤਾ ਜਾਵੇਗਾ। ਸ. ਇੰਦਰ ਮੋਹਨ ਸਿੰਘ ਨੇ ਖਦਸ਼ਾ ਪ੍ਰਗਟ ਕਰਦਿਆਂ ਕਿਹਾ ਕਿ ਇਉਂ ਜਾਪਦਾ ਹੈ ਕਿ ਇਸ ਪਾਰਟੀ ਨੂੰ ਧਾਰਮਿਕ ਜਾਮਾ ਪਵਾ ਕੇ ਪਿਛਲੇ ਦਰਵਾਜੇ ਤੋਂ ਸਿਆਸੀ ਰੰਗਤ ਵੀ ਦਿੱਤੀ ਗਈ ਹੈ। ਉਨਾਂ



ਇਸ ਨਵੀਂ ਪਾਰਟੀ ਦੇ ਚੀਫ ਪੈਟਰਨ ਹਰਮੀਤ ਸਿੰਘ ਕਾਲਕਾ ਨੂੰ ਪੁਛਿਆ ਹੈ ਕਿ ਉਨਾਂ ਵਲੋਂ ਗਠਨ ਕੀਤੀ ਗਈ ਇਹ ਦੋਹਰੇ ਏਜੰਡੇ ਵਾਲੀ ਪਾਰਟੀ ਨਿਰੋਲ ਧਾਰਮਿਕ ਕਿਵੇਂ ਹੋ ਸਕਦੀ ਹੈ ? ਸ. ਇੰਦਰ ਮੋਹਨ ਸਿੰਘ ਨੇ ਕਿਹਾ ਕਿ ਇਹ ਭੰਬਲਭੂਸੇ ਵਾਲੀ ਪਾਰਟੀ ਵਲੋਂ ਭਵਿਖ ਵਿਚ ਆਉਣ ਵਾਲੀਆਂ ਸਿਆਸੀ ਚੋਣਾਂ ’ਚ ਦਿੱਲੀ ਗੁਰਦੁਆਰਾ ਕਮੇਟੀ ਦੀ ਗੋਲਕ ਦੀ ਦੁਰਵਰਤੋਂ ਕਰਨ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ, ਕਿਉਂਕਿ ਮੌਜੂਦਾ ਕਮੇਟੀ ’ਤੇ ਕਾਬਜ ਸਾਰੇ ਅਹੁਦੇਦਾਰ ਇਸ ਨਵੀਂ ਪਾਰਟੀ ਨਾਲ ਸਬੰਧਤ ਹਨ। ਸ. ਇੰਦਰ ਮੋਹਨ ਸਿੰਘ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਦਿੱਲੀ ਸਰਕਾਰ ਦੇ ਗੁਰਦੁਆਰਾ ਚੋਣ ਵਿਭਾਗ ਵਲੋਂ ਸੁਖਬੀਰ ਸਿੰਘ ਬਾਦਲ ਦੀ ਅਗੁਵਾਈ ਹੇਠ ਚੱਲ ਰਹੇ ‘ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ’ ਨੂੰ ਪਹਿਲਾਂ ਹੀ ‘ਬਾਲਟੀ’ ਦਾ ਰਾਖਵਾਂ ਚੋਣ ਨਿਸ਼ਾਨ ਦਿੱਤਾ ਗਿਆ ਹੈ ਹਾਲਾਂਕਿ ਉਹ ਸੁਸਾਇਟੀ ਰਜਿਸਟਰੇਸ਼ਨ ਐਕਟ 1860 ਦੇ ਤਹਿਤ ਰਜਿਸਟਰਡ ਸੁਸਾਇਟੀ ਨਹੀ ਸੀ ਜਦਕਿ ਦਿੱਲੀ ਸਿੱਖ ਗੁਰਦੁਆਰਾ ਐਕਟ 1971 ਦੇ ਤਹਿਤ ਹਰ ਉਸ ਪਾਰਟੀ ਨੂੰ ਰਾਖਵਾਂ ਚੋਣ ਨਿਸ਼ਾਨ ਲੈਣ ਲਈ ਸੁਸਾਇਟੀ ਐਕਟ ਦੇ ਅਧੀਨ ਰਜਿਸਟਰਡ ਹੋਣਾ ਲਾਜਮੀ ਹੁੰਦਾ ਹੈ। ਬਾਕੀ ਸਫ਼ਾ 31 ’ਤੇ

# ਬਾਦਲਾਂ ਦੀ ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦਾ ਅਵਤਾਰ ਸਿੰਘ ਹਿੱਤ ਦੀ ਕਮਾਨ ਹੇਠ 21 ਮੈਂਬਰੀ ਕਮੇਟੀ ਦਾ ਹੋਇਆ ਗਠਨ

## ਕਾਲਕਾ ਅਤੇ ਉਨਾਂ ਦੇ ਸਾਥੀਆਂ ਵਲੋਂ ਪਿਛਲੇ ਦਿਨੀਂ ਬਾਦਲਾਂ ਨੂੰ ਬੇਦਾਵਾ ਦੇ ਕੇ ਨਵੀਂ ਪਾਰਟੀ ਬਨਾਉਣ ਦਾ ਕੀਤਾ ਸੀ ਐਲਾਨ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ:-** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਹਿੱਤ ਵੱਲੋਂ ਪਾਰਟੀ ਦੀ 21 ਮੈਂਬਰੀ ਕਮੇਟੀ ਦੇ ਗਠਨ ਦਾ ਐਲਾਨ ਕੀਤਾ ਗਿਆ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਜਥੇਦਾਰ ਹਿੱਤ ਨੇ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਸ਼ਹੀਦਾਂ ਦੀ ਜੱਥੇਬੰਦੀ ਹੈ, ਜਿਸ ਦੀ ਸਥਾਪਨਾ ਅਨੇਕਾਂ ਸ਼ਹਾਦਤਾਂ ਮਗਰੋਂ ਹੋਈ ਹੈ, ਇਹ ਕਦੇ ਮਰ ਨਹੀਂ ਸਕਦੀ ਅਤੇ ਇਸ ਨੂੰ ਸਮਾਪਤ ਕਰਨ ਵਾਲੇ ਆਪ ਹੀ ਖਤਮ ਹੋ ਜਾਣਗੇ।

ਪਿਛਲੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇੱਕ ਵਾਰ ਫਿਰ ਦਿੱਲੀ ਵਿੱਚ ਪਾਰਟੀ ਦੀ ਕਮਾਨ ਸੀਨੀਅਰ



ਅਕਾਲੀ ਆਗੂ ਜਥੇਦਾਰ ਅਵਤਾਰ ਸਿੰਘ ਹਿੱਤ ਨੂੰ ਸੌਂਪੀ।

ਜਥੇਦਾਰ ਅਵਤਾਰ ਸਿੰਘ ਹਿੱਤ ਨੇ ਕਿਹਾ ਕਿ ਪਾਰਟੀ ਵਿੱਚ ਉਤਾਰ ਚੜਾਅ ਆਉਂਦੇ ਰਹੇ ਹਨ ਪਰ ਉਹ ਹਮੇਸ਼ਾ ਪਾਰਟੀ ਦੇ ਵਫ਼ਾਦਾਰ ਸਿਪਾਹੀ ਵਜੋਂ ਪਾਰਟੀ ਦੇ ਨਾਲ ਖੜੇ ਹਨ ਅਤੇ ਅੱਗੇ ਵੀ ਡਟ ਕੇ ਖੜੇ ਰਹਿਣਗੇ।

ਉਨਾਂ ਦੱਸਿਆ ਕਿ ਪਹਿਲਾਂ ਵੀ ਅਜਿਹਾ ਸਮਾਂ ਆਇਆ ਸੀ ਜਦੋਂ ਹਰ ਕੋਈ ਪਾਰਟੀ ਛੱਡ ਕੇ ਚਲਾ ਗਿਆ ਸੀ ਪਰ ਦਿੱਲੀ ਵਿੱਚ ਉਨਾਂ ਨੇ ਇਕੱਲੇ ਹੀ ਪ੍ਰਕਾਸ਼ ਸਿੰਘ ਬਾਦਲ ਨਾਲ ਡਟ ਕੇ ਪਾਰਟੀ ਦੀ ਮੁੜ ਉਸਾਰੀ ਬਾਕੀ ਸਫ਼ਾ 31 ’ਤੇ

# ਸਰਕਾਰੀ ਏਜੰਸੀਆਂ ਦੇ ਨਿਸ਼ਾਨੇ ‘ਤੇ ਸਿੱਖ ਕੌਮ

## ✪ ਸਿੱਖ ਕੌਮ ਦਾ ਇਸ ਹੱਦ ਤੱਕ ਹਿੰਦੂਕਰਨ ਕਰ ਦਿੱਤਾ ਜਾਵੇ ਕਿ ਮੁੜ ਇਹ ਕਦੇ ਵੱਖਰੇ ਦੇਸ਼ ਦੀ ਗੱਲ ਕਰਨ ਜੋਗੇ ਨਾ ਰਹਿਣ : ਗਜਿੰਦਰ ਸਿੰਘ ਦਲ ਖਾਲਸਾ ✪ ਹਿੰਦੁਸਤਾਨੀ ਏਜੰਸੀਆਂ ਨੇ 47 ਤੋਂ ਹੀ ਸਿੱਖ ਵਿਰੁੱਧ ਅਜਿਹਾ ਕੁੱਝ ਕੀਤਾ ਅਤੇ ਕਰ ਰਹੀਆਂ ਹਨ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ:-** ਕਸ਼ਮੀਰ ਦੇ ਚਿੱਠੀ ਸਿੰਘਪੁਰਾ ਵਿਚ 20 ਮਾਰਚ 2000 ਨੂੰ ਹੋਏ ਸਿੱਖ ਕਤਲੇਆਮ ਦੀ 22ਵੀਂ ਵਰੇਗੰਢ ’ਤੇ ਦਲ ਖਾਲਸਾ ਦੇ ਜਲਾਵਤਨੀ ਆਗੂ ਭਾਈ ਗਜਿੰਦਰ ਸਿੰਘ ਆਪਣੇ ਵਿਚਾਰ ਦਿੰਦਿਆਂ ਕਿਹਾ ਕਿ ਬਾਰੇ ਹਿੰਦੁਸਤਾਨੀ ਏਜੰਸੀਆਂ ਨੇ 47 ਤੋਂ ਹੀ ਸਿੱਖ ਵਿਰੁੱਧ ਕਈ ਕੁੱਝ ਐਸਾ ਕੀਤਾ ਹੈ ਤੇ ਕਰ ਰਹੀਆਂ ਹਨ, ਜਿਨਾਂ ਦੀ ਅੱਜ ਸਾਨੂੰ ਪੂਰੀ ਤਰਾਂ ਸਮਝ ਨਹੀਂ ਆ ਰਹੀ, ‘ਛੱਤੀ ਸਿੰਘਪੁਰਾ’ ਦਾ ਕਤਲੇਆਮ ਵੀ ਉਨਾਂ ਵਿੱਚੋਂ ਹੀ ਇੱਕ ਹੈ । ਉਨਾਂ ਕਿਹਾ ਕਿ ਅਸੀਂ ਭੁੱਲ ਗਏ ਸਾਂ ਕਿ ਅਸੀਂ ਇੱਕ ਵੱਖਰਾ ਧਰਮ ਹੀ ਨਹੀਂ, ਇੱਕ ਵੱਖਰੇ ਦੇਸ਼ ਦੀ ਹੱਕਦਾਰ, ਵੱਖਰੀ ਕੌਮ ਵੀ ਹਾਂ, ਪਰ ਹਿੰਦੁਸਤਾਨ ਦੇ ਨਵੇਂ ਹਿੰਦੂ ਹਾਕਮ ਕਦੇ ਨਹੀਂ ਸਨ ਭੁੱਲੇ । ਉਨਾਂ ਨੇ ਪਹਿਲੇ ਦਿਨ ਤੋਂ ਹੀ ਸਾਨੂੰ ਕੌਮੀ ਤੌਰ ’ਤੇ ਕਮਜ਼ੋਰ ਕਰਨ ਲਈ



ਚੌਤਰਫਾ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਸਨ । ਉਨਾਂ ਕਿਹਾ ਪੰਥ ਵਿੱਚ ਵਿਚਰ ਰਹੇ ਬਹੁਤੇ ਡੇਰੇ ਹਿੰਦੁਸਤਾਨੀ ਏਜੰਸੀਆਂ ਦੀ ਉਪਜ ਹਨ ਅਤੇ ਚੱਲ ਰਹੇ ਧਾਰਮਿਕ ਵਿਵਾਦ ਵੀ ਹਿੰਦੂਸਤਾਨੀ ਏਜੰਸੀਆਂ ਦੇ ਹੀ ਪੈਦਾ ਕੀਤੇ ਹੋਏ ਹਨ ਤੇ ਹੋਰ ਵੀ ਬਹੁਤ ਕੁੱਝ ਹੈ ਜੋ ਅੱਜ ਸਾਨੂੰ ਸਮਝ ਨਹੀਂ ਆ ਰਿਹਾ। ਪਰ ਆਉਣ ਵਾਲਾ ਵਕਤ ਕਦੇ ਇਹ ਸੱਭ ਕੁੱਝ ਜ਼ਰੂਰ ਸਾਹਮਣੇ ਲਿਆਵੇਗਾ। ਉਨਾਂ ਦਸਿਆ ਕਿ ਉਨਾਂ ਦਾ ਮਕਸਦ ਇੱਕੋ ਹੈ ਕਿ ਸਿੱਖ ਧਰਮ/ਕੌਮ ਦਾ ਇਸ ਹੱਦ ਤੱਕ ਹਿੰਦੂਕਰਨ ਕਰ ਦਿੱਤਾ ਜਾਵੇ ਕਿ ਮੁੜ ਇਹ ਕਦੇ ਵੱਖਰੇ ਦੇਸ਼ ਦੀ ਗੱਲ ਕਰਨ ਜੋਗੇ ਨਾ ਰਹਿਣ ਤੇ ਦੂਜਾ ਮਕਸਦ ਸਿੱਖਾਂ ਨੂੰ ਡਰਾ ਕੇ ਰੱਖਣਾ ਹੈ। ‘ਚਿੱਠੀ ਸਿੰਘਪੁਰਾ’ ਵਰਗੇ ਕਤਲੇਆਮ ਕਿਸੇ ਅੰਤਰ-ਰਾਸ਼ਟਰੀ ਮਕਸਦ ਨੂੰ ਹਾਸਿਲ ਕਰਨ ਲਈ ਸਾਫਟ ਟਾਰਗੈਟ ਸਮਝੇ ਗਏ ਸਿੱਖਾਂ ਨੂੰ ‘ਬਲੀ ਦੇ ਬੱਕਰੇ’ ਬਣਾਉਣ ਵਾਂਗ ਕੀਤੇ ਜਾਂਦੇ ਹਨ।

# ਦਰਬਾਰ ਸਾਹਿਬ ਵਿਖੇ ਸੋਨੇ ਦੀ ਧੁਆਈ ਦੀ ਸੇਵਾ ਸ਼ੁਰੂ



**ਅੰਮ੍ਰਿਤਸਰ ਟਾਈਮਜ਼ ਬਿਊਰੋ:** ਯੂ. ਕੇ. ਦੀਆਂ ਸੰਗਤਾਂ ਵਲੋਂ ਸ੍ਰੀ ਦਰਬਾਰ ਸਾਹਿਬ ਦੇ ਗੁੰਬਦਾਂ ਅਤੇ ਦੀਵਾਰਾਂ ‘ਤੇ ਲੱਗੇ ਸੋਨੇ ਦੇ ਪੱਤਰਿਆਂ ਦੀ ਰੀਠਿਆਂ ਤੇ ਨਿੰਬੂ ਦੇ ਰਸ ਆਦਿ ਨਾਲ ਸਾਲਾਨਾ ਧੁਆਈ ਦੀ ਸੇਵਾ ਬੀਤੇ ਦਿਨੀਂ ਅਰਦਾਸ ਉਪਰੰਤ ਆਰੰਭ ਕੀਤੀ ਗਈ । ਇਹ ਸੇਵਾ ਸ਼੍ਰੋਮਣੀ ਕਮੇਟੀ ਵਲੋਂ ਪਿਛਲੇ ਸਾਲਾਂ ਵਾਂਗ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਬਰਮਿੰਘਮ (ਯੂ.ਕੇ.) ਦੇ ਮੁਖੀ ਭਾਈ ਮਹਿੰਦਰ ਸਿੰਘ ਨੂੰ ਸੌਂਪੀ ਗਈ । ਇਸ ਸੇਵਾ ਦੀ ਆਰੰਭਤਾ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ, ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੇ ਨਿਸ਼ਕਾਮ ਸੇਵਕ ਜਥੇ ਵਲੋਂ ਭਾਈ ਇੰਦਰਜੀਤ ਸਿੰਘ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਮੌਜੂਦ ਸਨ ।ਇਸ ਮੌਕੇ ਧਾਮੀ ਨੇ ਕਿਹਾ ਕਿ ਪ੍ਰਦੂਸ਼ਨ ਅਤੇ ਬਾਰਿਸ਼ ਕਰਕੇ ਇਸ ਪਾਵਨ ਅਸਥਾਨ ਦੇ ਗੁੰਬਦਾਂ ਤੇ ਦੀਵਾਰਾਂ ‘ਤੇ ਲੱਗੇ ਸੋਨ ਪੱਤਰਿਆਂ ਦੇ ਸੋਨੇ ਦੀ ਚਮਕ ਸਮਾਂ ਪਾ ਕੇ ਘੱਟ ਜਾਂਦੀ ਹੈ, ਬਾਕੀ ਸਫ਼ਾ 30 ’ਤੇ

# ਡਰਗ ਮਾਮਲੇ ਵਿਚ ਫਸੇ ਮਜੀਠੀਆ ਦਾ ਨਿਆਂਇਕ ਹਿਰਾਸਤ ਵਿਚ 5 ਅਪ੍ਰੈਲ ਤੱਕ ਵਾਧਾ

## ਆਪ’ ਸਰਕਾਰ ਨੇ ਮਜੀਠੀਆ ਕੇਸ ਦੀ ਜਾਂਚ ਕਰਨ ਵਾਲੀ ਐਸ.ਆਈ.ਟੀ ਨੂੰ ਬਦਲਿਆ



**ਚੰਡੀਗੜ:** ਬਿਕਰਮ ਮਜੀਠੀਆ ਦੀ ਨਿਆਇਕ ਹਿਰਾਸਤ 5 ਅਪ੍ਰੈਲ ਤੱਕ ਵਧੀ।ਡਰੱਗਜ਼ ਮਾਮਲੇ ਵਿੱਚ ਫਸੇ ਸੀਨੀਅਰ ਅਕਾਲੀ ਆਗੂ ਬਿਕਰਮ ਮਜੀਠੀਆ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਮੁਹਾਲੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਮਜੀਠੀਆ ਕਰੀਬ ਇੱਕ ਮਹੀਨੇ ਤੋਂ ਪਟਿਆਲਾ ਜੇਲ ਵਿੱਚ ਬੰਦ ਹਨ। ਉਸ ਨੇ ਸੁਪਰੀਮ ਕੋਰਟ ਦੇ ਹੁਕਮਾਂ ‘ਤੇ ਅਦਾਲਤ ਵਿਚ ਆਤਮ ਸਮਰਪਣ ਕੀਤਾ ਸੀ। ਉਦੋਂ ਤੋਂ ਉਹ ਨਿਆਂਇਕ ਹਿਰਾਸਤ ਵਿੱਚ ਹੈ। ਇਸ ਦੌਰਾਨ ਸੂਬੇ ਵਿੱਚ ਨਵੇਂ ਬਣੇ ਮੁੱਖ ਮੰਤਰੀ ਭਗਵੰਤ ਮਾਨ ਦੀ ‘ਆਪ’ ਸਰਕਾਰ ਨੇ ਇਸ ਦੀ ਜਾਂਚ ਕਰਨ ਵਾਲੀ ਐਸਆਈਟੀ ਨੂੰ ਬਦਲ ਦਿੱਤਾ ਹੈ। ਸੁਣਵਾਈ ਦੌਰਾਨ ਨਵੀਂ ਟੀਮ ਮਜੀਠੀਆ ਤੋਂ ਪੁੱਛਗਿੱਛ ਲਈ ਰਿਮਾਂਡ ਦੀ ਮੰਗ ਕਰ ਸਕਦੀ ਹੈ।

# ਅ.ਫ਼ਗਾਨਿਸਤਾਨ ਦੇ 7 ਸਿੱਖ ਪਰਿਵਾਰ ਗੁਰਦੁਆਰਾ ਸਿੰਘ ਸਭਾ ਸਰੀ, ਬ੍ਰਿਟਿਸ ਕੋਲੰਬੀਆ ਕੈਨੇਡਾ ਪਹੁੰਚੇ



**ਨਿਊਯਾਰਕ/ਸਰੀ/ਰਾਜ ਗੋਗਨਾ/ਕੁਲਤਰਨ ਪਧਿਆਣਾ:-** ਮਨਮੀਤ ਸਿੰਘ ਭੁੱਲਰ ਫਾਊਂਡੇਸ਼ਨ, ਵਰਲਡ ਸਿੱਖ ਆਰਗਨਾਈਜ਼ੇਸ਼ਨ ਅਤੇ ਗੁਰਦੁਆਰਾ ਸਿੰਘ ਸਭਾ ਦੇ ਸਾਂਝੇ ਯਤਨਾਂ ਸਦਕਾ ਅ.ਫ਼ਗਾਨਿਸਤਾਨ ਦੇ 7 ਸਿੱਖ ਪਰਿਵਾਰਾਂ ਦੇ 32 ਮੈਂਬਰ ਗੁਰਦੁਆਰਾ ਸਿੰਘ ਸਭਾ ਸਰੀ (ਕੈਨੇਡਾ) ਵਿਖੇ ਪਹੁੰਚ ਗਏ ਹਨ। ਇਨਾਂ ਪਰਿਵਾਰਾਂ ਦੇ ਰਹਿਣ ਲਈ ਬੇਸਮੈਂਟ, ਖਾਣ-ਪੀਣ ਅਤੇ ਹੋਰ ਜ਼ਰੂਰੀ ਵਸਤਾਂ ਦਾ ਪ੍ਰਬੰਧ ਗੁਰਦੁਆਰਾ ਸਿੰਘ ਸਭਾ ਸਰੀ (ਕੈਨੇਡਾ) ਵਲੋਂ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਇਸ ਮਹੀਨੇ 98 ਦੇ ਕਰੀਬ ਅਫਗਾਨ ਸਿੱਖ-ਹਿੰਦੂ ਸ਼ਰਨਾਰਥੀਆਂ ਦੇ ਕੈਨੇਡਾ ਪਹੁੰਚਣ ਦੀ ਉਮੀਦ ਹੈ। ਇਹ ਪਰਿਵਾਰ ਵੈਨਕੂਵਰ, ਕਲੋਨਾ ਅਤੇ ਕੈਲਗਰੀ ਵਿਖੇ ਪਹੁੰਚਣਗੇ।

# ਫਿਰੌਤੀ ਲੈਣ ਦੇ ਦੋਸ਼ ’ਚ ਗੈਂਗਸਟਰ ਦੀ ਪਤਨੀ ਤੇ ਮੁੰਡਾ ਗ੍ਰਿ.ਫਤਾਰ

## ਪੁਲਿਸ ਵਲੋਂ 39 ਹਜ਼ਾਰ 500 ਰੁਪਏ ਕੀਤੇ ਬਰਾਮਦ

**ਬਠਿੰਡਾ/ਏ.ਟੀ.ਨਿਊਜ਼ :-** ਫਰੀਦਕੋਟ ਜੇਲ ਵਿਚ ਬੰਦ ਵਿਅਕਤੀ ਵੱਲੋਂ ਬਠਿੰਡਾ ਤੇ ਗੋਨਿਆਣਾ ਮੰਡੀ ਦੇ ਤਿੰਨ ਜਿਊਲਰਾਂ ਨੂੰ ਜਾਨੋਂ ਮਾਰਨ ਦੀ ਧਮਕੀ ਦੇ ਕੇ ਫਿਰੌਤੀ ਮੰਗਣ ਦੇ ਮਾਮਲੇ ਵਿਚ ਬਠਿੰਡਾ ਪੁਲਿਸ ਨੇ ਉਸਦੀ ਪਤਨੀ ਤੇ ਮੁੰਡੇ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲਿਸ ਨੇ ਉਨਾਂ ਕੋਲੋ ਜਵੈਲਰਜ਼ ਤੋਂ ਫਿਰੌਤੀ ਵਿਚ ਲਏ 50 ਹਜ਼ਾਰ ਰੁਪਏ ਵਿੱਚੋਂ 39 ਹਜ਼ਾਰ 500 ਬਰਾਮਦ ਕਰ ਲਏ ਹਨ। ਐਸਪੀ (ਡੀ) ਤਰੁਨਰਤਨ ਨੇ ਦੱਸਿਆ ਕਿ ਫ਼ਰੀਦਕੋਟ ਜੇਲ ਵਿਚ ਬੰਦ ਤਰਸੇਮ ਸਿੰਘ ਸੇਮਾ ਬਠਿੰਡਾ ਨੇ ਕਈ ਜਵੈਲਰਜ਼ ਤੋਂ ਫਿਰੌਤੀ ਦੀ ਮੰਗ ਕੀਤੀ ਸੀ। ਗੋਨਿਆਣਾ ਮੰਡੀ ਦੇ ਲੱਖੀ ਜਵੈਲਰਜ਼ ਦੇ ਮਾਲਕ ਸੁਖਵਿੰਦਰ ਸਿੰਘ ਲੱਖੀ ਨੇ ਡਰਦੇ ਹੋਏ ਉਕਤ ਗੈਂਗਸਟਰ ਵੱਲੋਂ ਦੱਸੇ ਗਏ ਫੋਨ ਉੱਪਰ ਗੂਗਲ ਪੇਅ ਰਾਹੀਂ ਪੰਜਾਹ ਹਜ਼ਾਰ ਰੁਪਏ ਭੇਜ ਦਿੱਤੇ ਸਨ। ਉਨਾਂ ਦੱਸਿਆ ਕਿ ਮਾਮਲੇ ਦੀ ਜਾਂਚ ਲਈ ਡੀਐੱਸਪੀ (ਡੀ) ਵਿਸ਼ਵਜੀਤ ਸਿੰਘ ਤੇ ਸੀਆਈਏ ਸਟਾਫ਼ ਇਕ ਦੇ ਇੰਚਾਰਜ ਤਰਜਿੰਦਰ ਸਿੰਘ ਦੀ ਅਗਵਾਈ ਹੇਠ ਟੀਮ ਬਣਾਈ ਗਈ ਸੀ। ਉਨਾਂ ਦੱਸਿਆ ਕਿ ਪੁਲਸ ਟੀਮ ਨੇ ਤਫਤੀਸ਼ ਦੌਰਾਨ ਤਰਸੇਮ ਸਿੰਘ ਸੇਮਾ, ਉਸ ਦੀ ਪਤਨੀ ਹਰਪ੍ਰੀਤ ਕੌਰ ਅਤੇ ਲੜਕੇ ਰਾਜਦੀਪ ਸਿੰਘ ਵਾਸੀ ਪਿੰਡ ਨਿਉਰ ਹਾਲ ਆਬਾਦ ਹਜੂਰਾ ਕਪੂਰਾ ਕਲੋਨੀ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਉਨਾਂ ਦੱਸਿਆ ਕਿ ਪੁਲਿਸ ਨੇ ਸਰਹਿੰਦ ਨਹਿਰ ਉੱਪਰ ਗੋਨਿਆਣਾ ਰੋਡ ’ਤੇ ਨਾਕਾਬੰਦੀ ਦੌਰਾਨ ਹਰਪ੍ਰੀਤ ਕੌਰ ਤੇ ਰਾਜਦੀਪ ਸਿੰਘ ਨੂੰ ਕਾਬੂ ਕੀਤਾ ਹੈ ਜਿਨਾਂ ਕੋਲੋਂ ਫਿਰੌਤੀ ਵਿਚ ਲਏ 30 ਹਜ਼ਾਰ 500 ਰੁਪਏ ਬਰਾਮਦ ਕੀਤੇ ਗਏ ਹਨ।

# ਹੋਲਾ ਮਹੱਲਾ ਅਨੰਦਪੁਰ ਸਾਹਿਬ ਵਿਖੇ ਵੱਡੀ ਗਿਣਤੀ ਵਿਚ ਨਿਹੰਗ ਸਿੰਘ ਹੋਏ ਸ਼ਾਮਲ

## ਸਿੱਖ ਸ਼ਸਤਰ ਕਲਾ ਨੂੰ ਸੰਭਾਲਣ ਲਈ ਬਾਬਾ ਬਲਬੀਰ ਸਿੰਘ ਦੇ ਉਪਰਾਲੇ ਸ਼ਲਾਘਾਯੋਗ : ਗਿਆਨੀ ਹਰਪ੍ਰੀਤ ਸਿੰਘ

**ਸ੍ਰੀ ਅਨੰਦਪੁਰ ਸਾਹਿਬ/ਏ.ਟੀ.ਨਿਊਜ਼:** ਖ਼ਾਲਸਾ ਪੰਥ ਦੇ ਨਿਆਰੇਪਣ ਦਾ ਪ੍ਰਤੀਕ ਕੌਮੀ ਤਿਉਹਾਰ ਤੇ ਜੋੜ ਮੇਲਾ ਹੋਲਾ ਮਹੱਲਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰੂ ਕੀਆਂ ਲਾਡਲੀਆਂ ਫ਼ੌਜਾਂ ਵਲੋਂ ਖ਼ਾਲਸਾਈ ਰਵਾਇਤ ਨਾਲ ਸਜਾਏ ਮਹੱਲੇ ਉਪਰੰਤ ਅਮਨ ਸ਼ਾਂਤੀ ਨਾਲ ਸੰਪੰਨ ਹੋ ਗਿਆ। ਹੋਲੇ ਮਹੱਲੇ ਦੀ ਸੰਪੂਰਨਤਾ ਮੌਕੇ ਜਥੇਦਾਰ ਬਾਬਾ ਬਲਬੀਰ ਸਿੰਘ ਦੀ ਅਗਵਾਈ ਵਿਚ ਇਤਿਹਾਸਕ ਅਸਥਾਨ ਗੁ: ਸ਼ਹੀਦੀ ਬਾਗ਼ ਤੋਂ ਪੁਰਾਤਨ ਰਵਾਇਤਾਂ ਨਾਲ ਮਹੱਲਾ ਸਜਾਇਆ ਗਿਆ ਜਿਸ ਵਿਚ ਉਨਾਂ ਦੇ ਨਾਲ ਜਥੇਦਾਰ ਬਾਬਾ ਅਵਤਾਰ ਸਿੰਘ ਮੁਖੀ ਦਲ ਸੰਪ੍ਰਦਾਇ ਬਾਬਾ ਬਿਧੀ ਚੰਦ ਜੀ, ਬਾਬਾ ਨਾਗਰ ਸਿੰਘ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਵਾਲੇ, ਜਥੇਦਾਰ ਬਾਬਾ ਗੱਜਣ ਸਿੰਘ ਮੁਖੀ ਤਰਨਾ ਦਲ ਬਾਬਾ ਬਕਾਲਾ, ਬਾਬਾ ਗੁਰਦੇਵ ਸਿੰਘ ਤਰਨਾ ਦਲ ਹੁਸ਼ਿਆਰਪੁਰ, ਬਾਬਾ ਮਾਨ ਸਿੰਘ ਮੜੀਆਂ ਵਾਲੇ, ਮਾਲਵਾ ਤਰਨਾ ਦਲ ਦੇ ਜਥੇ. ਬਾਬਾ ਨਾਹਰ ਸਿੰਘ, ਜਥੇ. ਬਾਬਾ ਬਲਦੇਵ ਸਿੰਘ ਵੱਲਾ, ਜਥੇ. ਬਾਬਾ ਵੱਸਣ ਸਿੰਘ ਮੜੀਆਂ ਵਾਲੇ, ਜਥੇ. ਬਾਬਾ ਤਰਸੇਮ ਸਿੰਘ ਮਹਿਤਾ ਚੌਕ, ਜਥੇ. ਬਾਬਾ ਛਿੰਦਾ ਸਿੰਘ ਭਿਖੀਵਿੰਡ, ਜਥੇਦਾਰ ਤਰਸੇਮ ਸਿੰਘ ਮੋਰਾਂਵਾਲੀ ਆਦਿ ਤੋਂ ਇਲਾਵਾ ਹੋਰ ਵੱਡੀ ਗਿਣਤੀ ਵਿਚ ਗੁਰੂ ਕੀਆਂ ਲਾਡਲੀਆਂ ਫ਼ੌਜਾਂ ਨਿਹੰਗ ਸਿੰਘ ਸ਼ਾਮਿਲ ਹੋਏ । ਗੁਰਦੁਆਰਾ ਸ਼ਹੀਦੀ ਬਾਗ਼ ਸਾਹਿਬ ਤੋਂ ਆਰੰਭ ਹੋਇਆ ਮਹੱਲਾ ਗੁਰਦੁਆਰਾ ਬਾਬਾ ਅਜੀਤਗੜ ਸਾਹਿਬ ਨਿਹੰਗ ਛਾਉਣੀ ਤਰਨਾ ਦਲ ਹਰੀਆਂ ਵੇਲਾਂ, ਗੁਰਦੁਆਰਾ ਗੁਰੂ ਕਾ ਬਾਗ਼ ਸਾਹਿਬ ਨਿਹੰਗ ਸਿੰਘ ਛਾਉਣੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਤੋਂ ਹੁੰਦਾ ਹੋਇਆ ਨਵੀਂ ਆਬਾਦੀ, ਤਖ਼ਤ ਸ੍ਰੀ ਕੇਸਗੜ ਸਾਹਿਬ, ਵੇਰਕਾ ਚੌਕ, ਬੱਸ ਅੱਡਾ ਹੋ ਕੇ ਇਤਿਹਾਸਕ ਅਸਥਾਨ ਗੁਰਦੁਆਰਾ ਮਾਤਾ ਜੀਤੋ ਜੀ ਸਾਹਿਬ, ਗੁ: ਕਿਲਾ ਹੋਲਗੜ ਸਾਹਿਬ ਵਿਖੇ ਨਤਮਸਤਕ ਹੋ ਕੇ ਪੁਰਾਤਨ ਚਰਨ ਗੰਗਾ ਸਟੇਡੀਅਮ ਵਿਖੇ ਪੁੱਜਾ। ਜਿੱਥੇ ਨਿਹੰਗ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ ਦੀ ਅਗਵਾਈ ਹੇਠ ਵੱਖ-ਵੱਖ ਨਿਹੰਗ ਸੰਪ੍ਰਦਾਇ ਨਾਲ ਸਬੰਧਿਤ ਨਿਹੰਗ ਸਿੰਘ ਰਵਾਇਤੀ ਬਾਣਿਆਂ, ਸ਼ਸਤਰਾਂ, ਘੋੜੇ, ਹਾਥੀਆਂ 'ਤੇ ਸਵਾਰ ਹੋ ਕੇ ਚਰਨ ਗੰਗਾ ਸਟੇਡੀਅਮ ਵਿਖੇ ਪਹੁੰਚ ਕੇ ਘੋੜ ਸਵਾਰੀ, ਨੇਜ਼ੇਬਾਜ਼ੀ, ਗਤਕੇਬਾਜ਼ੀ ਆਦਿ ਦਾ ਜੰਗਜੂ ਜੌਹਰ ਦਿਖਾਏ । ਇਸ ਮੌਕੇ ਇਕੱਤਰ ਸਮੂਹ ਨਿਹੰਗ ਸਿੰਘ ਫ਼ੌਜਾਂ ਅਤੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ, ਬਾਬਾ ਅਵਤਾਰ ਸਿੰਘ ਸੁਰ ਸਿੰਘ ਵਾਲਿਆਂ ਨੇ ਸੰਬੋਧਨ ਕਰਦਿਆਂ ਹਰੇਕ ਪ੍ਰਾਣੀ ਨੂੰ ਅੰਮ੍ਰਿਤ ਛੱਕ ਕੇ ਸ਼ਸਤਰਧਾਰੀ ਹੋਣ ਦੀ ਅਪੀਲ ਕੀਤੀ। ਚਰਨ ਗੰਗਾ ਸਟੇਡੀਅਮ ਵਿਚ ਨਿਹੰਗ ਫ਼ੌਜਾਂ ਦਾ ਉਤਾਰਾ ਇੱਕ ਅਦਭੁਤ ਨਜ਼ਾਰਾ ਪੇਸ਼ ਕਰ ਰਿਹਾ ਸੀ ।ਇਸ ਸਮੇਂ ਉਕਤ ਤੋਂ ਇਲਾਵਾ ਬਾਬਾ ਬਲਦੇਵ ਸਿੰਘ ਚੋਡੀਵਿੰਡ, ਬਾਬਾ ਗੁਰਪ੍ਰੀਤ ਸਿੰਘ ਹਰੀਆਂ ਵੇਲਾਂ, ਜਥੇਦਾਰ ਬਾਬਾ ਜਸਪਾਲ










ਸਿੰਘ, ਬਾਬਾ ਬਾਬਾ ਮੱਘਰ ਸਿੰਘ, ਜਥੇਦਾਰ ਬਾਬਾ ਜੱਸਾ ਸਿੰਘ, ਬਾਬਾ ਸੁਖਵਿੰਦਰ ਸਿੰਘ ਮੌਰ, ਬਾਬਾ ਸਰਵਣ ਸਿੰਘ ਮਝੈਲ ਰਾਜਪੁਰਾ, ਬਾਬਾ ਵਿਸ਼ਵਪ੍ਰਤਾਪ ਸਿੰਘ ਸਮਾਣਾ, ਬਾਬਾ ਰਣਯੋਧ ਸਿੰਘ, ਬਾਬਾ ਪਿਆਰਾ ਸਿੰਘ, ਬਾਬਾ ਸੁਖਜੀਤ ਸਿੰਘ ਕਨੱਈਆ, ਬਾਬਾ ਮੇਜਰ ਸਿੰਘ ਦਸਮੇਸ਼ ਤਰਨਾ ਦਲ ਲੁਧਿਆਣਾ ਆਦਿ ਹਾਜ਼ਰ ਸਨ।

ਇਸ ਤੋਂ ਪਹਿਲਾਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵੇਂ ਤਖ਼ਤ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਵਿਚ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵਲੋਂ ਗੁਰਦੁਆਰਾ ਗੁਰੂ ਕਾ ਬਾਗ਼ ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਵਿਖੇ ਦੋ ਰੋਜ਼ਾ ਵਿਰਸਾ ਸੰਭਾਲ ਨੈਸ਼ਨਲ ਗਤਕਾ ਮੁਕਾਬਲੇ ਕਰਵਾਏ ਗਏ, ਜਿਸ ਵਿਚ ਵੱਖ-ਵੱਖ ਸੂਬਿਆਂ ਅਤੇ ਜ਼ਿਲਿਆਂ ਦੀਆਂ 22 ਟੀਮਾਂ ਨੇ ਸਿੱਖ ਸ਼ਸਤਰ ਕਲਾ ਦਾ ਬਾਖ਼ੂਬੀ ਪ੍ਰਗਟਾਵਾ ਕੀਤਾ। ਇਨਾਂ ਮੁਕਾਬਲਿਆਂ ਦੇ ਦੂਜੇ ਦਿਨ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜਥੇਦਾਰ ਤਖ਼ਤ ਸ੍ਰੀ ਕੇਸਗੜ ਸਾਹਿਬ ਸਮੇਤ ਹੋਰ ਅਹਿਮ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ । ਇਨਾਂ ਗਤਕਾ ਮੁਕਾਬਲਿਆਂ ਦੀ ਸਮਾਪਤੀ ਮੌਕੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵਲੋਂ ਸਿੱਖ ਪੰਥ ਦੀਆਂ 8 ਅਹਿਮ ਸ਼ਖ਼ਸੀਅਤਾਂ, ਜਿਨਾਂ ਵਿਚ ਉੱਘੇ ਵਿਦਵਾਨ ਕਰਨਲ ਦਲਵਿੰਦਰ ਸਿੰਘ ਗਰੇਵਾਲ, ਸੰਤ ਬਾਬਾ ਮਨਮੋਹਨ ਸਿੰਘ ਬਾਰਨ ਵਾਲੇ, ਬਾਬਾ ਮੇਜਰ ਸਿੰਘ ਮੁਖੀ ਦਸਮੇਸ਼ ਤਰਨਾ ਦਲ, ਡਾ. ਗਿਆਨੀ ਭੁਪਿੰਦਰਪਾਲ ਸਿੰਘ ਕਥਾਵਾਚਕ ਨੂੰ ਬੁੱਢਾ ਦਲ ਦੇ ਤੀਸਰੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਨਵਾਬ ਕਪੂਰ ਸਿੰਘ ਐਵਾਰਡ ਅਤੇ ਜਗਜੀਤ ਸਿੰਘ ਦਰਦੀ ਸੰਪਾਦਕ ਚੜਦੀ ਕਲਾ ਗਰੁੱਪ, ਨਿਰਮਲੇ ਸੰਪਰਦਾਇ ਦੇ ਸੰਤ ਤੇਜਾ ਸਿੰਘ ਗੁਰੂਸਰ ਖੁੱਡੇ ਵਾਲੇ, ਬਾਬਾ ਹਰਜੀਤ ਸਿੰਘ ਸਿੰਘ ਰਾਗੀ ਮਹਿਤਾ ਚੌਕ ਵਾਲੇ ਨੂੰ ਬੁੱਢਾ ਦਲ ਦੇ ਚੌਥੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਜੱਸਾ ਸਿੰਘ ਆਹਲੂਵਾਲੀਆ ਯਾਦਗਾਰੀ ਐਵਾਰਡ ਨਾਲ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਅਮਰੀਕਾ ਤੋਂ ਜਸਵਿੰਦਰ ਸਿੰਘ ਜੱਸੀ ਦਾ ਬੁੱਢਾ ਦਲ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ । ਇਸ ਮੌਕੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਿੱਖ ਵਿਰਾਸਤ ਦੀ ਸ਼ਾਨਾਮੱਤੀ ਸ਼ਸਤਰ ਕਲਾ ਨੂੰ ਸੰਭਾਲਣ ਲਈ ਬਾਬਾ ਬਲਬੀਰ ਸਿੰਘ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਨਿਰੰਤਰ ਯਤਨਸ਼ੀਲ ਹਨ।ਗਤਕਾ ਮੁਕਾਬਲੇ ਵਿਚ ਪਹਿਲੇ ਸਥਾਨ ਪ੍ਰਾਪਤ ਕਰਨ ਵਾਲੀਆਂ ਟੀਮਾਂ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਬੁੱਢਾ ਦਲ ਦੇ ਨਿਹੰਗ ਸਿੰਘਾਂ ਦਾ ਵਿਸ਼ੇਸ਼ ਕਿਤਾਬਚਾ 'ਨਿਹੰਗ ਸਿੰਘ ਸੰਦੇਸ਼' ਵੀ ਜਾਰੀ ਕੀਤਾ ਗਿਆ।

ਇੱਕ ਲੱਖ ਸ਼ਰਧਾਲੂਆਂ ਨੇ ਕੀਤੇ ਵਿਰਾਸਤ-ਏ-ਖ਼ਾਲਸਾ ਦੇ ਦਰਸ਼ਨ ਪੰਜਾਬ ਦੇ ਸੈਰ-ਸਪਾਟਾ ਤੇ ਸੱਭਿਆਚਾਰਕ ਵਿਭਾਗ ਦੇ ਪ੍ਰਬੰਧਾਂ ਅਧੀਨ ਚਲਾਏ ਜਾ ਰਹੇ ਵਿਰਾਸਤ-ਏ-ਖ਼ਾਲਸਾ ਦੇ ਸੰਗਤ ਨੂੰ ਨਿਰਵਿਘਨਤਾ ਸਹਿਤ ਦਰਸ਼ਨ ਕਰਵਾਉਣ ਲਈ ਸਾਰਥਿਕ ਯਤਨ ਕੀਤੇ ਗਏ। 18 ਮਾਰਚ ਨੂੰ 22,613 ਸੈਲਾਨੀਆਂ ਨੇ ਵਿਰਾਸਤ-ਏ-ਖ਼ਾਲਸਾ ਦੇ ਦਰਸ਼ਨ ਕਰਕੇ ਇੱਕ ਰਿਕਾਰਡ ਵੀ ਕਾਇਮ ਕੀਤਾ।

# ਖਾਧਾ ਪੀਤਾ ਲਾਹੇ ਦਾ, ਬਾਕੀ ਕੇਜਰੀ ਸ਼ਾਹੇ ਦਾ

## ਪੰਜਾਬ ਨੂੰ ਕਿਤੇ ਤੁਸੀਂ ਪੁਤਲੀਘਰ ਤੇ ਨਹੀਂ ਬਣਾ ਰਹੇ ?



**ਹਰਪ੍ਰੀਤ ਸਿੰਘ ਕਾਹਲੋਂ**

ਪੰਜਾਬ ਆਮ ਆਦਮੀ ਪਾਰਟੀ ਲਈ ਬਿਹਾਰ ਹੈ, ਜਿੱਥੇ ਕੋਲ੍ਹੇ ਦੀ ਖਾਨ ਹੈ। ਇੱਥੋਂ ਕੋਲਾ ਜਾਵੇਗਾ ਅਤੇ ਰੌਸ਼ਨ ਦਿੱਲੀ ਹੋਵੇਗੀ। ਪੰਜਾਬ ਦੀ ਕਿਸਮਤ ਵਿਚ ਲੁੱਟਣਾ ਹੀ ਲਿਖਿਆ ਹੈ। ਸਮੇਂ ਨੇ ਕਰਵਟ ਲਈ ਤਾਂ ਲੋਕਾਂ ਦਾ ਗੁੱਸਾ ਆਮ ਆਦਮੀ ਪਾਰਟੀ ਦੀ ਜਿੱਤ ਵਿਚ ਬਦਲ ਗਿਆ। ਇੱਕ ਗੱਲ ਅਰਵਿੰਦ ਕੇਜਰੀਵਾਲ ਨੇ ਸਹੀ ਕਹੀ ਕਿ ਇਹ ਨਾ ਸਮਝਿਓ ਕਿ ਤੁਸੀਂ ਜਿੱਤੇ ਹੋ, ਇਹ ਲੋਕਾਂ ਨੇ ਅਕਾਲੀ ਕਾਂਗਰਸੀਆਂ ਨੂੰ ਹਰਾਇਆ ਹੈ। ਪਰ ਇਹ ਗੱਲ ਕੇਜਰੀਵਾਲ ਸਾਹਿਬ ਅਤੇ ਫੌਜ ਖ਼ੁਦ ਮਹਿਸੂਸ ਨਹੀਂ ਕਰ ਸਕੀ ?

ਰਾਜ ਸਭਾ ਜ਼ਹੀਨ ਦਿਮਾਗਾਂ ਦੀ ਸੱਥ ਸੀ। ਜਿੱਥੇ ਉਨਾਂ ਕਾਰਜ ਕਰਦੀ ਲੋਕ ਸਭਾ ਅੰਦਰ ਅਜਿਹੇ ਤੱਤਾਂ 'ਤੇ ਪਹਿਰਾ ਦੇਣਾ ਸੀ ਜੋ ਲੋਕਤੰਤਰ ਨੂੰ ਬਰਬਾਦ ਨਾ ਕਰ ਸਕਣ।



ਹਰਭਜਨ ਸਿੰਘ ਦਾ ਜਾਣਾ ਕੀ ਸਵਾਰੇਗਾ? ਜਿਹੋ ਜਿਹੇ ਸਚਿਨ ਤੇਂਦੁਲਕਰ ਅਤੇ ਲਤਾ ਮੰਗੇਸ਼ਕਰ ਗਏ, ਉਹੋ ਜਿਹਾ ਹਰਭਜਨ ਸਿੰਘ ਹੈ। ਬਤੌਰ ਖਿਡਾਰੀ ਕਲਾਕਾਰ ਉਨਾਂ ਦੀ ਕੋਈ ਪਛਾਣ ਹੈ ਪਰ ਬਤੌਰ ਰਾਜ ਸਭਾ ਮੈਂਬਰ ਉਨਾਂ ਦਾ ਅਧਾਰ ਕੁਝ ਵੀ ਨਹੀਂ।

ਸਰਕਾਰ ਆਉਣ ਦੇ ਨਾਲ ਤੁਸੀਂ ਹਰ ਉਹ ਗੱਲ ਜਚਾ ਰਹੇ ਹੋ ਜੋ ਨਹੀਂ ਹੋਣੀ ਚਾਹੀਦੀ ਸੀ। ਹੋਣਾ ਇਹ ਚਾਹੀਦਾ ਸੀ ਕਿ ਬਦਲਾਅ ਇਹ ਹੁੰਦਾ ਕਿ ਪੰਜਾਬ ਦੇ ਵਾਤਾਵਰਨ, ਸਿੱਖਿਆ,ਸਮਾਜ, ਆਰਥਿਕ ਖੇਤਰ ਦੇ ਉਨਾਂ ਬੰਦਿਆਂ ਨੂੰ ਰਾਜ ਸਭਾ ਭੇਜਿਆ ਜਾਂਦਾ ਜਿਨਾਂ ਦਾ ਦਿਲ ਪੰਜਾਬੀ-ਜਜ਼ਬਾ ਪੰਜਾਬੀ ਹੁੰਦਾ।

ਇਕ ਬੰਦਾ ਉਸ ਥਾਂ ਤੋਂ ਪਹੁੰਚਿਆ ਹੈ ਜਿਸ ਦੇ ਅਦਾਰੇ ਵਿੱਚੋਂ ਕੋਈ ਵੀ ਵਾਪਰੀ ਘਟਨਾ ਰਿਪੋਰਟ ਨਹੀਂ ਹੁੰਦੀ। ਜਿਸ ਅਦਾਰੇ ਨੇ ਸਿੱਖਿਆ ਖੇਤਰ ਨੂੰ ਕਰਿਆਨਾ ਸਟੋਰ ਵਿਚ ਬਦਲ ਦਿੱਤਾ ਹੈ। ਸਿੱਖਿਆ ਦੀ ਗੰਭੀਰਤਾ ਨੂੰ ਇਸ ਅਦਾਰੇ ਨੇ ਲੀਹੋਂ ਲਾਹਿਆ ਹੈ।

ਪੰਜਾਬ ਦੇ ਬਿਆਨ ਤੋਂ ਪੰਜਾਬ ਪੰਜਾਬੀ ਪੰਜਾਬੀਅਤ ਦੀ ਗੱਲ ਕਰਨ ਵਾਲਾ ਜੇ ਇਸ ਦੇਸ਼ ਦੇ ਸਦਨ ਵਿਚ ਨਹੀਂ ਜਾਵੇਗਾ ਤਾਂ ਇਸ ਮਿੱਟੀ ਦੇ ਬੋਲ ਕੌਣ ਸੁਣਾਵੇਗਾ? ਤੁਸੀਂ ਹਰ ਉਸ ਗੱਲ ਨੂੰ ਯਕੀਨ ਵਿਚ ਬਦਲ ਰਹੇ ਹੋ ਕਿ ਪੰਜਾਬ 'ਤੇ ਰਾਜ ਬਾਹਰੀ ਕਰਨਗੇ। ਜੋ ਇੱਥੋਂ ਦੇ ਨੁਮਾਇੰਦੇ ਭੇਜੋਗੇ ਉਹ ਸਿਰਫ ਪੁਤਲੇ ਹੋਣਗੇ।

# ਖੇਤੀ ਕਾਨੂੰਨਾਂ ਨੂੰ ਰੱਦ ਨਹੀਂ ਕਰਨਾ ਚਾਹੁੰਦੀ ਸੀ ਸੁਪਰੀਮ ਕੋਰਟ ਦੀ ਕਮੇਟੀ



ਨਵੀਂ ਦਿੱਲੀ-ਸੁਪਰੀਮ ਕੋਰਟ ਵਲੋਂ ਨਿਯੁਕਤ ਕਮੇਟੀ ਨੇ ਤਿੰਨੋਂ ਖੇਤੀ ਕਾਨੂੰਨਾਂ ਨੂੰ ਕਿਸਾਨਾਂ ਲਈ ਲਾਹੇਵੰਦ ਦੱਸਦਿਆਂ ਇਸ ਨੂੰ ਰੱਦ ਨਾ ਕਰਨ ਦੀ ਸਿਫਾਰਸ਼ ਕੀਤੀ ਸੀ। ਇਹ ਦਾਅਵਾ ਕਮੇਟੀ ਮੈਂਬਰਾਂ ਵਿਚੋਂ ਇਕ ਮੈਂਬਰ ਅਨਿਲ ਘਨਵਟ ਨੇ ਦਿੱਲੀ ਵਿਚ ਇਕ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ। ਘਨਵਟ ਮੁਤਾਬਿਕ 3 ਕਰੋੜ ਕਿਸਾਨਾਂ ਦੀ ਨੁਮਾਇੰਦਗੀ ਕਰਨ ਵਾਲੀਆਂ 86 ਫੀਸਦੀ ਕਿਸਾਨ ਜਥੇਬੰਦੀਆਂ ਖੇਤੀ ਕਾਨੂੰਨਾਂ ਤੋਂ ਖ਼ੁਸ਼ ਸਨ। ਹਾਲਾਂਕਿ ਇਸ ਦੇ ਨਾਲ ਉਨਾਂ ਇਹ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੇ ਬੈਨਰ ਹੇਠਾਂ ਇਕੱਠੀਆਂ ਹੋਈਆਂ 40 ਕਿਸਾਨ ਜਥੇਬੰਦੀਆਂ ਨੇ ਕਮੇਟੀ ਅੱਗੇ ਕੋਈ ਵੀ ਬਿਆਨ ਨਹੀਂ ਦਿੱਤਾ। ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਨੇ ਜਨਵਰੀ 2021 ਵਿਚ ਖੇਤੀ ਕਾਨੂੰਨਾਂ ਦੀ ਜ਼ਮੀਨੀ ਹਕੀਕਤ ਜਾਣਨ ਲਈ ਇਕ ਕਮੇਟੀ ਦਾ ਗਠਨ ਕੀਤਾ ਸੀ। ਹਾਲਾਂਕਿ ਸਰਕਾਰ ਨਾਲ 11 ਗੇੜਾਂ ਦੀ ਗੱਲਬਾਤ ਕਰਨ ਵਾਲੀਆਂ 40 ਜਥੇਬੰਦੀਆਂ ਨੇ ਇਸ ਕਵਾਇਦ ਵਿਚ ਹਿੱਸਾ ਲੈਣ ਜਾਂ ਫਿਰ ਆਪਣੇ ਵਿਚਾਰ ਕਮੇਟੀ ਨਾਲ ਸਾਂਝੇ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਅਨਿਲ ਘਨਵਟ ਨੇ ਰਿਪੋਰਟ ਜਾਰੀ ਕਰਦਿਆਂ ਕਿਹਾ ਕਿ ਹਾਲਾਂਕਿ ਪ੍ਰਧਾਨ ਮੰਤਰੀ ਵਲੋਂ 19 ਨਵੰਬਰ ਨੂੰ ਕਾਨੂੰਨ ਰੱਦ ਕਰਨ ਦਾ ਐਲਾਨ ਕਰਨ ਤੋਂ ਬਾਅਦ ਇਸ ਰਿਪੋਰਟ ਦਾ ਕੋਈ ਅਰਥ ਨਹੀਂ ਰਹਿ ਜਾਂਦਾ ਪਰ ਇਸ ਨਾਲ ਭਵਿੱਖ ਵਿਚ ਖੇਤੀ ਨੀਤੀਆਂ ਬਣਾਉਣ ਵਿਚ ਮਦਦ ਮਿਲੇਗੀ।

# ਸਿੱਧੂ ਦਾ ਜਾਨਸ਼ੀਨ ਭਾਲਣ ਲੱਗੀ ਕਾਂਗਰਸ

## ਕਾਂਗਰਸ ਹਾਈਕਮਾਂਡ ਦੇ ਫੈਸਲੇ ਉਪਰ ਹੰਗਾਮਾ ਨਾ ਹੋਇਆ ✪ ਹਿੰਦੂਤਵ ਤੋਂ ਦੂਰੀ ਬਣਾਉਣ ਦੀ ਚਰਚਾ ਛਿੜੀ

ਜਾਣਕਾਰ ਸੂਤਰਾਂ ਅਨੁਸਾਰ ਨਵਜੋਤ ਸਿੰਘ ਸਿੱਧੂ ਵਲੋਂ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇਣ ਤੋਂ ਪਿੱਛੋਂ ਨਵੀਂ ਪੰਜਾਬ ਵਿਧਾਨ ਸਭਾ ਵਿਚ ਕਾਂਗਰਸ ਵਿਧਾਇਕਾਂ ਦੀ ਲੀਡਰਸ਼ਿਪ ਦਾ ਮਾਮਲਾ ਕੁਝ ਦਿਨਾਂ ਲਈ ਲਟਕ ਗਿਆ ਲਗਦਾ ਹੈ। ਕਈ ਨਵੇਂ ਚੁਣੇ ਗਏ ਕਾਂਗਰਸੀ ਵਿਧਾਇਕ ਇਹ ਕਹਿੰਦੇ ਸੁਣੇ ਗਏ ਹਨ ਕਿ ਪਹਿਲਾਂ ਸਿੱਧੂ ਦੇ ਅਸਤੀਫ਼ਾ ਦੇਣ ਨਾਲ ਖ਼ਾਲੀ ਹੋਣ ਵਾਲੇ ਅਹੁਦੇ ਦਾ ਫ਼ੈਸਲਾ ਕੀਤਾ ਜਾਵੇ, ਉਸ ਤੋਂ ਪਿੱਛੋਂ ਹੀ ਨਵੀਂ ਵਿਧਾਨ ਸਭਾ ਵਿਚ ਲੀਡਰ ਚੁਣਿਆ ਜਾਵੇ। ਇਸ ਸਬੰਧ ਵਿਚ 18 ਚੁਣੇ ਗਏ ਕਾਂਗਰਸੀ ਵਿਧਾਇਕਾਂ ਵਿਚੋਂ ਕਿਸੇ ਇਕ 'ਤੇ ਨੇਤਾ ਦਾ ਤਾਜ ਸਜਾਇਆ ਜਾਵੇ । ਇਸ ਬਾਰੇ ਜ਼ਿਲਾ ਗੁਰਦਾਸਪੁਰ ਵਿਚੋਂ ਚੁਣੇ ਗਏ ਤਿੰਨ ਵਿਧਾਇਕਾਂ ਪ੍ਰਤਾਪ ਸਿੰਘ ਬਾਜਵਾ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਤੇ ਸੁਖਜਿੰਦਰ ਸਿੰਘ ਰੰਧਾਵਾ ਦਾ ਨਾਂ ਲਿਆ ਜਾ ਰਿਹਾ ਹੈ। ਇਹ ਤਿੰਨ ਹੀ ਸੀਨੀਅਰ ਕਾਂਗਰਸੀ ਵਿਧਾਇਕ ਹਨ। ਤਿੰਨੇ ਹੀ ਵੱਖ-ਵੱਖ ਵਜ਼ਾਰਤਾਂ ਵਿਚ ਮੈਂਬਰ ਰਹੇ ਹਨ । ਦਿਲਚਸਪ ਤੇ ਵਰਨਣਯੋਗ ਗੱਲ ਇਹ ਹੈ ਕਿ ਤਿੰਨੇ ਹੀ ਮਾਝੇ ਦੇ ਰਹਿਣ ਵਾਲੇ ਹਨ ਤੇ ਲਗਦੈ ਕਿ ਇਨਾਂ ਵਿਚ ਨਵੀਂ ਵਿਧਾਨ ਸਭਾ ਵਿਚ ਵਿਰੋਧੀ ਧਿਰ ਦਾ ਆਗੂ ਬਣਨ ਦੀ ਇਕ ਤਰਾਂ ਨਾਲ ਦੌੜ ਸ਼ੁਰੂ ਹੋ ਗਈ ਹੈ ।

ਯਾਦ ਰਹੇ ਕਿ ਬੀਤੇ ਦਿਨੀਂ ਪੰਜ ਸੂਬਿਆਂ ਦੇ ਚੋਣ ਨਤੀਜੇ ਆਉਣ ਤੋਂ ਬਾਅਦ ਹੋਈ ਕਾਂਗਰਸ ਵਰਕਿੰਗ ਕਮੇਟੀ ਦੀ ਬੈਠਕ ਵਿਚ ਉਮੀਦ ਦੇ ਉਲਟ ਕੋਈ ਹੰਗਾਮਾ ਨਹੀਂ ਹੋਇਆ। ਪਾਰਟੀ ਲੀਡਰਸ਼ਿਪ ਨਾਲੋਂ ਨਾਰਾਜ਼ ਜੀ-23 ਦੇ ਨੇਤਾਵਾਂ ਨੇ ਹਾਈਕਮਾਨ ਦੇ ਫ਼ੈਸਲਿਆਂ 'ਤੇ ਸਵਾਲ ਚੁੱਕਣ ਦੀ ਬਜਾਏ ਅੱਗੇ ਵਧ ਕੇ ਹਰ ਫ਼ੈਸਲੇ ਦਾ ਸਮਰਥਨ ਕੀਤਾ। ਇੱਥੋਂ ਤੱਕ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਅਹੁਦੇ ਤੋਂ ਹਟਾਉਣ ਦਾ ਵੀ ਵਿਰੋਧ ਨਹੀਂ ਹੋਇਆ। ਉਲਟਾ ਗ਼ੁਲਾਮ ਨਬੀ ਆਜ਼ਾਦ ਨੇ ਕੈਪਟਨ ਨੂੰ ਹਟਾਉਣ ਦਾ ਸਮਰਥਨ ਕੀਤਾ ਅਤੇ ਕਿਹਾ ਕਿ ਉਨਾਂ ਨੂੰ ਤਾਂ ਇਕ ਸਾਲ ਪਹਿਲਾਂ ਹੀ ਹਟਾ ਦੇਣਾ ਚਾਹੀਦਾ ਸੀ। ਇਸ 'ਤੇ ਸੋਨੀਆ ਗਾਂਧੀ ਨੇ ਉਨਾਂ ਨਾਲ ਸਹਿਮਤੀ ਜਤਾਈ ਅਤੇ ਕਿਹਾ ਹੈ ਕਿ ਹਟਾਉਣ ਵਿਚ ਦੇਰੀ ਹੋਈ। ਇਸੇ ਤਰਾਂ ਨਵਜੋਤ ਸਿੰਘ ਸਿੱਧੂ ਨਾਲ ਪਾਰਟੀ ਨੂੰ ਨੁਕਸਾਨ ਹੋਣ ਦੀ ਗੱਲ ਕਹੀ ਗਈ ਤਾਂ ਸਾਰੇ ਨੇਤਾਵਾਂ ਨੇ ਇਸ 'ਤੇ ਸਹਿਮਤੀ ਜਤਾਈ। ਰਾਹੁਲ ਗਾਂਧੀ ਦੇ ਫਿਰ ਤੋਂ ਪ੍ਰਧਾਨ ਬਣਨ ਦੇ ਸਵਾਲ 'ਤੇ ਵੀ ਵਰਕਿੰਗ ਕਮੇਟੀ ਦੇ ਸਾਰੇ ਮੈਂਬਰ ਇਕਮੱਤ ਸਨ। ਸਾਰਿਆਂ ਨੇ ਕਾਂਗਰਸ ਹਾਈਕਮਾਨ ਭਾਵ ਗਾਂਧੀ ਪਰਿਵਾਰ ਦੇ ਸਮਰਥਨ ਦੀ ਗੱਲ ਕਹੀ, ਪਰ ਉਸੇ ਦਰਮਿਆਨ ਕਈ ਸੁਝਾਅ ਬਹੁਤ ਚੰਗੇ ਦਿੱਤੇ ਗਏ, ਜਿਨਾਂ 'ਤੇ ਸੋਨੀਆ, ਰਾਹੁਲ ਅਤੇ ਪ੍ਰਿਅੰਕਾ ਵੀ ਸਹਿਮਤ ਹੋਏ। ਸਭ ਤੋਂ ਗੰਭੀਰ ਅਤੇ ਚੰਗੇ ਸੁਝਾਅ ਆਨੰਦ ਸ਼ਰਮਾ ਨੇ ਦਿੱਤੇ। ਉਨਾਂ ਕਿਹਾ ਕਿ ਦੂਜੀਆਂ ਪਾਰਟੀਆਂ ਤੋਂ ਆਏ ਨੇਤਾਵਾਂ ਨੂੰ ਸੂਬਿਆਂ ਵਿਚ ਪ੍ਰਧਾਨ ਨਹੀਂ ਬਣਾਉਣਾ ਚਾਹੀਦਾ। ਉਨਾਂ ਨੇ ਆਪਣੀ ਪਾਰਟੀ ਦੇ ਨੇਤਾਵਾਂ ਨੂੰ ਉਤਸ਼ਾਹਿਤ ਕਰਨ ਦਾ ਸੁਝਾਅ ਦਿੱਤਾ। ਇਸੇ ਤਰਾਂ ਉਨਾਂ ਨੇ ਨਰਮ ਹਿੰਦੂਤਵ ਦੀ ਰਾਜਨੀਤੀ ਤੋਂ ਵੀ ਦੂਰੀ ਬਣਾਉਣ ਨੂੰ ਕਿਹਾ ਅਤੇ ਇਹ ਵੀ ਕਿਹਾ ਕਿ ਸੂਬਾ ਪ੍ਰਧਾਨਾਂ ਦੇ ਨਾਲ ਕਾਰਜਕਾਰੀ ਪ੍ਰਧਾਨ ਨਾ ਬਣਾਏ ਜਾਣ।

### ਬਾਦਲ ਦਲ ਦਾ ਭਵਿੱਖ ਤੇ ਰਾਮੂਵਾਲੀਆ ਦੀ ਟਿੱਪਣੀ

ਬਾਦਲਕਿਆਂ ਬਾਰੇ ਪੁਰਾਣੇ ਅਕਾਲੀ ਨੇਤਾ ਬਲਵੰਤ ਸਿੰਘ ਰਾਮੂਵਾਲੀਆ ਨੇ ਦਿਲਚਸਪ ਟਿੱਪਣੀ ਕੀਤੀ ਕਿ ਬਾਦਲ ਦੇ ਚਾਰ ਬੰਦੇ ਵਿਧਾਨ ਸਭਾ ਪਹੁੰਚੇ। ਪਰ ਇਨਾਂ ਵਿਚੋਂ ਇਕ ਬਸਪਾ ਦਾ ਹੈ। ਬਾਦਲਾਂ ਦਾ ਨਹੀਂ। ਕੀ ਤਿੰਨ ਜਣੇ ਸਿਆਸੀ ਪਾਰਟੀ ਦੀ ਅਰਥੀ ਚੁਕ ਸਕਦੇ ਹਨ ? ਇਕ ਤਾਂ ਇਸ ਵਿਚ ਬੀਬੀ ਹੈ ਜੋ ਮਜੀਠੀਆ ਤੋਂ ਜਿੱਤੀ ਹੈ। ਉਹ ਇਹ ਭਾਰ ਕਿਥੋਂ ਚੁਕੇਗੀ ? ਇਹ ਸਿਆਸੀ ਪਾਰਟੀ ਦੀ ਅਰਥੀ ਸੁਟਕੇ ਭੱਜਣਗੇ। ਪੰਥਕ ਵਿਦਵਾਨਾਂ ਦਾ ਬਾਦਲਾਂ ਬਾਰੇ ਕੇਂਦਰੀ ਨੁਕਤਾ ਹੈ ਕਿ ਬਾਦਲਕਿਆਂ ਨੇ ਪੰਥ ਛੱਡ ਦਿੱਤਾ ਤੇ ਭਗਵੇਂਪੱਖੀ ਪੰਜਾਬੀ ਪਾਰਟੀ ਬਣ ਗਿਆ। ਇਹ ਬਾਦਲ ਰੰਗੀ ਅਕਾਲੀ ਸਿਆਸਤ ਦੀ ਮੌਤ ਹੈ। ਪੰਥ ਦਾ ਸੰਕਲਪ ਬ੍ਰਹਿਮੰਡੀ ਚੇਤਨਾ ਦਾ ਵਿਸ਼ਵ ਪਾਸਾਰ ਹੈ।ਪੰਜਾਬੀ ਚੇਤਨਾ ਖਾਲਸਾ ਜੀ ਦਾ ਇਕ ਏਜੰਡਾ ਹੈ। ਸਰਬੱਤ ਦਾ ਭਲਾ ਬ੍ਰਹਿਮੰਡੀ ਚੇਤਨਾ ਅਕਾਲੀ ਰਾਜਨੀਤੀ ਦੀ ਪੰਥਕ ਚੇਤਨਾ ਹੈ ਜੋ ਬਾਦਲਕਿਆਂ ਨੇ ਅਖੌਤੀ ਨਿਰਪੱਖਤਾ ਅਧੀਨ ਖਤਮ ਕੀਤੀ ਹੈ। ਅੱਜ ਤੁਸੀਂ ਦੇਖੋ ਬਾਦਲਕਿਆਂ ਦਾ ਪੰਥ ਨੇ ਸਾਥ ਛਡਿਆ, ਇਹ ਸਿਆਸੀ ਮੌਤ ਦੇ ਨੇੜੇ ਪਹੁੰਚ ਗਏ ਜਿਥੇ ਕੋਈ ਆਕਸੀਜਨ ਕੰਮ ਨਹੀਂ ਕਰ ਰਹੀ। ਅੱਗੋਂ ਬਾਦਲਕਿਆਂ ਨਾਲ ਕੀ ਵਾਪਰੇਗਾ ਉਸਦਾ ਅਗਾਜ ਗੁਰੂਘਰ ਦੇ ਕੀਰਤਨੀਆਂ ਨੇ ਕਰ ਦਿਤਾ ਕਿ ਜਥੇਦਾਰ ਹਰਪ੍ਰੀਤ ਸਿੰਘ ਦਾ ਫੁਰਮਾਨ ਜਿਸ ਵਿਚ ਬਾਦਲਾਂ ਦੀ ਹਾਰ ਦਾ ਕਾਰਨ ਪੰਥ ਨੂੰ ਜਿੰਮੇਵਾਰ ਠਹਿਰਾ ਕੇ ਜਲੀਲ ਕੀਤਾ ਉਸ ਨੂੰ ਖਾਲਸਾ ਪੰਥ ਬਰਦਾਸ਼ਤ ਨਹੀਂ ਕਰੇਗਾ। ਬਾਦਲਕੇ ਤਿੰਨ ਜਥੇਦਾਰਾਂ ਦੀ ਬਲੀ ਲੈ ਚੁੱਕੇ ਹਨ ਜਿਨਾਂ ਵਿਚ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ, ਜਥੇਦਾਰ ਗੁਰਬਚਨ ਸਿੰਘ, ਜਥੇਦਾਰ ਹਰਪ੍ਰੀਤ ਸਿੰਘ ਸ਼ਾਮਲ ਹਨ।ਖਾਲਸਾ ਪੰਥ ਨੂੰ ਸਤਿਗੁਰੂ ਗੋਬਿੰਦ ਸਿੰਘ ਜੀ ਵਲੋਂ ਸੌਂਪੀ ਜ਼ਿੰਮੇਵਾਰੀ ਦਾ ਅਹਿਸਾਸ ਹੋ ਚੁਕਾ ਹੈ ਕਿ ਥੋਡੇ ਵਿਚ ਮੈਂ ਵਸਦਾ ਹਾਂ। ਸੰਸਾਰੀ ਗੁਲਾਮੀ ਵਿਚੋਂ ਬਾਹਰ ਨਿਕਲੋ। ਜੇ ਖਾਲਸਾ ਜੀ ਵਿਚ ਇਹ ਅਹਿਸਾਸ ਨਾ ਹੁੰਦਾ ਤਾਂ ਬਾਦਲ ਦਲ ਦੀ ਪੰਜਾਬ ਉਪਰ ਪ੍ਰਭੂਸੱਤਾ ਚਲਦੀ ਰਹਿੰਦੀ। ਸ਼ਿਵਲਿੰਗ ਪੂਜਾ ਮਥੇ ਉਪਰ ਸਨਾਤਨੀ ਤਿਲਕ, ਹੋਲੀ ਦੇ ਰੰਗ, ਪ੍ਰੇਮੀਆਂ ਦੇ ਸਿਰਸਾ ਵਾਲੇ ਪਿਤਾ ਜੀ ਸੌਦਾ ਵਾਲਿਆਂ ਦੀ ਕ੍ਰਿਪਾ ਨਾ ਵਰਸ ਸਕੀ।ਬਾਦਲ ਕੇ ਪੰਥ ਨੂੰ ਅਵਾਜ਼ ਮਾਰ ਰਹੇ ਹਨ, ਬਹੁੜੋ ਖਾਲਸਾ ਜੀ। ਪਰ ਖਾਲਸਾ ਜੀ ਸਤਿਗੁਰੂ ਦਸ਼ਮੇਸ਼ ਕਲਗੀਧਰ ਪਿਤਾ ਸਾਹਿਬ ਗੋਬਿੰਦ ਸਿੰਘ ਜੀ ਦੀ ਭਗਤੀ ਵਿਚ ਮਸਤ ਹਨ। ਇਸ ਭਗਤੀ ਵਿਚ ਜੋ ਲੋਕ ਬਾਦਲਕਿਆਂ ਨੂੰ ਛੱਡ ਖਾਲਸਾ ਜੀ ਦੀ ਗੁਰ ਭਗਤੀ ਵਿਚ ਸ਼ਾਮਲ ਹੋਣਗੇ ਉਹ ਪ੍ਰਵਾਨੇ ਜਾਣਗੇ। ਇਸ ਭਗਤੀ ਵਿਚੋਂ ਨਵ ਅਕਾਲੀ ਦਲ ਦੀ ਸਿਰਜਣਾ ਹੋਵੇਗੀ।ਵਿਚਾਰਾਂ ਨੂੰ ਰਿੜਕਨ ਦਾ ਅਗਾਜ ਗੁਰੂ ਘਰ ਦੇ ਕੀਰਤਨੀਆਂ ਨੇ ਦਰਬਾਰ ਸਾਹਿਬ ਤੋਂ ਕਰਕੇ ਇਤਿਹਾਸ ਦੀ ਪੁਨਰ ਸਿਰਜਣਾ ਵਲ ਸਫਰ ਦਾ ਹੁੰਗਾਰਾ ਦਿਤਾ ਹੈ।ਬਾਦਲ ਦਲ ਦੇ ਮਹਾਂਰਥੀ ਆਪਣੇ ਵਿਚੋਂ ਉਠ ਰਹੀ ਬਗਾਵਤ ਨੂੰ ਲੁਕਾ ਰਹੇ ਹਨ।

**ਸੱਚੋ ਸੱਚ ਦਸ ਵੇ ਜੋਗੀਆ**

ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲਾ ਪ੍ਰਧਾਨਾਂ ਦੀ ਬੀਤੇ ਦਿਨੀਂ ਪਾਰਟੀ ਮੁੱਖ ਦਫ਼ਤਰ ਵਿਚ ਹੋਈਆਂ ਮੀਟਿੰਗਾਂ



ਦੌਰਾਨ ਚੋਣ ਨਤੀਜਿਆਂ ਦੀ ਕੀਤੀ ਸਮੀਖਿਆ ਮੌਕੇ ਸੀਨੀਅਰ ਅਕਾਲੀ ਲੀਡਰਸ਼ਿਪ ਦੀ ਤਿੱਖੀ ਆਲੋਚਨਾ ਕਰਦਿਆਂ ਇਸ ਹਾਰ ਲਈ ਬਾਦਲ ਪਰਿਵਾਰ ਨੂੰ ਜ਼ਿੰਮੇਵਾਰ ਠਹਿਰਾਇਆ। ਜ਼ਿਲਾ ਪ੍ਰਧਾਨਾਂ ਦਾ ਕਹਿਣਾ ਸੀ ਕਿ 2017 ਦੀਆਂ ਚੋਣਾਂ ਦੌਰਾਨ ਪਾਰਟੀ ਨੂੰ ਮਿਲੀ ਨਮੋਸ਼ੀਜਨਕ ਹਾਰ ਤੋਂ ਬਾਅਦ ਮੁੱਖ ਅਕਾਲੀ ਆਗੂਆਂ ਨੇ ਆਪਣੇ ਕੰਮ ਕਰਨ ਦੇ ਤੌਰ ਤਰੀਕਿਆਂ ਵਿਚ ਕੋਈ ਤਬਦੀਲੀ ਨਹੀਂ ਲਿਆਂਦੀ ਅਤੇ ਪੰਥ ਵਿਰੋਧੀ ਵਰਤਾਰਾ ਲਗਾਤਾਰ ਜਾਰੀ ਰਖਿਆ। ਪਾਰਟੀ ਦਾ ਪੰਥਕ ਅਕਸ ਖ਼ਤਮ ਕਰਨ ਦਾ ਵੀ ਬਾਦਲ ਪਰਿਵਾਰ ਉਪਰ ਕਈ ਪ੍ਰਧਾਨਾਂ ਨੇ ਦੋਸ਼ ਲਗਾਇਆ ਤੇ ਕਈਆਂ ਨੇ ਬੇਅਦਬੀਆਂ ਦੇ ਮੁੱਦਿਆਂ ਤੇ ਡੇਰਾ ਸਿਰਸਾ ਕਾਰਨ ਘਿਰੇ ਜਥੇਬੰਦੀ ਲਈ ਬਾਦਲ ਲੀਡਰਸ਼ਿਪ ਨੂੰ ਜ਼ਿੰਮੇਵਾਰ ਦੱਸਿਆ । ਕਈ ਜ਼ਿਲਾ ਪ੍ਰਧਾਨਾਂ ਵਲੋਂ ਪਾਰਟੀ ਵਿਚ ਬਾਦਲਾਂ ਨੂੰ ਛੱਡਕੇ ਨਵੀਂ ਲੀਡਰਸ਼ਿਪ ਸਿਰਜਣ ਦੀ ਵੀ ਗੱਲ ਕਹੀ ਗਈ। ਪਰ ਪਾਰਟੀ ਦਫ਼ਤਰ ਵਲੋਂ ਮੀਟਿੰਗ ਤੋਂ ਬਾਅਦ ਜਾਰੀ ਕੀਤੇ ਪ੍ਰੈਸ ਨੋਟ ਵਿਚ ਇਸ ਦੇ ਉਲਟ ਇਹ ਦਾਅਵਾ ਕੀਤਾ ਗਿਆ ਕਿ ਸਾਰੇ ਜ਼ਿਲਾ ਪ੍ਰਧਾਨਾਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਅਸਤੀਫ਼ਾ ਰੱਦ ਕਰਦਿਆਂ ਉਨਾਂ ਨੂੰ ਕੰਮ ਕਰਦੇ ਰਹਿਣ ਲਈ ਕਿਹਾ। ਜਥੇਦਾਰਾਂ ਦੀ ਬਾਦਲ ਪਰਿਵਾਰ ਵਿਰੁਧ ਨਾਰਾਜ਼ਗੀ ਤੇ ਪਸਰ ਰਹੀ ਬਗਾਵਤ ਦੀ ਖਬਰ ਨਾ ਫੈਲਣ ਦਿੱਤੀ। ਬਾਦਲ ਪਰਿਵਾਰ ਨੂੰ ਦਿੱਲੀ ਵਿਚ ਸਿਆਸੀ ਝਟਕੇ ਲੱਗਣੇ ਸ਼ੁਰੂ ਹੋ ਗਏ ਹਨ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਾਦਲ ਦਲ ਦੇ 28 ਮੈਂਬਰਾਂ ਨੇ ਬਾਦਲ ਦਲ ਤੋਂ ਵੱਖਰੇ ਹੋ ਕੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਬਣਾਉਣ ਦਾ ਫ਼ੈਸਲਾ ਲਿਆ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਜਿੱਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਆਪਣੀ ਵੱਖਰੀ ਇਕਾਈ 'ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ' ਦਾ ਗਠਨ ਕਰ ਲਿਆ ਹੈ ਜਿਸ ਮਗਰੋਂ ਦਿੱਲੀ ਦੀ ਸਿੱਖ ਰਾਜਨੀਤੀ 'ਚੋਂ ਵੀ ਬਾਦਲ ਧੜੇ ਦਾ ਸਫ਼ਾਇਆ ਹੋ ਗਿਆ ਹੈ। ਹੁਣ ਦਿੱਲੀ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਨਵੇਂ ਅਹੁਦੇਦਾਰ ਬਣਾਉਣੇ ਪੈਣਗੇ ਕਿਉਂਕਿ ਬਹੁਤੇ ਅਹੁਦੇਦਾਰ ਤੇ ਕਾਰਕੁਨ ਨਵੇਂ ਬਣੀ ਇਕਾਈ 'ਚ ਚਲੇ ਗਏ ਹਨ। ਬਾਦਲ ਧੜੇ ਦਾ ਰਕਾਬਗੰਜ ਸਥਿਤ ਦਫ਼ਤਰ ਵੀ ਹੁਣ ਇਸ ਨਵੇਂ ਦਲ ਦੇ ਕਬਜ਼ੇ ਹੇਠ ਆ ਗਿਆ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਅਤੇ ਦਿੱਲੀ ਦੇ ਸਿੱਖਾਂ ਨੇ ਆਪਣੀ ਪਾਰਟੀ 'ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ' ਬਣਾਉਣ ਦਾ ਐਲਾਨ ਕਰਦਿਆਂ ਕਿਹਾ ਕਿ ਇਹ ਪਾਰਟੀ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਾਸਤੇ ਪੰਥਕ ਰਵਾਇਤਾਂ ਮੁਤਾਬਕ ਕੰਮ ਕਰੇਗੀ।

ਦਿੱਲੀ ਗੁਰਦੁਆਰਾ ਕਮੇਟੀ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਪਾਰਟੀ ਦੇ ਮੁੱਖ ਸਰਪ੍ਰਸਤ ਚੁਣੇ ਗਏ ਹਨ। ਹਰਮੀਤ ਸਿੰਘ ਕਾਲਕਾ ਨੇ ਦੱਸਿਆ ਕਿ ਐੱਮਪੀਐੱਸ ਚੱਢਾ ਪਾਰਟੀ ਦੇ ਪ੍ਰਧਾਨ ਚੁਣੇ ਗਏ ਹਨ ਜਦਕਿ ਸੀਨੀਅਰ ਆਗੂ ਭਜਨ ਸਿੰਘ ਵਾਲੀਆ ਤੇ ਹਰਵਿੰਦਰ ਸਿੰਘ ਕੇਪੀ ਨੂੰ ਪਾਰਟੀ ਦਾ ਸਰਪ੍ਰਸਤ ਚੁਣਿਆ ਗਿਆ ਹੈ। ਪਾਰਟੀ ਦੀ ਕੋਰ ਕਮੇਟੀ ਸਮੇਤ ਜਥੇਬੰਦਕ ਢਾਂਚੇ ਨੂੰ ਮੁਕੰਮਲ ਕਰਨ ਵਾਸਤੇ ਪੰਜ ਮੈਂਬਰੀ ਕਮੇਟੀ ਬਣਾਈ ਗਈ ਹੈ ਜੋ 10 ਦਿਨਾਂ ਅੰਦਰ ਆਪਣੀ ਰਿਪੋਰਟ ਦੇਵੇਗੀ। ਉਨਾਂ ਆਸ ਪ੍ਰਗਟ ਕੀਤੀ ਕਿ ਉਦੋਂ ਤੱਕ ਪਾਰਟੀ ਨੂੰ ਚੋਣ ਨਿਸ਼ਾਨ ਵੀ ਮਿਲ ਜਾਵੇਗਾ। ਇਸ ਕਮੇਟੀ ਵਿਚ ਆਤਮਾ ਸਿੰਘ, ਬਲਬੀਰ ਸਿੰਘ ਵਿਵੇਕ ਵਿਹਾਰ, ਅਮਰਜੀਤ ਸਿੰਘ, ਅਮਰਜੀਤ ਸਿੰਘ ਪਿੰਕੀ ਤੇ ਹਰਵਿੰਦਰ ਸਿੰਘ ਕੇਪੀ ਨੂੰ ਸ਼ਾਮਲ ਕੀਤਾ ਗਿਆ ਹੈ। ਕਾਲਕਾ ਨੇ ਕਿਹਾ ਕਿ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਨੇ ਪੰਥ ਦਾ ਭਰੋਸਾ ਗੁਆ ਲਿਆ ਹੈ ਜਿਸ ਦਾ ਸਬੂਤ ਪੰਜਾਬ ਚੋਣਾਂ ਦੇ ਨਤੀਜੇ ਹਨ। ਇਸ ਤੋਂ ਬਾਅਦ ਅਕਾਲੀ ਦਲ ਬਾਦਲ ਨੇ ਦਿੱਲੀ ਵਿਚ ਆਪਣਾ ਯੂਨਿਟ ਚਲਦਾ ਰੱਖਣ ਲਈ ਅਵਤਾਰ ਸਿੰਘ ਹਿਤ ਦੀ ਅਗਵਾਈ ਵਿਚ ਜਿਹੜੀ 7 ਮੈਂਬਰੀ ਕਮੇਟੀ ਦਾ ਐਲਾਨ ਕੀਤਾ ਹੈ, ਉਸ ਦੇ ਵੀ ਬਹੁਤੇ ਮੈਂਬਰਾਂ ਵਲੋਂ ਉਸ ਵਿਚ ਸ਼ਾਮਿਲ ਹੋਣ ਤੋਂ ਇਨਕਾਰ ਕੀਤੇ ਜਾਣ ਦੇ ਆਸਾਰ ਨਜ਼ਰ ਆ ਰਹੇ ਹਨ। ਵਿਧਾਨ ਸਭਾ ਵਿਚ ਹਾਰ ਤੋਂ ਬਾਅਦ ਅਕਾਲੀ ਦਲ ਬਾਦਲ ਕੋਲੋਂ ਦਿੱਲੀ ਗੁਰਦੁਆਰਾ ਕਮੇਟੀ ਅਤੇ ਤਖ਼ਤ ਪਟਨਾ ਸਾਹਿਬ ਦਾ ਪ੍ਰਬੰਧ ਖੁਸ ਚੁੱਕਾ ਹੈ। ਪੰਜਾਬ ਵਿਚ ਵੀ ਸ਼੍ਰੋਮਣੀ ਕਮੇਟੀ ਵਿਚ ਬਗ਼ਾਵਤ ਦੀ ਸੰਭਾਵਨਾ ਬਣ ਰਹੀ ਹੈ। ਜਥੇਦਾਰ ਹਰਪ੍ਰੀਤ ਸਿੰਘ ਦਾ ਬਿਆਨ ਬਾਦਲਾਂ ਦੀ ਰਾਜਨੀਤਕ ਤਬਾਹੀ ਦਾ ਕਾਰਨ ਬਣ ਰਿਹਾ ਹੈ। ਸੱਤਾ ਦਾ ਹੰਕਾਰ ਬੰਦੇ ਨੂੰ ਕਿੱਥੇ ਸੁੱਟ ਦਿੰਦਾ ਹੈ ਇਸ ਦੇ ਨਜ਼ਾਰੇ ਕਾਂਗਰਸ ਵਿਚ ਵੀ ਦੇਖਣ ਨੂੰ ਮਿਲਣਗੇ।

### ਕੌਮੀ ਪਾਰਟੀਆਂ ਦੀ ਗਿਣਤੀ ਵਿਚ ਹੋਵੇਗਾ ਵਾਧਾ

ਭਾਰਤ ਵਿਚ ਕੌਮੀ ਪੱਧਰ ਦੀਆਂ ਕੁੱਲ ਸੱਤ ਸਿਆਸੀ ਪਾਰਟੀਆਂ ਹਨ, ਪਰ ਆਉਣ ਵਾਲੇ ਦਿਨਾਂ ਵਿਚ ਇਨਾਂ ਦੀ ਗਿਣਤੀ ਵਿਚ ਵਾਧਾ ਹੋ ਸਕਦਾ ਹੈ।ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਆਮ ਆਦਮੀ ਪਾਰਟੀ ਕੌਮੀ ਪਾਰਟੀ ਬਣਨ ਦੀ ਦੌੜ ਵਿਚ ਆਪਣੀ ਮੰਜ਼ਿਲ ਦੇ ਬਹੁਤ ਨੇੜੇ ਪਹੁੰਚ ਗਈ ਹੈ। ਕੌਮੀ ਪਾਰਟੀ ਬਣਨ ਲਈ ਚੋਣ ਕਮਿਸ਼ਨ ਵਲੋਂ ਤੈਅ ਮਾਪਦੰਡਾਂ ਵਿਚੋਂ ਘੱਟ ਤੋਂ ਘੱਟ ਇਕ ਮਾਪਦੰਡ ਆਮ ਆਦਮੀ ਪਾਰਟੀ ਇਸ ਸਾਲ ਪੂਰਾ ਕਰ ਲਵੇਗੀ। ਉਸ ਨੂੰ ਤਿੰਨ ਸੂਬਿਆਂ ਵਿਚ ਖੇਤਰੀ ਪਾਰਟੀ ਹੋਣ ਦਾ ਦਰਜਾ ਮਿਲਿਆ ਹੋਇਆ ਹੈ ਅਤੇ ਸਾਲ ਦੇ ਅਖੀਰ ਵਿਚ ਗੁਜਰਾਤ ਤੇ ਹਿਮਾਚਲ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਹੋਣ ਵਾਲੀਆਂ ਹਨ, ਜਿੱਥੇ ਉਹ ਚੋਣਾਂ ਲੜੇਗੀ। ਆਪ ਪਾਰਟੀ ਨੂੰ ਉਮੀਦ ਹੈ ਕਿ ਉਹ ਇਸ ਸਾਲ ਦੇ ਅਖੀਰ ਵਿਚ ਇਸ ਨੂੰ ਪੂਰਾ ਕਰ ਲਵੇਗੀ। ਉਸ ਨੂੰ ਅਜੇ ਗੋਆ, ਪੰਜਾਬ ਤੇ ਦਿੱਲੀ ਵਿਚ ਖੇਤਰੀ ਪਾਰਟੀ ਦਾ ਦਰਜਾ ਮਿਲਿਆ ਹੋਇਆ ਹੈ। ਇਸ ਸਮੇਂ ਭਾਜਪਾ, ਕਾਂਗਰਸ, ਤ੍ਰਿਣਮੂਲ ਕਾਂਗਰਸ, ਸੀਪੀਐਮ, ਸੀਪੀਆਈ, ਬਸਪਾ ਤੇ ਐਨਸੀਪੀ ਨੂੰ ਕੌਮੀ ਪਾਰਟੀ ਦਾ ਦਰਜਾ ਹਾਸਲ ਹੈ। ਐਨਪੀਪੀ ਪੂਰਬ-ਉੱਤਰ ਦੀ ਪਹਿਲੀ ਪਾਰਟੀ ਹੈ, ਜਿਸ ਨੂੰ ਕੌਮੀ ਪਾਰਟੀ ਦਾ ਦਰਜਾ ਮਿਲਿਆ ਹੈ। ਉਹ ਚਾਰ ਸੂਬਿਆਂ (ਮੇਘਾਲਿਆ, ਮਣੀਪੁਰ, ਅਰੁਣਾਚਲ ਪ੍ਰਦੇਸ਼ ਅਤੇ ਨਾਗਾਲੈਂਡ) ਵਿਚ ਮਾਨਤਾ ਪ੍ਰਾਪਤ ਖੇਤਰੀ ਪਾਰਟੀ ਹੈ। ਸ਼ਰਦ ਪਵਾਰ ਦੀ ਐਨਸੀਪੀ ਵੀ ਇਕ ਸਮੇਂ ਰਾਸ਼ਟਰੀ ਪਾਰਟੀ ਬਣ ਗਈ ਸੀ, ਪਰ ਬਾਅਦ ਵਿਚ ਉਸ ਦਾ ਇਹ ਦਰਜਾ ਬਰਕਰਾਰ ਨਾ ਰਿਹਾ। ਉਹ ਹੁਣ ਫਿਰ ਇਸ ਦੌੜ ਵਿਚ ਹੈ ਅਤੇ ਨਵੀਂ ਪਾਰਟੀ ਨੀਤੀਸ਼ ਕੁਮਾਰ ਦਾ ਜਨਤਾ ਦਲ (ਯੂ) ਹੈ, ਜਿਸ ਨੇ ਮਨੀਪੁਰ ਵਿਚ ਛੇ ਸੀਟਾਂ ਜਿੱਤੀਆਂ ਹਨ। ਬਿਹਾਰ, ਮਨੀਪੁਰ ਅਤੇ ਅਰੁਣਾਚਲ ਪ੍ਰਦੇਸ਼ ਵਿਚ ਉਸ ਨੂੰ ਖੇਤਰੀ ਪਾਰਟੀ ਦਾ ਦਰਜਾ ਮਿਲਿਆ ਹੋਇਆ ਹੈ ਅਤੇ 2023 ਦੀਆਂ ਚੋਣਾਂ ਵਿਚ ਉਹ ਮੇਘਾਲਿਆ ਅਤੇ ਨਾਗਾਲੈਂਡ ਵਿਚ ਖੇਤਰੀ ਪਾਰਟੀ ਦਾ ਦਰਜਾ ਹਾਸਲ ਕਰਨ ਦੀ ਕੋਸ਼ਿਸ਼ ਕਰੇਗੀ।



# ਵਿਧਾਨ ਸਭਾ ਚੋਣਾਂ ਵਿਚ ਪੰਜਾਬ ਨੇ ਹਮੇਸ਼ਾ ਲਿਖੀ ਨਵੀਂ ਇਬਾਰਤ

**ਤਲਵਿੰਦਰ ਸਿੰਘ ਬੁਟਰ**

ਚੋਣ ਇਤਿਹਾਸ ਵਿਚ ਪੰਜਾਬ ਨੇ ਹਮੇਸ਼ਾ ਨਵੀਂ ਰਾਜਨੀਤਕ ਇਬਾਰਤ ਲਿਖੀ ਹੈ। 16ਵੀਆਂ ਵਿਧਾਨ ਸਭਾ ਚੋਣਾਂ ਵਿਚ ਪੰਜਾਬੀਆਂ ਨੇ, ਪੰਜਾਬੀ ਸੂਬਾ ਬਣਨ ਤੋਂ ਬਾਅਦ ਪਹਿਲੀ ਵਾਰ ਕਿਸੇ ਪਾਰਟੀ ਨੂੰ ਏਨਾ ਵੱਡਾ ਬਹੁਮਤ ਦਿੱਤਾ ਹੈ। ਇਸ ਤੋਂ ਪਹਿਲਾਂ 1992 ਦੀਆਂ ਸੂਬਾਈ ਚੋਣਾਂ ਵਿਚ ਕਾਂਗਰਸ ਨੇ 87 ਸੀਟਾਂ 'ਤੇ ਰਿਕਾਰਡ ਬਹੁਮਤ ਹਾਸਲ ਕੀਤਾ ਸੀ ਪਰ ਉਸ ਵੇਲੇ ਸ਼੍ਰੋਮਣੀ ਅਕਾਲੀ ਦਲ ਵਲੋਂ ਚੋਣਾਂ ਦਾ ਬਾਈਕਾਟ ਕਰਨ ਸਦਕਾ ਮੈਦਾਨ ਕਾਂਗਰਸ ਲਈ ਖਾਲੀ ਸੀ। ਚੋਣ ਇਤਿਹਾਸ ਵਿਚ ਪਹਿਲੀ ਵਾਰ ਪੰਜਾਬ ਵਿਚ ਅਕਾਲੀ ਦਲ ਅਤੇ ਕਾਂਗਰਸ ਨੂੰ ਛੱਡ ਕੇ ਤੀਜਾ ਬਦਲ ਸੱਤਾ ਵਿਚ ਆਇਆ ਹੈ। ਪਿਛਲੇ ਕਈ ਦਹਾਕਿਆਂ ਤੋਂ ਰਵਾਇਤੀ ਪਾਰਟੀਆਂ ਦੀ 'ਉਤਰ ਕਾਟੋ, ਮੈਂ ਚੜ੍ਹਾਂ' ਦੀ ਖੇਡ ਤੋਂ ਤੰਗ ਆਏ ਪੰਜਾਬੀਆਂ ਨੇ ਤਬਦੀਲੀ ਦੀ ਹਨੇਰੀ ਵਿਚ ਪੰਜਾਬ ਦੀ ਸਿਆਸਤ ਦੇ ਧੁਰੰਤਰ ਆਗੂ ਤੱਕ ਬੁਰੀ ਤਰਾਂ ਹਰਾ ਦਿੱਤੇ ਹਨ। ਪੰਜ ਵਾਰ ਮੁੱਖ ਮੰਤਰੀ ਰਹੇ ਅਕਾਲੀ ਸਿਆਸਤ ਦੇ ਬਾਬਾ ਬੋਹੜ ਪ੍ਰਕਾਸ਼ ਸਿੰਘ ਬਾਦਲ ਅਤੇ ਪਟਿਆਲਾ ਰਿਆਸਤ ਦੇ ਸ਼ਾਹ-ਅਸਵਾਰ ਤੇ ਦੋ ਵਾਰ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਰਗੇ ਪੰਜਾਬ ਦੇ ਬਜ਼ੁਰਗ ਸਿਆਸੀ ਆਗੂਆਂ ਨੂੰ ਜੀਵਨ ਦੇ ਆਖ਼ਰੀ ਪੜਾਅ 'ਤੇ ਮਿਲੀ ਨਮੋਸ਼ੀਜਨਕ ਹਾਰ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਹੁਣ ਰਾਜਨੀਤੀ ਸਿਰਫ਼ ਵੱਡੇ ਘਰਾਂ ਦੀ ਵਿਰਾਸਤ ਨਹੀਂ ਰਹੀ। ਇਸ ਤੋਂ ਇਲਾਵਾ ਮੌਜੂਦਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਸਮੇਤ 10 ਕੈਬਨਿਟ ਮੰਤਰੀਆਂ, ਕਾਂਗਰਸ ਦੇ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਬਿਲਕੁਲ ਨਵੇਂ ਅਤੇ ਗ਼ੈਰ-ਸਿਆਸੀ ਪਿਛੋਕੜ ਵਾਲੇ ਚਿਹਰਿਆਂ ਅੱਗੇ ਹਾਰ ਵੀ ਸਮਾਂ ਵਿਹਾਅ ਚੁੱਕੇ ਰਵਾਇਤੀ ਰਾਜਨੀਤਕ ਤੌਰ-ਤਰੀਕਿਆਂ ਵਿਚ ਵੱਡੀ ਤਬਦੀਲੀ ਦੀ ਲੋੜ ਵੱਲ ਇਸ਼ਾਰਾ ਕਰਦੀ ਹੈ।

ਬੇਸ਼ੱਕ ਇਸ ਵਾਰ ਪੰਜਾਬ ਵਿਚ ਬਦਲਾਓ ਦੀ ਵੱਡੀ ਲਹਿਰ ਬਣ ਗਈ ਸੀ ਪਰ ਜਿਸ ਤਰੀਕੇ ਨਾਲ ਲੋਕਮਤ ਵਿਚ ਆਪ ਪਾਰਟੀ ਦੇ ਹੱਕ ਵਿਚ ਇਕਤਰਫ਼ਾ ਫ਼ਤਵਾ ਆਇਆ ਹੈ ਅਤੇ ਵਿਰੋਧੀ ਧਿਰ ਵਿਚ ਬੈਠਣ ਲਈ ਕਿਸੇ ਪਾਰਟੀ ਨੂੰ ਮਜ਼ਬੂਤ ਸਥਿਤੀ ਵੀ ਨਹੀਂ ਮਿਲ ਸਕੀ, ਉਸ ਤੋਂ ਹਰ ਕੋਈ ਹੈਰਾਨ ਹੈ। ਜੋ ਬਹੁਮਤ ਦਾਅਵਿਆਂ ਤੇ ਕਲਪਨਾ ਤੋਂ ਵੀ ਉੱਪਰ ਆਪ ਪਾਰਟੀ ਨੂੰ ਮਿਲਿਆ ਹੈ, ਉਸ ਦਾ ਅੰਦਾਜ਼ਾ ਸ਼ਾਇਦ ਇਸ ਦੀ ਲੀਡਰਸ਼ਿਪ ਨੂੰ ਵੀ ਨਹੀਂ ਸੀ।

ਦਰਅਸਲ ਜਦੋਂ ਰਾਜਨੀਤੀ ਵਿਚ ਝੂਠ, ਫਰੇਬ, ਲਾਰੇ, ਭ੍ਰਿਸ਼ਟਾਚਾਰ, ਮਿਲੀਭੁਗਤ ਅਤੇ ਅਨੈਤਿਕਤਾ ਸਿਖ਼ਰਾਂ ਤੱਕ ਪਹੁੰਚ ਜਾਵੇ ਤਾਂ ਫਿਰ ਕੁਝ ਨਾ ਕੁਝ ਵੱਡਾ ਤੇ ਅਣਕਿਆਸਿਆ ਜ਼ਰੂਰ ਵਾਪਰਦਾ ਹੈ। ਇਹੀ ਇਸ ਵਾਰ ਪੰਜਾਬ ਵਿਚ ਹੋਇਆ। ਉਂਜ ਪਿਛਲੇ ਲੰਬੇ ਅਰਸੇ ਤੋਂ ਪੰਜਾਬ ਵਿਚ ਤੀਜੇ ਬਦਲ ਦੀ ਉਮੰਗ ਉੱਭਰਦੀ ਰਹੀ ਹੈ। ਸਾਲ 2012 ਵਿਚ 'ਪੀਪਲਜ਼ ਪਾਰਟੀ ਆਫ਼ ਪੰਜਾਬ' ਨੇ ਇਸ ਉਮੰਗ ਨੂੰ ਪੂਰਾ ਕਰਨ ਦਾ ਯਤਨ ਕੀਤਾ ਪਰ ਉਹ ਅਸਫਲ ਰਹੀ। ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਆਪ ਪਾਰਟੀ ਦੇ ਹੱਕ ਵਿਚ ਤੀਜਾ ਬਦਲ ਉਸਾਰਨ ਦਾ ਵੱਡਾ ਮਾਹੌਲ ਬਣਿਆ ਪਰ ਇਸ ਦੀ ਲੀਡਰਸ਼ਿਪ ਵਲੋਂ ਪੰਜਾਬ ਦੀ ਰਾਜਨੀਤੀ ਦੇ ਸਰੋਕਾਰਾਂ ਤੇ ਰਵਾਇਤ ਨੂੰ ਸਮਝਣ ਵਿਚ ਖਾਧੇ ਟਪਲੇ, ਰਾਜਨੀਤਕ ਪਰਪੱਕਤਾ ਪੱਖੋਂ ਹੋਈਆਂ ਗ਼ਲਤੀਆਂ ਅਤੇ ਗ਼ੈਰ-ਸੰਜੀਦਾ ਬਿਆਨਬਾਜ਼ੀ ਕਾਰਨ ਅਤੇ ਕੁਝ ਵਿਰੋਧੀ ਪਾਰਟੀਆਂ ਵਲੋਂ 'ਬਾਹਰੀ ਪਾਰਟੀ' ਦੇ ਖੜੇ ਕੀਤੇ ਬਿਰਤਾਂਤ ਦੇ ਕਾਰਨ ਇਸ ਦੀ ਬਣੀ-ਬਣਾਈ ਖੇਡ ਵਿਗੜ ਗਈ ਸੀ। ਉਸ ਸਮੇਂ ਤਬਦੀਲੀ ਦੀ ਤੀਬਰ ਲਹਿਰ ਨੂੰ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਕਾਂਗਰਸ ਆਪਣੇ ਹੱਕ ਵਿਚ ਭੁਗਤਾਉਣ ਵਿਚ ਸਫਲ ਰਹੀ। 'ਚਾਰ ਹਫ਼ਤਿਆਂ ਅੰਦਰ ਨਸ਼ਾ ਖ਼ਤਮ ਕਰਨ', 'ਘਰ-ਘਰ ਸਰਕਾਰੀ ਨੌਕਰੀ ਦੇਣ' ਅਤੇ ਨਾਜਾਇਜ਼ ਮਾਈਨਿੰਗ ਖ਼ਤਮ ਕਰਕੇ ਕਾਨੂੰਨ ਦਾ ਰਾਜ ਦੇਣ ਦੇ ਵਾਅਦਿਆਂ ਨਾਲ ਕੈਪਟਨ ਦੀ ਅਗਵਾਈ ਵਿਚ ਕਾਂਗਰਸ 77 ਸੀਟਾਂ ਨਾਲ ਵੱਡਾ ਬਹੁਮਤ ਲੈ ਕੇ ਸੱਤਾ ਵਿਚ ਆਈ ਸੀ। ਸਾਢੇ ਚਾਰ ਸਾਲ ਦੇ ਸ਼ਾਸਨ ਦੌਰਾਨ ਕੈਪਟਨ ਅਮਰਿੰਦਰ ਸਿੰਘ ਦੁਆਰਾ ਸੀਸਵਾਂ ਫਾਰਮ ਹਾਊਸ ਤੋਂ ਸਰਕਾਰ ਚਲਾਉਣ ਅਤੇ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਅਦਿਆਂ ਵਲੋਂ ਉੱਕਾ ਹੀ ਮੂੰਹ ਮੋੜ ਲੈਣ ਕਾਰਨ, ਹਰ ਪੱਖੋਂ ਸੂਬੇ ਦੀ ਵਿਗੜਦੀ ਹਾਲਤ ਨੂੰ ਵੇਖਦਿਆਂ ਜਿਸ ਤਰਾਂ ਜਨਤਾ ਵਿਚ ਗੁੱਸੇ, ਬੇਵਿਸ਼ਵਾਸੀ ਅਤੇ 'ਸਬਕ ਸਿਖਾਉਣ ਦੀ ਭਾਵਨਾ' ਪ੍ਰਬਲ ਹੋਈ, ਉਸ ਦਾ ਸਿੱਟਾ ਚੋਣ ਨਤੀਜਿਆਂ ਦੇ ਰੂਪ ਵਿਚ ਸਭ ਦੇ ਸਾਹਮਣੇ ਹੈ। ਕਾਂਗਰਸ ਦਾ ਵੋਟ ਪ੍ਰਤੀਸ਼ਤ ਸਾਲ 2017 ਦੇ 38.5 ਫ਼ੀਸਦੀ ਦੇ ਮੁਕਾਬਲੇ ਡਿਗ ਕੇ 22.98 ਫ਼ੀਸਦੀ ਤੱਕ ਆਉਣਾ ਪਾਰਟੀ ਦੀ ਅਨੁਸ਼ਾਸਨਹੀਣ ਸੂਬਾਈ ਲੀਡਰਸ਼ਿਪ ਦੀ ਨਮੋਸ਼ੀਜਨਕ ਹਾਰ ਹੈ।



ਹਾਲਾਂਕਿ ਮਗਰਲੇ ਚਾਰ ਮਹੀਨੇ ਕਾਂਗਰਸ ਨੇ ਕੈਪਟਨ ਨੂੰ ਲਾਹ ਕੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾ ਕੇ ਸਥਾਪਤੀ ਵਿਰੋਧੀ ਰੁਝਾਨ ਨੂੰ ਠੱਲਣ ਦੀ ਕੋਸ਼ਿਸ਼ ਜ਼ਰੂਰ ਕੀਤੀ ਪਰ ਬਤੌਰ ਮੁੱਖ ਮੰਤਰੀ ਚੰਨੀ ਵਲੋਂ ਕੀਤੇ ਐਲਾਨਾਂ ਨੂੰ ਅਮਲ ਵਿਚ ਲਿਆਉਣ ਵਿਚ ਬੁਰੀ ਤਰਾਂ ਅਸਫਲ ਰਹਿਣ ਅਤੇ ਉਨਾਂ ਦੇ ਭਾਣਜੇ ਨੂੰ ਨਾਜਾਇਜ਼ ਮਾਈਨਿੰਗ ਨਾਲ ਸਬੰਧਤ 10 ਕਰੋੜ ਰੁਪਏ ਦੀ ਰਾਸ਼ੀ ਨਾਲ ਇਨਫ਼ੋਰਸਮੈਂਟ ਡਾਇਰੈਕਟੋਰੇਟ ਵਲੋਂ ਗ੍ਰਿਫ਼ਤਾਰ ਕਰਨ ਸਦਕਾ, ਕਾਂਗਰਸ ਵਲੋਂ ਚੰਨੀ 'ਤੇ ਖੇਡਿਆ ਦਾਅ ਵੀ ਅਸਫਲ ਰਿਹਾ। ਉਂਜ ਵੀ ਕਾਂਗਰਸ ਨੂੰ ਸੱਤਾ ਵਿਚ ਹੋਣ ਕਾਰਨ ਸਥਾਪਤੀ ਵਿਰੋਧੀ ਰੁਝਾਨ ਦਾ ਸਾਹਮਣਾ ਤਾਂ ਕਰਨਾ ਹੀ ਪੈਣਾ ਸੀ, ਸਗੋਂ ਸਰਕਾਰ ਦੌਰਾਨ ਲੋਕ ਸਮੱਸਿਆਵਾਂ ਤੇ ਲੋੜਾਂ ਵੱਲ ਧਿਆਨ ਦੇਣ ਦੀ ਬਜਾਏ ਪੰਜਾਬ ਕਾਂਗਰਸ ਦੇ ਆਗੂਆਂ ਵਲੋਂ ਕੁਰਸੀ ਪਿੱਛੇ ਆਪਸੀ ਕਾਟੋ-ਕਲੇਸ਼ ਵਿਚ ਲਗਾਤਾਰ ਉਲਝੇ ਰਹਿਣ ਕਾਰਨ ਪਾਰਟੀ ਦੀ ਰਹਿੰਦੀ ਬੇੜੀ ਵੀ ਡੁੱਬ ਗਈ। ਨਸ਼ਾ ਤਸਕਰੀ, ਨਾਜਾਇਜ਼ ਮਾਈਨਿੰਗ ਅਤੇ ਸਿਆਸੀ ਧੱਕੇਸ਼ਾਹੀ ਵਿਚ ਲੋਕਾਂ ਨੂੰ 10 ਸਾਲਾ ਅਕਾਲੀ-ਭਾਜਪਾ ਦੇ ਸ਼ਾਸਨ ਨਾਲੋਂ ਕਾਂਗਰਸ ਦੀ ਸਰਕਾਰ ਦੌਰਾਨ ਕੋਈ ਫ਼ਰਕ ਨਜ਼ਰ ਨਹੀਂ ਆਇਆ। ਬੇਰੁਜ਼ਗਾਰੀ ਨੂੰ ਦੂਰ ਕਰਨ, ਬੁਨਿਆਦੀ ਢਾਂਚੇ ਦੇ ਵਿਕਾਸ, ਸਿਹਤ ਤੇ ਸਿੱਖਿਆ ਵਿਚ ਸੁਧਾਰ ਅਤੇ ਸਰਕਾਰੀ ਦਫ਼ਤਰਾਂ ਵਿਚ ਆਮ ਲੋਕਾਂ ਦੀ ਸੁਣਵਾਈ ਦੇ ਮਾਮਲੇ ਵਿਚ ਕਾਂਗਰਸ ਸਰਕਾਰ ਉੱਕਾ ਹੀ ਕੋਈ ਕਾਰਗੁਜ਼ਾਰੀ ਨਹੀਂ ਵਿਖਾ ਸਕੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਨਾਂ 'ਤੇ ਸਿਆਸਤ ਖੇਡਣੀ ਪਰ ਇਸ ਸੰਬੰਧੀ ਦੋਸ਼ੀਆਂ ਨੂੰ ਸਜ਼ਾ ਨਾ ਦੁਆ ਸਕਣਾ ਵੀ ਕਾਂਗਰਸ ਦੀ ਹਾਰ ਦਾ ਇਕ ਕਾਰਨ ਰਿਹਾ।

ਦੂਜੇ ਪਾਸੇ ਪੰਜ ਸਾਲ ਸੱਤਾ ਵਿਚੋਂ ਬਾਹਰ ਰਹਿਣ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਲੋਕਾਂ ਦਾ ਉਹ ਰੋਹ ਮੱਠਾ ਨਹੀਂ ਪੈ ਸਕਿਆ, ਜਿਹੜਾ 2017 'ਚ ਲੋਕਾਂ ਨੇ ਫ਼ਤਵੇ ਦੇ ਰੂਪ ਵਿਚ ਦਿਖਾਇਆ ਸੀ। ਬਲਕਿ ਕਾਂਗਰਸ ਸਰਕਾਰ ਦੌਰਾਨ ਜਦੋਂ-ਜਦੋਂ ਸ਼੍ਰੋਮਣੀ ਅਕਾਲੀ ਦਲ ਨੇ ਨਾਜਾਇਜ਼ ਮਾਈਨਿੰਗ, ਨਸ਼ਾ ਤਸਕਰੀ ਅਤੇ ਰਾਜਨੀਤਕ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਆਵਾਜ਼ ਉਠਾਉਣ ਦੀ ਕੋਸ਼ਿਸ਼ ਕੀਤੀ ਤਾਂ ਲੋਕ ਉਲਟਾ ਅਕਾਲੀ ਦਲ ਦੀ 10 ਸਾਲਾ ਸੱਤਾ ਵੇਲੇ ਹੋਈ ਨਾਜਾਇਜ਼ ਮਾਈਨਿੰਗ ਤੇ ਨਸ਼ਾ ਤਸਕਰੀ ਨੂੰ ਲੈ ਕੇ ਮੋੜਵੇਂ ਸਵਾਲ ਖੜੇ ਕਰਨ ਲੱਗ ਜਾਂਦੇ ਸਨ। ਪਿਛਲੀਆਂ ਚੋਣਾਂ ਵਿਚ ਪਾਰਟੀ ਦੀ ਹਾਰ ਦੀ ਖੁੱਲੇ ਦਿਲ ਨਾਲ ਸਵੈ-ਪੜਚੋਲ ਕਰਕੇ ਨਵੇਂ ਸਿਰੇ ਤੋਂ ਪਾਰਟੀ ਦੇ ਸਰੋਕਾਰ ਤੇ ਨੀਤੀਆਂ ਨੂੰ ਨਿਰਧਾਰਿਤ ਕਰਨ ਅਤੇ ਪਾਰਟੀ ਲੀਡਰਸ਼ਿਪ ਵਿਚ ਨਰੋਆਪਨ ਲਿਆਉਣ ਦੀ ਅਸਫਲਤਾ ਇਨਾਂ ਚੋਣਾਂ ਵਿਚ ਅਕਾਲੀ ਦਲ ਦੀ ਸਭ ਤੋਂ ਵੱਡੀ ਸਿਆਸੀ ਹਾਰ ਦਾ ਕਾਰਨ ਬਣੀ। ਇਤਿਹਾਸ 'ਚ ਇਹ ਪਹਿਲੀ ਵਾਰ ਹੈ ਕਿ ਸ਼੍ਰੋਮਣੀ ਅਕਾਲੀ ਦਲ ਵਰਗੀ ਪੰਜਾਬ ਦੀ ਸਭ ਤੋਂ ਪੁਰਾਣੀ ਤੇ ਖੇਤਰੀ ਪਾਰਟੀ ਨੂੰ ਸਿਰਫ਼ 3 ਸੀਟਾਂ ਹੀ ਹਾਸਲ ਹੋਈਆਂ ਅਤੇ ਸਮੁੱਚੀ ਲੀਡਰਸ਼ਿਪ ਬੁਰੀ ਤਰਾਂ ਹਾਰ ਗਈ। ਅਕਾਲੀ ਦਲ ਦਾ ਵੋਟ ਬੈਂਕ ਪੰਜ ਸਾਲ ਸੱਤਾ ਤੋਂ ਬਾਹਰ ਰਹਿਣ ਦੇ ਬਾਵਜੂਦ ਸਾਲ 2017 ਦੇ 25.2 ਫੀਸਦੀ ਦੇ ਮੁਕਾਬਲੇ 7 ਫ਼ੀਸਦੀ ਹੋਰ ਡਿਗ ਕੇ 18.38 ਫ਼ੀਸਦੀ ਤੱਕ ਆਉਣਾ ਵੀ ਚਿੰਤਾਜਨਕ ਹੈ, ਕਿਉਂਕਿ ਪੰਜਾਬ ਦੇ ਰਾਜਨੀਤਕ ਦ੍ਰਿਸ਼ 'ਚੋਂ ਅਕਾਲੀ ਦਲ ਵਰਗੀ ਖੇਤਰੀ ਤੇ ਪੰਥਕ ਪਾਰਟੀ ਦਾ ਇਸ ਤਰਾਂ ਪ੍ਰਭਾਵਹੀਣ ਹੋਣਾ ਵੱਡੇ ਦੂਰਰਸੀ ਪ੍ਰਭਾਵ ਛੱਡੇਗਾ। ਅਕਾਲੀ ਦਲ ਦੀ ਹਾਰ ਦੇ ਕਾਰਨਾਂ ਤੇ ਪ੍ਰਭਾਵਾਂ ਦਾ ਸਮੁੱਚਾ ਵਿਸ਼ਲੇਸ਼ਣ ਇਕ ਵੱਖਰੇ ਲੇਖ ਦਾ ਵਿਸ਼ਾ ਹੈ ਪਰ ਇਨਾਂ ਚੋਣ ਨਤੀਜਿਆਂ ਤੋਂ ਬਾਅਦ ਪੰਜਾਬ ਦੀਆਂ ਰਵਾਇਤੀ ਸਿਆਸੀ ਪਾਰਟੀਆਂ ਨੂੰ ਆਪਣੇ ਨੀਤੀਗਤ ਏਜੰਡੇ, ਲੀਡਰਸ਼ਿਪ, ਕਾਰਜਸ਼ੈਲੀ ਅਤੇ ਯੋਗਤਾ ਨੂੰ ਨਵੇਂ ਸਿਰੇ ਤੋਂ ਤੈਅ ਕਰਨ ਲਈ ਸੋਚਣਾ ਪਵੇਗਾ। ਮਹਿਜ਼ 10 ਸਾਲ ਪਹਿਲਾਂ ਦਿੱਲੀ ਦੀ ਖੇਤਰੀ ਪਾਰਟੀ ਵਜੋਂ ਹੋਂਦ ਵਿਚ ਆਈ ਆਮ ਆਦਮੀ ਪਾਰਟੀ ਨੇ 2014 ਵਿਚ ਪਹਿਲੀ ਵਾਰ ਪੰਜਾਬ ਦੀਆਂ ਲੋਕ ਸਭਾ ਚੋਣਾਂ ਲੜ ਕੇ 24 ਫ਼ੀਸਦੀ ਵੋਟ ਹਾਸਲ ਕੀਤੀ ਸੀ। ਸਾਲ 2017 ਵਿਚ ਪਾਰਟੀ ਨੇ ਵਿਧਾਨ ਸਭਾ ਚੋਣਾਂ ਵਿਚ 20 ਸੀਟਾਂ ਹਾਸਲ ਕਰਕੇ 23.7 ਫ਼ੀਸਦੀ ਵੋਟਾਂ ਹਾਸਲ ਕੀਤੀਆਂ ਜਦੋਂਕਿ 2019 ਦੀਆਂ ਲੋਕ ਸਭਾ ਚੋਣਾਂ 'ਚ ਪੰਜਾਬ ਅੰਦਰ ਇਸ ਪਾਰਟੀ ਦਾ ਵੋਟ ਬੈਂਕ ਮਹਿਜ਼ 7 ਫ਼ੀਸਦੀ ਤੱਕ ਸੁੰਗੜ ਕੇ ਰਹਿ ਗਿਆ ਸੀ। 16ਵੀਆਂ ਵਿਧਾਨ ਸਭਾ ਚੋਣਾਂ 'ਚ ਇਸ ਪਾਰਟੀ ਵਲੋਂ ਵੱਡੇ ਤੇ ਚਮਤਕਾਰੀ ਉਛਾਲ ਨਾਲ 42.1 ਫ਼ੀਸਦੀ ਵੋਟ ਹਾਸਲ ਕਰਨੀ ਪੰਜਾਬ ਦੇ ਬਦਲਦੇ ਸਿਆਸੀ ਮਿਜਾਜ਼ ਨੂੰ ਸਮਝਣ ਦਾ ਵਿਸ਼ਾ ਹੈ।

ਚੋਣ ਨਤੀਜਿਆਂ ਦਾ ਮੁਢਲਾ ਵਿਸ਼ਲੇਸ਼ਣ ਇਹ ਨਤੀਜਾ ਕੱਢਦਾ ਹੈ ਕਿ ਪੰਜਾਬ ਦੇ ਲੋਕਾਂ ਨੇ ਕੰਧ 'ਤੇ ਲਿਖ ਦਿੱਤਾ ਹੈ ਕਿ ਲੋਕਮਤ ਤੋਂ ਤਾਕਤਵਰ ਕੁਝ ਵੀ ਨਹੀਂ ਹੈ। ਪੈਸੇ, ਨਸ਼ੇ ਅਤੇ ਜ਼ੋਰ-ਜਬਰ ਨਾਲ ਵੋਟ ਹਾਸਲ ਕਰਨ ਦਾ ਰਵਾਇਤੀ ਪਾਰਟੀਆਂ ਦਾ ਮੰਨਿਆ-ਦੰਨਿਆ ਤੌਰ-ਤਰੀਕਾ ਹੁਣ ਸਮਾਂ ਵਿਹਾਅ ਚੁੱਕਾ ਹੈ। ਇਹ ਵੀ ਅਤਿਕਥਨੀ ਨਹੀਂ ਹੈ ਕਿ ਇਨਾਂ ਚੋਣਾਂ ਵਿਚ ਆਮ ਆਦਮੀ ਪਾਰਟੀ ਦੀ ਤਾਬੜਤੋੜ ਜਿੱਤ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਵਰਗੀਆਂ ਰਵਾਇਤੀ ਪਾਰਟੀਆਂ ਦੀ ਕਾਰਜਸ਼ੈਲੀ ਵਿਰੁੱਧ ਇਕਮੁਸ਼ਤ ਲੋਕ ਰੋਹ ਦਾ ਸਿੱਟਾ ਹੈ। ਹੁਣ ਵੇਖਣਾ ਇਹ ਹੋਵੇਗਾ ਕਿ ਆਮ ਆਦਮੀ ਪਾਰਟੀ ਲੋਕ-ਪੱਖੀ ਰਾਜਨੀਤਕ ਸੱਭਿਆਚਾਰ ਸਿਰਜਣ ਅਤੇ ਪੰਜਾਬ ਦੀ ਬਿਹਤਰੀ ਲਈ ਕੁਝ ਕਰਨ ਵਿਚ ਕਿੰਨਾ ਕੁ ਸਫਲ ਹੁੰਦੀ ਹੈ, ਕਿਉਂਕਿ ਇਕ ਪਾਸੇ ਸਰਹੱਦੀ ਸੂਬੇ ਪੰਜਾਬ ਸਿਰ ਤਿੰਨ ਲੱਖ ਕਰੋੜ ਰੁਪਏ ਦੇ ਕਰਜ਼ੇ ਦੀ ਭਾਰੀ ਪੰਡ, ਸੂਬੇ ਦੇ ਸਾਲਾਨਾ ਬਜਟ ਦਾ 20 ਫ਼ੀਸਦੀ ਸਿਰਫ਼ ਇਸ ਕਰਜ਼ੇ ਦੇ ਵਿਆਜ ਵਿਚ ਹੀ ਚਲੇ ਜਾਣਾ ਅਤੇ ਦੂਜੇ ਪਾਸੇ ਸਿਹਤ, ਸਿੱਖਿਆ ਅਤੇ ਰੁਜ਼ਗਾਰ ਦੇ ਖੇਤਰ ਵਿਚ ਵੱਡੇ ਸੁਧਾਰ ਦੇ ਟੀਚੇ ਪੂਰੇ ਕਰਨੇ ਸਰਕਾਰ ਲਈ ਤਰਜੀਹੀ ਚੁਣੌਤੀਆਂ ਹੋਣਗੀਆਂ।

---



# ਸਭ ਕੁਝ ਖਿੰਡ ਪੁੰਡ ਗਿਆ ਹੈ

## ਆਪ ਦੀ ਆਮਦ ਤੇ ਇਕ ਨਜ਼ਰ

**ਕਰਮਜੀਤ ਸਿੰਘ ਚੰਡੀਗੜ**

ਰਤਾ ਉਡੀਕ ਕਰਨੀ ਪੈਣੀ ਹੈ। ਰਾਜ ਪ੍ਰਬੰਧ ਦੇ ਮਾਮਲੇ ਵਿੱਚ ਕੁਝ ਅਹਿਮ ਸੁਧਾਰ ਹੋ ਸਕਦੇ ਹਨ। ਪਰ ਰਾਜਨੀਤਿਕ ਮਾਹਰ ਇਹ ਵੀ ਦੱਸਦੇ ਹਨ ਕਿ ਜਦੋਂ ਕੁਰੱਪਸ਼ਨ ਨੂੰ ਬੇਰਹਿਮ ਹੋ ਕੇ ਮਕੈਨੀਕਲ ਤਰੀਕੇ ਨਾਲ ਨਜਿਠਿਆ ਗਿਆ ਤਾਂ ਰਾਜ (state) ਪੁਲਿਸ-ਸਟੇਟ ਵੀ ਬਣ ਸਕਦੀ ਹੈ।

ਪੰਜਾਬੀ ਚੇਤਨਾ ਦਾ ਸਿੱਖ ਸਰੂਪ ਆਪਣੇ 'ਨਿਰਮਲ ਸਰੂਪ' ਵਿੱਚ ਗੈਰ-ਹਾਜ਼ਰ ਰਹੇਗਾ। ਯਾਨੀ ਨਿਰਮਲ ਸਰੂਪ ਨੂੰ ਧਰਮ ਨਿਰਪੱਖ ਰੰਗ ਵਿੱਚ ਰੰਗਿਆ ਜਾਵੇਗਾ। ਇਹੋ ਗੈਰ-ਹਾਜ਼ਰੀ ਗੰਭੀਰ ਸਮੱਸਿਆ ਬਣੇਗੀ ਹੀ ਬਣੇਗੀ। ਨਿਰਮਲ ਸਰੂਪ ਦੀ ਗੈਰਹਾਜ਼ਰੀ ਨਾਲ ਟੱਕਰ ਲੈਣ ਵਾਲੇ 'ਸਿਰ ਫਿਰੇ' ਮੈਦਾਨ ਵਿੱਚ ਉਤਰਨਗੇ ਹੀ ਉਤਰਨਗੇ।

ਭਗਵੰਤ ਮਾਨ ਦੀ ਪਲੇਟ ਤੇ 'ਸਿੰਘ' ਸ਼ਬਦ ਦੀ ਅਣਹੋਂਦ ਮਹਿਜ਼ ਇਤਫਾਕ ਨਹੀਂ, ਸੋਚੀ ਸਮਝੀ 'ਰਾਸ਼ਟਰਵਾਦੀ' ਪਹੁੰਚ ਅਤੇ ਰਵੱਈਆ ਹੈ। ਸਹੁੰ ਚੁੱਕ ਸਮਾਗਮ ਵਿੱਚ ਭਾਰਤ ਮਾਤਾ ਦੀ ਜੈ ਨੂੰ ਬੋਲੇ ਸੋ ਨਿਹਾਲ ਦਾ ਸ਼ਰੀਕ ਬਣਾ ਦਿੱਤਾ ਗਿਆ ਹੈ। ਮਾਨ ਦੀ ਤਕਰੀਰ ਵਿੱਚ ਫਤਿਹ ਗੈਰ-ਹਾਜ਼ਰ ਹੈ।

ਸਿੱਖ ਚੇਤਨਾ ਨੂੰ ਕਥਿਤ ਸੈਕੁਲਰ ਰੰਗ ਨਾਲ ਸਜਾਇਆ ਜਾ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ ਦੀ ਤਸਵੀਰ ਉਤਾਰ ਕੇ 'ਰਣਜੀਤ ਰਾਜ ਜਾਂ ਸਰਕਾਰ-ਏ-ਖਾਲਸਾ' ਨੂੰ ਭੁੱਲ ਜਾਣ ਵਾਲੀ ਮਾਨਸਿਕਤਾ ਦੇ ਅਧੀਨ ਕਰ ਦਿੱਤਾ ਗਿਆ ਹੈ।

ਯਕੀਨਨ ਕੁਝ ਆਵਾਜ਼ਾਂ ਆਪ ਪਾਰਟੀ ਦੇ ਅੰਦਰੋਂ ਵੀ ਉਠ ਸਕਦੀਆਂ ਹਨ ਪਰ ਸਮਾਂ ਲੱਗ ਸਕਦਾ ਹੈ।

ਬਾਦਲ ਦਲ ਵਿੱਚ ਬਾਦਲ ਬਾਹਰ ਨਹੀਂ ਹੋਣ ਲੱਗੇ। ਸਿੱਖ ਮਨਾਂ ਵਿੱਚ ਇਹ ਗੱਲ ਬਿਠਾਈ ਜਾ ਰਹੀ ਹੈ ਕਿ ਬਾਦਲਾਂ ਦਾ ਕੋਈ ਪੱਕਾ ਬਦਲ ਵੀ ਨਹੀਂ ਜੋ ਸਿੱਖ ਚੇਤਨਾ ਦੀ ਨੁਮਾਇੰਦਗੀ ਕਰ ਸਕੇ। ਉਨਾਂ ਨੇ ਆਪਣੇ ਰਾਜ ਦੌਰਾਨ ਬੁਨਿਆਦ ਤੱਕ ਯਾਨੀ ਪਿੰਡੋਂ ਪਿੰਡ ਕੁਰੱਪਸ਼ਨ ਵੰਡ ਦਿੱਤੀ ਸੀ, ਇਸ ਲਈ ਕਿਸੇ ਵੱਡੀ ਅਤੇ ਅਣਖੀਲੀ ਬਗਾਵਤ ਸੁਪਨੇ ਵਰਗੀ ਹੀ ਹੋਵੇਗੀ। ਵੈਸੇ ਕਿਸੇ ਵੱਖਰੀ ਸਿੱਖ ਪਾਰਟੀ ਕਾਇਮ ਕਰਨ ਦਾ ਮੈਦਾਨ ਖਾਲੀ ਪਿਆ ਹੈ, ਪਰ ਨਾ ਹੀ ਵੱਡੇ ਦਾਨਿਸ਼ਵਰ ਨਜ਼ਰ ਆ ਰਹੇ ਹਨ ਅਤੇ ਨਾ ਹੀ ਧਰਮ ਆਧਾਰਿਤ ਸਿਆਸਤਦਾਨ। ਇਹ ਘਾਟ ਘਾਗ ਬਾਦਲਾਂ ਨੂੰ ਵੀ ਪਤਾ ਹੈ। ਇਸੇ ਲਈ ਉਹ ਸਿੰਘਾਸਨ ਨਾਲ ਚੰਬੜੇ ਹੋਏ ਹਨ।

ਜਿਨਾਂ ਨੇ ਬਾਦਲਾਂ ਨੂੰ ਹੇਠਾਂ ਸੁੱਟਣ ਦੇ ਮਿਸ਼ਨ ਨੂੰ ਧਰਮ ਯੁੱਧ ਬਣਾ ਰਖਿਆ ਹੈ, ਉਹ ਵੀ ਦੁੱਧ ਧੋਤੇ ਨਹੀਂ। ਸਿਆਣੇ ਲੋਕਾਂ ਨੂੰ ਉਨਾਂ ਵਿੱਚ ਕੱਲ ਦੇ ਲੁਕੇ 'ਬਾਦਲ' ਨਜ਼ਰ ਆਉਂਦੇ ਹਨ। ਇਨਾਂ ਦੀ ਛੋਟੀ ਵਾਛੜ ਜ਼ਿਆਦਾ ਧੂੜ ਉਡਾਵੇਗੀ ਜਦਕਿ ਬਾਦਲਾਂ ਨੇ ਹਰ ਕਿਸਮ ਦੀ ਠੱਗੀ ਨੂੰ ਪੂਰੀ ਤਰਾਂ ਜਥੇਬੰਦ ਕੀਤਾ ਹੋਇਆ ਹੈ-ਯਾਨੀ ਇਹ ਅਕਾਲ ਤਖ਼ਤ ਸਾਹਿਬ 'ਤੇ ਵੀ ਮੌਜੂਦ ਹੈ, ਸ਼੍ਰੋਮਣੀ ਕਮੇਟੀ ਵਿੱਚ ਵੀ ਇਹ ਠੱਗੀ ਹਾਜ਼ਰ ਨਾਜ਼ਰ ਹੈ ਅਤੇ ਹਰ ਅਕਾਲੀ ਦਲ ਵਿੱਚ ਵੀ।

ਆਇਰਲੈਂਡ ਦੇ ਸ਼ਾਇਰ ਵਿਲੀਅਮ ਬੁਟਲਰ ਯੀਟਸ (1865-1939) ਦੀ ਕਵਿਤਾ **second coming** ਜਿਸ ਨੇ ਯੂਰਪ ਦੀ ਰਾਜਨੀਤੀ ਅਤੇ ਸਾਹਿਤ ਦੀ ਦੁਨੀਆ ਵਿੱਚ ਤਹਿਲਕਾ ਮਚਾ ਦਿੱਤਾ ਸੀ, ਉਸ ਕਵਿਤਾ ਦਾ ਦਰਦਨਾਕ ਸੰਸਾਰ ਅੱਜ ਖਾਲਸਾ ਪੰਥ ਦੀ ਹਾਲਤ ਉਤੇ ਵੀ ਇੰਨ ਬਿੰਨ ਢੁਕਦਾ ਹੈ। ਇਸ ਕਵਿਤਾ ਦੀਆਂ ਕੁਝ ਸਤਰਾਂ ਦੇ ਰਹਸਵਾਦੀ ਅਤੇ ਖੁੱਲੇ ਅਰਥ ਹੇਠਾਂ ਦਿੱਤੇ ਜਾ ਰਹੇ ਹਨ :

ਸਭ ਕੁਝ ਖਿੰਡ ਪੁੰਡ ਗਿਆ ਹੈ, ਬਾਜ਼ ਆਪਣੇ ਕਰਤਾ ਤੋਂ ਕਿਤੇ ਦੂਰ ਚਲਾ ਗਿਆ ਹੈ, ਕਿਤੇ ਕੋਈ ਕੇਂਦਰ ਨਜ਼ਰ ਨਹੀਂ ਆਉਂਦਾ ਜੋ ਸਾਰੀ ਹਾਲਤ ਨੂੰ ਕਾਬੂ ਵਿੱਚ ਰੱਖ ਸਕੇ, ਚਾਰੇ ਪਾਸੇ ਅਫਰਾ-ਤਫਰੀ ਦਾ ਰਾਜ ਹੈ, ਚੰਗਿਆਂ ਤੋਂ ਚੰਗਿਆਂ ਬੰਦਿਆਂ ਵਿੱਚ ਸਿਦਕ ਨਹੀਂ, ਦ੍ਰਿੜਤਾ ਨਹੀਂ, ਵਚਨਬੱਧਤਾ ਨਹੀਂ ਪਰ ਭੈੜਿਆਂ ਤੋਂ ਭੈੜੇ ਨੈਤਿਕਤਾ ਦਾ ਸਬਕ ਪੜਾ ਰਹੇ ਹਨ।

1921 ਵਿੱਚ ਲਿਖੀ ਇਸ ਕਵਿਤਾ ਦੇ ਅਨੇਕਾਂ ਅਰਥ ਕੀਤੇ ਗਏ ਹਨ ਅਤੇ ਅਜ ਵੀ ਕੀਤੇ ਜਾ ਰਹੇ ਹਨ। ਉਂਜ ਪਹਿਲੀ ਵਿਸ਼ਵ ਜੰਗ ਪਿੱਛੋਂ ਯੂਰਪ ਦਾ ਹਰ ਪਰਿਵਾਰ ਘੋਰ ਉਦਾਸੀਆਂ ਵਿੱਚ ਡੁੱਬਿਆ ਹੋਇਆ ਸੀ। ਇਹ ਕਵਿਤਾ ਉਸ ਇਤਿਹਾਸਕ ਦਰਦ ਦੀ ਰਹੱਸਵਾਦੀ ਦਾਸਤਾਨ ਹੈ।

# ਵਿਧਾਨ ਸਭਾ ਚੋਣਾਂ ਵਿਚ ਬਾਦਲਕਿਆਂ ਦਾ ਮਾੜਾ ਹਸ਼ਰ ਕਿਉਂ ਹੋਇਆ ?



ਰਣਜੀਤ ਸਿੰਘ ਕੁਕੀ

ਚੋਣਾਂ ਦੇ ਇਤਿਹਾਸ ਵਿਚ ਪੰਜਾਬ ਵਿਚ ਕਿਸੇ ਵੀ ਪਾਰਟੀ ਨੂੰ ਇੰਨੀ ਵੱਡੀ ਸਫਲਤਾ ਨਹੀਂ ਮਿਲੀ ਹੈ। ਇਹ ਮਹਿਜ ਜਿੱਤ ਨਹੀਂ, ਬਲਕਿ ਇਤਿਹਾਸਕ ਘਟਨਾ ਹੈ ਜਿਸ ਨੇ ਸਭ ਨੂੰ ਸਾਫ ਕਰ ਦਿੱਤਾ ਹੈ। ਮਾਲਵਾ, ਮਾਝਾ ਅਤੇ ਦੋਆਬਾ ਤਿੰਨੋਂ ਹੀ ਖਿੱਤਿਆਂ ਵਿਚੋਂ ਆਪ ਪਾਰਟੀ ਨੂੰ ਭਾਰੀ ਬਹੁਮਤ ਨਾਲ ਜਿੱਤ ਪ੍ਰਾਪਤ ਹੋਈ ਹੈ ਤੇ ਭਗਵੰਤ ਮਾਨ ਸੂਬੇ ਦਾ ਸਤਾਰਵਾਂ ਮੁੱਖ ਮੰਤਰੀ ਬਣਨ ਜਾ ਰਿਹਾ ਹੈ।ਇਹ ਪਹਿਲੀ ਵਾਰ ਹੋਇਆ ਹੈ ਕਿ ਤੀਜਾ ਫਰੰਟ ਪੰਜਾਬ ਵਿਚ ਸਰਕਾਰ ਬਣਾ ਰਿਹਾ ਹੈ ਜਿੱਥੇ 1966 ਵਿਚ ਸੂਬੇ ਦੇ ਪੁਨਰ-ਗਠਨ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਨੇ ਹੀ ਵਾਰੋ-ਵਾਰੀ ਰਾਜ ਕੀਤਾ ਹੈ। ਆਮ ਆਦਮੀ ਪਾਰਟੀ ਦੀ ਭਾਰੀ ਜਿੱਤ ਦਾ ਇਕ ਪ੍ਰਤੀਕ ਇਹ ਹੈ ਕਿ ਪੰਜ-ਕੋਣੀ ਮੁਕਾਬਲੇ ਵਿਚ ਵੀ ਪਾਰਟੀ ਨੇ ਲਗਭਗ 42 ਪ੍ਰਤੀਸ਼ਤ ਵੋਟਾਂ ਹਾਸਿਲ ਕੀਤੀਆਂ ਹਨ।

ਇਨਾਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਤਿੰਨ ਸੀਟਾਂ ਤੇ ਹੀ ਸਿਮਟ ਗਈ ਹੈ। ਪਾਰਟੀ ਦੇ ਕਰਤਾ-ਧਰਤਾ ਅਤੇ ਪੰਜ ਵਾਰੀਆਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਪਣੇ ਜੱਦੀ ਹਲਕੇ ਵਿਚੋਂ ਵੀ ਆਪਣੀ ਸੀਟ ਹਾਰ ਗਏ ਹਨ ਜਦੋਂ ਕਿ ਉਨਾਂ ਦਾ ਪੁੱਤਰ ਅਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਜਲਾਲਬਾਦ ਹਲਕੇ ਵਿਚੋਂ ਹਾਰ ਗਿਆ ਹੈ।ਭਾਜਪਾ ਅਤੇ ਕੈਪਟਨ ਅਮਰਿੰਦਰ ਸਿੰਘ ਦਾ ਆਪਸੀ ਗਠਬੰਧਨ ਵੀ ਕੰਮ ਨਹੀਂ ਆਇਆ। ਕੈਪਟਨ ਵੀ ਆਪਣੀ ਸੀਟ ਨਹੀਂ ਬਚਾ ਸਕੇ। ਪੰਜਾਬ ਵਿਚ ਕਦੇ ਵੀ ਤੀਜਾ ਫਰੰਟ ਭਾਰੀ ਕੋਸ਼ਿਸ਼ਾਂ ਦੇ ਬਾਵਜੂਦ ਪੰਜਾਬ ਵਿਚ ਸਫਲਤਾ ਨਹੀਂ ਪ੍ਰਾਪਤ ਕਰ ਸਕਿਆ ਸੀ।ਕਈ ਪਾਰਟੀਆਂ ਜਿਵੇਂ ਕਿ ਭਾਰਤੀ ਜਨਤਾ ਪਾਰਟੀ ਨੇ ਦੋ ਪ੍ਰਮੁੱਖ ਪਾਰਟੀਆਂ ਨਾਲ ਹੀ ਜੋੜ-ਤੋੜ ਕਰਨ ਦੀ ਕੋਸ਼ਿਸ਼ ਕੀਤੀ ਸੀ।ਪਰ ਇਹ ਬਹੁਤ ਪਹਿਲਾਂ ਹੀ ਸਪੱਸ਼ਟ ਹੋ ਗਿਆ ਸੀ ਕਿ ਇਸ ਵਾਰ ਸਥਿਤੀ ਬਹੁਤ ਹੀ ਅਲੱਗ ਹੈ।ਦੋ-ਕੋਣੀ ਮੁਕਾਬਲੇ ਲਈ ਹੀ ਜਾਣੇ ਜਾਂਦੇ ਪੰਜਾਬ ਵਿਚ ਇਸ ਵਾਰ ਮੁਕਾਬਲਾ ਪੰਜ-ਕੋਣੀ ਰਿਹਾ। 20 ਫਰਵਰੀ ਨੂੰ ਵੋਟਾਂ ਪਾ ਦੇਣ ਤੋਂ ਬਾਅਦ ਲੋਕਾਂ ਵਿਚ ਇਸ ਗੱਲ ਦੀ ਚਰਚਾ ਚੱਲ ਰਹੀ ਸੀ ਕਿ ਕਿਸੇ ਇਕ ਪਾਰਟੀ ਨੂੰ ਸਪੱਸ਼ਟ ਬਹੁਮਤ ਵੀ ਮਿਲ ਸਕੇਗਾ ਜਾਂ ਫਿਰ ਤ੍ਰਿਸ਼ੰਕੂ ਵਿਧਾਨ ਸਭਾ ਰਹੇਗੀ। 7 ਮਾਰਚ ਨੂੰ ਆਏ ਐਗਜ਼ਿਟ ਪੋਲ ਨੇ ਹੀ ਆਮ ਆਦਮੀ ਪਾਰਟੀ ਨੂੰ ਸਪੱਸ਼ਟ ਬਹੁਮਤ ਦਿਖਾ ਦਿੱਤਾ ਸੀ।

ਪੰਜਾਬ ਦੀ ਸਰਕਾਰੀ ਮਸ਼ੀਨਰੀ ਵਿਚ ਬਾਦਲਾਂ ਦੀ ਪ੍ਰਭੂਤਾ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਹੀ ਲਗਭਗ ਖਤਮ ਹੋ ਗਈ ਸੀ ਜਦੋਂ ਕਿ ਮੌਜੂਦਾ ਸਮੇਂ ਵਿਚ ਇਹ ਪ੍ਰਕਿਰਿਆ ਪੂਰੀ ਹੋ ਚੁੱਕੀ ਹੈ। ਉਨਾਂ ਦੀ ਪ੍ਰਭੂਤਾ ਉੱਚ ਪੱਧਰ ਤੋਂ ਲੈ ਕੇ ਕੈਬਨਿਟ ਮੰਤਰੀਆਂ, ਜ਼ਮੀਨੀ ਪੱਧਰ ਅਤੇ ਪੁਲਿਸ ਸਟੇਸ਼ਨ ਦੇ ਪੱਧਰ ਤੱਕ ਚੱਲਦੀ ਸੀ। ਸੱਤਾ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਦੇ ਹੱਥਾਂ ਵਿਚ ਹੀ ਕੇਂਦਰਿਤ ਸੀ।ਬਾਦਲਾਂ ਦੀ ਪ੍ਰਭੂਤਾ ਵਿੱਚ ਜੱਥੇਦਾਰ ਗੁਰਚਰਨ ਸਿੰਘ ਟੋਹੜਾ, ਜੋ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਸੀ, ਦੀ ਮੌਤ ਤੋਂ ਬਾਅਦ ਕੋਈ ਬਦਲਾਅ ਨਹੀਂ ਆਇਆ। ਉਸ ਦੀ ਮੌਤ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੇ ਨਾ ਸਿਰਫ ਕਮੇਟੀ ਉੱਪਰ ਆਪਣਾ ਨਿਯੰਤ੍ਰਣ ਕਰਨਾ ਸ਼ੁਰੂ ਕਰ ਦਿੱਤਾ, ਬਲਕਿ ਪਾਰਟੀ ਵਿਚ ਵੀ ਉਨਾਂ ਨੂੰ ਚੁਣੌਤੀ ਦੇਣ ਵਾਲਾ ਕੋਈ ਨਹੀਂ ਬਚਿਆ। ਉਨਾਂ ਦੀ ਪ੍ਰਭੂਸੱਤਾ ਨੇ ਹੀ ਰਾਜਨੇਤਾਵਾਂ ਅਤੇ ਉਦਯੋਗਾਂ ਦੇ ਆਪਸੀ ਰਿਸ਼ਤੇ ਨੂੰ ਮੁੜ ਪ੍ਰਭਾਸ਼ਿਤ ਕੀਤਾ। ਕੰਪਨੀਆਂ ਨੂੰ ਆਪਣੇ ਮੁਨਾਫੇ ਵਿਚੋਂ ਨਾ ਸਿਰਫ ਸ਼੍ਰੋਮਣੀ ਅਕਾਲੀ ਦਲ ਨੂੰ ਇਕ ਹਿੱਸਾ ਦੇਣਾ ਪਿਆ, ਬਲਕਿ ਬਾਦਲਾਂ ਦੇ ਨਜ਼ਦੀਕੀਆਂ ਨੇ ਵੀ ਮੁਨਾਫਾ ਕਮਾਉਣ ਵਾਲੇ ਖੇਤਰਾਂ ਜਿਵੇਂ ਕਿ ਸਟੋਨ ਕਰੱਸ਼ਿੰਗ ਅਤੇ ਸ਼ਰਾਬ ਦੀ ਠੇਕੇਦਾਰੀ ਵਿਚ ਪ੍ਰਭੂਤਾ ਸਥਾਪਿਤ ਕਰ ਲਈ।

ਮੌਜੂਦਾ ਚੋਣਾਂ ਦਾ ਨਤੀਜਾ ਸਪੱਸ਼ਟ ਰੂਪ ਨਾਲ ਬਾਦਲਾਂ ਦੀ ਰਾਜਨੀਤੀ ਦਾ ਅੰਤ ਦਿਖਾਉਂਦਾ ਹੈ। ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ ਅਤੇ ਬਾਦਲ ਦਾ ਜਵਾਈ, ਸਭ ਆਪਣੇ-ਆਪਣੇ ਹਲਕੇ ਵਿਚੋਂ ਹਾਰ ਗਏ ਹਨ। ਸੀਨੀਅਰ ਬਾਦਲ ਨੇ ਵੀਹ ਸਾਲ ਦੀ ਉਮਰ ਵਿਚ ਸਰਪੰਚ ਦੇ ਰੂਪ ਵਿਚ ਰਾਜਨੀਤੀ ਵਿਚ ਪੈਰ ਰੱਖਿਆ ਸੀ ਅਤੇ ਤਰਤਾਲੀ ਸਾਲ ਦੀ ਉਮਰ ਵਿਚ ਉਹ ਸਭ ਤੋਂ ਛੋਟੀ ਉਮਰ ਦਾ ਮੁੱਖ ਮੰਤਰੀ ਬਣਿਆ ਅਤੇ ਹੁਣ ਅਸੈਂਬਲੀ ਚੋਣਾਂ ਵਿਚ ਹਾਰਨ ਵਾਲਾ ਸਭ ਤੋਂ ਵੱਡੀ ਉਮਰ ਦਾ ਉਮੀਦਵਾਰ ਬਣ ਗਿਆ ਹੈ।ਪ੍ਰਧਾਨ ਮੰਤਰੀ ਮੋਦੀ ਨੇ ਇਕ ਵਾਰ ਉਸ ਨੂੰ ਭਾਰਤੀ ਰਾਜਨੀਤੀ ਦਾ ਨੈਲਸਨ ਮੰਡੇਲਾ ਕਿਹਾ ਸੀ ਕਿਉਂ ਕਿ ਉਸ ਨੇ ਆਪਣੇ ਰਾਜਨੀਤਿਕ ਕਰੀਅਰ ਵਿਚ ਵੱਖ-ਵੱਖ ਸਮੇਂ ਸਤਾਰਾਂ ਸਾਲ ਦੀ ਜੇਲ ਕੱਟੀ ਸੀ। ਆਪਣੀ ਇਕ ਚੋਣ ਮੀਟਿੰਗ ਦੌਰਾਨ ਸੀਨੀਅਰ ਬਾਦਲ ਨੇ ਕਿਹਾ ਸੀ, 'ਮੈਂ ਪਾਰਟੀ ਦਾ ਸਿਪਾਹੀ ਹਾਂ, ਪਾਰਟੀ ਚਾਹੁੰਦੀ ਹੈ ਕਿ ਮੈਂ ਚੋਣ ਲੜਾਂ ਕਿਉਂ ਕਿ ਇਹ ਮੰਨਦੀ ਹੈ ਕਿ ਅਗਰ ਮੈਂ ਚੋਣ ਦੰਗਲ ਵਿਚ ਸ਼ਾਮਿਲ ਹੋ ਗਿਆ ਤਾਂ ਪਾਰਟੀ ਨੂੰ ਜਿੱਤ ਪ੍ਰਾਪਤ ਹੋਵੇਗੀ।' ਪਰ ਇਹ ਬਹੁਤ ਹੀ ਮੰਦਭਾਗਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਜਿਸ ਨੇ ਦਸੰਬਰ 2020 ਵਿਚ ਸੌ ਸਾਲ ਪੂਰੇ ਕੀਤੇ, ਉਸ ਦਾ ਇਨਾਂ ਚੋਣਾਂ ਵਿਚ ਬੁਰੀ ਤਰਾਂ ਸਫਾਇਆ ਹੋ ਗਿਆ ਹੈ।

ਰਾਜਨੀਤੀ ਵਿਚ ਸੀਨੀਅਰ ਬਾਦਲ ਦਾ ਪਤਨ ਪਾਰਟੀ ਦੇ ਪਤਨ ਦੇ ਨਾਲ-ਨਾਲ ਚੱਲਦਾ ਹੈ ਜਿਸ ਦੀ ਉਸ ਨੇ ਲੰਮਾ ਸਮਾਂ ਪ੍ਰਧਾਨਤਾ ਕੀਤੀ। ਕਿਸੇ ਸਮੇਂ ਪਾਰਟੀ ਜੋਸ਼ ਭਰੇ ਕੇਡਰਾਂ ਲਈ ਜਾਣੀ ਜਾਂਦੀ ਸੀ ਜੋ ਕਿ ਨੀਲੀਆਂ ਪੱਗਾਂ ਅਤੇ ਨੀਲੀਆਂ ਦਸਤਾਰਾਂ ਨਾਲ ਭੀੜ ਵਿਚੋਂ ਅਲੱਗ ਖੜੇ ਦਿਖਦੇ ਸਨ। ਮੋਰਚਿਆਂ ਵਿਚ ਪਾਰਟੀ ਦੀ ਸਰਗਰਮ ਭਾਗੀਦਾਰੀ ਹੁੰਦੀ ਸੀ ਜੋ ਕਿ ਪੰਜਾਬੀ ਸੂਬੇ ਦੀ ਮੰਗ, ਸੰਘੀ ਢਾਂਚੇ ਵਿਚ ਇਜ਼ਾਰੇਦਾਰੀ ਅਤੇ ਫਸਲਾਂ ਦਾ ਮੁੱਲ ਵਧਾਉਣ ਜਿਹੇ ਮੁੱਦਿਆਂ ਉੱਪਰ ਲੱਗੇ। ਸੀਨੀਅਰ ਬਾਦਲ ਉੱਪਰ ਸਭ ਤੋਂ ਵੱਡਾ ਦੋਸ਼ ਇਹੀ ਲੱਗਦਾ ਹੈ ਕਿ ਉਸ ਨੇ ਪੁੱਤਰ ਮੋਹ ਅੱਗੇ ਗੋਡੇ ਟੇਕ ਦਿੱਤੇ ਜਦੋਂ 2006 ਵਿਚ ਉਸ ਨੇ ਸੁਖਬੀਰ ਸਿੰਘ ਬਾਦਲ ਨੂੰ ਕੇਡਰ ਅਧਾਰਿਤ ਪਾਰਟੀ ਦਾ ਪ੍ਰਧਾਨ ਥਾਪਿਆ। ਪਰ ਇਹ ਇੱਥੇ ਹੀ ਨਹੀਂ ਰੁਕਿਆ। 2012 ਦੀਆਂ ਚੋਣਾਂ ਤੋਂ ਬਾਅਦ ਜਦੋਂ ਪਾਰਟੀ ਦੂਜੀ ਵਾਰ ਸੱਤਾ ਵਿਚ ਆਈ ਤਾਂ ਸੁਖਬੀਰ ਸਿੰਘ ਬਾਦਲ, ਉੱਪ ਮੁੱਖ ਮੰਤਰੀ, ਬਾਦਲ ਦਾ ਜਵਾਈ ਆਦੇਸ਼ ਪ੍ਰਤਾਪ ਸਿੰਘ ਕੈਰੋਂ, ਅਤੇ ਹਰਸਿਮਰਤ ਕੌਰ ਦੇ ਭਰਾ ਬਿਕਰਮ ਸਿੰਘ ਮਜੀਠੀਆ ਦੇ ਮੰਤਰੀਆਂ ਦੇ ਰੂਪ ਵਿਚ ਕੈਬਨਿਟ ਇਕ ਵੱਡਾ ਪਰਿਵਾਰ ਹੀ ਬਣ ਗਈ। ਹਰਸਿਮਰਤ ਨੇ ਵੀ ਲੋਕ ਸਭਾ ਚੋਣਾਂ ਲੜੀਆਂ ਅਤੇ ਜਿੱਤ ਤੋਂ ਬਾਅਦ ਉਹ ਵੀ ਕੇਂਦਰੀ ਮੰਤਰੀ ਬਣੀ।

ਇਸ ਮੁੱਦੇ ਉਪਰ ਸੀਨੀਅਰ ਬਾਦਲ ਨੇ ਹਮੇਸ਼ਾ ਇਹ ਕਹਿ ਕੇ ਆਪਣਾ ਬਚਾਅ ਕੀਤਾ ਹੈ ਕਿ ਸਾਰੇ ਫੈਸਲੇ ਪਾਰਟੀ ਵਰਕਰਾਂ ਦੀ ਸਲਾਹ ਨਾਲ ਸਰਵ-ਸੰਮਤੀ ਨਾਲ ਲਏ ਗਏ। ਦਹਾਕਿਆਂ ਤੋਂ ਪਾਰਟੀ ਨਾਲ ਕੰਮ ਕਰ ਰਹੇ ਵਫਾਦਾਰ ਕੇਡਰ ਦਾ ਹੌਲੀ-ਹੌਲੀ ਮੋਹ ਭੰਗ ਹੋਣ ਲੱਗਿਆ। ਬਹੁਤ ਹੀ ਚਤੁਰਾਈ ਨਾਲ ਬਾਦਲਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜੋ ਕਿ ਗੁਰਦੁਆਰਿਆਂ ਅਤੇ ਅਕਾਲ ਤਖਤ ਦਾ ਪ੍ਰਬੰਧ ਦੇਖਦੀ ਹੈ, ਉੱਪਰ ਵੀ ਆਪਣਾ ਨਿਯੰਤ੍ਰਣ ਰੱਖਿਆ। ਪਰ ਜਿਸ ਨੇ ਰਾਜਨੀਤੀ ਵਿਚ ਉਨਾਂ ਨੂੰ ਫਾਇਦਾ ਪਹੁੰਚਾਇਆ, ਉਹ ਹੀ ਉਨਾਂ ਦੀ ਸਭ ਤੋਂ ਵੱਡੀ ਜ਼ਿੰਮੇਦਾਰੀ ਬਣ ਗਈ ਜਦੋਂ ਸੂਬੇ ਵਿਚ 2015 ਵਿਚ ਬੇਅਦਬੀ ਦੀਆਂ ਘਟਨਾਵਾਂ ਹੋਈਆਂ।

ਰਾਜਨੀਤਿਕ ਮਾਹਿਰਾਂ ਨੇ ਬਾਦਲ ਨੂੰ ਹਮੇਸ਼ਾ ਹੀ ਸਮਾਧਾਨ ਕਰਵਾਉਣ ਵਾਲੇ ਦੇ ਰੂਪ ਵਿਚ ਦੇਖਿਆ ਹੈ। 1980 ਵਿਆਂ ਜਦੋਂ ਪੰਜਾਬ ਸੰਤਾਪ ਦੀ ਲਪੇਟ ਵਿਚ ਆਇਆ ਹੋਇਆ ਸੀ ਤਾਂ ਬਾਦਲ ਨੇ ਉਦਾਰਵਾਦੀ ਰਾਜਨੀਤੀ ਵਿਚ ਆਪਣੀ ਜਗਾ ਬਣਾਈ ਅਤੇ ਕਦੇ ਵੀ ਹਿੰਦੀ ਵਿਰੋਧੀ ਜਾਂ ਭਾਰਤ ਵਿਰੋਧੀ ਰੁਖ ਨਹੀਂ ਅਪਣਾਇਆ। 1990ਵਿਆਂ ਦੇ ਸ਼ੁਰੂਆਤੀ ਵਰਿਆਂ ਵਿਚ ਖਾੜਕੂਵਾਦ ਖਤਮ ਹੋਣ ਤੋਂ ਬਾਅਦ ਉਸ ਨੇ 1997 ਵਿਚ ਭਾਰਤੀ ਜਨਤਾ ਪਾਰਟੀ ਨਾਲ ਗਠਬੰਧਨ ਕੀਤਾ ਜਿਸ ਨੂੰ ਫਿਰਕੂ ਸਦਭਾਵਨਾ ਦੇ ਰੂਪ ਵਿਚ ਦੇਖਿਆ ਗਿਆ।ਇਸ ਤੋਂ ਪਹਿਲਾਂ ਉਸ ਨੇ ਚਾਰ ਵਾਰ ਜਨ ਸੰਘ ਨਾਲ ਚੋਣਾਂ ਤੋਂ ਬਾਅਦ ਗਠਜੋੜ ਕੀਤਾ ਸੀ।ਬਾਦਲ ਨੇ ਪੰਥਕ ਪਾਰਟੀ ਨੂੰ ਪੰਜਾਬੀ ਪਾਰਟੀ ਵਿਚ ਤਬਦੀਲ ਕਰ ਦਿੱਤਾ ਜਿਸ ਨੇ 2012 ਦੀਆਂ ਚੋਣਾਂ ਵਿਚ ਗਿਆਰਾਂ ਹਿੰਦੂ ਉਮੀਦਵਾਰਾਂ ਨੂੰ ਖੜੇ ਕੀਤਾ। ਇਨਾਂ ਚੋਣਾਂ ਵਿਚ ਵੀ ਸੁਖਬੀਰ ਸਿੰਘ ਬਾਦਲ ਨੇ ਇਹ ਐਲਾਨ ਕੀਤਾ ਸੀ ਕਿ ਪਾਰਟੀ ਨੇ ਸਭ ਤੋਂ ਜਿਆਦਾ ਹਿੰਦੂ ਉਮੀਦਵਾਰਾਂ ਨੂੰ ਜਗਾ ਦਿੱਤੀ ਹੈ। ਹਿੰਦੂਆਂ, ਜਿਨਾਂ ਦੀ ਅਬਾਦੀ 47 ਪ੍ਰਤੀਸ਼ਤ ਹੈ, ਨੇ ਉਸ ਨੂੰ ਸ਼ਾਂਤੀ ਦੀ ਗਾਰੰਟੀ ਦੇ ਰੂਪ ਵਿਚ ਦੇਖਿਆ। ਨੌਕਰਸ਼ਾਹ ਵੀ ਸੀਨੀਅਰ ਬਾਦਲ ਨੂੰ ਅਜਿਹੇ ਰਾਜਨੇਤਾ ਦੇ ਤੌਰ ਤੇ ਯਾਦ ਕਰਦੇ ਹਨ ਜੋ ਅਖਬਾਰ ਪੜਨ ਲਈ ਪੰਜ ਵਜੇ ਉੱਠ ਜਾਂਦਾ ਸੀ ਅਤੇ ਉਸ ਤੋਂ ਬਾਅਦ ਡਿਪਟੀ ਕਮਿਸ਼ਨਰ ਨੂੰ ਕੰਮਾਂ ਦੀ ਸੂਚੀ ਨਾਲ ਬੁਲਾਉਂਦਾ ਸੀ। ਸੀਨਅਰ ਬਾਦਲ ਨੇ ਹੀ ਪਾਰਟੀ ਵਿਚ ਸੰਗਤ ਦਰਸ਼ਨ ਦੀ ਪਿਰਤ ਸ਼ੁਰੂ ਕੀਤੀ ਜਿਸ ਵਿਚ ਉਹ ਵੱਖ-ਵੱਖ ਥਾਵਾਂ 'ਤੇ ਆਪਣੇ ਅਧਿਕਾਰੀਆਂ ਨਾਲ ਆਮ ਲੋਕਾਂ ਨੂੰ ਉਨਾਂ ਦੀਆਂ ਸਮੱਸਿਆਵਾਂ ਸੁਣਨ ਲਈ ਮਿਲਦਾ ਸੀ।ਇਹ ਉਸ ਦੀ ਪਾਰੀ ਦਾ ਸ੍ਰੇਸ਼ਟ ਸਮਾਂ ਸੀ।ਬਾਦਲ, ਜਿਸ ਨੇ ਸਬਸਿਡੀਆਂ ਅਤੇ ਮੁਫਤ ਬਿਜਲੀ ਦੀਆਂ ਸਹੂਲਤਾਂ ਦੇ ਕੇ ਪੰਜਾਬ ਦੀ ਕਿਸਾਨੀ ਨੂੰ ਖੁਸ਼ ਰੱਖਿਆ, ਕਿਸਾਨੀ ਬਿੱਲਾਂ ਸਮੇਂ ਮਾਤ ਖਾ ਗਿਆ। ਉਸ ਨੇ ਅਗਸਤ 2021 ਵਿਚ ਆਈ ਇਕ ਵੀਡੀਓ ਵਿਚ ਕੇਂਦਰ ਸਰਕਾਰ ਨੂੰ ਸਲਾਹਿਆ ਜਿਸ ਨੇ ਜ਼ਮੀਨੀ ਪੱਧਰ 'ਤੇ ਪਾਰਟੀ ਅਤੇ ਉਸ ਦੀ ਛਵੀ ਦਾ ਵੱਡਾ ਨੁਕਸਾਨ ਕੀਤਾ।ਦਲਿਤਾਂ ਅਤੇ ਹਾਸ਼ੀਆਗਤ ਹਿੱਸੇ ਨੂੰ ਪਾਰਟੀ ਵੱਲ ਖਿੱਚਣ ਲਈ ਉਸ ਨੇ ਆਟਾ-ਦਾਲ ਜਿਹੀਆਂ ਸਕੀਮਾਂ ਚਲਾਈਆਂ। 2007 ਤੋਂ ਲੈ ਕੇ 2017 ਤੱਕ ਬਾਦਲਾਂ ਦੇ ਚੋਣ ਸਮੀਕਰਨਾਂ ਨੇ ਹੀ ਆਮ ਆਦਮੀ ਪਾਰਟੀ ਲਈ ਪੰਜਾਬ ਵਿਚ ਰਾਹ ਪੱਧਰਾ ਕੀਤਾ ਕਿਉਂ ਕਿ ਬਾਦਲਾਂ ਦੇ ਸ਼ਾਸਨ ਵਿਚ ਪੰਜਾਬ ਪਤਨ ਵੱਲ ਹੀ ਵਧਿਆ। ਉਹ ਕਿਸਾਨੀ ਸੰਕਟ, ਬੇਰੋਜ਼ਗਾਰੀ, ਨਸ਼ੇ ਦੀ ਸਮੱਸਿਆ ਅਤੇ ਬੇਅਦਬੀ ਜਿਹੇ ਮੁੱਦਿਆਂ ਦਾ ਕੋਈ ਹੱਲ ਨਹੀਂ ਪੇਸ਼ ਕਰ ਸਕੇ। ਪੁਲਿਸ ਖੋਜ ਅਤੇ ਵਿਕਾਸ ਬਿਊਰੋ ਅਨੁਸਾਰ 2008 ਤੋਂ ਲੈ ਕੇ 20165 ਤੱਕ ਪੰਜਾਬ ਵਿਚ ਬਾਦਲਾਂ ਦੇ ਸ਼ਾਸਨ ਵਿਚ 25000 ਪ੍ਰਦਰਸ਼ਨ ਹੋਏ ਜਿਨਾਂ ਦੀ ਗਿਣਤੀ ਭਾਰਤ ਵਿਚ ਸਭ ਤੋਂ ਜਿਆਦਾ ਹੈ। ਇਹ ਵੀ ਵਿਡੰਬਨਾ ਹੈ ਕਿ ਜਿਸ ਬਾਦਲ ਨੇ ਕਦੇ ਵੀ ਆਪਣੇ ਆਪ ਨੂੰ ਲੋਕਾਂ ਤੋਂ ਦੂਰ ਨਹੀਂ ਸੀ ਕੀਤਾ, ਉਹ ਲੋਕਾਂ ਵਿਚ ਆਪਣੇ ਅਤੇ ਪਾਰਟੀ ਖਿਲਾਫ ਪੈਦਾ ਹੁੰਦੇ ਰੋਸ ਅਤੇ ਗੁੱਸੇ ਦਾ ਅੰਦਾਜ਼ਾ ਨਹੀਂ ਲਗਾ ਸਕਿਆ।

ਅਕਾਲੀ ਦਲ ਦੀ ਉਤਪੱਤੀ ਸੰਘਰਸ਼ ਵਿਚੋਂ ਹੋਈ ਸੀ, ਪਰ ਮੁੱਖ ਮੰਤਰੀ ਬਣਨ ਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਪਕੜ ਮਜਬੂਤ ਕਰਨ ਲਈ ਆਪਣੇ ਰਿਸ਼ਤੇਦਾਰਾਂ ਨੂੰ ਹੀ ਟਿਕਟਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਇਸ ਤੋਂ ਬਾਅਦ ਉਸ ਨੇ ਪਾਰਟੀ ਦੀ ਪ੍ਰਧਾਨਤਾ ਆਪਣੇ ਪੁੱਤਰ ਨੂੰ ਸੌਂਪ ਦਿੱਤੀ ਅਤੇ ਇਸ ਦਾ ਨਾਂ ਅਕਾਲੀ ਦਲ ਬਾਦਲ ਰੱਖਿਆ।ਇਹ ਵਪਾਰੀਆਂ ਅਤੇ ਰਿਸ਼ਤੇਦਾਰਾਂ ਦੀ ਪਾਰਟੀ ਬਣ ਕੇ ਰਹਿ ਗਈ।ਪਾਰਟੀ ਦੇ ਮੈਂਬਰ ਆਪਣੇ ਬਿਜ਼ਨਸ ਵਿਚੋਂ ਪੈਸਾ ਕਮਾਉਂਦੇ ਰਹੇ ਅਤੇ ਲੋਕਾਂ ਤੋਂ ਦੂਰ ਰਹੇ। ਅਗਰ ਅਸੀਂ ਨਵੇਂ ਸਮੀਕਰਨ ਨੂੰ ਧਿਆਨ ਵਿਚ ਰੱਖੀਏ ਤਾਂ ਇਸ ਵਿਚ ਬਾਦਲ ਪਰਿਵਾਰ ਦਾ ਕੋਈ ਮੈਂਬਰ ਸ਼ਾਮਿਲ ਨਹੀਂ ਹੈ ਅਤੇ ਨਾ ਹੀ ਕੋਈ ਵਿਧਾਇਕ ਬਣਿਆ ਹੈ।ਉਸ ਦੇ ਜਵਾਈ ਅਤੇ ਸਾਲੇ ਵਿਚੋਂ ਕੋਈ ਵੀ ਵਿਧਾਨ ਸਭਾ ਵਿਚ ਨਹੀਂ ਪਹੁੰਚਿਆ ਹੈ। ਪਾਰਟੀ ਦੇ ਸੌ ਸਾਲਾਂ ਦੇ ਇਤਿਹਾਸ ਵਿਚ ਅਕਾਲੀ ਸੂਬੇ ਦੀ ਰਾਜਨੀਤੀ ਵਿਚ ਭਾਗੀਦਾਰ ਨਹੀਂ ਰਹੇ ਹਨ।ਜਿਸ ਪਾਰਟੀ ਦੀ ਉਤਪਤੀ ਉਦੋਂ ਹੋਈ ਜਦੋਂ ਅਜੇ ਭਾਰਤ ਦੇ ਅਜ਼ਾਦੀ ਸੰਘਰਸ਼ ਲਈ ਮਹਾਤਮਾ ਗਾਂਧੀ ਵੀ ਸਪੱਸ਼ਟ ਨੇਤਾ ਦੇ ਰੂਪ ਵਿਚ ਸਾਹਮਣੇ ਨਹੀਂ ਸੀ ਆਇਆ, ਹੁਣ ਉਸ ਦਾ ਰੋਲ ਬਿਲਕੁਲ ਬਦਲ ਗਿਆ ਹੈ। ਆਪਣੇ ਸ਼ੁਰੂਆਤੀ ਦੌਰ ਵਿਚ ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਟਾਸਕ ਫੋਰਸ ਸੀ ਜਿਸ ਨੇ ਅਣਵੰਡੇ ਭਾਰਤ ਵਿਚ ਸਿੱਖਾਂ ਦੀ ਅਗਵਾਈ ਕੀਤੀ ਸੀ। ਅਜ਼ਾਦੀ ਤੋਂ ਬਾਅਦ ਵੀ ਰਾਜਨੀਤਿਕ ਹਾਲਾਤਾਂ ਅਨੁਸਾਰ ਪਾਰਟੀ ਨੇ ਆਪਣਾ ਰੁਖ ਲਿਆ ਜਿਸ ਵਿਚ ਸਤਲੁਜ-ਯਮੁਨਾ ਲਿੰਕ ਨਹਿਰ ਅੰਦੋਲਨ ਅਤੇ ਮੋਗਾ ਕਾਨਫਰੰਸ 1996 ਵਿਚ ਧਰਮ ਨਿਰਪੱਖ ਪੰਜਾਬੀ ਪਹਿਚਾਣ ਅਪਣਾਉਣ ਜਿਹੇ ਫੈਸਲੇ ਸ਼ਾਮਿਲ ਹਨ।ਪਾਰਟੀ ਨੂੰ 2007 ਤੋਂ 20 17 ਤੱਕ ਸਭ ਤੋਂ ਲੰਮਾ ਸਮਾਂ ਪੰਜਾਬ ਵਿਚ ਰਾਜ ਕਰਨ ਦਾ ਮੌਕਾ ਮਿਲਿਆ, ਪਰ ਇਹ ਹੁਣ ਬੀਤੇ ਦੀਆਂ ਗੱਲਾਂ ਹੋ ਗਈਆਂ ਹਨ। ਮੌਜੂਦਾ ਸਮੇਂ ਵਿਚ ਪਾਰਟੀ ਨਾ ਸਿਰਫ ਉਨਾਂ ਦਸ ਸਾਲਾਂ ਦੇ ਨਤੀਜੇ ਭੁਗਤ ਰਹੀ ਹੈ ਜਿਸ ਨੂੰ ਲੋਕ ਭ੍ਰਿਸ਼ਟਾਚਾਰ, ਨਸ਼ੇ ਦੇ ਵਹਿਣ ਅਤੇ ਆਰਥਿਕ ਅਧੋਗਤੀ ਦੇ ਰੂਪ ਵਿਚ ਯਾਦ ਕਰਦੇ ਹਨ।ਪੰਜ ਸਾਲ ਸੱਤਾ ਤੋਂ ਬਾਹਰ ਰਹਿਣ ਤੋਂ ਬਾਅਦ ਪਾਰਟੀ ਨੇ ਆਪਣੇ ਜੱਟ-ਸਿੱਖ ਵੋਟ ਆਧਾਰ ਵੀ ਗੁਆ ਲਿਆ ਹੈ ਜਿਸ ਨੇ ਆਮ ਆਦਮੀ ਪਾਰਟੀ ਨੂੰ ਵੋਟ ਪਾਈ। ਪੰਜਾਬ ਦੀ ਰਾਜਨੀਤੀ ਵਿਚ ਉਨਾਂ ਦਾ ਭਵਿੱਖ ਇਸ ਉੱਪਰ ਹੀ ਨਿਰਭਰ ਕਰਦਾ ਹੈ ਕਿ ਉਹ ਕਿਸ ਤਰਾਂ ਆਪਣੇ ਆਪ ਨੂੰ ਜ਼ਮੀਨੀ ਹਕੀਕਤ ਨਾਲ ਮੁੜ ਜੋੜਦੇ ਹਨ ਅਤੇ ਉਚ ਲੀਡਰਸ਼ਿਪ ਵਿਚ ਕਿਸ ਤਰਾਂ ਦੀ ਤਬਦੀਲੀ ਕੀਤੀ ਜਾਂਦੀ ਹੈ। ਅੰਤ ਵਿਚ ਅਸੀਂ ਉਨਾਂ ਦੇ ਸੰਦਰਭ ਵਿਚ ਕਹਿ ਸਕਦੇ ਹਾਂ :

ਨਜੂਮੀ ਨੇ ਕੀ ਪੇਸ਼-ਗੋਈ

ਰੁਲਾਇਗਾ ਮੁਕੱਦਰ ਦੇਖ ਲੈਣਾ।

# ਰਾਘਵ ਚੱਢਾ ਨੂੰ ਚੜਾਇਆ ਮੁੱਖ ਮੰਤਰੀ ਬਨਣ ਦੀ ਪਹਿਲੀ ਪੌੜੀ

## ਰਾਜ ਸਭਾ 'ਚ ਪਹਿਲੀ ਵਾਰ ਪੰਜ ਵਿਚੋਂ ਚਾਰ ਗ਼ੈਰ ਸਿੱਖ

ਪੰਜਾਬ ਨੂੰ ਮਾਡਲ ਸਟੇਟ ਬਣਾ ਕੇ ਸਾਰੇ ਭਾਰਤ ਨੂੰ ਆਪ ਨੇ ਸਬੂਤ ਦੇਣਾ ਹੈ ਕਿ ਉਹ ਬਾਖੂਬੀ ਨਾਲ ਦੇਸ਼ ਚਲਾ ਸਕਦੇ ਹਨ। ਉਨਾਂ ਨੇ ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਲੋਕ ਭਲਾਈ ਅਤੇ ਵਿਕਾਸ ਦੇ ਕੰਮ ਕਰਨ ਨਾਲ ਨਾਲ ਹਿੰਦੂ ਪਾਰਟੀ ਵਜੋਂ ਵੀ ਉੱਭਰਨਾ ਹੈ। ਉਨਾਂ ਨੇ ਬੀ ਜੇ ਪੀ ਨਾਲੋਂ ਵਧੀਆ ਰਾਸ਼ਟਰਵਾਦੀ ਅਤੇ ਹਿੰਦੂਤਵ ਬਨਣਾ ਹੈ, ਇਸ ਲਈ ਹੀ ਉਨਾਂ ਨੇ ਰਾਜ ਸਭਾ ਲਈ ਹਿੰਦੂ ਚਿਹਰੇ ਲੈ ਕੇ ਜੱਟ ਸਿੱਖ, ਇਸਾਈ, ਦਲਿਤ ਤੇ ਮੁਸਲਮਾਨਾਂ ਵਿੱਚੋਂ ਇੱਕ ਵੀ ਮੈਂਬਰ ਨਹੀਂ ਚੁਣਿਆ। ਉਨਾਂ ਨੂੰ ਏਨੀ ਸਮਝ ਹੈ ਕਿ ਪੰਜਾਬੀਆਂ ਨੇ ਅਜਿਹੀਆਂ ਨੀਤੀਆਂ ਕਰਕੇ ਆਪ ਵਿਰੁੱਧ ਹੋਣਾ ਹੈ ਪਰ ਇਸ ਵਿਰੋਧ ਨੂੰ ਵਰਤ ਕੇ ਹੀ ਸਾਰੇ ਭਾਰਤ ਦੀ ਹਿੰਦੂ ਵੋਟ ਖਿੱਚਣੀ ਹੈ। ਪੰਜਾਬ ਗੁਆ ਕੇ ਭਾਰਤ ਮਿਲੇ ਤਾਂ ਸੌਦਾ ਖਰਾ ਲੱਗਦਾ ਹੈ। ਜਿਨਾਂ ਚਿਹਰਿਆਂ ਨੂੰ ਰਾਜ ਸਭਾ ਲਈ ਨਾਮਜ਼ਦ ਕੀਤਾ ਗਿਆ ਹੈ। ਉਨਾਂ ਵਿੱਚੋਂ ਪਹਿਲਾ ਨਾਂ ਰਾਘਵ ਚੱਢਾ ਜੋ ਦਿੱਲੀ ਵਿੱਚ MLA ਹੈ, ਦੂਜਾ ਨਾਮ ਸੰਦੀਪ ਪਾਠਕ ਦਾ ਹੈ ਜੋ ਛੱਤੀਸਗੜ ਦਾ ਹੈ ਇਹ ਦੋ ਚਿਹਰੇ ਤਾਂ ਅਜਿਹੇ ਹਨ ਜਿਨਾਂ ਨੂੰ ਪੰਜਾਬੀ ਲਿਖਣੀ ਤੱਕ ਨਹੀਂ ਆਉਂਦੀ, ਪੰਜਾਬ ਦੀ ਨੁਮਾਇੰਦਗੀ ਕਿਵੇਂ ਕਰਨਗੇ ? ਤੀਜਾ ਨਾਂ ਕ੍ਰਿਕਟਰ ਹਰਭਜਨ ਸਿੰਘ ਦਾ ਹੈ ਜਿਸਨੇ ਪੰਜਾਬ ਜਾਂ ਸਮਾਜ ਲਈ ਹਾਲੇ ਤੱਕ ਕੁੱਝ ਨਹੀਂ ਕੀਤਾ ਅਤੇ ਉਸਨੇ ਵੀ ਆਪਣਾ



ਘਰ ਮੁੰਬਈ ਬਣਾ ਲਿਆ ਹੈ। ਚੌਥਾ ਨਾਮ ਅਸ਼ੋਕ ਮਿੱਤਲ ਦਾ ਹੈ ਜਿਸ ਨੂੰ ਵਿੱਦਿਆ ਦਾ ਵਪਾਰੀ ਕਿਹਾ ਜਾ ਸਕਦਾ ਹੈ, ਕਿਉਂਕਿ ਪੰਜਾਬ ਵਿਚ ਸਥਾਪਿਤ ਗ਼ੈਰ ਸਰਕਾਰੀ ਯੂਨੀਵਰਸਿਟੀ LPU ਦੇ ਸੰਸਥਾਪਕ ਹਨ ਜਿਨਾਂ ਦਾ ਕਾਰੋਬਾਰ ਪਹਿਲਾਂ ਹੀ ਵਿੱਦਿਆ ਨੂੰ ਮਹਿੰਗੇ ਭਾਅ ਵਿਚ ਵੇਚਣ ਦਾ ਹੈ। ਪੰਜਵਾਂ ਨਾਮ ਉਦਯੋਗਪਤੀ ਸੰਦੀਪ ਅਰੋੜਾ ਦਾ ਹੈ। ਸੰਦੀਪ ਅਰੋੜਾ ਲੁਧਿਆਣਾ 'ਚ ਸਥਿਤ ਟੈਕਸਟਾਈਲ ਉਦਯੋਗ ਦਾ ਮਾਲਕ ਹੈ। ਇਹ ਉਹ ਉਦਯੋਗ ਹਨ ਜਿਨਾਂ ਕਾਰਨ ਪੰਜਾਬ ਵਿੱਚ ਦਿਨ ਪ੍ਰਤੀ ਦਿਨ ਕੈਂਸਰ ਦੀ ਭਿਆਨਕ ਬਿਮਾਰੀ ਫੈਲ ਗਈ ਹੈ। ਇਹ ਕਿਵੇਂ ਪੰਜਾਬ ਵਿੱਚ ਅਜਿਹੇ ਉਦਯੋਗਾਂ ਨੂੰ ਬੰਦ ਕਰਨਗੇ ਜਿਨਾਂ ਦੇ ਇਹ ਖ਼ੁਦ ਮਾਲਕ ਹਨ । ਇਨਾਂ ਮੈਂਬਰਾਂ ਤੋਂ ਪੰਜਾਬ ਦੇ ਹੱਕਾਂ ਦੀ ਨੁਮਾਇੰਦਗੀ ਕਿਵੇਂ ਆਸ ਰੱਖੀ ਜਾ ਸਕਦੀ ਹੈ ?

ਅੰਮ੍ਰਿਤਸਰ ਟਾਈਮਜ਼ AMRITSAR TIMES

23 ਮਾਰਚ 2022 ਤੋਂ 30 ਮਾਰਚ 2022

# 'ਹੋਲਾ-ਮਹੱਲਾ' - ਬਣ ਰਹੇ ਇਤਿਹਾਸ 'ਚ ਸਾਡੀ ਜ਼ਿੰਮੇਵਾਰੀ

ਲੰਘੇ ਦਿਨੀਂ ਵੱਡੀ ਗਿਣਤੀ ਵਿੱਚ ਸੰਗਤ ਨੇ 'ਹੋਲਾ ਮਹੱਲਾ' ਦਿਹਾੜੇ 'ਤੇ ਸ੍ਰੀ ਅਨੰਦਪੁਰ ਸਾਹਿਬ ਹਾਜ਼ਰੀਆਂ ਭਰੀਆਂ ਹਨ ਅਤੇ ਇਸ ਦਿਹਾੜੇ ਨੂੰ ਯਾਦ ਕੀਤਾ ਹੈ। ਸਿੱਖ ਸੰਗਤ ਆਪਣੇ ਪੁਰਖਿਆਂ ਨੂੰ, ਓਹਨਾ ਦੇ ਦਿਹਾੜਿਆਂ ਨੂੰ ਹਮੇਸ਼ਾ ਯਾਦ ਕਰਦੀ ਹੈ ਅਤੇ ਇਹਨਾਂ ਦਿਹਾੜਿਆਂ ਰਾਹੀਂ ਸਿੱਖ ਯਾਦ ਨੂੰ ਤਾਜ਼ਾ ਕਰਨ ਦਾ ਯਤਨ ਕਰਦੀ ਹੈ। ਪਰ ਵਕਤ ਦੀ ਚਾਲ ਵਿੱਚ ਸਮੇਂ ਸਮੇਂ ਉੱਤੇ ਜਦੋਂ ਵੀ ਸਿੱਖ ਦੇ ਗੁਰੂ ਨੂੰ ਮਹਿਸੂਸ ਕਰਨ ਦੇ ਅਮਲ 'ਚ ਪਾੜਾ ਵੱਧਦਾ ਹੈ ਤਾਂ ਉਹ ਆਪਣੀ ਰਵਾਇਤ ਵਿੱਚ, ਆਪਣੇ ਮੂਲ ਵਿੱਚ ਬਹੁਤ ਕੁਝ ਰਲਗੱਡ ਕਰ ਲੈਂਦਾ ਹੈ ਜਿਸ ਕਰ ਕੇ ਉਸ ਦੇ ਵਰਤਮਾਨ ਦੇ ਅਮਲ ਅਤੇ ਪਹੁੰਚ ਬੀਤੇ ਦੇ ਹਾਣਦੇ ਨਹੀਂ ਹੁੰਦੇ ਅਤੇ ਭਵਿੱਖ ਵਿੱਚ ਵੀ ਲਗਾਤਾਰ ਇਹਨਾਂ ਅਮਲਾਂ ਦਾ ਕੱਦ ਘੱਟਦਾ ਜਾਂਦਾ ਹੈ। ਚੱਲ ਰਹੇ ਸਮੇਂ ਵਿੱਚ ਜਿਸ ਨੇ ਭਲਕੇ ਇਤਿਹਾਸ ਬਣਨਾ ਹੁੰਦਾ ਹੈ, ਗੁਰੂ ਲਈ ਪਿਆਰ ਸਤਿਕਾਰ ਰੱਖਣ ਅਤੇ ਮਹਿਸੂਸ ਕਰਨ ਵਾਲੀਆਂ ਸਖਸ਼ੀਅਤਾਂ 'ਤੇ ਇਹ ਜ਼ਿੰਮੇਵਾਰੀ ਆਣ ਪੈਂਦੀ ਹੈ ਕਿ ਉਹ ਇਹਨਾਂ ਅਮਲਾਂ ਨੂੰ ਬੀਤੇ ਦੇ ਹਾਣਦਾ ਕਰ ਸਕਣ ਲਈ ਯਤਨਸ਼ੀਲ ਹੋਣ।

'ਹੋਲਾ ਮਹੱਲਾ' ਹਰ ਸਿੱਖ ਦੇ ਸਿਪਾਹੀ ਹੋਣ ਦੇ ਫਰਜ਼ ਨੂੰ ਚੇਤੇ ਕਰਵਾਉਂਦਾ ਹੈ। 'ਹੋਲਾ ਮਹੱਲਾ' ਨੂੰ ਚੇਤੇ ਕਰਦਿਆਂ ਸਾਡੇ ਅੱਖਾਂ ਸਾਹਮਣੇ ਸ਼ਸਤਰ ਆ ਜਾਂਦੇ ਹਨ। ਸ਼ਸਤਰਾਂ ਦੀ ਅਹਿਮੀਅਤ ਤੋਂ ਹਰ ਸਿੱਖ ਭਲੀਭਾਂਤ ਜਾਣੂ ਹੈ। ਸ਼ਸਤਰ ਸਿੱਖ ਲਈ ਪੀਰ ਹਨ, ਗੁਰੂ ਪਾਤਿਸਾਹ ਨੇ ਸਿੱਖ ਨੂੰ ਕੇਸਾਂ ਅਤੇ ਸ਼ਸ਼ਤਰਾਂ ਨਾਲ ਹੀ ਦਰਸ਼ਨ ਦੇਣ ਦੀ ਹਾਮੀ ਭਰੀ ਹੈ, ਜਦੋਂ ਵੀ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੀਸ ਝੁਕਾਉਂਦੇ ਹਾਂ ਤਾਂ ਪਹਿਲਾਂ ਸਾਡਾ ਸੀਸ ਸ਼ਸਤਰਾਂ ਅੱਗੇ ਝੁਕਦਾ ਹੈ, ਦੋ ਵੇਲਿਆਂ ਦੀ ਅਰਦਾਸ ਵਿੱਚ ਅਸੀਂ ਤੇਗਾਂ ਵਾਹੁਣ ਵਾਲਿਆਂ ਦਾ ਧਿਆਨ ਧਰਦੇ ਹਾਂ, ਮਹਿਰਾਜ ਦੀ ਜੰਗ ਵੇਲੇ ਰਾਇ ਜੋਧ ਵੱਲੋਂ ਟਲ ਜਾਣ ਦੀ ਸਲਾਹ ਦੇ ਜਵਾਬ ਵਿੱਚ ਛੇਵੇਂ ਪਾਤਿਸਾਹ ਕਹਿੰਦੇ ਹਨ "ਲੋਕ ਪ੍ਰਲੋਕ ਦੇ ਸਾਰੇ ਸੁੱਖ ਸੂਰਬੀਰਾਂ ਦੀਆਂ ਭੁਜਾਂ ਨਾਲ ਲਮਕਦੇ ਹਨ", ਜਦੋਂ ਦਸਵੇਂ ਪਾਤਿਸਾਹ ਨੇ ਮਾਛੀਵਾੜੇ ਟਿੰਡ ਦਾ ਸਰਾਨਾ ਲਾਇਆ ਤਾਂ ਵੀ ਉਹਨਾਂ ਦਾ ਹੱਥ ਕਿਰਪਾਨ ਦੀ ਮੁੱਠ ਉੱਤੇ ਹੀ ਸੀ, ਬਾਬਾ ਬੰਦਾ ਸਿੰਘ ਜੀ ਨਾਲ ਸਰਹਿੰਦ ਨੂੰ ਜਾਣ ਵਕਤ ਸਿੰਘ ਆਪਣੇ ਭਾਂਡੇ, ਡੰਗਰ ਅਤੇ ਜਮੀਨਾਂ ਵੇਚ ਕੇ ਹਥਿਆਰ, ਘੋੜੇ ਖਰੀਦ ਜੰਗ ਲਈ ਆਪਣੇ ਆਪ ਨੂੰ ਪੇਸ਼ ਕਰਦੇ ਹਨ। ਗੁਰੂ ਪਾਤਿਸਾਹ ਨੇ ਸ਼ਸਤਰ ਅਭਿਆਸ ਹਰ ਸਿੱਖ ਲਈ ਜਰੂਰੀ ਕੀਤਾ ਹੈ। ਦਸਵੇਂ ਪਾਤਿਸਾਹ ਵੱਲੋਂ ਪਲੰਘ ਦੇ ਪਾਵੇ 'ਚ ਮਾਰਿਆ ਤੀਰ ਜਦੋਂ ਵਜ਼ੀਰ ਖਾਨ ਨੂੰ ਕਰਾਮਾਤ ਲੱਗਾ ਤਾਂ ਪਾਤਿਸਾਹ ਨੇ ਇਕ ਤੀਰ ਦਰਖਤ ਦੇ ਟਾਹਣ 'ਚ ਮਾਰਿਆ, ਨਾਲ ਚਿੱਠੀ ਸੀ ਜਿਸ ਵਿਚ ਲਿਖਿਆ ਸੀ, ਕਰਾਮਾਤ ਨਹੀਂ ਅਭਿਆਸ। ਇਸੇ ਅਭਿਆਸ ਨੂੰ ਮਹਿਸੂਸ ਕਰਨਾ 'ਹੋਲਾ ਮਹੱਲਾ' ਹੈ।

ਮਹਾਨ ਕੋਸ਼ ਅਨੁਸਾਰ 'ਹੋਲੇ' ਦਾ ਅਰਥ ਹੱਲਾ ਅਤੇ ਹੱਲੇ ਦੀ ਥਾਂ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਨੂੰ ਸ਼ਸਤਰ ਅਤੇ ਯੁੱਧ ਵਿਦਿਆ ਵਿਚ ਨਿਪੁੰਨ ਕਰਨ ਲਈ ਇਹ ਰੀਤ ਚਲਾਈ ਸੀ। ਅਸੀਂ ਜਾਣਦੇ ਹਾਂ ਕਿ ਸੰਮਤ 1757 (1700 ਈ.) ਵਿੱਚ ਖਾਲਸਾ ਦਲ ਨੂੰ ਦੋ ਹਿੱਸਿਆਂ ਵਿੱਚ ਕਰ ਕੇ, ਜਿਸ ਵਿੱਚੋਂ ਇੱਕ ਨੇ ਹੋਲਗੜ ਉਤੇ ਮੋਰਚੇ ਲਾਏ ਅਤੇ ਦੂਸਰੇ ਹਿੱਸੇ ਨੇ ਉਹਨਾਂ 'ਤੇ ਧਾਵਾ ਬੋਲਿਆ। ਇਸੇ ਤਰਾਂ ਪਾਤਿਸਾਹ ਦੋਵੇਂ ਪਾਸੇ ਵਾਲਿਆਂ ਨੂੰ ਸ਼ਸਤਰ ਵਿਦਿਆ ਦੇ ਗੁਰ ਦੱਸਦੇ। ਅੱਜ ਵੀ 'ਮਹੱਲੇ' ਵਕਤ ਖਾਲਸਾ ਨਿਸ਼ਾਨਾਂ ਦੀ ਤਾਬਿਆ ਇੱਕ ਗੁਰ ਅਸਥਾਨ ਤੋਂ ਦੂਜੇ ਤੱਕ ਜਾਂ ਮੁੜ ਓਸੇ ਅਸਥਾਨ ਤੱਕ ਜਾਂਦਾ ਹੈ। ਗੁਰੂ ਕੀਆਂ ਲਾਡਲੀਆਂ ਫੌਜਾਂ ਨਿਹੰਗ ਸਿੰਘ ਖ਼ਾਲਸਾਈ ਜੌਹਰ - ਸ਼ਸਤ੍ਰਾਂ ਦਾ ਅਭਿਆਸ, ਘੋੜ-ਦੌੜ, ਗੱਤਕਾ, ਨੇਜਾਬਾਜ਼ੀ, ਤੀਰ ਅੰਦਾਜ਼ੀ ਆਦਿ ਦਿਖਾਉਂਦੇ ਹਨ। ਜਿੱਥੇ ਨਿਹੰਗ ਸਿੰਘ ਫੌਜਾਂ ਵੱਲੋਂ 'ਹੋਲੇ-ਮਹੱਲੇ' ਦੀ ਰਵਾਇਤ ਨੂੰ ਕਾਫੀ ਹੱਦ ਤੱਕ ਸਾਂਭਿਆ ਹੋਇਆ ਹੈ ਉੱਥੇ ਹੀ ਬਹੁਤ ਕੁਝ ਅਜਿਹਾ ਵੀ ਹੈ ਜੋ ਸਾਡੇ ਲਈ ਚਿੰਤਾ ਦਾ ਵਿਸ਼ਾ ਹੈ ਅਤੇ ਮੌਜੂਦਾ ਸਮੇਂ ਵਿੱਚ ਹੋਣ ਕਰਕੇ ਸਾਡੇ ਸਭ ਉੱਤੇ ਸਮੂਹਿਕ ਰੂਪ ਵਿੱਚ ਉਸ ਨੂੰ ਦਰੁੱਸਤ ਕਰਨ ਦੀ ਜਿੰਮੇਵਾਰੀ ਵੀ ਹੈ।

'ਹੋਲੇ-ਮਹੱਲੇ' 'ਤੇ ਸ੍ਰੀ ਅਨੰਦਪੁਰ ਸਾਹਿਬ ਨੂੰ ਜਾਣ ਅਤੇ ਉੱਥੋਂ ਆਉਣ ਵਕਤ ਜੋ ਗੰਭੀਰਤਾ ਹੋਣੀ ਚਾਹੀਦੀ ਹੈ, ਨੌਜਵਾਨ ਉਮਰ ਦੇ ਮੁੰਡਿਆਂ ਵਿੱਚ ਉਸ ਦੀ ਬਹੁਤ ਵੱਡੀ ਘਾਟ ਹੈ। ਮੋਟਰਸਾਈਕਲਾਂ, ਟਰੈਕਟਰਾਂ ਦੀ ਰਫਤਾਰ, ਉੱਚੀ ਆਵਾਜ਼ ਵਾਲ਼ੇ ਹਾਰਨ, ਉੱਚੀ ਉੱਚੀ ਲਾਏ ਹੋਏ ਸਪੀਕਰ, ਸ੍ਰੀ ਅਨੰਦਪੁਰ ਸਾਹਿਬ ਪਹੁੰਚ ਕੇ ਵੀ ਸ਼ਰਾਰਤਾਂ ਕਰਨੀਆਂ, ਸ਼ੋਰ ਪਾਉਣਾ, ਹੁਲੜਬਾਜੀ ਕਰਨੀ, ਕਾਰਾਂ, ਜੀਪਾਂ, ਮੋਟਰਸਾਈਕਲਾਂ 'ਤੇ ਗੇੜੇ ਕੱਢਣੇ ਆਦਿ ਹੋਰ ਬਹੁਤ ਸਾਰੇ ਅਮਲ ਸਾਡੇ ਅਹਿਸਾਸ ਉੱਤੇ ਸਵਾਲੀਆ ਚਿੰਨ ਲਾਉਂਦੇ ਹਨ। ਮਹੱਲਾ ਨਿਕਲਣ ਵਕਤ ਵੀ ਆਮ ਲੋਕਾਂ ਦੇ ਇਕੱਠ ਅਤੇ ਵਾਹਨਾਂ ਕਰਕੇ ਗੁਰੂ ਕੀਆਂ ਲਾਡਲੀਆਂ ਫੌਜਾਂ ਨੂੰ ਰੁਕਣਾ ਪਿਆ, ਜਦੋਂ ਕਿ ਚਾਹੀਦਾ ਇਹ ਹੈ ਕਿ ਆਮ ਲੋਕ ਅਕਾਲ ਪੁਰਖ ਦੀਆਂ ਫੌਜਾਂ ਦੇ ਦਰਸ਼ਨ ਦੀਦਾਰੇ ਕਿਸੇ ਉੱਚੀ ਥਾਂ ਖਲੋ ਕੇ ਹੀ ਕਰਨ ਜਾਂ ਜਿੱਥੇ ਖਾਲਸਿਆਂ ਨੇ ਜੌਹਰ ਵਿਖਾਉਣੇ ਹੁੰਦੇ ਹਨ ਉੱਥੇ ਜਾ ਕੇ ਬੈਠਣ ਅਤੇ ਫੌਜਾਂ ਦੇ ਜੌਹਰ ਵੇਖਣ। ਬਿਜਲ ਸੱਥ (ਸੋਸ਼ਲ ਮੀਡੀਆ) ਉੱਤੇ ਟਰੈਕਟਰਾਂ ਵਾਲੇ ਮੁੰਡਿਆਂ ਦੀ ਹਾਮੀ ਭਰਦਿਆਂ ਇਹ ਦਲੀਲ ਵੀ ਦਿੱਤੀ ਜਾ ਰਹੀ ਹੈ ਕਿ ਇਹੀ ਨੌਜਵਾਨ ਕਿਸਾਨਾਂ ਨੂੰ ਦਿੱਲੀ ਲੈ ਕੇ ਗਏ ਸੀ। ਇਹ ਬਹੁਤ ਬਚਕਾਨੀ ਅਤੇ ਖਤਰਨਾਕ ਦਲੀਲ ਹੈ, ਇਸ ਤੋਂ ਜੇਕਰ ਨਾ ਬਚ ਸਕੇ ਤਾਂ ਸਾਡੇ ਅਮੀਰ ਅਹਿਸਾਸ ਵਿੱਚ ਸਦਾ ਲਈ ਬਹੁਤ ਵੱਡਾ ਚਿੱਬ ਪੈ ਜਾਵੇਗਾ। ਇਸ ਤਰਾਂ ਕਿਸੇ ਵੀ ਮਨੁੱਖ ਵੱਲੋਂ ਕਿੰਨੀ ਵੀ ਇਮਾਨਦਾਰੀ ਨਾਲ ਕੀਤਾ ਸਹੀ ਸਹਿਯੋਗ (ਸਿਰਫ) ਉਸ ਨੂੰ ਗੁਰੂ ਖਾਲਸਾ ਪੰਥ ਦੇ ਮਾਮਲਿਆਂ/ਰਵਾਇਤਾਂ ਵਿੱਚ ਦਖਲਅੰਦਾਜੀ/ਗੜਬੜ ਕਰਨ ਦਾ ਅਧਿਕਾਰ ਨਹੀਂ ਦੇ ਸਕਦਾ। ਉਹ ਸਦਾ ਆਪਣੇ ਸਹੀ ਅਮਲ ਲਈ ਸਤਿਕਾਰਤ ਹੀ ਰਹਿਣਗੇ, ਇਸ ਲਈ ਉਹਨਾਂ ਨੂੰ ਆਪਣੀ ਬਣਦੀ ਥਾਂ ਉੱਤੇ ਹੀ ਰਹਿਣਾ ਅਤੇ ਰੱਖਣਾ ਚਾਹੀਦਾ ਹੈ।

ਅਸਲ ਵਿੱਚ ਇਹ ਸਮੱਸਿਆ ਉਦੋਂ ਹੀ ਵੱਧਦੀ ਹੈ ਜਦੋਂ ਅਸੀਂ ਗੱਲਾਂ ਨੂੰ ਰਲਗੱਡ ਕਰ ਲੈਂਦੇ ਹਾਂ। ਮੌਜੂਦਾ ਸਮੇਂ ਵਿੱਚ ਅਸੀਂ ਗੁਰੂ ਖਾਲਸਾ ਪੰਥ ਨੂੰ ਰਲਗੱਡ ਕਰ ਲਿਆ ਹੈ ਜਿਸ ਕਰਕੇ ਅਸੀਂ ਕਿਸੇ ਵੀ ਕਾਰਜ ਨੂੰ ਹਵਾ 'ਚ ਹੀ (ਬਿਜਲ ਸੱਥ 'ਤੇ) ਪੰਥ ਦੀ ਮੋਹਰ ਬਹੁਤ ਛੇਤੀ ਲਾ ਦਿੰਦੇ ਹਾਂ ਅਤੇ ਇਸੇ ਤਰਾਂ ਸਿੱਖਾਂ ਅਤੇ ਪੰਜਾਬੀਆਂ ਦੇ ਸਭਿਆਚਾਰ ਨੂੰ ਵੀ ਰਲਗੱਡ ਕਰ ਲਿਆ ਹੈ ਜਿਵੇਂ ਜੱਟਾਂ ਅਤੇ ਸਿੱਖਾਂ ਨੂੰ ਰਲਗੱਡ ਕੀਤਾ ਹੋਇਆ ਹੈ, ਜਿਸ ਕਰਕੇ ਅਜਿਹੇ ਦਿਹਾੜਿਆਂ ਉੱਤੇ ਸਾਨੂੰ ਬਹੁਤ ਚੁਣੌਤੀਆਂ ਦਰਪੇਸ਼ ਹਨ। ਸਾਨੂੰ ਇਹ ਨਿਖੇੜਾ ਕਰਨਾ ਬਹੁਤ ਔਖਾ ਹੋਇਆ ਪਿਆ ਹੈ। ਅਸੀਂ, ਜੋ ਮੌਜੂਦਾ ਸਮੇਂ ਵਿੱਚ ਇਹ ਸਭ ਹੁੰਦਾ ਵੇਖ ਰਹੇ ਹਾਂ, ਸਾਡੀ ਜਿੰਮੇਵਾਰੀ ਹੈ ਕਿ ਅਸੀਂ ਇਸ ਨੂੰ ਸੁਧਾਰਨ ਲਈ ਯਤਨਸ਼ੀਲ ਹੋਈਏ। ਗੁਰੂ ਖਾਲਸਾ ਪੰਥ ਕੋਈ ਆਮ ਲੋਕਾਂ ਦਾ ਸਭਿਆਚਾਰ ਨਹੀਂ ਹੈ। ਇਸ ਦੀ ਅਮੀਰੀ ਤਾਂ ਆਮ ਲੋਕਾਂ ਦੇ ਸਮਝ ਤੋਂ ਵੀ ਪਾਰ ਦੀ ਗੱਲ ਹੈ। ਪੰਥ ਦੀ ਸੇਵਾ ਵਿੱਚ ਤਿਲਫੁਲ ਯੋਗਦਾਨ ਪਾ ਰਹੇ ਸਾਰੇ ਹੀ ਆਮ ਖ਼ਾਸਾਂ ਨੂੰ ਇਸ ਦਰਪੇਸ਼ ਚੁਣੌਤੀ ਦੇ ਮੱਦੇਨਜ਼ਰ ਇਹਨਾਂ ਦਿਹਾੜਿਆਂ ਦੀ ਪਵਿੱਤਰਤਾ ਨੂੰ ਬਹਾਲ ਕਰਨ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ।

# ਪੰਜਾਬ 'ਚ ਵਿਰੋਧੀ ਧਿਰ ਨੂੰ ਸਾਰਥਿਕ ਭੂਮਿਕਾ ਨਿਭਾਉਣੀ ਹੋਵੇਗੀ



ਗੁਰਮੀਤ ਸਿੰਘ ਪਲਾਹੀ
9815802070

16ਵੀਂ ਵਿਧਾਨ ਸਭਾ ਚੋਣਾਂ 'ਚ ਆਮ ਆਦਮੀ ਪਾਰਟੀ ਨੇ 42.1 ਫ਼ੀਸਦੀ ਵੋਟਾਂ ਹਾਸਲ ਕੀਤੀਆਂ ਹਨ। ਕੁਲ ਮਿਲਾਕੇ ਪੰਜਾਬ ਦੀਆਂ ਵਿਰੋਧੀ ਧਿਰਾਂ ਨੂੰ 57.9 ਵੋਟ ਪ੍ਰਤੀਸ਼ਤ ਮਿਲੇ, ਜਿਸ ਵਿੱਚ 0.7 ਪ੍ਰਤੀਸ਼ਤ ਨੋਟਾ ਨੂੰ ਪਈਆਂ ਵੋਟਾਂ ਵੀ ਸ਼ਾਮਲ ਹਨ। ਆਮ ਆਦਮੀ ਪਾਰਟੀ 92 ਸੀਟਾਂ ਪ੍ਰਾਪਤ ਕਰ ਗਈ, ਵਿਰੋਧੀ ਧਿਰ ਨੂੰ ਥੋੜੀਆਂ ਸੀਟਾਂ (ਕੁੱਲ 25) ਸੀਟਾਂ ਉਤੇ ਸਬਰ ਕਰਨਾ ਪਿਆ, ਪਰ ਉਸ ਕੋਲ ਵੋਟ ਪ੍ਰਤੀਸ਼ਤ ਘੱਟ ਨਹੀ, ਭਾਵੇਂ ਕਿ ਵੋਟ ਵਿੱਖਰੀ ਹੋਈ ਹੈ।

ਪੰਜਾਬ ਵਿਚ ਤਾਕਤ ਪ੍ਰਾਪਤੀ ਲਈ ਸਭ ਧਿਰਾਂ ਨੇ ਪੂਰਾ ਤਾਣ ਲਾਇਆ। ਸ਼੍ਰੋਮਣੀ ਅਕਾਲੀ ਦਲ (ਬ) ਵਲੋਂ ਵੱਡੀਆਂ ਚੋਣ ਰੈਲੀਆਂ ਅਤੇ ਵਿਆਪਕ ਚੋਣ ਪ੍ਰਚਾਰ ਹੋਇਆ। ਪੰਜਾਬ ਕਾਂਗਰਸ ਨੇ ਵੀ ਮੁੜ ਰਾਜ ਭਾਗ ਪ੍ਰਾਪਤ ਕਰਨ ਲਈ ਚੋਣ ਪ੍ਰਚਾਰ 'ਚ ਕੋਈ ਕਸਰ ਨਹੀਂ ਛੱਡੀ। ਭਾਵੇਂ ਕਿ ਇਨਾਂ ਦੋਹਾਂ ਪਾਰਟੀਆਂ ਦੇ ਪੱਲੇ ਕਰਮਵਾਰ 18.38 ਫ਼ੀਸਦੀ ਅਤੇ 22.98 ਫ਼ੀਸਦੀ ਵੋਟਾਂ ਪਈਆਂ। ਪਰ ਇਨਾਂ ਦੋਹਾਂ ਪਾਰਟੀਆਂ ਨਾਲ ਇਨਾਂ ਪਾਰਟੀਆਂ ਦਾ ਕਾਡਰ ਅਤੇ ਵੱਡੀ ਗਿਣਤੀ ਵਿਚ ਹਮਾਇਤੀ ਜੁੜੇ ਹਨ, ਜਿਹੜੇ ਕਿ ਭਾਵੇਂ ਕਈ ਹਾਲਤਾਂ ਵਿੱਚ ਆਪੋ-ਆਪਣੀ ਪਾਰਟੀਆਂ ਦੇ ਨੇਤਾਵਾਂ ਦੀ ਕਾਰਗੁਜ਼ਾਰੀ ਤੇ ਫੁੱਟ ਕਾਰਨ ਨਿਰਾਸ਼ ਵੀ ਹਨ। ਖ਼ਾਸ ਕਰਕੇ ਇਨਾਂ ਤਿੰਨਾਂ ਪਾਰਟੀਆਂ (ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ (ਬ), ਕਾਂਗਰਸ) ਅਤੇ ਭਾਜਪਾ ਨੇ ਪੰਜਾਬ ਦੇ ਵਿਕਾਸ ਅਤੇ ਕਲਿਆਣ ਦੇ ਮੁੱਦੇ ਉਤੇ ਚੋਣਾਂ ਲੜੀਆਂ। ਸਰਵੇ ਦਸਦੇ ਹਨ ਕਿ ਹੁਣ ਵਾਲੀਆਂ ਪੰਜ ਰਾਜਾਂ ਦੀਆਂ ਚੋਣਾਂ ਸਮੇਤ ਪੰਜਾਬ 'ਚ ਹੋਈਆਂ ਚੋਣਾਂ ਵਿੱਚ ਇਹੋ ਜਿਹੇ ਵੋਟਰਾਂ ਦੀ ਕਾਫੀ ਬਹੁਤਾਤ ਸੀ, ਜੋ ਵਿਕਾਸ ਚਾਹੁੰਦੇ ਹਨ। ਉਹ ਕਹਿੰਦੇ ਹਨ ਕਿ ਠੀਕ ਹੈ ਕਿ ਕਲਿਆਣਵਾਦ ਲਾਭਕਾਰੀ ਹੈ, ਲੇਕਿਨ ਅਸਲ ਅਤੇ ਟਿਕਾਊ ਵਿਕਾਸ ਹੀ ਹੈ। ਇਹੋ ਕਾਰਨ ਹੈ ਕਿ ਲੋਕ-ਲੁਭਾਊ ਨਾਹਰਿਆਂ ਅਤੇ ਥੋੜ ਚਿਰੀਆਂ ਅਤੇ ਛੋਟੀਆਂ ਰਿਆਇਤਾਂ, ਡੇਰਾਵਾਦ, ਜਾਤਵਾਦ ਅਤੇ ਧਰਮ ਦੇ ਪ੍ਰਭਾਵ ਨੂੰ ਛੱਡਕੇ ਪੰਜਾਬ ਦੇ ਲੋਕਾਂ ਨੇ ਚੰਗੀ ਪੜਾਈ, ਚੰਗੀ ਸਿਹਤ, ਚੰਗੇ ਵਾਤਾਵਰਨ ਦੀ ਉਸਾਰੀ, ਵਿਕਾਸ ਦੀਆਂ ਗਰੰਟੀਆਂ ਦਾ ਪ੍ਰਭਾਵ ਕਬੂਲਿਆ।

ਦੇਸ਼ ਦਾ ਗਰੀਬ ਤਬਕਾ ਬੇਰੁਜ਼ਗਾਰੀ ਤੇ ਮਹਿੰਗਾਈ ਦੀ ਮਾਰ ਹੇਠ ਹੈ। ਸਰਕਾਰਾਂ, ਰੁਜ਼ਗਾਰ ਦੇਣ ਦੇ ਜਿਨਾਂ ਅੰਕੜਿਆਂ ਦਾ ਢੋਲ ਪਿੱਟ ਰਹੀਆਂ ਹਨ, ਉਹ ਸਵਾਲਾਂ ਦੇ ਘੇਰੇ ਵਿੱਚ ਰਿਹਾ ਅਤੇ ਇਹ ਉਹ ਰੋਜ਼ਗਾਰ ਹੈ, ਜਿਸਦੇ ਲਈ ਬੇਹੱਦ ਗਰੀਬ, ਅਨਪੜ ਅਤੇ ਪਹੁੰਚ ਤੋਂ ਦੂਰ ਗਰੀਬ ਵਰਗ ਆਪਣੀ ਅਰਜ਼ੀ ਤੱਕ ਨਹੀਂ ਦੇ ਸਕਦੇ। ਸਰਕਾਰੀ ਸਕੀਮਾਂ, ਆਰ ਟੀ ਆਈ, ਡਿਜੀਟਲ ਇੰਡੀਆ ਤੋਂ ਤਾਂ ਉਹ ਕੋਹਾਂ ਦੂਰ ਹਨ। ਅਸਲ ਵਿੱਚ ਉਨਾਂ ਨੂੰ ਹੇਠਲੇ ਪੱਧਰ ਦੀਆਂ ਸੇਵਾਵਾਂ, ਛੋਟੇ ਕਾਰੋਬਾਰਾਂ ਵਿੱਚ ਕੰਮਾਂ ਦੀ ਜ਼ਰੂਰਤ ਹੈ, ਜਿਹੜੀਆਂ ਉਨਾਂ ਨੂੰ ਮਿਲ ਨਹੀਂ ਰਹੀਆਂ। ਮੌਜੂਦਾ ਸਮੇਂ ਵਿਚ ਕਦੇ ਕਦੇ ਉਹ ਕਲਿਆਣਵਾਦ ਤੋਂ ਸੰਤੁਸ਼ਟ ਨਜ਼ਰ ਆਉਂਦੇ ਹਨ, ਦੋ ਕਿਲੋ ਕਣਕ, ਚਾਵਲ ਮੁਫ਼ਤ ਪ੍ਰਾਪਤ ਕਰਕੇ ਜੀਵਨ ਵਸਰ ਕਰਦੇ ਦਿਸਦੇ ਹਨ, ਪਰ ਕੀ ਇਸ ਨਾਲ ਉਨਾਂ ਦੇ ਜੀਵਨ ਦੀਆਂ ਮੁਸ਼ਕਲਾਂ ਘੱਟ ਹੋ ਰਹੀਆਂ ਹਨ? ਉਨਾਂ ਦੀਆਂ ਮੁਸ਼ਕਲਾਂ ਦਾ ਹੱਲ ਕਲਿਆਣਵਾਦ ਯੋਜਨਾਵਾਂ ਨਹੀਂ, ਵਿਕਾਸ ਹੈ। ਵਿਕਾਸ ਵੀ ਸਿਰਫ਼ ਬੁਨਿਆਦੀ ਢਾਂਚੇ ਦਾ ਨਹੀਂ, ਸਗੋਂ ਸਿੱਖਿਆ, ਸਿਹਤ, ਵਾਤਾਵਰਨ ਆਦਿ ਸੁਵਿਧਾਵਾਂ ਦਾ ਵਿਕਾਸ, ਜਿਹੜਾ ਉਨਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਸਹਾਈ ਹੋ ਸਕੇ। ਪੰਜਾਬ ਵਿਚ ਇਹੋ ਮੁੱਦਾ ਉਛਾਲਣ ਵਿੱਚ ਆਮ ਆਦਮੀ ਪਾਰਟੀ ਕਾਮਯਾਬ ਹੋਈ ਤੇ ਵਿਰੋਧੀ ਧਿਰਾਂ 'ਹਵਾ ਵਿਚ ਤਲਵਾਰਾਂ' ਮਾਰਦੀਆਂ ਰਹੀਆਂ ਤੇ ਪਿੱਛੇ ਰਹਿ ਗਈਆਂ ਅਤੇ ਉਨਾਂ ਲੋਕਾਂ ਦੀ ਸੋਚ ਤੱਕ ਪਹੁੰਚ ਨਹੀਂ ਕਰ ਸਕੀਆਂ, ਜਿਹੜੇ ਪਿਛਲੇ ਵਰਿਆਂ ਵਿਚ ਸਰਕਾਰੀ ਕੰਮਕਾਜ ਤੋਂ ਅਸੰਤੁਸ਼ਟ ਸਨ।

ਹੁਣ ਨਵੀਂ 'ਆਪ' ਸਰਕਾਰ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਉਨਾਂ ਨੇ ਲੋਕਾਂ ਨੂੰ ਵੱਡੀਆਂ ਆਸਾਂ ਨਾਲ ਬੰਨਿਆ ਹੈ। ਲੋਕਾਂ ਨੂੰ ਮੁਫ਼ਤ ਬਿਜਲੀ, ਪਾਣੀ, ਚੰਗੇ ਸਕੂਲ, ਸਿਹਤ, ਰੁਜ਼ਗਾਰ ਦਾ ਭਰੋਸਾ ਦਿੱਤਾ ਹੈ। ਸਰਕਾਰ ਲੋਕਾਂ ਦੀਆਂ ਆਸਾਂ ਨੂੰ ਪੂਰਿਆਂ ਕਰਨ ਲਈ ਯਤਨ ਵੀ ਕਰੇਗੀ, ਇਸ ਸਭ ਕੁਝ ਦੀ ਪੂਰਤੀ ਲਈ ਯਥਾ ਸ਼ਕਤੀ ਸਾਧਨ ਵੀ ਜੁਟਾਏਗੀ। ਪਰ ਸੂਬਾ ਪੰਜਾਬ ਦੀਆਂ ਸਮੱਸਿਆਵਾਂ ਅਤੇ ਮੁੱਦੇ ਇਸ ਤੋਂ ਬਹੁਤ ਵੱਡੇ ਹਨ। ਇਨਾਂ ਮੁੱਦਿਆਂ ਅਤੇ ਸਮੱਸਿਆਵਾਂ ਦੇ ਹੱਲ ਲਈ ਪੰਜਾਬ ਦੀ ਸਰਕਾਰ ਦੇ ਨਾਲ-ਨਾਲ ਪੰਜਾਬ ਦੀ ਵਿਰੋਧੀ ਧਿਰ ਨੂੰ ਵੀ ਅਹਿਮ ਭੂਮਿਕਾ ਨਿਭਾਉਣੀ ਹੋਵੇਗੀ।

ਕਿਹੜੇ ਹਨ ਪੰਜਾਬ ਦੇ ਮੁੱਦੇ? ਧਰਤੀ ਹੇਠਲੇ ਪਾਣੀ ਅਤੇ ਦਰਿਆਈ ਪਾਣੀਆਂ ਦਾ ਮੁੱਦਾ ਵੱਡਾ ਹੈ। ਨਸ਼ਿਆਂ ਨੇ ਪੰਜਾਬ ਤਬਾਹ ਕੀਤਾ ਹੈ। ਖੇਤੀ ਖੇਤਰ ਦੀਆਂ ਸਮੱਸਿਆਵਾਂ ਕਿਸੇ ਛੂ-ਮੰਤਰ ਨਾਲ ਹੱਲ ਨਹੀਂ ਹੋ ਸਕਦੀਆਂ। ਬੇਰੁਜ਼ਗਾਰੀ ਦੇ ਦੈਂਤ ਨੇ ਪੰਜਾਬ ਦੀ ਜੁਆਨੀ ਰੋਲ ਦਿੱਤੀ ਹੋਈ ਹੈ, ਪ੍ਰਵਾਸ ਦੇ ਰਾਹ ਪਾਈ ਹੋਈ ਹੈ। ਪੰਜਾਬ ਦੀ ਆਰਥਿਕਤਾ ਬੇ-ਸਿਰ ਪੈਰ ਹੋਈ ਪਈ ਹੈ। ਭ੍ਰਿਸ਼ਟਾਚਾਰ ਨੇ ਹਰ ਖੇਤਰ ਵਿਚ ਆਪਣਾ ਪ੍ਰਭਾਵ ਬਣਾਇਆ ਹੋਇਆ ਹੈ। ਕੀ ਇਹ ਮੁੱਦੇ ਆਮ ਲੋਕਾਂ ਨੂੰ ਨਾਲ ਲਏ ਬਿਨਾਂ ਜਾਂ ਵਿਰੋਧੀ ਧਿਰ ਨੂੰ ਨਾਲ ਲਏ ਬਿਨਾਂ ਹੱਲ ਹੋ ਸਕਦੇ ਹਨ?

ਅਸਲ ਵਿਚ ਭਾਰਤ ਦੇ ਸੰਘੀ ਢਾਂਚੇ ਨੂੰ ਤਹਿਸ-ਨਹਿਸ ਕਰਨ ਲਈ ਕੇਂਦਰ ਦੀ ਸਰਕਾਰ ਕੋਈ ਕਸਰ ਨਹੀਂ ਛੱਡ ਰਹੀ। ਖੇਤੀ ਨਾਲ ਸਬੰਧਤ ਕਾਨੂੰਨ, ਇਸਦੀ ਵੱਡੀ ਉਦਾਹਰਨ ਹਨ। ਚੰਡੀਗੜ, ਪੰਜਾਬ ਦੇ ਖਾਤੇ ਵਿਚੋਂ ਕੱਢਿਆ ਜਾ ਰਿਹਾ ਹੈ। ਭਾਖੜਾ ਮੈਨਜਮੈਂਟ ਬੋਰਡ ਦੇ ਪ੍ਰਬੰਧਨ ਵਿੱਚੋਂ ਪੰਜਾਬ ਦਾ ਪਤਾ ਕੱਟ ਦਿੱਤਾ ਗਿਆ ਹੈ। ਕੀ ਇਕੱਲਿਆਂ ਸੂਬਾ ਸਰਕਾਰ ਇਸ ਮਾਮਲੇ ਉਤੇ ਕੇਂਦਰ ਨਾਲ ਲੜਾਈ ਲੜ ਸਕਦੀ ਹੈ? ਕੇਂਦਰ ਵਲੋਂ ਸੰਘੀ ਸਰਕਾਰ ਦੇ ਖ਼ਾਤਮੇ ਲਈ, ਜੋ ਕੋਸ਼ਿਸ਼ਾਂ ਹੋ ਰਹੀਆਂ ਹਨ, ਉਹ ਪੰਜਾਬ ਦੀ ਵਿਰੋਧੀ ਧਿਰ ਦੀ ਸਹਾਇਤਾ ਬਿਨਾਂ 'ਆਪ ਸਰਕਾਰ' ਹੱਲ ਨਹੀਂ ਕਰ ਸਕੇਗੀ।

ਅਸਲ ਅਤੇ ਟਿਕਾਊ ਵਿਕਾਸ ਸਿਰਫ਼ ਮੁਸ਼ਕਿਲਾਂ, ਕ੍ਰਾਂਤੀਕਾਰੀ ਸੁਧਾਰਾਂ, ਸਰਕਾਰ ਦੇ ਚੰਗੇ ਪ੍ਰਸ਼ਾਸ਼ਨ, ਡਰ ਮੁਕਤ ਮਾਹੌਲ, ਆਪਸੀ ਮਤਭੇਦ ਨੂੰ ਬਰਦਾਸ਼ਤ ਕਰਨ ਅਤੇ ਸੱਚੇ ਸੰਘਵਾਦ ਨਾਲ ਆਏਗਾ। ਇਹ ਤਦ ਹੀ ਸੰਭਵ ਹੈ, ਜੇਕਰ ਪੰਜਾਬ ਦੇ ਹਾਕਮ, ਵਿਰੋਧੀ ਧਿਰ ਅਤੇ ਪੰਜਾਬ ਦੇ ਲੋਕ ਸੰਜੀਦਗੀ ਨਾਲ ਇਕਜੁੱਟ ਹੋ ਕੇ ਹੰਭਲਾ ਮਾਰਨਗੇ। ਉਂਜ ਵੀ ਲੋਕਤੰਤਰ ਵਿੱਚ ਵਿਰੋਧੀ ਧਿਰ ਵੀ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਕੰਮ ਕਰਨ ਲਈ ਹਾਕਮ ਧਿਰ ਦੇ ਬਰਾਬਰ ਦੀ ਜ਼ੁੰਮੇਵਾਰ ਹੁੰਦੀ ਹੈ, ਕਿਉਂਕਿ ਜਦੋਂ ਵੀ ਹਾਕਮ ਧਿਰ ਕੋਈ ਗਲਤ ਕੰਮ ਕਰਦੀ ਹੈ ਤਾਂ ਉਸਨੂੰ ਸਮੇਂ ਸਿਰ ਗਲਤ ਚਿਤਾਰਨਾ, ਸੁਧਾਰਨ ਲਈ ਚੇਤਾਵਨੀ ਦੇਣਾ ਵਿਰੋਧੀ ਧਿਰ ਦਾ ਕੰਮ ਹੈ। ਪੰਜਾਬ ਵਿਚ ਆਮ ਤੌਰ 'ਤੇ ਵਿਰੋਧੀ ਧਿਰ, ਸਰਕਾਰ ਨੂੰ ਗਲਤੀਆਂ ਪ੍ਰਤੀ ਚਿਤਾਵਨੀ ਦੇਣ ਵਿਚ ਨਾਕਾਮ ਰਹੀਆਂ, ਸਿੱਟੇ ਵਜੋਂ ਵਿਰੋਧੀ ਧਿਰ ਦੀ ਭੂਮਿਕਾ ਨਿਤਾਣੀ ਰਹੀ। ਉਦਾਹਰਨ ਦੇ ਤੌਰ 'ਤੇ ਭਾਵੇਂ ਪਿਛਲੀ ਸਰਕਾਰ ਵੇਲੇ ਵਿਰੋਧੀ ਧਿਰ ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ (ਬ) ਮੁੱਖ ਸਨ। ਪਰ ਕੈਪਟਨ ਸਰਕਾਰ ਦੇ ਢਿੱਲੜ ਪ੍ਰਸ਼ਾਸ਼ਨ, ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਬੇਹੁਰਮਤੀ ਘਟਨਾਵਾਂ ਦੀ ਜਾਂਚ ਵਿਚ ਤੇਜ਼ੀ, ਨਸ਼ਿਆਂ ਅਤੇ ਬੇਰੁਜ਼ਗਾਰੀ ਦੇ ਮਾਮਲਿਆਂ 'ਚ ਕੋਈ ਵੱਡਾ ਰੋਸ ਇਨਾਂ ਪੰਜਾਂ ਸਾਲਾਂ ਵਿਚ ਜਾਣ ਨਾ ਸਕੀਆਂ। ਕੀ ਨਜ਼ਾਇਜ ਮਾਈਨਿੰਗ ਅਤੇ ਨਸ਼ੇ ਦੇ ਮੁੱਦੇ ਵਿਰੋਧੀ ਧਿਰ ਨੇ ਇੱਕ ਆਵਾਜ਼ ਬਣਕੇ ਉਠਾਏ? ਕੀ ਸਿਆਸੀ ਭ੍ਰਿਸ਼ਟਾਚਾਰ ਦੇ ਮੁੱਦੇ ਨੂੰ ਲੋਕ ਮੁੱਦਾ ਬਣਾਇਆ? ਇਹ ਵੱਖਰੀ ਗੱਲ ਹੈ ਕਿ ਆਮ ਲੋਕਾਂ ਨੇ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਰਵਾਇਤੀ ਕਾਰਜ਼ਸ਼ਾਲੀ ਵਿਰੁੱਧ ਰੋਸ ਕੀਤਾ, ਵਿਦਰੋਹ ਕੀਤਾ ਅਤੇ ਬਦਲਾਅ ਲਿਆਂਦਾ ਹੈ।

ਅੱਜ ਹਾਲਾਤ ਵੱਖਰੇ ਹਨ। ਲੋਕਾਂ ਨੇ ਚੰਗੇ ਪੰਜਾਬੀ ਸਮਾਜ ਦੀ ਬਿਹਤਰੀ ਲਈ ਕੁਝ ਕਰਨ ਦਾ ਮੌਕਾ ਆਮ ਆਦਮੀ ਪਾਰਟੀ ਨੂੰ ਦਿੱਤਾ ਹੈ। ਆਪ ਦੇ ਨੇਤਾ ਇਸ ਤਬਦੀਲੀ ਨੂੰ ਇਨਕਲਾਬ ਦਾ ਨਾਂ ਦੇ ਰਹੇ ਹਨ। ਪੰਜਾਬ ਵਿਚ ਇਹ ਤਬਦੀਲੀ 'ਇਨਕਲਾਬ' ਤਦ ਹੀ ਬਣ ਸਕੇਗੀ, ਜੇਕਰ ਲੋਕ ਪਹਿਲਾਂ ਸਿਰਜੇ ਬਦਲਾਖੋਰੀ, ਕੁਬਾਪ੍ਰਸਤੀ, ਰਿਸ਼ਵਤਖੋਰੀ, ਮਾਫੀਆ ਰਾਜ ਤੋਂ ਮੁਕਤੀ ਪ੍ਰਾਪਤ ਕਰ ਸਕਣਗੇ। ਇਸ ਸਬੰਧ ਵਿਚ ਵਿਰੋਧੀ ਧਿਰ ਨੂੰ ਵੀ ਉਹੋ ਜਿਹੀ ਭੂਮਿਕਾ ਨਿਭਾਉਣੀ ਹੋਵੇਗੀ, ਜਿਹੋ ਜਿਹੀ ਸਾਰਥਕ ਭੂਮਿਕਾ ਨਸ਼ਿਆਂ, ਮਾਫੀਏ, ਰਿਸ਼ਵਤਖੋਰੀ ਨੂੰ ਖ਼ਤਮ ਕਰਨ ਲਈ ਸਰਕਾਰ ਨਿਭਾਏਗੀ, ਜੇਕਰ ਉਹ ਚਾਹੇਗੀ।

ਪੰਜਾਬ ਦੇ ਦਰਿਆਈ ਪਾਣੀਆਂ ਦੇ ਮਾਮਲੇ ਤੇ ਜੇਕਰ 'ਆਮ ਆਦਮੀ ਪਾਰਟੀ' ਥਿੜਕਦੀ ਹੈ, ਜੇਕਰ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ 'ਚ ਢਿੱਲ ਵਰਤਦੀ ਹੈ, ਜੇਕਰ ਰੁਜ਼ਗਾਰ ਅਤੇ ਪ੍ਰਵਾਸ ਦੇ ਮੁੱਦੇ ਉਤੇ ਦੜ ਵੱਟਦੀ ਹੈ ਤਾਂ ਕਾਂਗਰਸ, ਅਕਾਲੀ ਦਲ, ਖੱਬੀਆਂ ਧਿਰਾਂ ਅਤੇ ਹੋਰ ਵਿਰੋਧੀ ਧਿਰਾਂ ਨੂੰ ਸਰਕਾਰ ਨੂੰ ਸੁਚੇਤ ਕਰਨ ਲਈ ਇਕਮੁੱਠ ਹੋਣਾ ਪਵੇਗਾ। ਜੇਕਰ 'ਆਪ ਸਰਕਾਰ' ਸੰਘਵਾਦ ਨੂੰ ਕਮਜ਼ੋਰ ਕਰਨ ਦੇ ਕੇਂਦਰ ਸਰਕਾਰ ਦੇ ਏਜੰਡੇ ਵਿਰੁੱਧ ਖੜਦੀ ਹੈ ਤਾਂ ਪੰਜਾਬ ਦੀ ਵਿਰੋਧੀ ਧਿਰ ਨੂੰ ਸਰਕਾਰ ਨਾਲ ਖੜਨਾ ਹੋਵੇਗਾ। ਹਰ ਉਸ ਕਦਮ ਦਾ ਵਿਰੋਧ, ਜੋ ਲੋਕ ਵਿਰੋਧੀ ਹੋਵੇ ਅਤੇ ਹਰ ਉਸ ਕਦਮ ਦਾ ਸਵਾਗਤ ਜੋ ਲੋਕ-ਹਿਤੈਸ਼ੀ ਹੋਵੇ, ਵਿਰੋਧੀ ਧਿਰ ਦੀ ਜ਼ੁੰਮੇਵਾਰੀ ਹੈ।

ਪੰਜਾਬ ਵਿਚ ਖੇਤੀ ਦਾ ਵੱਡਾ ਸੰਕਟ ਹੈ। ਹਰ ਰੋਜ਼ ਕਿਸਾਨ ਖ਼ੁਦਕੁਸ਼ੀ ਦੇ ਰਾਹ 'ਤੇ ਹਨ। ਖੇਤੀ ਅਰਥਚਾਰਾ ਵਿਗੜ ਚੁੱਕਾ ਹੈ। ਇਸ ਵਿਗਾੜ ਦਾ ਅਸਰ ਪੰਜਾਬ ਦੀ ਆਰਥਿਕਤਾ 'ਤੇ ਪੈ ਰਿਹਾ ਹੈ। ਸੂਬਾ ਸਰਕਾਰ ਨੂੰ ਖੇਤੀ ਸੁਧਾਰਾਂ ਲਈ ਕੰਮ ਕਰਨਾ ਹੋਵੇਗਾ, ਕਿਸਾਨਾਂ, ਖੇਤ ਮਜ਼ਦੂਰਾਂ ਦੇ ਕਰਜ਼ੇ ਮੁਆਫ਼ ਕਰਨੇ ਹੋਣਗੇ ਅਤੇ ਵਿਰੋਧੀ ਧਿਰ ਨੂੰ ਇਥੋਂ ਤੱਕ ਕਿ ਆਪ ਸਰਕਾਰ ਨੂੰ ਵੀ ਕਿਸਾਨ 'ਜਥੇਬੰਦੀਆਂ ਦੇ' ਫ਼ਸਲਾਂ ਦੇ ਘੱਟ ਤੋਂ ਘੱਟ ਸਮਰਥਨ ਮੁੱਲ' ਅਤੇ ਹੋਰ ਮੰਗਾਂ, ਜਿਨਾਂ ਨੂੰ ਮੰਨਣ ਵਿਚ ਕੇਂਦਰ ਟਾਲਾ ਵੱਟ ਰਿਹਾ ਹੈ, ਨਾਲ ਖੜਨਾ ਪਵੇਗਾ।

ਪੰਜਾਬ 'ਚ ਆਮ ਆਦਮੀ ਪਾਰਟੀ ਕੋਲ ਭਾਰੀ ਬਹੁਮਤ ਪ੍ਰਾਪਤ ਹੋ ਗਿਆ ਹੈ। ਖਦਸ਼ਾ ਪ੍ਰਗਟ ਹੋ ਰਿਹਾ ਹੈ ਕਿ ਉਹ ਸੂਬੇ ਵਿਚ ਮਨਮਾਨੀਆਂ ਕਰੇਗਾ। ਇਹੋ ਜਿਹੇ ਹਾਲਾਤਾਂ ਵਿੱਚ ਵਿਰੋਧੀ ਧਿਰਾਂ ਨੂੰ ਇਕਜੁੱਟ ਹੋਕੇ, ਇੱਕ ਦਬਾਅ ਸਮੂਹ ਦੇ ਤੌਰ 'ਤੇ ਕੰਮ ਕਰਨਾ ਪਵੇਗਾ, ਤਾਂ ਕਿ ਲੋਕਤੰਤਰੀ ਕਦਰਾਂ ਕੀਮਤਾਂ ਬਣੀਆਂ ਰਹਿਣ। ਉਂਜ ਵੀ ਵਿਰੋਧੀ ਧਿਰ ਨੂੰ ਹੱਕ ਹੁੰਦਾ ਹੈ ਕਿ ਉਹ ਸਦਨ ਦੇ ਅੰਦਰ ਅਤੇ ਬਾਹਰ ਲੋਕ-ਹਿਤੈਸ਼ੀ ਸਾਰਥਕ ਭੂਮਿਕਾ ਨਿਭਾਏ। ਗਲਤ ਕੰਮਾਂ ਤੋਂ ਸਰਕਾਰ ਨੂੰ ਰੋਕੇ। ਵਿਧਾਨ ਸਭਾ 'ਚ ਜੇਕਰ ਉਸਦੀ ਘੱਟਗਿਣਤੀ ਮੈਂਬਰਾਂ ਕਾਰਨ ਨਹੀਂ ਸੁਣੀ ਜਾਂਦੀ ਤਾਂ ਉਹ ਲੋਕਾਂ ਵਿੱਚ ਉਸ ਮਸਲੇ ਨੂੰ ਲੈ ਕੇ ਜਾਵੇ ਅਤੇ ਲੋਕ ਲਹਿਰ ਉਸਾਰਨ ਦਾ ਯਤਨ ਕਰੇ।

ਇੱਥੇ ਵਿਰੋਧੀ ਧਿਰ ਦਾ ਮੰਤਵ ਸਿਰਫ਼ ਅਲੋਚਨਾ ਕਰਨਾ ਹੀ ਨਾ ਹੋਵੇ, ਸਗੋਂ ਸਕਾਰਾਤਮਕ ਅਲੋਚਨਾ ਕਰਨਾ ਹੋਵੇ।

ਪਿਛਲੇ 25 ਸਾਲ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ (ਬ) ਨੇ ਪੰਜਾਬ ਵਿਚ ਤਾਕਤ ਦੀਆਂ ਪੀਘਾਂ ਝੂਟੀਆਂ ਹਨ। ਇਨਾਂ ਸਾਲਾਂ 'ਚ ਕਿਸਾਨਾਂ ਦੀ ਪਾਰਟੀ ਅਖਵਾਉਣ ਵਾਲੀ ਸ਼੍ਰੋਮਣੀ ਅਕਾਲੀ ਦਲ, ਕਿਸਾਨਾਂ ਦੀਆਂ ਸਮੱਸਿਆਵਾਂ ਲਈ ਕੁਝ ਵੀ ਸਾਰਥਕ ਨਹੀਂ ਕਰ ਸਕੀ। ਕੇਂਦਰ ਵਿਚ ਰਾਜ ਕਰਦੀ ਭਾਜਪਾ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਭਾਈਵਾਲੀ ਹੁੰਦਿਆਂ-ਸੁੰਦਿਆਂ ਵੀ ਅਤੇ ਇਹ ਜਾਣਦਿਆਂ ਹੋਇਆਂ ਕਿ ਪੰਜਾਬ ਦਾ ਖੇਤੀ ਖੇਤਰ ਖਤਰੇ 'ਚ ਹੈ ਅਤੇ ਨਕਦੀ ਫ਼ਸਲੀ ਚੱਕਰ ਪੰਜਾਬ ਵਿਚ ਸਮੇਂ ਦੀ ਲੋੜ ਹੈ, ਅਕਾਲੀ ਸਰਕਾਰ ਅੱਖਾਂ ਮੁੰਦਕੇ ਬੈਠੀ ਰਹੀ। ਪਿੰਡਾਂ ਦੀ ਪਾਰਟੀ ਹੋਣ ਦਾ ਦਾਅਵਾ ਕਰਨ ਵਾਲਾ ਸ਼੍ਰੋਮਣੀ ਅਕਾਲੀ ਦਲ, ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ, ਭੈੜੇ ਰਾਜ ਪ੍ਰਬੰਧ ਅਤੇ ਮਾਫੀਆ, ਨਸ਼ੇ ਦੀ ਮਾਰ ਨੂੰ ਨਾ ਸੰਭਾਲਣ ਕਾਰਨ ਕਾਂਗਰਸ ਨੂੰ ਰਾਜ ਦੇ ਬੈਠਾ।

ਬਾਕੀ ਸਫ਼ਾ 30 'ਤੇ

# ਤੇਰੇ ਖੇਤ ਦਾ ਅੰਨ ਖਾ ਕੇ ਮੈਂ ਨਰਕਾਂ ਨੂੰ ਜਾਵਾਂ



ਗੁਰਬਚਨ ਸਿੰਘ ਭੁੱਲਰ

ਗੱਲ ਸੌ ਸਾਲ ਤੋਂ ਵੱਧ ਪੁਰਾਣੀ ਹੈ। ਉਦੋਂ ਧੀਆਂ ਦਾ ਮਾਪਿਆਂ ਦੀ ਜਾਂ ਨੂੰਹਾਂ ਦਾ ਸਹੁਰਿਆਂ ਦੀ ਜ਼ਮੀਨ-ਜਾਇਦਾਦ ਵਿੱਚੋਂ ਹਿੱਸੇਦਾਰ ਹੋਣਾ ਸਮਾਜਕ ਸੋਚ ਦਾ ਹਿੱਸਾ ਨਹੀਂ ਸੀ। ਅਜੇ ਨਾ ਇਹਦੀ ਕੋਈ ਕਲਪਨਾ ਹੀ ਕਰਦਾ ਸੀ ਤੇ ਨਾ ਹੀ ਮੰਗ। ਇਸਤਰੀ ਦੇ ਹੱਕਾਂ ਦੀ ਗੱਲ ਕੋਈ ਸੋਚਦਾ ਵੀ ਨਹੀਂ ਸੀ। ਮੁੰਡੇ ਵਾਲੇ ਵੀ ਅਜੇ ਦਾਜ ਦੀ ਤੇ ਵਿਆਹ ਵੇਲੇ ਦੀਆਂ ਸੁਖ-ਸਹੂਲਤਾਂ ਦੀ ਲੰਮੀ ਸੂਚੀ ਕੁੜੀ ਵਾਲਿਆਂ ਅੱਗੇ ਪੇਸ਼ ਕਰਨ ਨਹੀਂ ਸਨ ਲੱਗੇ। ਜੋ ਜ਼ੇਵਰ ਤੇ ਲੀੜਾ-ਕੱਪੜਾ ਆਦਿ, ਜਿਸ ਨੂੰ ਆਮ ਬੋਲੀ ਵਿੱਚ ਟੂਮ-ਟਾਕੀ ਕਿਹਾ ਜਾਂਦਾ ਸੀ, ਧੀ-ਵਾਲੇ ਆਪੇ ਹੀ ਦੇ ਦਿੰਦੇ ਸਨ, ਉਹੋ ਮੁੰਡੇ ਵਾਲਿਆਂ ਨੂੰ ਪਰਵਾਨ ਹੁੰਦਾ ਸੀ। ਇਸ ਦਾ ਫ਼ੈਸਲਾ ਧੀ ਵਾਲਿਆਂ ਦੀ ਸਮਾਜਕ ਹੈਸੀਅਤ, ਮਾਇਕ ਸਮਰੱਥਾ ਤੇ ਪਰਿਵਾਰਕ ਇੱਛਾ ਕਰਦੀ। ਵਿਚੋਲਾ ਜ਼ਰੂਰ ਅੰਦਰੇ-ਅੰਦਰ ਇਹ ਖ਼ਿਆਲ ਰੱਖਦਾ ਕਿ ਦੇਣ-ਲੈਣ ਧੀ ਵਾਲਿਆਂ ਦੀ ਪੁੱਜਤ ਵਿੱਚ ਵੀ ਹੋਵੇ ਤੇ ਪੁੱਤ ਵਾਲਿਆਂ ਦੀ ਅਣਕਹੀ ਝਾਕ ਤੇ ਇੱਛਾ ਵੀ ਪੂਰੀ ਕਰ ਦੇਵੇ। ਇਸੇ ਕਰਕੇ ਕਹਾਵਤ ਸੀ, 'ਜੀਹਨੇ ਧੀ ਦੇ ਦਿੱਤੀ, ਭਾਈ, ਉਹਨੇ ਪਿੱਛੇ ਕੀ ਰੱਖ ਲਿਆ? ਸਮਝੋ, ਸਭੋ ਕੁਛ ਹੀ ਦੇ ਦਿੱਤਾ।'

ਉਸ ਜ਼ਮਾਨੇ ਵਿੱਚ ਮੇਰਾ ਨਾਨਾ ਪੂਰਾ ਹੋਣ ਵੇਲੇ ਪੁੱਤਾਂ ਨੂੰ, ਮੇਰੇ ਮਾਮਿਆਂ ਨੂੰ, ਆਖ ਗਿਆ, 'ਬਾਕੀ ਸਭ ਕੁਛ ਥੋਡਾ, ਟਾਹਲੀ ਵਾਲਾ ਖੇਤ ਮੈਂ ਧਨ ਕੁਰ ਨੂੰ ਦੇ ਚੱਲਿਆਂ।' ਧਨ ਕੌਰ ਮੇਰੀ ਮਾਂ ਦਾ ਨਾਂ ਸੀ। ਮੈਂ ਅੱਜ ਵੀ ਹੈਰਾਨ ਹੁੰਦਾ ਹਾਂ ਕਿ ਉਸ ਮਾਹੌਲ ਤੇ ਉਸ ਜ਼ਮਾਨੇ ਵਿੱਚ ਨਾਨੇ ਦੇ ਮਨ ਵਿੱਚ ਇਹ ਉੱਚਾ-ਸੁੱਚਾ ਵਿਚਾਰ ਕਿਵੇਂ ਆਇਆ ਹੋਵੇਗਾ, ਮੈਂ ਦੇਖਿਆ ਤਾਂ ਨਹੀਂ ਪਰ ਉਹ ਕੋਈ ਅੱਗੇਵਧੂ ਸਮਾਜਕ ਸਮਝ ਵਾਲਾ ਪੜ੍ਹਿਆ-ਲਿਖਿਆ ਬੰਦਾ ਯਕੀਨਨ ਹੀ ਨਹੀਂ ਸੀ। ਉਹਨੇ ਕਿੱਥੋਂ ਪੜ੍ਹਨਾ ਸੀ, ਮੇਰੇ ਮਾਮੇ ਵੀ ਸੁਧੇ ਅਨਪੜ੍ਹ ਸਨ। ਕਾਲਾ ਅੱਖਰ ਭੈਂਸ ਬਰਾਬਰ, ਕਿਸੇ ਨੇ ਡੇਰੇ ਜਾਂ ਗੁਰਦੁਆਰੇ ਜਾ ਕੇ ਰੇਤੇ ਉੱਤੇ ਊੜਾ-ਐੜਾ ਪਾਉਣਾ ਸਿੱਖਣ ਦੀ ਲੋੜ ਵੀ ਨਹੀਂ ਸੀ ਸਮਝੀ।

ਉਦੋਂ ਪਿੰਡਾਂ ਦੇ ਪਿੰਡ ਹੀ ਅਨਪੜ੍ਹਾਂ ਦੇ ਹੁੰਦੇ ਸਨ। ਕੋਈ ਕੋਈ ਬੰਦਾ ਡੇਰਿਉਂ-ਗੁਰਦੁਆਰਿਉਂ ਪੰਜ-ਗ੍ਰੰਥੀ, ਦਸ-ਗ੍ਰੰਥੀ ਦਾ ਪਾਠ ਸਿੱਖਦਾ। ਜੋ ਗੁਰੂ ਗ੍ਰੰਥ ਸਾਹਿਬ ਦਾ ਪੂਰਾ ਪਾਠ ਕਰ ਲੈਂਦਾ, ਉਹ ਤਾਂ ਪਿੰਡ ਦਾ ਵਿਦਵਾਨ ਹੁੰਦਾ। ਲੋਕ ਉਹਨੂੰ ਅਕਸਰ ਗਿਆਨੀ ਜਾਂ ਗਿਆਨੀ-ਜੀ ਆਖ ਕੇ ਬੁਲਾਉਂਦੇ। ਕੋਈ ਵਿਰਲਾ-ਟਾਂਵਾਂ, ਖਾਸ ਕਰ ਕੇ ਕਿਸੇ ਫ਼ੌਜੀ ਜਾਂ ਹੋਰ ਮੁਲਾਜ਼ਮ ਦਾ ਮੁੰਡਾ ਦੂਰ-ਨੇੜੇ ਦੇ ਸਕੂਲ ਦਾ ਮੂੰਹ ਦੇਖਦਾ। ਕੁੜੀਆਂ ਨੂੰ ਪੜ੍ਹਾਉਣਾ ਤਾਂ ਪਾਪ ਕਮਾਉਣ ਤੁੱਲ ਸਮਝਿਆ ਹੀ ਜਾਂਦਾ ਸੀ, ਮੁੰਡਿਆਂ ਬਾਰੇ ਵੀ ਪੜ੍ਹਾਈ-ਵਿਰੋਧੀ ਕਹਾਵਤ ਸੀ, 'ਜੱਟ ਦਾ ਪੁੱਤ ਪੜ੍ਹ ਗਿਆ, ਬਲਦ ਕੋਠੇ ਚੜ੍ਹ ਗਿਆ, ਇੱਕ ਬਰਾਬਰ।' (ਜੇ ਕਿਸੇ ਘਰ ਪੌੜੀਆਂ ਬਣੀਆਂ ਹੁੰਦੀਆਂ ਤੇ ਕਿਸੇ ਕਾਰਨ ਡਰਿਆ ਬਲਦ ਪੌੜੀਆਂ ਰਾਹੀਂ ਭੱਜ ਕੇ ਛੱਤ ਉੱਤੇ ਜਾ ਚੜ੍ਹਦਾ ਤਾਂ ਉਹ ਵੱਡੀ ਮੁਸੀਬਤ ਖੜੀ ਕਰ ਦਿੰਦਾ, ਕਿਉਂਕਿ ਉਹਨੂੰ ਇੰਨੀ ਸਮਝ ਹੋਣ ਦਾ ਤਾਂ ਸਵਾਲ ਹੀ ਨਹੀਂ ਸੀ ਕਿ ਜਿਨੀਂ ਪੌੜੀਏਂ ਉਹ ਚੜ੍ਹਿਆ ਸੀ, ਉਹਨੀਂ ਪੌੜੀਏਂ ਉੱਤਰ ਵੀ ਆਵੇ। ਜਿਉਂ-ਜਿਉਂ ਲੋਕ ਉਹਨੂੰ ਉਤਾਰਨ ਦਾ ਹੀਲਾ ਕਰਦੇ, ਉਹ ਹੋਰ-ਹੋਰ ਡਰਦਾ। ਆਖ਼ਰ ਨੂੰ ਬਹੁਤੀ ਵਾਰ ਉਹ ਘਬਰਾ ਕੇ ਛੱਤ ਤੋਂ ਛਾਲ਼ ਮਾਰ ਦਿੰਦਾ ਤੇ ਲੱਤਾਂ ਤੁੜਵਾ ਲੈਂਦਾ) ਲੋਕਾਂ ਦਾ ਯਕੀਨ ਸੀ, ਜੱਟ ਦਾ ਪੁੱਤ ਵੀ ਪੜ੍ਹ ਕੇ ਘਰ ਵਾਸਤੇ ਕੋਈ ਮੁਸੀਬਤ ਹੀ ਖੜ੍ਹੀ ਕਰੇਗਾ। ਗੱਲ ਕੀ, ਪੜ੍ਹਨਾ ਉਦੋਂ ਪੇਂਡੂਆਂ ਦੇ ਜੀਵਨ-ਉਦੇਸ਼ਾਂ ਵਿੱਚ ਸ਼ਾਮਲ ਨਹੀਂ ਸੀ। ਪਾੜ੍ਹਿਆਂ ਨੂੰ ਆਮ ਲੋਕ ਲੁੱਚੇ ਤਾਂ ਸਮਝਦੇ-ਆਖਦੇ ਹੀ ਸਨ।

ਕੁੜੀਆਂ ਨੂੰ ਜੰਮਦੀਆਂ ਨੂੰ ਮਾਰਨਾ ਵੀ ਆਮ ਵਰਤਾਰਾ ਸੀ। ਦਾਈ ਤੋਂ ਇਲਾਵਾ ਹਰ ਪਿੰਡ ਵਿੱਚ ਕਿਸੇ ਨਾ ਕਿਸੇ ਚਾਚੀ-ਤਾਈ ਨੇ ਅਨੁਭਵ ਦੇ ਆਧਾਰ ਉੱਤੇ ਇਸ ਕੰਮ ਦੀ ਮੁਹਾਰਿਤ ਹਾਸਲ ਕੀਤੀ ਹੋਈ ਹੁੰਦੀ। ਕੁੜੀ ਜੰਮੀ ਦਾ ਸੁਨੇਹਾ ਮਿਲੇ ਤੋਂ ਉਹ ਝੱਟ ਹਾਜ਼ਰ ਆ ਹੁੰਦੀ ਜਿਵੇਂ ਕੋਈ ਜ਼ਰੂਰੀ ਜ਼ਿੰਮੇਵਾਰੀ ਨਿਭਾਉਣ ਆਈ ਹੋਵੇ। ਉਹ ਮਾਂ ਦੇ ਦੁੱਧ ਵਾਸਤੇ ਭੁੱਲ ਹਿਲਾਉਂਦੀ ਨਵ-ਜਨਮੀ ਬਾਲੜੀ ਨਵ-ਜਨਮੀ ਬਾਲੜੀ ਨੂੰ ਬੜੀ ਸਹਿਜਤਾ ਨਾਲ ਗੋਦ ਵਿੱਚ ਪਾ ਕੇ ਉਹਦੇ ਮੂੰਹ ਨੂੰ ਅੱਕ ਦੇ ਦੁੱਧ ਵਿੱਚ ਜਾਂ ਅਫ਼ੀਮ ਦੇ ਘੋਲ਼ ਵਿੱਚ ਭਿੱਜਿਆ ਰੂੰ ਦਾ ਫੰਭਾ ਲਾ ਦਿੰਦੀ। ਨਾਲ ਹੀ ਉਹ ਬੜੇ ਪਿਆਰ ਨਾਲ ਗਾਉਂਦੀ, 'ਗੁੜ ਖਾਈਂ ਪੂਣੀ ਕੱਤੀਂ, ਆਪ ਨਾ ਆਈਂ, ਵੀਰ ਨੂੰ ਘੱਤੀਂ,' ਰੂੰ ਦਾ ਜ਼ਹਿਰੀਲਾ ਫੰਭਾ ਚਪੋਲ ਕੇ ਤੇ ਇਹ ਯਮਦੂਤੀ 'ਲੋਰੀ' ਸੁਣ ਕੇ ਬਾਲੜੀ ਇਸ ਜੱਗ ਵਿੱਚ ਅੱਖਾਂ ਖੋਲਣ ਤੋਂ ਪਹਿਲਾਂ ਹੀ ਜਿੱਧਰੋਂ ਆਈ ਹੁੰਦੀ, ਪੁੱਠੇ-ਪੈਰੀਂ ਉੱਧਰੇ ਹੀ ਮੁੜ ਜਾਂਦੀ ਸੀ। ਜਦੋਂ ਵੱਡਾ ਹੋ ਕੇ ਮੈਨੂੰ ਇਨਾਂ ਸਭ ਗੱਲਾਂ ਦੀ ਸਮਝ ਆਈ, ਮੇਰਾ ਸਿਰ ਨਾਨੇ ਦੀ ਯਾਦ ਅੱਗੇ ਝੁਕਣਾ ਸੁਭਾਵਿਕ ਸੀ।

ਮੇਰੇ ਨਾਨਕੇ ਰੋਮਾਣਾ ਅਜੀਤ ਸਿੰਘ ਸਨ। ਪੰਦਰਾਂ ਕੋਹ ਵਾਟ ਅਸੀਂ ਆਮ ਕਰ ਕੇ ਪੈਦਲ ਹੀ ਜਾਂਦੇ। ਪਰ ਨਾਨਕਿਆਂ ਦੇ ਚਾਅ ਵਿੱਚ ਥਕੇਵਾਂ ਸਾਡੇ ਨੇੜੇ ਵੀ ਨਾ ਢੁਕਦਾ, ਮਾਮੇ ਮੇਰੇ ਤਿੰਨ ਸਨ। ਉਨਾਂ ਦੀ ਇੱਕ ਗੱਲ ਬੜੀ ਦਿਲਚਸਪ ਸੀ। ਉਹ ਜਿਸ ਜਿਸ ਮਹੀਨੇ ਜੰਮਦੇ ਗਏ, ਨਾਨੇ-ਨਾਨੀ ਨੇ ਉਹੋ ਉਨਾਂ ਦਾ ਨਾਂ ਰੱਖ ਦਿੱਤਾ। ਚੇਤ ਵੱਡਾ ਸੀ, ਸਾਉਣ ਵਿਚਕਾਰਲਾ ਤੇ ਮੱਘਰ ਛੋਟਾ। ਨਾਮਕਰਨ ਦੀ ਇਸ ਵਿਧੀ ਤੋਂ ਮੇਰੀ ਮਾਂ ਪਤਾ ਨਹੀਂ ਕਿਵੇਂ ਬਾਹਰ ਰਹਿ ਗਈ, ਸਾਉਣ ਮਾਮਾ ਮੇਰੀ ਸੁਰਤ ਤੋਂ ਪਹਿਲਾਂ ਗੁਜ਼ਰ ਗਿਆ। ਚੇਤ ਮਾਮੇ ਨੇ ਇੱਥੋਂ ਕੁਛ ਜ਼ਮੀਨ ਵੇਚ ਕੇ ਰਾਜਸਥਾਨ ਵਿੱਚ ਖੁੱਲੀ ਸਸਤੀ ਜ਼ਮੀਨ ਜਾ ਖਰੀਦੀ। ਉਹ ਬਹੁਤਾ ਉੱਥੇ ਹੀ ਰਹਿੰਦਾ। ਬੱਸ ਮਾਮਾ ਮੱਘਰ ਹੀ ਸਾਡੇ ਸਮੁੱਚੇ ਨਾਨਕੇ ਸੀ।

ਮੇਰੀ ਮਾਂ ਦੱਸਦੀ ਹੁੰਦੀ, ਉਹ ਜਦੋਂ ਪਹਿਲਾਂ-ਪਹਿਲ ਆਉਂਦਾ, ਸਵੇਰ ਦੀ ਰੋਟੀ ਘਰੋਂ ਖਾ ਕੇ ਆਉਂਦਾ ਤੇ ਸ਼ਾਮ ਦੀ ਰੋਟੀ ਨਾਲ ਲੈ ਕੇ ਆਉਂਦਾ। ਅਗਲੇ ਦਿਨ ਦੇ ਰੋਟੀ ਵੇਲੇ ਤੋਂ ਪਹਿਲਾਂ ਹੀ ਉਹ ਸਵੇਰੇ-ਸਵੇਰੇ ਲੱਸੀ ਦੇ ਦੋ ਛੰਨੇ ਪੀ ਕੇ ਵਾਪਸ ਪਿੰਡ ਨੂੰ ਚੱਲ ਪੈਂਦਾ। ਘਰ ਦੀ ਲੱਸੀ ਹੋਣ ਦੇ ਬਾਵਜੂਦ ਮਾਂ ਨੂੰ ਮਾਮੇ ਲਈ ਲੱਸੀ ਗੁਆਂਢੀਆਂ ਦਿਉਂ ਲਿਆਉਣੀ ਪੈਂਦੀ। ਲੱਸੀ ਤਾਂ ਉਹਨੇ ਸਾਡੇ ਘਰ ਦੀ ਕਿੱਥੋਂ ਪੀਣੀ ਸੀ, ਉਹਦੇ ਪੀਣ ਵਾਸਤੇ ਪਾਣੀ ਵੀ ਮਾਂ ਗੁਆਂਢੀਆਂ ਦੇ ਘਰੋਂ ਲਿਆਉਂਦੀ।

ਕੁਛ ਚਿਰ ਇਹ ਰੀਤ ਇਉਂ ਨਿਭਦੀ ਰਹੀ। ਫੇਰ ਇੱਕ ਦਿਨ ਮੇਰੀ ਮਾਂ ਨੇ ਕਿਹਾ, 'ਵੇ ਵੀਰ ਮੱਘਰਾ, ਛੱਡ ਇਹ ਝੇੜਾ, ਤੂੰ ਮੇਰੇ ਘਰੋਂ ਸੱਜਰੀ ਰੋਟੀ ਖਾਇਆ ਕਰ 'ਤੇ ਜਾਣ ਲੱਗਿਆ ਸਾਰੇ ਰੋਟੀ-ਟੁੱਕ ਤੇ ਦੁੱਧ-ਲੱਸੀ ਦਾ ਹਿਸਾਬ ਲਾ ਕੇ ਮੈਨੂੰ ਪੈਸੇ ਦੇ ਜਾਇਆ ਕਰ,' ਉਹ ਹੱਸੀ, 'ਵਿਚੇ ਪਾਣੀ ਦੇ ਪੈਸੇ ਜੋੜ ਲਿਆ ਕਰ।'

ਮਾਂ ਦੀ ਅੱਧੀ ਗੰਭੀਰਤਾ ਨਾਲ ਤੇ ਅੱਧੀ ਹਾਸੇ ਵਿੱਚ ਕਹੀ ਗੱਲ ਮਾਮੇ ਦੇ ਦਿਲ ਨੂੰ ਜਚ ਗਈ ਤੇ ਉਹ ਬਾਗੋ-ਬਾਗ ਹੋ ਕੇ ਬੋਲਿਆ, 'ਕਾਕੀ, ਇਹ ਤੂੰ ਬਹੁਤ ਵਧੀਆ ਸੋਚਿਆ। ਲੈ, ਇਹ ਗੱਲ ਮੇਰੀ ਅਕਲ ਵਿੱਚ ਕਿਉਂ ਨਹੀਂ ਆਈ,' ਮਾਮਾ ਮੇਰੀ ਮਾਂ ਨੂੰ ਕਾਕੀ ਹੀ ਆਖਦਾ ਸੀ।

ਜਦੋਂ ਅਸੀਂ ਵੱਡੇ ਹੋਏ, ਜਾਣ ਵੇਲੇ ਉਹਨੂੰ ਖਾਧੇ-ਪੀਤੇ ਦੇ ਪੈਸੇ ਦਿੰਦਾ ਦੇਖ ਕੇ ਟੋਕਦੇ, 'ਮਾਮਾ ਜੀ, ਜ਼ਮਾਨਾ ਕਿਤੇ ਦਾ ਕਿਤੇ ਪਹੁੰਚ ਗਿਆ, ਥੋਡੀ ਭੈਣ ਦਾ ਘਰ ਹੈ, ਛੱਡੋ ਹੁਣ ਇਹ ਗੱਲਾਂ।'

ਉਹ ਝਿੜਕਦਾ, 'ਆਬਦੀਆਂ ਅਕਲਾਂ ਆਬਦੇ ਕੋਲ਼ ਰੱਖੋ। ਚਾਰ ਅੱਖਰ ਪੜ੍ਹ ਕੇ ਤੁਸੀਂ ਮੈਥੋਂ ਸਿਆਣੇ ਨਹੀਂ ਹੋ ਗਏ, ਜਾਣਦਾਂ ਮੈਂ ਥੋਡੇ ਜਮਾਨੇ ਨੂੰ, ਸਾਡੇ ਜ਼ਮਾਨੇ ਨਾਲੋਂ ਮਾੜਾ ਈ ਐ ਇਹ ਥੋਡਾ ਜਮਾਨਾ।' ਅਸੀਂ ਕੱਚੇ ਜਿਹੇ ਹੋ ਕੇ ਚੁੱਪ ਕਰ ਜਾਂਦੇ।

ਉਦੋਂ ਖੇਤੀ ਆਮ ਕਰ ਕੇ ਇੱਕ-ਫ਼ਸਲੀ ਹੀ ਹੁੰਦੀ ਸੀ। ਮਾਮਾ ਸਾਡੀ ਜ਼ਮੀਨ ਵਿੱਚ ਕਣਕ ਬੀਜਦਾ। ਉਸ ਜ਼ਮੀਨ ਵਿੱਚ ਇੱਕ ਬੇਰੀ ਸੀ, ਪੁਰਾਣੀ, ਬਹੁਤ ਵੱਡੀ। ਉਹ ਸੀ ਤਾਂ ਦੇਸੀ ਹੀ, ਪਿਉਂਦੀ ਨਹੀਂ, ਪਰ ਉਹਨੂੰ ਬੇਰ ਬੜੇ ਮਿੱਠੇ ਤੇ ਵੱਡੇ ਗੁੱਦੇ-ਦਾਰ ਲਗਦੇ। ਮਾਮਾ ਉਹਨੂੰ ਸਿਉ ਬੇਰੀ ਆਖਦਾ। ਬੇਰ ਕਣਕ ਤੋਂ ਥੋੜਾ ਪਹਿਲਾਂ ਪੱਕ ਜਾਂਦੇ। ਮਾਮਾ ਸੀਰੀ ਨੂੰ ਜਿੰਨੀ ਹਦਾਇਤ ਡੰਗਰ-ਪਸ਼ੂ ਤੋਂ ਕਣਕ ਦੀ ਰਾਖੀ ਦੀ ਦਿੰਦਾ, ਉੱਨੀ ਹੀ ਮੁੰਡਿਆਂ-ਖੁੰਡਿਆਂ ਤੋਂ ਬੇਰਾਂ ਦੀ ਰਾਖੀ ਦੀ ਦਿੰਦਾ। ਬੇਰ ਪੱਕਿਆਂ ਤੋਂ ਉਹ ਢਾਂਗੇ ਨਾਲ ਇੱਕ-ਇੱਕ ਡਾਹਣੀ ਹਲੂਣਦਾ ਤੇ ਘਰ ਲਿਆ ਕੇ ਸੁੱਕਣੇ ਪਾ ਦਿੰਦਾ। ਸੁੱਕ ਕੇ ਉਹ ਬੇਰ ਛੁਹਾਰਿਆਂ ਵਰਗੇ ਹੋ ਜਾਂਦੇ। ਮਾਮਾ ਬੋਤੇ ਉੱਤੇ ਆਉਂਦਾ ਤੇ ਸੁੱਕੇ ਬੇਰਾਂ ਦੀ ਬੋਰੀ ਲਿਆ ਰੱਖਦਾ। ਇੰਨੇ ਬੇਰ ਕੌਣ ਖਾਵੇ, ਸਾਡੇ ਕਈ ਸਕੇ ਤੇ ਹੋਰ ਗੁਆਂਢੀ ਘਰਾਂ ਦੇ ਕੰਮ ਆਉਂਦੇ।

ਕਣਕ ਨਿਕਲਦੀ ਤਾਂ ਮਾਮੇ ਦੇ ਗੱਡੇ ਸਾਡੇ ਬਾਰ ਅੱਗੇ ਆ ਖਲੋਂਦੇ। ਉਹ ਸਾਡੀ ਮਾਂ ਦੇ ਖੇਤ ਦੀ ਫ਼ਸਲ ਵਿੱਚੋਂ ਵਾਹੀਵਾਨ ਵਜੋਂ ਆਪਣਾ ਕੋਈ ਹਿੱਸਾ ਵੀ ਨਹੀਂ ਸੀ ਰੱਖਦਾ। ਕਣਕ ਦੀਆਂ ਬੋਰੀਆਂ, ਤੂੜੀ ਅਤੇ ਉਹਦੇ ਉੱਤੇ ਰੱਖੀ ਹੋਈ ਘੁੰਡੀਆਂ ਦੀ ਪੰਡ। (ਕਣਕ ਦੀ ਗਹਾਈ ਵੇਲੇ ਬਲਦਾਂ ਦੇ ਪੈਰਾਂ ਨਾਲ ਦਾਣੇ ਤਾਂ ਬੱਲੀਆਂ ਵਿੱਚੋਂ ਨਿਕਲਦੇ ਹੀ, ਨਾੜ ਵੀ ਟੁੱਟ ਕੇ ਤੂੜੀ ਬਣ ਜਾਂਦਾ। ਨਾੜ ਦੇ ਗੰਢਾਂ ਵਾਲੇ ਹਿੱਸੇ, ਜੋ ਪਸ਼ੂਆਂ ਨੂੰ ਚਾਰਨ ਦੇ ਕੰਮ ਨਹੀਂ ਸਨ ਆਉਂਦੇ, ਤੂੜੀ ਨਾਲੋਂ ਭਾਰੀ ਹੋਣ ਕਰਕੇ ਛਜਲੀ ਲਾਉਣ ਵੇਲੇ ਹਵਾ ਨਾਲ ਵੱਖ ਹੋ ਜਾਂਦੇ। ਇਨਾਂ ਨੂੰ ਘੁੰਡੀਆਂ ਕਿਹਾ ਜਾਂਦਾ ਸੀ ਤੇ ਇਹ ਤੰਦੂਰ ਵਿੱਚ ਬਾਲਣ ਦੇ ਕੰਮ ਹੀ ਆਉਂਦੀਆਂ ਸਨ।)

ਕਾਲੇ ਖਾਂ ਘੁਮਿਆਰ ਮਾਮੇ ਦਾ ਪੂਰਾ ਇਤਬਾਰੀ ਬੰਦਾ ਸੀ। ਘਰ ਵਿੱਚ ਜੋ ਮਰਜ਼ੀ ਚੱਕੇ, ਜੋ ਮਰਜ਼ੀ ਰੱਖੇ। ਮਾਮਾ ਫ਼ਸਲਾਂ ਦੀਆਂ ਗਿਣਤੀਆਂ-ਮਿਣਤੀਆਂ ਤੋਂ ਵੀ ਮੁਕਤ ਸੀ। ਇਹੋ ਜਿਹੇ ਸਭ ਝੰਜਟ ਉਹਨੇ ਕਾਲੇ ਦੇ ਗਲ਼ ਪਾਏ ਹੋਏ ਸਨ। ਮਾਮੇ ਨਾਲ ਕਾਲਾ ਵੀ ਆਉਂਦਾ।

ਇੱਕ ਵਾਰੀਂ ਮਾਮੇ ਨੂੰ ਪਰੇ ਗਿਆ ਦੇਖ ਮੇਰੀ ਮਾਂ ਆਖਣ ਲੱਗੀ, 'ਵੇ ਭਾਈ ਕਾਲ਼ਿਆ, ਮੇਰਾ ਭੋਲ਼ਾ ਭਰਾ ਤਾਂ ਜਿਹੋ ਜਿਹਾ ਹੈ ਸੋ ਹੈ, ਤੂੰ ਹੀ ਇਹਨੂੰ ਸਮਝਾਇਆ ਕਰ। ਭਲਾ ਇਹ ਘੁੰਡੀਆਂ ਦਾ ਗੱਠੜ ਕਿਉਂ ਐਵੇਂ ਵਾਧੂ ਚੱਕਦੇ ਫਿਰਦੇ ਹੋਂ। ਮੇਰੇ ਇਹ ਕਿਸ ਕੰਮ? ਤੰਦੂਰ ਮੈਂ ਬਾਲਣਾ ਨਹੀਂ, ਹੋਰ ਇਹ ਮੇਰੇ ਕਿਸੇ ਕੰਮ ਆਉਂਦੀਆਂ ਨਹੀਂ।'

ਕਾਲਾ ਹੱਸਿਆ, 'ਭੂਆ, ਚੰਗਾ ਫਸਾਉਣ ਲੱਗੀ ਹੈਂ ਤੂੰ ਮੈਨੂੰ, ਚਾਚੇ ਨੂੰ ਮੈਂ ਕਹਾਂ, ਭੂਆ ਦੀ ਕਣਕ ਦੀਆਂ ਘੁੰਡੀਆਂ ਇੱਥੇ ਹੀ ਪਈਆਂ ਰਹਿਣ ਦੇ ਤੇ ਫੇਰ ਕਈ ਦਿਨ ਉਹਦੇ ਸਲੋਕ ਸੁਣਦਾ ਰਹਾਂ।'

ਇਹ ਗੱਲ ਇੱਧਰ ਨੂੰ ਆਉਂਦੇ ਮਾਮੇ ਨੂੰ ਵੀ ਸੁਣ ਗਈ। ਉਹ ਬੋਲਿਆ, 'ਕੌਣ ਕਿਸ ਨੂੰ ਸਲੋਕ ਸੁਣਾਉਂਦਾ ਐ ਬਈ ਕਾਲ਼ੇ ਖਾਂ?'

ਕਾਲਾ ਕਹਿੰਦਾ, 'ਚਾਚਾ, ਸਲੋਕ ਮੈਨੂੰ ਤੂੰ ਸੁਣਾਏਂਗਾ, ਹੋਰ ਕੌਣ ਸੁਣਾਊ, ਭੂਆ ਕਹਿੰਦੀ ਹੈ, ਆਬਦੇ ਚਾਚੇ ਨੂੰ ਆਖ, ਘੁੰਡੀਆਂ ਨਾ ਲਿਆਇਆ ਕਰੇ, ਮੇਰੇ ਕਿਸੇ ਕੰਮ ਨਹੀਂ।'

ਮਾਮੇ ਨੇ ਸਲਾਹ ਦਿੱਤੀ, 'ਕਾਕੀ, ਜੇ ਤੰਦੂਰ ਨਹੀਂ ਬਾਲਣਾ, ਰੂੜੀ ਉੱਤੇ ਸਿੱਟ ਦਿਆ ਕਰ, ਵਧੀਆ ਰੇਹ ਬਣੂ।'

ਕਾਲ਼ੇ ਨੇ ਮੇਰੀ ਮਾਂ ਦੀ ਓਟ ਤਕ ਕੇ ਭੇਤ ਖੋਲਿਆ, 'ਚਾਚੇ ਨੇ ਘੁੰਡੀਆਂ ਕਿੱਥੋਂ ਪਿੱਛੋ ਛੱਡ ਕੇ ਆਉਣੀਆਂ ਨੇ, ਭੂਆ, ਆਪਣੇ ਢੇਰ ਤੋਂ ਤੇਰੀ ਤੂੜੀ ਵਿੱਚ ਪੰਡ ਤੂੜੀ ਦੀ ਤੇ ਦਾਣਿਆਂ ਵਿੱਚ ਦੋ ਪਰਾਂਤਾਂ ਦਾਣਿਆਂ ਦੀਆਂ ਵਾਧੂ ਪਾ ਦਿੰਦਾ ਐ।'

ਮੇਰੀ ਮਾਂ ਹੈਰਾਨ ਹੋਈ, 'ਭਾਈ ਮੱਘਰਾ, ਇਹ ਕਿਉਂ?'

ਮਾਮੇ ਨੇ ਭੇਤ ਸਮਝਾਇਆ, 'ਹਵਾ-ਹਨੇਰੀ ਨਾਲ ਤੇਰੇ ਖੇਤ ਦੀਆਂ ਬੱਲੀਆਂ ਮੇਰੇ ਖੇਤ ਵਿੱਚ ਤੇ ਤੇਰੇ ਪਿੜ ਦੇ ਦਾਣੇ ਮੇਰੇ ਪਿੜ ਵਿੱਚ ਰਲ਼ ਜਾਣ ਤਾਂ ਤੇਰੇ ਖੇਤ ਦਾ ਅੰਨ ਖਾ ਕੇ ਮੈਂ ਨਰਕਾਂ ਨੂੰ ਜਾਵਾਂ?'

ਹੁਣ ਉਹ ਅਵਸਥਾ ਬਣ ਗਈ ਸੀ ਜਿੱਥੇ ਪਹੁੰਚ ਕੇ ਸਭ ਸ਼ਬਦ ਖ਼ਤਮ ਹੋ ਜਾਂਦੇ ਹਨ। ਮੇਰੀ ਮਾਂ ਵੀ ਮੋਹ-ਮਮਤਾ ਨਾਲ ਛਲਕਦੀਆਂ ਅੱਖਾਂ ਪੂੰਝ ਕੇ ਚੁੱਪ ਕਰ ਗਈ।

# ਸ਼੍ਰੋਮਣੀ ਕਮੇਟੀ ਦੇ ਸੁਧਾਰ ਤੇ ਅਕਾਲ ਤਖਤ ਸਾਹਿਬ ਦੀ ਖੁਦਮੁਖਤਿਆਰੀ ਦੀ ਲੋੜ



ਭਾਈ ਦਲਜੀਤ ਸਿੰਘ ਖਾਲਸਾ

ਅੱਜ ਸਾਡੇ ਲਈ ਇਹ ਜਰੂਰੀ ਹੈ ਕਿ ਅਸੀਂ ਆਪਣੇ ਮੂਲ, ਗੁਰਮਤਿ ਅਤੇ ਖਾਲਸਾ ਪੰਥ ਦੀਆਂ ਰਵਾਇਤਾਂ, ਵੱਲ ਪਰਤੀਏ ਅਤੇ ਅਜੋਕੇ ਬਦਲ ਰਹੇ ਹਾਲਾਤ ਵਿਚ ਭਵਿੱਖ ਵੱਲ ਪੇਸ਼ਕਦਮੀ ਕਰੀਏ। ਹਾਲੀਆ ਪੰਜਾਬ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਵਿਚ ਅਕਾਲੀ ਦਲ ਦੇ ਸਾਰੇ ਧੜਿਆਂ ਦੀ ਹਾਰ ਤੋਂ ਬਾਅਦ ਸਿੱਖ ਜਗਤ ਅੰਦਰ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਮਲ ਨੂੰ ਪੰਥਕ ਹਿਤਾਂ ਮੁਤਾਬਿਕ ਸਾਧਣ ਲਈ ਚਰਚਾ ਅਤੇ ਕਵਾਇਦ ਸ਼ੁਰੂ ਹੋ ਰਹੀ ਹੈ। ਅਜਿਹੀ ਸਰਗਰਮੀ ਦੀ ਇਸ ਵੇਲੇ ਬਹੁਤ ਜ਼ਰੂਰਤ ਹੈ ਅਤੇ ਇਹ ਅਮਲ ਨੂੰ ਵਧੇਰੇ ਸਾਰਥਕ ਬਣਾਉਣ ਲਈ ਹੇਠਲੇ ਨੁਕਤਿਆਂ ਵੱਲ ਗੌਰ ਕਰਨੀ ਚਾਹੀਦੀ ਹੈ:

'ਅਕਾਲੀ' ਦਸ਼ਮੇਸ਼ ਜੀ ਦੇ ਸਾਜੇ ਨਿਵਾਜੇ ਖਾਲਸਾ ਪੰਥ ਦਾ ਉਹ ਸੁਤੰਤਰ ਸੰਤ-ਸਿਪਾਹੀ ਹੈ ਜੋ ਇਕ ਅਕਾਲ ਪੁਰਖ ਦੀ ਸਦੀਵੀ ਸੱਤਾ ਤੋਂ ਬਿਨਾ ਕਿਸੇ ਵੀ ਦੁਨਿਆਵੀ ਤਾਕਤ ਦੀ ਸੱਤਾ ਦੀ ਅਧੀਨਗੀ ਨਹੀਂ ਕਬੂਲਦਾ। ਅਕਾਲੀ 'ਸਰਬੱਤ ਦੇ ਭਲੇ' ਅਤੇ 'ਖਾਲਸਾ ਜੀ ਕੇ ਬੋਲਬਾਲੇ' ਹਿਤ ਨਿਸ਼ਕਾਮ ਤੌਰ ਉੱਤੇ ਸੰਘਰਸ਼ ਕਰਦਾ ਹੈ ਅਤੇ ਦੁਨਿਆਵੀ ਰਾਜ-ਭਾਗ ਵੇਲੇ ਵੀ ਕਿਸੇ ਅਹੁਦੇ ਉੱਤੇ ਨਹੀਂ ਬਿਰਾਜਦਾ, ਜਿਵੇਂ ਕਿ ਸਰਕਾਰ-ਏ-ਖਾਲਸਾ ਵੇਲੇ ਅਕਾਲੀ ਫੂਲਾ ਸਿੰਘ ਨੇ ਰਾਜ-ਭਾਗ ਦਾ ਕੋਈ ਅਹੁਦਾ ਨਹੀਂ ਸੀ ਲਿਆ।

'ਅਕਾਲੀ ਦਲ' ਗੁਰਮਤਿ ਸਿਧਾਂਤ ਨੂੰ ਪ੍ਰਣਾਏ ਸੰਘਰਸ਼ ਵਾਲੀ ਜਥੇਬੰਦੀ ਸੀ ਪਰ ਮੌਜੂਦਾ ਅਕਾਲੀ ਅਖਵਾਉਣ ਵਾਲੇ ਧੜਿਆਂ ਉੱਤੇ ਦੁਨਿਆਵੀ ਰਾਜਸੀ ਢਾਂਚਿਆਂ ਦੇ ਪ੍ਰਭਾਵ ਅਤੇ ਦਿੱਲੀ ਦਰਬਾਰ ਅਧੀਨ ਸੂਬੇਦਾਰੀ ਦੀਆਂ ਲਾਲਸਾਵਾਂ ਇਨਾਂ ਦੇ ਪਤਨ ਅਤੇ ਮੌਜੂਦਾ ਤਰਸਯੋਗ ਹਾਲਾਤ ਦਾ ਕਾਰਨ ਬਣੀਆਂ ਹਨ।

ਅਕਾਲੀ ਦਲ ਦੇ ਮੌਜੂਦਾ ਸੰਕਟ ਦੇ ਹੱਲ ਲਈ ਜਰੂਰੀ ਹੈ ਕਿ ਇਸ ਦੀ ਪੁਨਰ-ਸੁਰਜੀਤੀ ਪੰਥਕ ਰਵਾਇਤ ਅਨੁਸਾਰ ਹੋਵੇ ਜਿਸ ਤਹਿਤ ਇਸ ਦੀ ਅਗਵਾਈ ਪੰਚ ਪ੍ਰਧਾਨੀ ਪ੍ਰਣਾਲੀ ਮੁਤਾਬਿਕ ਹੋਵੇ, ਫੈਸਲੇ ਗੁਰਮਤਾ ਵਿਧੀ ਵਿਧਾਨ ਰਾਹੀਂ ਹੋਣ ਅਤੇ ਇਹ ਸਦਾ ਨਿਸ਼ਕਾਮ ਤੌਰ ਉੱਤੇ ਰਾਜਨੀਤਕ



ਸੰਘਰਸ਼ ਕਰੇ।

ਅਜਿਹੇ ਗੁਣਾਂ ਵਾਲੇ 'ਅਕਾਲੀ' ਅਤੇ 'ਅਕਾਲੀ ਦਲ' ਤਖਤ ਸਾਹਿਬਾਨ ਅਤੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਦੀ ਦੇਖ-ਰੇਖ ਕਰਨ ਅਤੇ ਕਿਸੇ ਹੋਰ ਦੁਨਿਆਵੀ ਤਾਕਤ ਦੇ ਮਤਹਿਤ ਨਾ ਹੋਣ ਅਤੇ ਨਾ ਹੀ ਕਦੇ ਕਿਸੇ ਦੁਨਿਆਵੀ ਅਹੁਦੇਦਾਰੀਆਂ ਦੀ ਦੌੜ ਵਿਚ ਪੈਣ ਸਗੋਂ ਉਹ ਰਾਜਸੀ ਦਲਾਂ ਅਤੇ ਨਿਜ਼ਾਮ ਦੇ ਨਿਗਰਾਨ ਹੋਣੇ ਚਾਹੀਦੇ ਹਨ।

ਵੋਟ ਰਾਜਨੀਤੀ ਵਾਲਾ ਕੋਈ ਵੀ ਰਾਜਸੀ ਧੜਾ ਆਪਣੇ ਆਪ ਵਿਚ ਸਮੁੱਚੇ ਖਾਲਸਾ ਪੰਥ ਦੀ ਨੁਮਾਇੰਦਗੀ ਦਾ ਦਾਅਵਾ ਨਹੀਂ ਕਰ ਸਕਦਾ।

ਦੁਨਿਆਵੀ ਢਾਂਚਿਆਂ ਜਾਂ ਸੂਬੇਦਾਰੀ ਨਿਜਾਮ ਵਿਚ ਦਾਅਵੇਦਾਰ ਸਿੱਖ ਰਾਜਨੀਤਕ ਪਾਰਟੀ ਵੀ ਜਰੂਰੀ ਹੈ ਜੋ ਕਿ ਅਕਾਲੀਆਂ ਜਾਂ ਅਕਾਲੀ ਦਲ ਤੋਂ ਵੱਖਰੀ ਹੋਵੇ। ਇਹ ਪਾਰਟੀ ਮੌਕੇ ਦੇ ਰਾਜਸੀ ਢਾਂਚਿਆਂ ਰਾਹੀਂ ਸਿੱਖ ਉਮੰਗਾਂ ਅਤੇ ਸਬੰਧਤ ਖਿੱਤੇ ਦੀਆਂ ਹੱਕੀ ਮੰਗਾਂ ਨੂੰ ਸਿੱਖੀ ਸਿਧਾਂਤ ਅਨੁਸਾਰ ਉਭਾਰੇ, ਅਤੇ ਇਨਾਂ ਨੂੰ ਪੂਰਿਆਂ ਕਰਨ ਲਈ ਯਤਨ ਕਰੇ। ਇਹ ਰਾਜਨੀਤਕ ਪਾਰਟੀ ਦਾ ਨਾਮ 'ਅਕਾਲੀ ਦਲ' ਨਹੀਂ ਹੋਣਾ ਚਾਹੀਦਾ, ਬਲਕਿ ਇਹ ਧਿਰ ਕਿਸੇ ਹੋਰ ਨਾਮ ਹੇਠ ਜਥੇਬੰਦ ਕਰਨੀ ਚਾਹੀਦੀ ਹੈ।

ਇਹ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਵੋਟ ਅਮਲ ਰਾਹੀਂ 'ਖਾਲਸਾ ਜੀ ਕੇ ਬੋਲਬਾਲੇ' ਦਾ ਟੀਚਾ ਸਰ ਨਹੀਂ ਕੀਤਾ ਜਾ ਸਕਦਾ ਬਲਕਿ ਕੁਝ ਵਕਤੀ ਅਤੇ ਅੰਸ਼ਕ ਰਾਹਤ ਹਾਸਲ ਕੀਤੀ ਜਾ ਸਕਦੀ ਹੈ ਉਹ ਵੀ ਤਾਂ ਜੇਕਰ ਸਿੱਖ ਰਾਜਨੀਤੀ ਅਤੇ ਅਕਾਲ ਤਖਤ ਸਾਹਿਬ ਦਾ ਪ੍ਰਬੰਧ ਪੰਥਕ ਰਵਾਇਤ ਅਨੁਸਾਰ ਚੱਲ ਰਿਹਾ ਹੋਵੇ।

# ‘ਛੱਟੀਸਿੰਘਪੁਰਾ ਫਾਈਲਜ਼-ਸਿੱਖ ਕਤਲੇਆਮ’ ਫਿਲਮ ਕਿਉਂ ਨਹੀਂ ?



ਡਾ. ਗੁਰਵਿੰਦਰ ਸਿੰਘ

20 ਮਾਰਚ 2000 ਨੂੰ ਕਸ਼ਮੀਰ ਘਾਟੀ ਦੇ ਪਿੰਡ ਛੱਟੀਸਿੰਘਪੁਰਾ ਵਿਚ 36 ਸਿੱਖਾਂ ਨੂੰ ਰਾਤ ਦੇ ਹਨੇਰੇ ਵਿੱਚ, ਫੌਜੀਆਂ ਦੀ ਵਰਦੀ ਪਾਈ ਕੁਝ ਵਿਅਕਤੀਆਂ ਨੇ ਘਰਾਂ ਵਿੱਚੋਂ ਬਾਹਰ ਕੱਢਿਆ ਅਤੇ ਨੇੜਲੇ ਗੁਰਦੁਆਰਾ ਸਾਹਿਬ ਵਿਖੇ ਲਿਜਾ ਕੇ ਕੰਧ ਨਾਲ ਖੜਿਆਂ ਕਰਕੇ, ਗੋਲੀਆਂ ਦਾ ਮੀਂਹ ਵਰਾ ਕੇ, ਸ਼ਹੀਦ ਕਰ ਦਿੱਤਾ। ਕਸ਼ਮੀਰ ਘਾਟੀ ਦੇ ਜ਼ਿਲਾ ਪੁਲਵਾਮਾ ਦੀ ਤਹਿਸੀਲ ਤਰਾਲ ਵਿੱਚ ਪੈਂਦਾ ਹੈ ਇਹ ਪਿੰਡ ਛੱਟੀਸਿੰਘਪੁਰਾ। ਕਈ ਵਾਰ ਮੀਡੀਏ ਵਿੱਚ ਇਸ ਦਾ ਨਾਮ ਚਿੱਟੀ ਸਿੰਘਪੁਰਾ ਜਾਂ ਛੱਤੀ ਸਿੰਘਪੁਰਾ ਲਿਖਿਆ ਜਾਂਦਾ ਹੈ, ਪਰ ਸਹੀ ਨਾਮ ਹੈ ਛੱਟੀਸਿੰਘਪੁਰਾ। ਛੱਟੀਸਿੰਘਪੁਰਾ ਤੋਂ ਇਲਾਵਾ ਕਈ ਹੋਰ ਪਿੰਡ ਵੀ ਕਸਮੀਰ ਘਾਟੀ ਵਿੱਚ ਸਿੱਖ ਭਾਈਚਾਰੇ ਦੇ ਹਨ, ਜਿੱਥੇ ਲੰਮੇ ਸਮੇਂ ਤੋਂ ਕਸ਼ਮੀਰੀ ਸਿੱਖ ਰਹਿ ਰਹੇ ਹਨ। ਇਹ ਸ਼ਹੀਦੀ ਕਾਂਡ ਹੋਲੀ ਵਾਲੇ ਦਿਨ ਹੋਇਆ ਅਤੇ ਗੁਰਦੁਆਰਾ ਸਾਹਿਬ ਦੇ ਬਾਹਰ ਸਿੱਖ ਮਰਦਾਂ ਨੂੰ ਕੰਧ ਨਾਲ ਖੜਾ ਕਰ ਕੇ, ਗੋਲੀਆਂ ਮਾਰੀਆਂ ਗਈਆਂ। ਅੱਜ 22 ਵਰੇ ਗੁਜ਼ਰਨ ਦੇ ਬਾਅਦ ਵੀ ਛੱਟੀਸਿੰਘਪੁਰੇ ਦੇ ਕਤਲੇਆਮ ਦੀ ਕੋਈ ਜਾਂਚ ਨਹੀਂ ਹੋਈ। ਅਮਰੀਕਾ ਦੇ ਰਾਸ਼ਟਰਪਤੀ ਬਿੱਲ ਕਲਿੰਟਨ ਦੀ ਭਾਰਤ ਫੇਰੀ ਮੌਕੇ ਕਤਲੇਆਮ ਦਾ ਦੋਸ਼ ਲਗਾਤਾਰ ਭਾਰਤ ਦੀਆਂ ਖੁਫੀਆ ਏਜੰਸੀਆਂ ਦੇ ਮੱਥੇ ‘ਤੇ ਲੱਗਦਾ ਆ ਰਿਹਾ ਹੈ। ਅਮਰੀਕਾ ਦੀ ਸਾਬਕਾ ਸੈਕਟਰੀ ਆਫ ਸਟੇਟ ਮੈਡਲੀਨ ਅਲਬ੍ਰਾਈਟ ਨੇ ਆਪਣੀ ਕਿਤਾਬ **THE MIGHTY AND THE ALMIGHTY** ਵਿੱਚ ਬਿੱਲ ਕਲਿੰਟਨ ਦੀ ਭਾਰਤ ਫੇਰੀ ਮੌਕੇ ਸਿੱਖਾਂ ਦੇ ਕਤਲੇਆਮ ਬਾਰੇ, ਰਾਸ਼ਟਰਪਤੀ ਦੇ ਨਜ਼ਰੀਏ ਤੋਂ ਕੁਝ ਸ਼ਬਦ ਅੰਕਿਤ ਕੀਤੇ ਸਨ :-

**During my visit to India in 2000, some Hindu militants decided to vent their outrage by murdering thirty-eight Sikhs in cold blood. If I hadn't made the trip, the victims would probably still be alive. If I hadn't made the trip because I feared what religious extremists might do, I couldn't have done my job as president of the United States. The nature of America is such that many people define themselves—or a part of themselves—in relation to it, for or against. This is part of the reality in which our leaders must operate.**

ਭਾਵ ‘ਮੇਰੀ ਭਾਰਤ ਫੇਰੀ ਦੌਰਾਨ ਕੁੱਝ ਹਿੰਦੂ ਦਹਿਸ਼ਤਗਰਦਾਂ ਨੇ 38 ਸਿੱਖਾਂ ਦਾ ਕਤਲੇਆਮ ਕਰਕੇ ਆਪਣਾ ਗੁੱਸਾ ਕੱਢਣ ਦਾ ਫ਼ੈਸਲਾ ਕੀਤਾ। ਜੇ ਮੈਂ ਯਾਤਰਾ ਨਾ ਕੀਤੀ ਹੁੰਦੀ ਤਾਂ ਉਹ ਪੀੜਤ ਸ਼ਾਇਦ ਅੱਜ ਜਿਉਂਦੇ ਹੁੰਦੇ।’ ਅਮਰੀਕਾ ਦੀ ਸੈਕਟਰੀ ਆਫ ਸਟੇਟ ਦੀ ਇਸ ਕਿਤਾਬ ਦੀ ਚਰਚਾ ਤੋਂ ਮਗਰੋਂ ਇੰਡੀਅਨ ਏਜੰਸੀਆਂ ਨੂੰ ਨਾਮੋਸ਼ੀ ਸਹਿਣੀ ਪਈ ਸੀ। ਬਅਦ ਵਿੱਚ ਇੰਡੀਆ ਦੇ ਤਿੱਖੇ ਪ੍ਰਤੀਕਰਮ ਕਾਰਨ ਪਬਲਿਸ਼ਰ ਹਾਰਪਰ ਕੋਲਿਨਸ ਨੇ ਇਨਾਂ ਟਿੱਪਣੀਆਂ ਵਾਲੇ ਕਿਤਾਬ ਦੇ ਅੰਤਰਰਾਸ਼ਟਰੀ ਸੰਸਕਰਨਾਂ ਵਿੱਚੋਂ **HINDU MILITANTS** ਹਿੰਦੂ ਅੱਤਵਾਦੀ ਹਟਾ ਕੇ **ANGRY RADICALS** ਭਾਵ ‘ਕਰੋਧੀ ਕੱਟੜਪੰਥੀ’ ਦੇ ਸ਼ਬਦ ਵਿੱਚ ਬਦਲ ਦਿੱਤਾ ਸੀ, ਪਰ ਇਸ ਨਾਲ ਸਿੱਖਾਂ ਦੇ ਕਤਲੇਆਮ ਦੇ ਦੋਸ਼ ਨਹੀਂ ਮਿਟੇ।

ਭਾਰਤੀ ਅਧਿਕਾਰੀਆਂ ਨੇ ਕਸ਼ਮੀਰ ਦੇ ਪੰਜ ਕਥਿਤ ਸ਼ੱਕੀ ਮੁਸਲਿਮ ਨੌਜਵਾਨਾਂ ਦਾ ‘ਪਥਰੀਬਲ’ ਵਿੱਚ ਝੂਠਾ ਪੁਲਿਸ ਮੁਕਾਬਲਾ ਬਣਾ ਕੇ, ਚਿੱਟੀ ਸਿੰਘਪੁਰਾ ਦੇ ਕਤਲੇਆਮ ਲਈ ਜ਼ਿੰਮੇਵਾਰ ਠਹਿਰਾਉਂਦਿਆਂ, ਉਨਾਂ ਦੀਆਂ ਹੱਤਿਆਵਾਂ ਕਰ ਦਿੱਤੀਆਂ ਸਨ। ਇਸ ਦੇ ਖਿਲਾਫ ਕਸ਼ਮੀਰ ਦੇ ਮੁਸਲਿਮ ਭਾਈਚਾਰੇ ਵੱਲੋਂ ਜ਼ਬਰਦਸਤ ਮੁਜ਼ਾਹਰੇ ਹੋਏ, ਜਿਨਾਂ ’ਤੇ ਗੋਲੀ ਵਰਾਉਂਦਿਆਂ ਪੁਲਿਸ ਨੇ 9 ਹੋਰ ਬੇਗੁਨਾਹਾਂ ਦੀਆਂ ਜਾਨਾਂ ਲਈਆਂ। ਇਸ ਤਰਾਂ ਇਸ ਕਤਲੇਆਮ ਦੇ ਘਟਨਾਕ੍ਰਮ ਵਿੱਚ 50 ਵਿਅਕਤੀਆਂ ਦੀਆਂ ਹੱਤਿਆਵਾਂ ਕੀਤੀਆਂ ਗਈਆਂ, ਜੋ ਕਿ ਬਿਲਕੁਲ ਬੇਕਸੂਰ ਸਨ।

ਮਗਰੋਂ ਭਾਰਤ ਦੇ ਸਾਬਕਾ ਮੰਤਰੀ ਅਤੇ ਸਾਬਕਾ ਮੁੱਖ ਚੋਣ ਕਮਿਸ਼ਨਰ ਡਾ. ਮਨੋਹਰ ਸਿੰਘ ਗਿੱਲ ਨੇ ਇਸ ਮਾਮਲੇ ਦੀ ਜਾਂਚ ਦੀ ਮੰਗ ਕੀਤੀ ਅਤੇ ਇਹ ਸੱਚਾਈ ਸਾਹਮਣੇ ਆਈ ਕਿ ਮਾਰੇ ਗਏ 5 ਮੁਸਲਮਾਨ ਨੌਜਵਾਨ ਨਿਰਦੋਸ਼ ਸਨ। ਇਸ ਘਟਨਾਕ੍ਰਮ ਮਗਰੋਂ ਝੂਠਾ ਮੁਕਾਬਲਾ ਬਣਾਉਣ ਵਾਲੇ ਸੁਰੱਖਿਆ ਬਲਾਂ ਖਿਲਾਫ ਸੱਚ ਸਾਹਮਣੇ ਆਇਆ ਅਤੇ ਦੋਸ਼ੀ ਸਾਬਤ ਹੋਏ, ਪਰ ਇਸ ਦੇ ਨਾਲ ਮਾਰੇ ਗਏ ਬੇਕਸੂਰ ਵਿਅਕਤੀਆਂ ਦੇ ਪਰਿਵਾਰਾਂ ਨੂੰ ਇਨਸਾਫ਼ ਨਹੀਂ ਮਿਲਿਆ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਮਿਲੀਆਂ। ਸਵਾਲ ਅਜੇ ਵੀ ਹਵਾ ਵਿੱਚ ਲਟਕਦੇ ਹਨ ਕਿ ਅਮਰੀਕਾ ਦੇ ਰਾਸ਼ਟਰਪਤੀ ਦੀ ਫੇਰੀ ਦੌਰਾਨ ਜਿਹੜਾ ਅਕਸ ਪੇਸ਼ ਕੀਤਾ ਗਿਆ, ਉਸ ਰਾਹੀਂ ਇੱਕ ਘੱਟ ਗਿਣਤੀ (ਸਿੱਖਾਂ) ਦੇ ਲੋਕਾਂ ਦਾ ਕਤਲੇਆਮ ਕਰਕੇ ਅਤੇ ਦੂਜੀ ਘੱਟ ਗਿਣਤੀ (ਮੁਸਲਮਾਨਾਂ) ਦੇ ਲੋਕਾਂ ਨੂੰ ਦੋਸ਼ੀ ਠਹਿਰਾ ਕੇ, ਕੌਮਾਂਤਰੀ ਪੱਧਰ ’ਤੇ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਹ ਸ਼ਰਮਨਾਕ ਵਰਤਾਰਾ ਏਜੰਸੀਆਂ ਦੀ ਗਹਿਰੀ ਚਾਲ ਸੀ।

ਛੱਟੀਸਿੰਘਪੁਰਾ ਦੇ ਕਤਲੇਆਮ ਤੋਂ 20 ਸਾਲ ਮਗਰੋਂ ਸੰਨ 2020 ਵਿੱਚ, ਇੱਕ ਵਾਰ ਫਿਰ, ਇੱਕ ਹੋਰ ਅਮਰੀਕਨ ਰਾਸ਼ਟਰਪਤੀ ਟਰੰਪ ਭਾਰਤ ਦੀ ਫੇਰੀ ’ਤੇ ਗਿਆ। ਘੱਟ ਗਿਣਤੀਆਂ ਅੰਦਰ ਡਰ ਹੁਣ ਵੀ ਬਰਕਰਾਰ ਸੀ ਕਿ ਅਜਿਹੀਆਂ ਹੱਤਿਆਵਾਂ ਰਾਜਨੀਤਕ ਲੋਕਾਂ ਲਈ ਕੋਈ ਨਵੀਂ ਚੀਜ਼ ਨਹੀਂ ਅਤੇ ਫਾਸ਼ੀਵਾਦੀ ਤਾਕਤਾਂ, ਏਜੰਸੀਆਂ ਅਤੇ ਸਰਕਾਰਾਂ ਕੁਝ ਵੀ ਕਰਵਾ ਸਕਦੀਆਂ ਹਨ। ਟਰੰਪ ਦੇ ਭਾਰਤ ਜਾਣ ’ਤੇ ਉਹੀ ਕੁਝ ਹੋਇਆ, ਜਿਸ ਦਾ ਡਰ ਸੀ। ਕਤਲੇਆਮ, ਹਿੰਸਾ ਅਤੇ ਘੱਟ -ਗਿਣਤੀ ਨੂੰ ਹੀ ਦੋਸ਼ੀ ਠਹਿਰਾਉਣਾ। ਦੋਵੇਂ ਵਾਰ ਅਮਰੀਕਾ ਦੇ ਰਾਸ਼ਟਰਪਤੀ ਫੇਰੀ ’ਤੇ ਅਤੇ ਦੋਵੇਂ ਵਾਰ ਬੀਜੇਪੀ ਸਰਕਾਰ। ਦਿੱਲੀ ਫੇਰ ਜਲ ਰਹੀ ਸੀ, ਬੇਕਸੂਰ ਲੋਕਾਂ ਦੀਆਂ ਜਾਨਾਂ ਲਈਆਂ ਜਾ ਰਹੀਆਂ ਸਨ। ਨਸਲੀ ਹਮਲਿਆਂ ਦਾ ਸ਼ਿਕਾਰ ਘੱਟ-ਗਿਣਤੀ ਮੁਸਲਮਾਨ ਹੋ ਰਹੇ ਸਨ। ਦੁਨੀਆਂ ਦਾ ਸਭ ਤੋਂ ਵੱਡਾ ਲੋਕਰਾਜ ਅਖਵਾਉਣ ਵਾਲੇ ਦੇਸ਼ ਭਾਰਤ ਦੀ ਇਹ ਹਾਲਤ ਦੇਖ ਕੇ ਸ਼ਾਇਰ ਸ਼ੌਕ ਬਹਿਰਾਇਚੀ (1884-1964) ਦਾ ਇਹ ਸ਼ੇਅਰ ਚੇਤੇ ਆ ਰਿਹਾ ਹੈ :-

‘ਬਸ ਏਕ ਹੀ ਉੱਲੂ ਕਾਫ਼ੀ ਥਾ,
ਬਰਬਾਦ ਗੁਲਸਿਤਾਂ ਕਰਨੇ ਕੋ
ਹਰ ਸ਼ਾਖ਼ ਪੇ ਉਲੂ ਬੈਠਾ ਹੈ,
ਅੰਜਾਮ-ਏ-ਗੁਲਸਿਤਾਂ ਕਿਆ ਹੋਗਾ ?’

‘ਛੱਟੀਸਿੰਘਪੁਰਾ ਦਾ ਕਤਲੇਆਮ’ ਇਨਸਾਫ਼-ਪਸੰਦ ਜਥੇਬੰਦੀਆਂ ਨੂੰ ਅੱਗੇ ਆ ਕੇ, ਬੇਕਸੂਰਾਂ ਦੇ ਕਤਲੇਆਮ ਖ਼ਿਲਾਫ਼ ਆਵਾਜ਼ ਉਠਾਉਣ ਲਈ ਸੱਦਾ ਦਿੰਦਾ ਹੈ। ਜੇ ਅਜਿਹੀਆਂ ਜ਼ਾਲਮਾਨਾ ਤਾਕਤਾਂ ਖ਼ਿਲਾਫ਼ ਲੋਕ ਇਕੱਠੇ ਨਾ ਹੋਏ, ਤਾਂ ਅਜਿਹੇ ਖ਼ੂਨੀ ਸਾਕੇ ਸਦਾ ਹੀ ਦੁਹਰਾਏ ਜਾਂਦੇ ਰਹਿਣਗੇ। ਜੇਕਰ 1984 ਵਿੱਚ ਕਾਂਗਰਸ ਦੀ ਅਗਵਾਈ ਵਾਲੀ ਭਾਰਤ ਸਰਕਾਰ ਦੀ ਅਗਵਾਈ ਵਿੱਚ ਹੋਈ ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਮਿਲੀਆਂ ਹੁੰਦੀਆਂ ਤਾਂ ਗੁਜਰਾਤ ਵਿੱਚ 2002 ਵਿੱਚ ਭਾਜਪਾ ਸਰਕਾਰ ਮੌਕੇ ਮੁਸਲਿਮ ਕਤਲੇਆਮ ਨਾ ਹੁੰਦਾ ਅਤੇ ਜੇ ਗੁਜਰਾਤ ਦੇ ਦੋਸ਼ੀਆਂ ਨੂੰ ਸਜ਼ਾਵਾਂ ਮਿਲਦੀਆਂ ਤਾਂ ਇਹ ਮਾਡਲ ਅੱਜ ਭਾਰਤ ਦੇ ਕੋਨੇ -ਕੋਨੇ ਵਿੱਚ ਨਾ ਦੁਹਰਾਇਆ ਜਾਂਦਾ। ਛੱਟੀਸਿੰਘਪੁਰਾ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਮਿਲਣਾ ਵੀ ਇਸੇ ਹਕੀਕਤ ਨੂੰ ਬਿਆਨ ਕਰਦਾ ਹੈ। ਜਦੋਂ ਤੱਕ ਲੋਕ ਚੁੱਪ ਰਹਿਣਗੇ, ਉਦੋਂ ਤੱਕ ਫਾਸ਼ੀਵਾਦੀ ਤਾਕਤਾਂ ਜ਼ੁਲਮ ਕਰਦੀਆਂ ਰਹਿਣਗੀਆਂ।

ਅੱਜ ਭਾਰਤ ਵਿਚ ਜਿੱਥੇ- ਜਿੱਥੇ ਵੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ, ਉਹ ‘ਕਸ਼ਮੀਰ ਫਾਈਲਜ਼’ ਨਾਂ ਦੀ ਫ਼ਿਲਮ ’ਤੇ ਕਰ ਦੀ ਛੋਟ ਦੇ ਕੇ ਲੋਕਾਂ ਨੂੰ ਇਹ ਫ਼ਿਲਮ ਦੇਖਣ ਲਈ ਉਤਸ਼ਾਹਤ ਕਰ ਰਹੀ ਹੈ ਅਤੇ ਕਹਿ ਰਹੀ ਹੈ ਕਿ ਕਸ਼ਮੀਰ ਵਿੱਚ ਘੱਟ ਗਿਣਤੀ ਭਾਈਚਾਰੇ ਹਿੰਦੂ ’ਤੇ ਜਬਰ ਹੋਇਆ। ਦੂਜੇ ਪਾਸੇ, ਕਸ਼ਮੀਰ ਘਾਟੀ ਵਿੱਚ ਹੀ, ਅੱਜ ਤੋਂ ਬਾਈ ਸਾਲ ਪਹਿਲਾਂ ਸਿੱਖਾਂ ਉੱਪਰ ਜੋ ਜਬਰ ਢਾਹਿਆ ਗਿਆ, ਉਸ ਬਾਰੇ ‘ਛੱਟੀਸਿੰਘਪੁਰਾ ਫਾਈਲਜ਼-ਸਿੱਖ ਕਤਲੇਆਮ’ ਫਿਲਮ ਕਿਉਂ ਨਹੀਂ ਬਣਾਈ ਜਾ ਸਕਦੀ ਤੇ ਕਿਉਂ ਨਹੀਂ ਦੱਸਿਆ ਜਾ ਸਕਦਾ ਕਿ ਸਿੱਖਾਂ ਦਾ ਕਤਲੇਆਮ ਯੋਜਨਾਬੱਧ ਢੰਗ ਦੇ ਨਾਲ, ਸਰਕਾਰੀ ਦਹਿਸ਼ਤਗਰਦਾਂ ਵਲੋਂ ਕੀਤਾ ਗਿਆ ਸੀ। ਕਸ਼ਮੀਰ ਘਾਟੀ ਦੇ ਸਿੱਖਾਂ ਵੱਲੋਂ ਲਗਾਤਾਰ ਇਹ ਇਲਜ਼ਾਮ ਲਗਾਇਆ ਜਾਂਦਾ ਹੈ ਕਿ ਛੱਟੀਸਿੰਘਪੁਰਾ ਦਾ ਕਤਲੇਆਮ ਭਾਰਤੀ ਫ਼ੌਜੀਆਂ ਜਾਂ ਉਨਾਂ ਅਧੀਨ ਕੰਮ ਕਰਨ ਵਾਲੇ ਮੁਖ਼ਬਰਾਂ ਤੇ ਸਰਕਾਰੀ ਦਹਿਸ਼ਤਗਰਦਾਂ ਵੱਲੋਂ ਸਿੱਖਾਂ ਨੂੰ ਡਰਾਉਣ ਅਤੇ ਮੁਸਲਮਾਨਾਂ ਨੂੰ ਬਦਨਾਮ ਕਰਨ ਲਈ ਕਰਵਾਇਆ ਗਿਆ, ਜਿਸ ਦੀ ਕਦੇ ਵੀ ਭਾਰਤ ਸਰਕਾਰ ਜਾਂ ਸੂਬਾਈ ਸਰਕਾਰ ਵੱਲੋਂ, ਜਾਣਬੁੱਝ ਕੇ ਜਾਂਚ ਨਹੀਂ ਕਰਵਾਈ ਗਈ। ਕਸ਼ਮੀਰ ਘਾਟੀ ਵਿੱਚ ਹੋਏ ਸਿੱਖ ਕਤਲੇਆਮ ਲਈ ਤਤਕਾਲੀ ਭਾਰਤ ਸਰਕਾਰ ਤਾਂ ਦੋਸ਼ੀ ਹੈ ਹੀ, ਪਰ ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਬਿਲ ਕਲਿੰਟਨ ਵੀ ਦੋਸ਼-ਮੁਕਤ ਨਹੀਂ ਹੋ ਸਕਦੇ, ਜਿਨਾਂ ਜੇਕਰ ਇਹ ਮੰਨ ਲਿਆ ਸੀ ਉਨਾਂ ਦੇ ਭਾਰਤ ਜਾਣ ਕਾਰਨ ਬੇਗੁਨਾਹ ਸਿੱਖ ਮਾਰੇ ਗਏ ਸਨ, ਤਾਂ ਫਿਰ ਅਜਿਹੇ ਕਤਲੇਆਮ ਦੀ ਜਾਂਚ ਦੀ ਮੰਗ ਕਿਉਂ ਨਹੀਂ ਕੀਤੀ। ਬਿਲ ਕਲਿੰਟਨ ਕੇਵਲ ਇੰਨਾ ਕੁ ਆਖ ਕੇ ਖਹਿੜਾ ਨਹੀਂ ਛੁਡਾ ਸਕਦੇ। ਛੱਟੀਸਿੰਘਪੁਰਾ ਦੇ ਸਿੱਖ ਕਤਲੇਆਮ ਦਾ ਕਲੰਕ ਭਾਰਤ ਦੀ ਵਾਜਪਾਈ-ਭਾਜਪਾਈ ਸਰਕਾਰ ਅਤੇ ਅਮਰੀਕਾ ਦੀ ਕਲਿੰਟਨ ਸਰਕਾਰ ਦੇ ਮੱਥੇ ਤੋਂ ਕਦੇ ਨਹੀਂ ਮਿਟੇਗਾ।



# ਜੰਗ ਇਨਸਾਨ ਨੂੰ 'ਲੰਗੜਾ' ਕਰ ਦਿੰਦੀ ਏ

**ਡਾ. ਕੁਲਦੀਪ ਸਿੰਘ**

ਜਦੋਂ ਮੈਂ ਸਕੂਲ ਵਿਚ ਪੜ੍ਹਾਉਂਦਾ ਸੀ, ਮੇਰਾ ਇਕ ਵਿਦਿਆਰਥੀ ਇਕ ਦਿਨ ਕਾਲੀ ਟੀ-ਸ਼ਰਟ ਪਹਿਨ ਕੇ ਆਇਆ ਜਿਸ ਉੱਤੇ ਅੰਗਰੇਜ਼ੀ ਵਿਚ ਲਿਖਿਆ ਸੀ- 'ਜੇ ਜੰਗ ਜਵਾਬ ਹੈ ਤਾਂ ਸਵਾਲ ਗ਼ਲਤ ਹੈ।' ਮੈਂ ਹਮੇਸ਼ਾ ਸੋਚਦਾ ਰਿਹਾ ਹਾਂ ਕਿ ਸੰਸਾਰ ਪੱਧਰ ਉੱਤੇ ਦੋ ਭਿਆਨਕ ਯੁੱਧਾਂ ਦੇ ਨਤੀਜੇ ਭੁਗਤਣ ਤੋਂ ਬਾਅਦ ਵੀ ਦੁਨੀਆ ਕਿਉਂ ਨਵੇਂ ਨਵੇਂ ਯੁੱਧਾਂ ਪਿਛੇ ਭੱਜਦੀ ਹੈ। ਯੁੱਧ ਦੇ ਕੀ ਕਾਰਨ ਹਨ? ਸਾਡੇ ਕੋਲ ਕੀ ਜਵਾਬ ਹੈ? ਇਨਾਂ ਸਾਰੇ ਮਸਲਿਆਂ ਦਾ ਹੱਲ ਕੀ ਜੰਗ ਹੀ ਹੈ ਜਿਸ ਨਾਲ ਜ਼ਿੰਦਗੀ ਹਰ ਰੋਜ਼ ਜੂਝਦੀ ਹੈ। ਸ਼ਾਇਰ ਸਾਹਿਰ ਲੁਧਿਆਣਵੀ ਦਾ ਸ਼ੇਅਰ ਹੈ- 'ਜੰਗ ਤੋ ਖ਼ੁਦ ਹੀ ਏਕ ਮਸਲਾ ਹੈ। ਜੰਗ ਕਿਆ ਮਸਲੋਂ ਕਾ ਹਲ ਦੇਗੀ।' ਸਾਡੇ ਸਮਿਆਂ ਦੇ ਵਿਗਿਆਨੀ ਅਲਬਰਟ ਆਇੰਸਟਾਈਨ (14 ਮਾਰਚ 1879–18 ਅਪ੍ਰੈਲ 1955) ਨੇ ਵਿਗਿਆਨ ਦਾ ਇਸਤੇਮਾਲ ਮਿਲਟਰੀ ਵਿਚ ਨਾ ਕੀਤੇ ਜਾਣ ਦੀ ਪੈਰਵਾਈ ਕੀਤੀ ਸੀ। ਅੱਜ ਉਨਾਂ ਦਾ ਜਨਮ ਦਿਨ ਹੈ। ਅੱਜ ਦੁਨੀਆ ਭਰ ਵਿਚ ਰੂਸ ਵੱਲੋਂ ਯੂਕਰੇਨ ਉਤੇ ਵਿੱਢੀ ਜੰਗ ਅਜਿਹੀਆਂ ਤਸਵੀਰਾਂ ਪੇਸ਼ ਕਰ ਰਹੀ ਹੈ ਜਿਨਾਂ ਵਿਚ ਨਵ-ਜਨਮੇ ਬੱਚੇ ਗੋਲੀਆਂ ਤੇ ਬੰਬਾਂ ਦਾ ਸ਼ਿਕਾਰ ਹੋ ਕੇ ਜਾਨਾਂ ਗਵਾ ਰਹੇ ਹਨ। ਆਇੰਸਟਾਈਨ ਲਿਖਦਾ ਹੈ- 'ਜੇ ਸਾਇੰਸਦਾਨ ਆਪਣੇ ਆਪ ਨੂੰ ਸੰਸਾਰ ਦਾ ਬਾਸ਼ਿੰਦਾ ਮੰਨਦੇ ਹਨ ਤਾਂ ਉਨਾਂ ਨੂੰ ਇਸ ਚੱਕਰਵਿਊ ਵਿਚੋਂ ਬਾਹਰ ਰਹਿਣਾ ਚਾਹੀਦਾ ਹੈ ਅਤੇ ਇਸ ਦਾ ਵਿਰੋਧ ਕਰਨਾ ਚਾਹੀਦਾ ਹੈ ਜੋ ਜੰਗ ਲਈ ਉਕਸਾਉਂਦੀ ਹੈ, ਅਜਿਹੀ ਜੰਗ ਜੋ ਆਪਣੇ ਬੱਚਿਆਂ ਤੇ ਬਜ਼ੁਰਗ ਦੇ ਭਵਿੱਖ ਨੂੰ ਹਨੇਰੇ ਵਿਚ ਧਕੇਲ ਦਿੰਦੀ ਹੈ।' ਸਾਨੂੰ ਉਹ ਤਸਵੀਰ ਯਾਦ ਹੈ, ਸੱਤਵੀਂ ਕਲਾਸ ਦਾ ਬੱਚਾ ਦੋਸਤ ਨੂੰ ਗੋਲੀ ਲੱਗਣ ਤੇ ਉਸ ਦੀ ਮੌਤ ਉੱਤੇ ਫੁੱਟ ਫੁੱਟ ਕੇ ਰੋਇਆ ਸੀ, ਉਸ ਦੇ ਹੰਝੂ ਰੁਕ ਨਹੀਂ ਰਹੇ ਸਨ। ਸਾਨੂੰ ਉਹ ਤਸਵੀਰ ਵੀ ਯਾਦ ਹੈ ਜਦੋਂ ਇਕ ਬੱਚਾ ਅਤੇ ਗਿਧ, ਦੋਨੋਂ ਕੂਕੇ ਸੀ, ਜਿਸ ਤਸਵੀਰ ਨੂੰ ਖਿੱਚਣ ਤੋਂ ਬਾਅਦ ਫੋਟੋਗ੍ਰਾਫਰ ਨੇ ਆਤਮ-ਹੱਤਿਆ ਕਰ ਲਈ ਸੀ। ਅਜਿਹੀਆਂ ਹਜ਼ਾਰਾਂ ਤਸਵੀਰਾਂ ਸਾਡੇ ਜ਼ਿਹਨ ਦਾ ਹਿੱਸਾ ਹਨ ਪਰ ਜੰਗਾਂ ਨਹੀਂ ਰੁਕਦੀਆਂ।

ਇਕ ਸ਼ਾਇਰ ਦੀਆਂ ਕੁਝ ਸਤਰਾਂ ਯਾਦ ਆ ਰਹੀਆਂ ਹਨ- 'ਮੇਰੇ ਦਿਲ ਦੇ ਕਿਸੇ ਕੋਨੇ ਵਿਚ ਮਾਸੂਮ ਜਿਹਾ ਬੱਚਾ ਬੈਠਾ ਹੈ ਜੋ ਵੱਡਿਆਂ ਨੂੰ ਦੇਖ ਕੇ ਵੱਡਾ ਹੋਣ ਤੋਂ ਡਰਦਾ ਹੈ।' ਆਇੰਸਟਾਈਨ ਲਿਖਦਾ ਹੈ, 'ਉਹ ਜੋ ਸੱਤਾ ਵਿਚ ਸਭ ਤੋਂ ਵੱਡੇ ਹੁੰਦੇ ਹਨ, ਉਹ ਪੂੰਜੀਪਤੀਆਂ ਦੀਆਂ ਧਮਕੀਆਂ ਦੇ ਜ਼ਰੀਏ ਜੰਗ ਦੇ ਕਹਿਰ ਦਾ ਇਸਤੇਮਾਲ ਕਰਕੇ ਸਿਆਸਤ ਵਿਚ ਅਜਿਹੇ ਬਦਲ ਲਿਆਉਣ ਦੀ ਕੋਸ਼ਿਸ਼ ਕਰਦੇ ਹਨ ਜਿਸ ਦਾ ਸਿੱਧਾ ਅਸਰ ਲੋਕਾਂ ਨੂੰ ਮੌਤ ਦੇ ਮੂੰਹ ਵਿਚ ਧੱਕ ਦੇਣਾ ਹੈ।'

ਆਇੰਸਟਾਈਨ ਨੇ ਦੂਜੇ ਸੰਸਾਰ ਯੁੱਧ ਤੋਂ ਬਾਅਦ ਆਪਣੇ ਇਕ ਮਹਿਮਾਨ ਤੋਂ ਪੁੱਛਿਆ ਸੀ ਕਿ ਜੇ ਅਗਲੀ ਜੰਗ ਹੋਈ ਤਾਂ ਕੀ ਇਨਸਾਨ ਵੀ ਧਰਤੀ ਤੋਂ ਖਤਮ ਹੋ ਸਕਦਾ ਹੈ? ਜੋ ਖ਼ਤਰਾ ਆਇੰਸਟਾਈਨ ਨੇ 1949 ਵਿਚ ਦੇਖਿਆ ਸੀ, ਉਹੀ ਅੱਜ ਸਭ ਦੇ ਸਿਰ ਉਪਰ ਮੰਡਰਾ ਰਿਹਾ ਹੈ। ਉਨਾਂ ਪ੍ਰਸਿੱਧ ਮੈਗਜ਼ੀਨ 'ਮੰਥਲੀ ਰਿਵਿਊ' ਵਿਚ ਲਿਖੇ ਲੇਖ 'ਸਮਾਜਵਾਦ ਕਿਉਂ?' ਵਿਚ ਲਿਖਿਆ, 'ਕਿਸੇ ਵੀ ਚੀਜ਼ ਦਾ ਉਤਪਾਦਨ ਫਾਇਦੇ ਲਈ ਕੀਤਾ ਜਾਂਦਾ ਹੈ ਨਾ ਕਿ ਉਸ ਦੇ ਇਸਤੇਮਾਲ ਲਈ। ਇਹ ਪੂੰਜੀਵਾਦ ਦਾ ਸਿੱਧਾ ਸਿੱਧਾ ਅਸੂਲ ਹੈ, ਅਗਰ ਜੰਗ ਵੀ ਇਕ ਕਿਸਮ ਦਾ ਉਤਪਾਦਨ ਹੈ ਤਾਂ ਇਸ ਦਾ ਮਤਲਬ ਹੈ, ਇਹ ਵੀ ਫਾਇਦੇ ਲਈ ਹੀ ਕੀਤੀ ਜਾ ਰਹੀ ਹੈ। ਇਹ ਦੱਸਣ ਦੀ ਜ਼ਰੂਰਤ ਨਹੀਂ, ਕੌਣ ਇਸ ਦਾ ਲਾਭ ਉਠਾਏਗਾ ਪਰ ਜੰਗ ਇਨਸਾਨ ਨੂੰ 'ਲੰਗੜਾ' ਕਰ ਦਿੰਦੀ ਹੈ। ਇਸ ਵਿਚ ਕਿਸੇ ਵੀ ਇਨਸਾਨ ਦਾ ਹੱਕ ਖੋਹ ਲਿਆ ਜਾਂਦਾ ਹੈ। ਜੰਗ ਸਭ ਤੋਂ ਭਿਆਨਕ ਮਾਰ ਹੈ। ਜੰਗ ਹਮੇਸ਼ਾ ਹੀ ਕਿਸੇ ਮੁਲਕ ਉਪਰ ਧੌਂਸ ਦਿਖਾਉਣ ਦਾ ਜ਼ਰੀਆ ਹੈ। ਇਸ ਧੌਂਸ ਦੇ ਖਿ.ਲਾਫ਼ ਬੱਚਿਆਂ ਨੂੰ ਸਿੱਖਿਆ ਦੇ ਪੱਧਰ ਤੇ ਆਪਣੀ ਪ੍ਰਤਿਭਾ ਨਿਖਾਰਨ ਅਤੇ ਦਿਖਾਉਣ ਦੇ ਮੌਕੇ ਮਿਲਣੇ ਚਾਹੀਦੇ ਹਨ ਤਾਂ ਕਿ ਉਨਾਂ ਅੰਦਰ ਜ਼ਿੰਮੇਵਾਰੀ ਦਾ ਅਹਿਸਾਸ ਹੋ ਸਕੇ।'

ਇਹੀ ਜ਼ਿੰਮੇਵਾਰੀ ਰੂਸ ਅਤੇ ਦੁਨੀਆ ਭਰ ਦੇ ਲੋਕਾਂ ਨੇ ਪੂਤਿਨ ਦਾ ਵਿਰੋਧ ਕਰਨ ਲਈ ਸੜਕਾਂ ਉਪਰ ਉਤਰ ਕੇ ਦਿਖਾਈ ਹੈ। ਸਾਨੂੰ ਉਸ ਨਰਸ ਦੇ ਬਾਰੇ ਪੜ੍ਹਾਇਆ ਗਿਆ ਸੀ ਜਿਸ ਨੇ ਯੁੱਧ ਵਿਚ ਸੈਨਿਕਾਂ ਦੀ ਮਦਦ ਕੀਤੀ ਅਤੇ ਉਨਾਂ ਸੈਨਿਕਾਂ ਦੀ ਵੀ ਜਿਹੜੇ ਦੂਜੀ ਧਿਰ ਵੱਲੋਂ ਲੜ ਰਹੇ ਸੀ। ਨੈਸ਼ਨਲ ਸਾਇੰਸ ਕਾਂਗਰਸ (1946) ਲਈ ਆਇੰਸਟਾਈਨ ਲਿਖਿਆ ਸੀ, 'ਜੇ ਜੰਗ ਹੋਈ ਤਾਂ ਵਿਗਿਆਨੀਆਂ ਨੂੰ ਸਰਕਾਰ ਦੀ ਅਨੈਤਿਕ ਮੰਗ ਠੁਕਰਾ ਦੇਣੀ ਚਾਹੀਦੀ ਹੈ ਜਿਸ ਲਈ ਸਰਕਾਰ ਉਨਾਂ ਤੋਂ ਸਮਰਥਨ ਮੰਗਦੀ ਹੈ, ਭਾਵੇਂ ਉਹ ਮੰਗ ਕਾਨੂੰਨੀ ਕਿਉਂ ਨਾ ਹੋਵੇ। ਅਜਿਹਾ ਕਾਨੂੰਨ ਜੋ ਲਿਖਿਆ ਨਹੀਂ ਗਿਆ, ਉਹ ਹੈ ਸਾਡੀ ਜ਼ਮੀਰ ਦੀ ਆਵਾਜ਼ ਜਿਸ ਉਪਰ ਪਹਿਰੇਦਾਰੀ ਕਰਨੀ ਚਾਹੀਦੀ ਹੈ, ਭਾਵੇਂ ਸਮੇਂ ਦੇ ਹੁਕਮਰਾਨ ਅਤੇ ਪੂੰਜੀਪਤੀ ਲੱਖਾਂ ਤੁਹਮਤਾਂ ਲਗਾਉਂਦੇ ਰਹਿਣ।'

ਅਜਿਹੇ ਮਾਮਲਿਆਂ ਵਿਚ ਆਇੰਸਟਾਈਨ ਦੁਨੀਆ ਦੇ ਬੇਤਾਜ ਬਾਦਸ਼ਾਹ ਬਣੇ ਰਹੇ। ਮੈਨੂੰ ਉਸ ਬੱਚੇ ਦੀ ਯਾਦ ਮੁੜ ਤਾਜ਼ਾ ਹੋ ਰਹੀ ਹੈ ਜਿਸ ਦੀ ਟੀ-ਸ਼ਰਟ ਉੱਤੇ ਲਿਖਿਆ ਸੀ- ਜੇ ਜੰਗ ਜਵਾਬ ਹੈ ਤਾਂ ਸਵਾਲ ਗ਼ਲਤ ਹੈ। ਇਸ ਸਤਰ ਵਿਚ ਹੀ ਸਾਰੀ ਦੁਨੀਆ ਨੂੰ ਸਮਝਦਾਰੀ ਦੇਣ ਦੀ ਸਮਰੱਥਾ ਹੈ।










# ਬੱਚਿਆਂ ਲਈ ਨੈਤਿਕ ਸਿੱਖਿਆ

ਅਰਸ਼

ਕਦੇ ਵੀ ਆਪਣੇ ਬੱਚਿਆਂ ਨੂੰ ਵਾਰ ਵਾਰ ਉਨਾਂ ਦੀਆਂ ਕਮੀਆਂ ਨਾ ਗਿਣਾਓ, ਨਹੀਂ ਤਾਂ ਉਹ ਉਨਾਂ ਕਮੀਆਂ ਨੂੰ ਆਪਣੀ ਜਿੰਦਗੀ ਦਾ ਇੱਕ ਹਿੱਸਾ ਮੰਨ ਲੈਣਗੇ ਤੇ ਆਪਣੀ ਤਾਕਤ ਨੂੰ ਕਦੇ ਵੀ ਨਹੀਂ ਪਹਿਚਾਣ ਸਕਣਗੇ।

ਪੰਜ ਸਾਲ ਦੀ ਉਮਰ ਵਿਚ ਮਿਸ਼ੀਗਨ ਅਮਰੀਕਾ ਦੇ ਥਾਮਸ ਏਡੀਸਨ ਨੂੰ ਸਕੂਲ ਵਿੱਚ ਦਾਖਲ ਕਰਾਇਆ ਤਾਂ ਕੁਝ ਦਿਨਾਂ ਵਿਚ ਹੀ ਸਾਰੇ ਅਧਿਆਪਕ ਉਸ ਤੋਂ ਬਹੁਤ ਦੁਖੀ ਆ ਗਏ, ਕਿਉਂਕਿ ਉਹ ਸਵਾਲ ਬਹੁਤ ਪੁਛਿਆ ਕਰਦਾ ਸੀ। ਸਾਰੇ ਪਿੰਡ ਵਾਲੇ ਉਸਨੂੰ ਮੰਦਬੁੱਧੀ ਤੇ ਪਾਗਲ ਤੇ ਸਿਰੇ ਦਾ ਨਾਲਾਇਕ ਸਮਝਦੇ ਤੇ ਮਜ਼ਾਕ ਕਰਦੇ ਸਨ ਅਤੇ ਅਖੀਰ 3 ਕੁ ਮਹੀਨੇ ਪਿਛੋਂ ਇਕ ਦਿਨ ਉਸਨੇ ਸਕੂਲੋਂ ਆ ਕੇ ਆਪਣੀ ਮਾਂ ਨੂੰ ਇਕ ਚਿੱਠੀ ਫ਼ੜਾਈ ਜੋ ਉਸਦੇ ਅਧਿਆਪਕ ਨੇ ਦਿੱਤੀ ਸੀ। ਚਿੱਠੀ ਪੜ ਕੇ ਉਸ ਦੀ ਮਾਂ ਦੀਆਂ ਅੱਖਾਂ ਵਿੱਚ ਪਾਣੀ ਆ ਗਿਆ ਤੇ ਉਸਨੇ ਉੱਚੀ ਉੱਚੀ ਉਹ ਚਿੱਠੀ ਥਾਮਸ ਨੂੰ ਪੜ ਕੇ ਸੁਣਾਈ ਤੇ ਕਿਹਾ ਕੇ ਸਕੂਲ ਵਾਲਿਆਂ ਨੇ ਲਿਖਿਆ ਹੈ ਕਿ 'ਤੁਹਾਡਾ ਬੱਚਾ ਬਹੁਤ ਹੁਸ਼ਿਆਰ ਹੈ ਤੇ ਸਾਡੇ ਕੋਲ ਕਾਬਿਲ ਅਧਿਆਪਕ ਨਹੀਂ ਹਨ ਇਸ ਲਈ ਤੁਸੀਂ ਕੱਲ ਤੋਂ ਥਾਮਸ ਨੂੰ ਸਕੂਲ ਨਾ ਭੇਜਣਾ ਤੇ ਘਰ ਵਿਚ ਹੀ ਪੜਾਉਣਾ'। ਇਸ ਤੋਂ ਬਾਅਦ ਉਸਦੀ ਮਾਂ ਨੇ ਉਸ ਨੂੰ ਰਸਾਇਣ ਵਿਗਿਆਨ ਦੀ ਇਕ ਕਿਤਾਬ ਦਿੱਤੀ ਤੇ ਕਿਹਾ ਕਿ ਕੱਲ ਤੋਂ ਘਰ ਬੈਠ ਕੇ ਹੀ ਪੜਾਈ ਕਰੇ।

ਉਸ ਨੇ ਘਰ ਵਿਚ ਹੀ ਲੈਬ ਬਣਾ ਲਈ ਤੇ ਉੱਥੇ ਹੀ ਆਪਣੇ ਪ੍ਰਯੋਗ ਕਰਨ ਲੱਗ ਗਿਆ ਤੇ ਦੋਬਾਰਾ ਜਿੰਦਗੀ ਵਿੱਚ ਕਿਸੇ ਸਕੂਲ ਜਾਂ ਕਾਲਜ ਨਹੀਂ ਗਿਆ। ਥੋੜਾ ਵੱਡਾ ਹੋਇਆ ਤਾਂ ਕਿਤਾਬਾਂ ਦਾ ਖਰਚਾ ਪੂਰਾ ਕਰਨ ਵਾਸਤੇ ਰੇਲਵੇ ਸਟੇਸ਼ਨ 'ਤੇ ਅਖਬਾਰ ਵੇਚਣ ਲੱਗ ਪਿਆ। ਪੜਾਈ ਦਾ ਏਨਾ ਜਨੂੰਨ ਸੀ ਕਿ ਰੇਲ ਦੇ ਡੱਬੇ ਵਿੱਚ ਹੀ ਪ੍ਰਯੋਗ ਕਰਨ ਲੱਗ ਪਿਆ। ਤੇਜ਼ਾਬ ਦੀ ਬੋਤਲ ਹੇਠਾਂ ਡਿਗਣ ਕਾਰਨ ਰੇਲ ਦੇ ਡੱਬੇ ਵਿੱਚ ਅੱਗ ਲੱਗ ਗਈ। ਅੱਗ ਤਾਂ ਬੁਝਾ ਲਈ ਪਰ ਇੱਕ ਅਧਿਕਾਰੀ ਨੇ ਉਸਦੇ ਇੰਨੀ ਜੋਰ ਨਾਲ ਥੱਪੜ ਮਾਰਿਆ ਕਿ ਇੱਕ ਕੰਨੋਂ ਉਸਨੂੰ ਉੱਚਾ ਸੁਣਨ ਲੱਗ ਪਿਆ ਤੇ ਬਾਅਦ ਵਿੱਚ ਸੁਣਨੋਂ ਹੀ ਹਟ ਗਿਆ। ਦੁਖੀ ਹੋਣ ਦੀ ਬਜਾਏ ਥਾਮਸ ਖੁਸ਼ ਹੋਇਆ ਕਿ ਹੁਣ ਉਸ ਨੂੰ ਲੋਕਾਂ ਦੀ ਫਾਲਤੂ ਬਕਵਾਸ ਸੁਣਾਈ ਨਹੀਂ ਦੇਵੇਗੀ।

ਥਾਮਸ ਘੱਟੋ ਘੱਟ 10000 ਵਾਰ ਅਸਫਲ ਹੋਣ ਤੋਂ ਬਾਅਦ ਬਿਜਲੀ ਦੇ ਬਲਬ ਦੀ ਕਾਢ ਕੱਢਣ ਵਿਚ ਕਾਮਯਾਬ ਹੋਇਆ। ਪਹਿਲੀ ਵਾਰ ਇਹ ਬੱਲਬ ਸਾਰਾ ਦਿਨ ਜਗਦਾ ਰਿਹਾ ਤੇ ਲੱਖਾਂ ਲੋਕ ਇਸਨੂੰ ਦੇਖਣ ਆਏ। ਲੋਕਾਂ ਵਾਸਤੇ



ਇਹ ਇੱਕ ਬਹੁਤ ਵੱਡਾ ਚਮਤਕਾਰ ਸੀ। ਸਿਰਫ਼ 3 ਮਹੀਨੇ ਸਕੂਲ ਪੜੇ ਥਾਮਸ ਨੇ ਆਪਣੀ ਜਿੰਦਗੀ ਵਿੱਚ 1097 ਆਵਿਸ਼ਕਾਰ ਕੀਤੇ ਜਿਨਾਂ ਵਿੱਚ ਸਭ ਤੋਂ ਵੱਡੀ ਖੋਜ ਬਲਬ ਦੀ ਹੈ ਇਸ ਤੋਂ ਇਲਾਵਾ **Gramophone, motion picture, sound recorder, electric rail engine** ਤੇ ਹੋਰ ਪਤਾ ਨਹੀਂ ਕਿੰਨੀਆਂ ਕੁ ਖੋਜਾਂ ਕੀਤੀਆਂ। ਸਭ ਤੋਂ ਵੱਧ ਖੋਜਾਂ ਦਾ ਵਿਸ਼ਵ ਰਿਕਾਰਡ ਉਨਾਂ ਨੂੰ ਹੀ ਜਾਂਦਾ ਹੈ। ਉਸ ਦਾ ਕਹਿਣਾ ਸੀ ਕਿ ਅਸਫਲਤਾ ਦਾ ਕਾਰਨ ਹੀ ਹਾਰ ਮੰਨਣਾ ਹੈ। ਹੁਣ ਉਹ ਬਹੁਤ ਸਫ਼ਲ ਹੋ ਚੁੱਕਾ ਸੀ ਤੇ ਇੱਕ ਦਿਨ ਘਰ ਵਿਚ ਕਿਤਾਬਾਂ ਦੀ ਫਰੋਲਾ ਫਰੋਲੀ ਕਰਦੇ ਨੂੰ ਇੱਕ ਚਿੱਠੀ ਮਿਲੀ। ਉਸ ਨੂੰ ਯਾਦ ਆਇਆ ਕਿ ਇਹ ਤਾਂ ਉਹੀ ਚਿੱਠੀ ਹੈ ਜੋ ਬਚਪਨ ਵਿੱਚ ਸਕੂਲ ਵਲੋਂ ਮਿਲੀ ਸੀ ਤੇ ਜਦੋਂ ਉਸਨੇ ਚਿੱਠੀ ਪੜੀ ਤਾਂ ਥਾਮਸ ਸੁੰਨ ਹੋ ਗਿਆ ਤੇ ਸਾਰਾ ਦਿਨ ਆਪਣੀ ਮਰ ਚੁੱਕੀ ਮਾਂ ਨੂੰ ਯਾਦ ਕਰ ਕਰ ਰੋਂਦਾ ਰਿਹਾ। ਉਸ ਵਿੱਚ ਲਿਖਿਆ ਸੀ ਕਿ 'ਤੁਹਾਡਾ ਬੱਚਾ ਬਹੁਤ ਨਾਲਾਇਕ ਤੇ ਮੰਦਬੁੱਧੀ ਹੈ, ਇਸ ਨੂੰ ਕਿਸੇ ਪਾਗਲਖਾਨੇ ਜਾਂ ਹਸਪਤਾਲ ਭਰਤੀ ਕਰਾਉ ਨਾ ਕਿ ਸਕੂਲ ਵਿੱਚ, ਕੱਲ ਤੋਂ ਥਾਮਸ ਨੂੰ ਸਕੂਲ ਨਾ ਭੇਜਣਾ'।ਬਾਅਦ ਵਿੱਚ ਉਸਨੇ ਆਪਣੀ ਇੱਕ ਕਿਤਾਬ ਵਿੱਚ ਲਿਖਿਆ ਕਿ ਉਸਦੀ ਮਾਂ ਨੇ ਇੱਕ ਪਾਗਲ ਤੇ ਮੰਦਬੁੱਧੀ ਬੱਚੇ ਨੂੰ ਇਕ ਮਹਾਨ ਵਿਗਿਆਨੀ ਬਣਾ ਦਿੱਤਾ। ਜੇ ਉਸਦੀ ਮਾਂ ਚਿੱਠੀ ਵਿਚਲੇ ਸੱਚ ਨੂੰ ਨਾ ਛੁਪਾਉਂਦੀ ਤਾਂ ਉਸਨੇ ਏਨਾ ਵੱਡਾ ਵਿਗਿਆਨੀ ਕਦੇ ਵੀ ਨਹੀਂ ਬਨਣਾ ਸੀ। ਅੱਜ ਥਾਮਸ ਏਡੀਸਨ ਕਰਕੇ ਹੀ ਦੁਨੀਆਂ ਦਾ ਹਰ ਘਰ ਰੋਸ਼ਨ ਹੈ।

# ਪੰਜਾਬੀ ਸੱਭਿਆਚਾਰ 'ਚੋਂ ਅਲੋਪ ਹੋ ਰਿਹਾ ਸ਼ਬਦ 'ਵੀਰ'

ਬਲਵਿੰਦਰ 'ਬਾਲਮ'
ਮੋ.: 98156-25409

ਪੰਜਾਬੀ ਭਾਸ਼ਾ ਦੇ ਵਿਰਾਸਤੀ ਬੋਲ ਜੋ ਦਿਨ ਪ੍ਰਤੀ ਦਿਨ ਅਲੋਪ ਹੁੰਦੇ ਜਾ ਰਹੇ ਹਨ ਉਨਾਂ ਅਲੋਪ ਹੁੰਦੇ ਸ਼ਬਦਾਂ ਵਿੱਚ ਹੀ ਸ਼ਬਦ 'ਵੀਰ' ਜੋ ਅੱਜ ਕੱਲ ਬਹੁਤ ਹੀ ਘੱਟ ਸੁਣਿਆ ਜਾ ਰਿਹਾ ਹੈ। ਪੱਛਮੀ ਸੱਭਿਅਤਾ ਦੇ ਸਿੱਧੇ ਅਤੇ ਅਸਿੱਧੇ ਪ੍ਰਭਾਵ ਨੇ ਅਤੇ ਮੌਜੂਦਾ ਸਰਕਾਰਾਂ ਦੀ ਅਣਗਹਿਲੀ, ਲਾਪ੍ਰਵਾਹੀ, ਭ੍ਰਿਸ਼ਟਾਚਾਰੀ ਅਤੇ ਵਿਦੇਸ਼ੀ ਬਾਜ਼ਾਰੀਵਾਦ ਦੀ ਹੋਂਦ ਕਰਕੇ ਮੌਜੂਦਾ ਪੰਜਾਬੀ ਸੱਭਿਆਚਾਰ ਵਿਚੋਂ ਬਹੁਤ ਸਾਰੇ ਪੰਜਾਬੀ ਦੇ ਮੁੱਢ ਕਦੀਮੀ, ਪ੍ਰਾਚੀਨ ਰਿਸ਼ਤੇ ਨਾਤਿਆਂ ਵਾਲੇ ਸ਼ਬਦ ਅਲੋਪ ਹੁੰਦੇ ਜਾ ਰਹੇ ਹਨ। ਵੇਖਿਆ ਜਾਵੇ ਤਾਂ ਇਹ ਯਥਾਰਥ ਹੈ ਕਿ ਪਿਤਾ ਜੀ, ਮਾਤਾ ਜੀ, ਪਾਪਾ ਜੀ, ਬੀਜੀ ਆਦਿ ਅਤਿ ਭਾਵੁਕ ਸ਼ਬਦਾਂ ਦੀ ਹੋਂਦ ਤੇਜ਼ੀ ਨਾਲ ਖਤਮ ਹੋ ਰਹੀ ਹੈ। ਇਨਾਂ ਸ਼ਬਦਾਂ ਦਾ ਸਥਾਨ ਮੰਮੀ ਡੈਡੀ ਨੇ ਲੈ ਲਿਆ ਹੈ। ਨੌਜਵਾਨ ਪੀੜੀ ਦੀ ਜ਼ੁਬਾਨ 'ਤੇ ਸ਼ਾਇਦ ਹੀ ਕਿਸੇ ਨੇ ਸੁਣਿਆ ਹੋਵੇ ਪਿਤਾ ਜੀ, ਮਾਤਾ ਜੀ, ਬੀਜੀ ਆਦਿ ਨਿੱਘਪੂਰਵਕ, ਮਮਤਾਪੂਰਵਕ, ਸ਼ਹਿਦ ਵਰਗੇ ਮਿੱਠੇ ਇਹ ਸ਼ਬਦ ਕਿਸੇ ਵੀ ਸੱਭਿਆਚਾਰ ਵਿਚੋਂ ਰਿਸ਼ਤੇ ਨਾਤਿਆਂ ਵਾਲੇ ਸ਼ਬਦਾਂ ਨੂੰ ਬਚਾਉਣਾ ਅਤੇ ਉਨਾਂ ਨੂੰ ਨਵ ਪੀੜੀ ਤਕ ਜੋੜੀ ਰੱਖਣਾ ਮੌਜੂਦਾ ਸਰਕਾਰਾਂ ਦਾ ਕੰਮ ਹੁੰਦਾ ਹੈ। ਪੰਜਾਬ ਵਿਚ ਤਾਂ ਅਜੇ ਤਕ ਪੰਜਾਬੀ ਹੀ ਪੂਰੀ ਤਰਾਂ ਲਾਗੂ ਨਹੀਂ ਹੋ ਸਕੀ।

ਪੰਜਾਬੀਆਂ ਦੇ ਰਿਸ਼ਤੇ ਨਾਤਿਆਂ ਦੇ ਸੰਬੋਧਨ ਸ਼ਬਦ ਦਿਨੋਂ-ਦਿਨ ਅਲੋਪ ਹੁੰਦੇ ਜਾ ਰਹੇ ਹਨ। ਉਨਾਂ ਸ਼ਬਦਾਂ ਵਿਚੋਂ ਖ਼ਾਸ ਕਰਕੇ 'ਵੀਰ' ਸ਼ਬਦ ਦਿਨੋਂ-ਦਿਨ ਅਲੋਪ ਹੁੰਦਾ ਜਾ ਰਿਹਾ ਹੈ। ਵੀਰ ਸ਼ਬਦ ਦੀ ਜਗਾ 'ਬ੍ਰਦਰ' (ਅੰਗਰੇਜ਼ੀ ਸ਼ਬਦ) ਨੇ ਲੈ ਲਈ ਹੈ। ਵੀਰ ਸ਼ਬਦ ਪੱਛਮੀ ਸੱਭਿਆਚਾਰ ਦੇ ਸ਼ਬਦ 'ਬ੍ਰਦਰ' ਵਿਚ ਮਰਜ ਹੋ ਗਿਆ ਹੈ।

ਵੀਰ ਸ਼ਬਦ ਵਿਚ ਸੂਰਜ ਵਰਗੀ ਪਵਿੱਤਰਤਾ, ਰੌਸ਼ਨੀ ਅਤੇ ਨਿੱਘ ਹੈ। ਤੜਕ ਸਵੇਰ ਜਿਹਾ ਅਹਿਸਾਸ, ਉਚੇ ਪਰਬਤ ਦੀ ਟੀਸੀ ਦਾ ਅਹਿਸਾਸ, ਬਾਦਸ਼ਾਹ ਦੇ ਤਾਜ ਵਰਗਾ ਰਿਸ਼ਤਾ ਇਕ ਮੋਹ, ਪੰਜ ਦਰਿਆਵਾਂ ਦੀ ਮਿੱਟੀ ਦੀ ਖ਼ੁਸ਼ਬੂ, ਕਲੇਜੇ ਦੀ ਧੜਕਣ ਜਿਹਾ ਅਹਿਸਾਸ ਤੈਰਦਾ ਹੈ ਵੀਰ ਸ਼ਬਦ ਵਿਚ। ਇਸ



ਸ਼ਬਦ ਵਿਚ ਬੇਤਹਾਸ਼ਾ ਮਿਠਾਸ, ਅਪਣੱਤ, ਨਿੱਘ ਅਤੇ ਰਿਸ਼ਤੇ ਦੀ ਬੁਲੰਦੀ ਸ਼ਾਮਲ ਹੈ।

ਭੈਣ ਆਪਣੇ ਭਰਾ ਨੂੰ ਵੀਰ ਜੀ ਕਹਿ ਕੇ ਬੁਲਾਉਂਦੀ ਸੀ। ਕਲੇਜੇ ਠੰਢ ਪੈਂਦੀ ਸੀ। ਭਰਾ-ਭਰਾ ਨੂੰ ਵੀ ਵੀਰ ਜੀ ਕਹਿ ਕੇ ਬੁਲਾਂਦੇ ਸਨ। ਮੋਹ ਦੀ ਕਿਣ-ਮਿਣ ਹੋ-ਹੋ ਜਾਂਦੀ ਸੀ। ਮਾਂ-ਬਾਪ ਦਾ ਲਾਡਲਾ ਪੁੱਤਰ ਭੈਣ ਦਾ ਵੀਰ ਕਹਿਲਾਉਂਦਾ ਸੀ। ਵੀਰ ਸ਼ਬਦ ਦਾ ਉਚਾਰਣ ਰੂਹ ਤਕ ਉਤਰਦਾ ਹੈ, ਕਿਉਂਕਿ ਇਹ ਸਾਡੀ ਮਿੱਟੀ ਦੀ ਖ਼ੁਸ਼ਬੂ ਦੇ ਸੁਗੰਧਿਤ ਫੁੱਲ ਵਾਂਗ ਹੈ। ਮਿੱਟੀ 'ਚੋਂ ਜਨਮਿਆਂ ਸ਼ਬਦ ਹੈ। ਮਗਰ ਸਰਕਾਰਾਂ ਦੀਆਂ ਗ਼ਲਤ ਨੀਤੀਆਂ, ਗ਼ਲਤ ਸੋਚਾਂ, ਵਿਅਕਤੀਵਾਦੀ ਸੀਮਤ ਸੋਚ ਕਰਕੇ ਨਵੀਂ ਪੀੜੀ ਨੂੰ ਬਦੋਬਦੀ ਪੱਛਮੀ ਸੱਭਿਆਚਾਰ ਦੇ ਸ਼ਬਦਾਂ ਵਿਚ ਧਕੇਲ ਦਿੱਤਾ ਹੈ।

ਵੀਰ ਸ਼ਬਦ ਤਾਂ ਅਲੋਪ ਹੀ ਹੋ ਰਿਹਾ ਹੈ। ਇਸ ਦੇ ਨਾਲ ਹੀ ਚਾਚਾ, ਤਾਇਆ, ਫੁੱਫੜ, ਮਾਮਾ, ਚਾਚੀ, ਤਾਈ, ਭੂਆ, ਮਾਮੀ ਆਦਿ ਸ਼ਬਦ ਵੀ ਅਲੋਪ ਹੁੰਦੇ ਜਾ ਰਹੇ ਹਨ। ਨਵ-ਪੀੜੀ ਨੂੰ ਪਤਾ ਹੀ ਨਹੀਂ ਰਹਿਣਾ ਇਨਾਂ ਰਿਸ਼ਤਿਆਂ ਦਾ। ਕਿਉਂਕਿ ਅੰਗਰੇਜ਼ੀ ਦੇ ਇਕ ਹੀ ਸ਼ਬਦ ਨੇ ਸਭ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਹੁਣ ਤਾਂ ਸਿਰਫ਼ ਅੰਕਲ ਅਤੇ ਆਂਟੀ ਨਾਲ ਹੀ ਸਭ ਘਾਣ ਹੋ ਜਾਵੇਗਾ। ਪਤਾ ਹੀ ਨਹੀਂ ਲੱਗਣਾ ਕਿ ਮਾਮਾ ਕੌਣ, ਮਾਸੜ ਕੌਣ, ਮਾਮਾ ਅਤੇ ਚਾਚਾ ਕੌਣ ਹੈ ? ਨਵ-ਪੀੜੀ ਨੂੰ ਇਨਾਂ ਰਿਸ਼ਤਿਆਂ ਦੀ ਅਪਣੱਤ ਦੀ ਸਮਝ ਹੀ ਨਹੀਂ ਲੱਗਣੀ ਕਿ ਕਿਸ ਨਾਲ ਕਿਹੜਾ ਰਿਸ਼ਤਾ ਬਣਦਾ ਹੈ।

ਵੀਰ ਸ਼ਬਦ ਨੂੰ ਅੱਜ ਵੀ ਪੰਜਾਬੀ ਲੋਕ ਗੀਤਾਂ ਵਿਚ ਜੀਵਤ ਵੇਖਿਆ ਜਾ ਸਕਦਾ ਹੈ। ਅਗਰ ਕਿਸੇ ਨੇ ਵੀਰ ਸ਼ਬਦ ਦੀ ਸਹੀ ਪਰਿਭਾਸ਼ਾ ਲੱਭਣੀ ਹੋਵੇ ਤਾਂ ਪੁਸਤਕਾਂ ਵਿਚ ਲਿਖੇ ਪੰਜਾਬੀ ਲੋਕ ਗੀਤਾਂ ਵਿਚੋਂ ਮਿਲ ਸਕਦੀ ਹੈ। ਵੀਰ ਸ਼ਬਦ ਦੀ ਮਿਠਾਸ ਤੋਂ ਨਵੀਂ ਪੀੜੀ ਵਾਂਝਿਆਂ ਰਹਿ ਰਹੀ ਹੈ। ਫਿਰ ਵੀ ਵੀਰ ਸ਼ਬਦ ਦੀ ਅਹਿਮੀਅਤ ਘੱਟ ਨਹੀਂ ਹੋ ਸਕਦੀ।

ਵੀਰ-ਭੈਣ ਦੇ ਰਿਸ਼ਤੇ ਵਿਚ ਜੋ ਨਿੱਘ ਮਿਠਾਸ ਦਾ ਆਨੰਦ ਹੈ, ਉਸ ਦਾ ਜ਼ਿਕਰ ਭੈਣ ਇੰਝ ਕਰਦੀ ਹੈ ਜਦੋਂ ਵੀਰ ਘਰ ਪੁੱਤ ਜੰਮਦਾ ਹੈ ਤਾਂ :

ਮੈਂ ਵੀਰਾ ਤੇਰੇ ਘਰ ਆਈ ਆਈ ਵਧਾਈਆਂ ਦੇਣ
ਜਾਂ
ਵੀਰਨ ਦੇ ਘਰ ਪੁੱਤ ਜੰਮਿਆ ਚੱਲੀ ਵਧਾਈਆਂ ਦੇਣ
ਜਾਂ
ਵੀਰਾ ਜੀਵੀਂ ਤੂੰ ਲੱਖਾਂ ਵਰੀਸ
ਦੁੱਧ ਪੀਵੀਂ, ਭਰਜਾਈਏ, ਤੇਰਾ ਅਟੱਲ ਸੁਹਾਗ।

ਲੋਰੀਆਂ ਵਿਚ ਵੱਡੀ ਭੈਣ ਦਾ ਪਿਆਰ, ਅਥਾਹ ਸਤਿਕਾਰ ਅਤੇ ਮੋਹ ਦੀ ਪਰਿਭਾਸ਼ਾ ਉਜਾਗਰ ਕਰਦਾ ਹੈ। ਪਿਛਲੇ ਸਮਿਆਂ ਵਿਚ ਜਦ ਵੀਰ ਸ਼ਬਦ ਘਰ-ਘਰ ਪ੍ਰਚਲਿਤ ਸੀ। ਉਦੋਂ ਵੱਡੀਆਂ ਭੈਣਾਂ ਛੋਟੇ ਵੀਰਾਂ ਨੂੰ ਲੋਰੀਆਂ ਦੇ ਕੇ ਲਾਡ-ਪਿਆਰ ਕਰਦੀਆਂ।

ਬਾਕੀ ਸਫ਼ਾ 31 'ਤੇ

# ਪੰਜ ਦਰਵਾਜ਼ੇ



ਮਾਸਟਰ ਸੰਜੀਵ ਧਰਮਾਣੀ
9478561356

ਪਿਆਰੇ ਬੱਚਿਓ, ਹਰ ਕੋਈ ਆਪਣੀ ਜ਼ਿੰਦਗੀ ਵਿੱਚ ਚੰਗੀ ਪੜਾਈ ਕਰਕੇ ਕਾਮਯਾਬ ਹੋਣਾ ਚਾਹੁੰਦਾ ਹੈ ਅਤੇ ਹਰ ਇੱਕ ਇਨਸਾਨ ਦੀ ਇਹ ਦਿਲੀ ਖਾਹਿਸ਼ ਵੀ ਹੁੰਦੀ ਹੈ ਕਿ ਉਸ ਦੀ ਜ਼ਿੰਦਗੀ ਖੁਸ਼ੀਆਂ, ਸੁੱਖ, ਸਕੂਨ ਤੇ ਆਨੰਦ ਨਾਲ ਭਰਪੂਰ ਹੋਵੇ ਅਤੇ ਜੀਵਨ ਚਿੰਤਾ ਮੁਕਤ ਹੋਵੇ, ਪ੍ਰੰਤੂ ਕੇਵਲ ਇਕੱਲੀ ਇੱਛਾ ਦੇ ਹੋਣ ਨਾਲ ਹੀ ਸਫਲਤਾ, ਸੁੱਖ, ਸਕੂਨ ਤੇ ਜ਼ਿੰਦਗੀ ਦੀ ਸਾਰਥਕਤਾ ਪ੍ਰਾਪਤ ਨਹੀਂ ਹੁੰਦੀ। ਉੱਚੀ-ਸੁੱਚੀ ਜ਼ਿੰਦਗੀ ਜਿਊਣ ਦੇ ਲਈ ਅੱਜ ਤੁਹਾਨੂੰ ਉਨਾਂ ਪੰਜ ਰਸਤਿਆਂ/ਪੰਜ ਦਰਵਾਜ਼ਿਆਂ ਬਾਰੇ ਦੱਸਣ ਜਾ ਰਿਹਾ ਹਾਂ ਜਿਨਾਂ ਨਾਲ ਜੀਵਨ ਭਰ ਜੁੜਕੇ ਤੇ ਇਨਾਂ ਦਰਵਾਜ਼ਿਆਂ ਨੂੰ ਖੁੱਲੇ ਰੱਖ ਕੇ ਤੁਸੀਂ ਸਹੀ ਜੀਵਨ ਜੀਅ ਸਕਦੇ ਹੋ। ਪਿਆਰੇ ਬੱਚਿਓ, ਪਹਿਲਾ ਦਰਵਾਜ਼ਾ ਹੈ ਸਕੂਲ ਦੀਆਂ ਪਾਠ-ਪੁਸਤਕਾਂ ਅਤੇ ਸਕੂਲ ਦਾ ਗਿਆਨ। ਬੱਚਿਓ, ਤੁਹਾਨੂੰ ਸਕੂਲ ਦੀਆਂ ਪੁਸਤਕਾਂ ਬਹੁਤ ਹੀ ਧਿਆਨਪੂਰਵਕ ਪੜਨੀਆਂ ਚਾਹੀਦੀਆਂ ਹਨ ਅਤੇ ਇਨਾਂ ਪੁਸਤਕਾਂ ਤੋਂ ਮਿਲਣ ਵਾਲੇ ਗਿਆਨ ਨੂੰ ਜੀਵਨ ਭਰ ਯਾਦ ਰੱਖਣਾ



ਚਾਹੀਦਾ ਹੈ ਤੇ ਉਸ 'ਤੇ ਜੀਵਨ ਭਰ ਅਮਲ ਵੀ ਕਰਦੇ ਰਹਿਣਾ ਚਾਹੀਦਾ ਹੈ। ਕਾਮਯਾਬੀ ਦਾ ਦੂਸਰਾ ਦਰਵਾਜ਼ਾ ਹੈ : ਤੁਹਾਡੇ ਮਾਤਾ ਜੀ ਦੀ ਸਿੱਖਿਆ। ਤੁਸੀਂ ਘਰ ਵਿੱਚ ਜ਼ਿਆਦਾਤਰ ਸਮਾਂ ਆਪਣੇ ਮਾਤਾ ਜੀ ਕੋਲ ਬਤੀਤ ਕਰਦੇ ਹੋ। ਇਸ ਲਈ ਤੁਹਾਡੇ ਮਾਤਾ ਜੀ ਤੁਹਾਨੂੰ ਜੋ ਵੀ ਚੰਗੀਆਂ ਗੱਲਾਂ, ਨੈਤਿਕ ਸਿੱਖਿਆ ਅਤੇ ਹੋਰ ਕੁਝ ਸਮਝਾਉਂਦੇ ਹਨ, ਉਸ ਨੂੰ ਧਿਆਨ ਨਾਲ ਸਮਝੋ, ਆਪਣੇ ਮਾਤਾ ਜੀ ਦੀ ਇੱਜ਼ਤ ਕਰੋ ਅਤੇ ਉਨਾਂ ਵੱਲੋਂ ਦੱਸੀਆਂ ਚੰਗੀਆਂ ਗੱਲਾਂ ਨੂੰ ਜੀਵਨ ਭਰ ਯਾਦ ਰੱਖੋ। ਕਾਮਯਾਬੀ ਦਾ ਤੀਸਰਾ ਦਰਵਾਜ਼ਾ ਹੈ: ਤੁਹਾਡੇ ਪਿਤਾ ਜੀ ਵੱਲੋਂ ਦਿੱਤੀ ਗਈ ਸਿੱਖਿਆ। ਪਿਆਰੇ ਬੱਚਿਓ, ਹਰ ਇੱਕ ਪਿਤਾ ਦੀ ਇੱਛਾ ਹੁੰਦੀ ਹੈ ਕਿ ਉਸ ਦਾ ਬੱਚਾ ਜ਼ਿੰਦਗੀ ਵਿੱਚ ਚੰਗੇ ਮੁਕਾਮ 'ਤੇ ਪਹੁੰਚੇ, ਬੁਲੰਦੀਆਂ ਛੂਹੇ ਅਤੇ ਚਿੰਤਾਮੁਕਤ ਜੀਵਨ ਜੀਵੇ। ਇਸ ਲਈ ਤੁਹਾਨੂੰ ਆਪਣੇ ਪਿਤਾ ਜੀ ਦਾ ਕਹਿਣਾ ਜੀਵਨ ਭਰ ਮੰਨਣਾ ਚਾਹੀਦਾ ਹੈ, ਕਿਉਂਕਿ ਪਿਤਾ ਜੀ ਕੋਲ਼ ਜੀਵਨ-ਖੇਤਰ ਦੇ ਬਹੁਤ ਸਾਰੇ ਖੱਟੇ-ਮਿੱਠੇ ਤੇ ਕੌੜੇ - ਕੁਸੈਲੇ ਅਨੁਭਵ ਹੁੰਦੇ ਹਨ। ਜੇਕਰ ਤੁਸੀਂ ਉਨਾਂ ਦੀ ਸਿੱਖਿਆ ਤੇ ਉਨਾਂ ਦੇ ਅਨੁਭਵਾਂ ਤੋਂ ਫ਼ਾਇਦਾ ਉਠਾ ਸਕੋ, ਉਨਾਂ 'ਤੇ ਅਮਲ ਕਰ ਸਕੋ ਤਾਂ ਬਹੁਤ ਹੀ ਚੰਗਾ ਹੋਵੇਗਾ। ਸਫ਼ਲਤਾ ਦਾ ਚੌਥਾ ਦਰਵਾਜ਼ਾ ਹੈ : ਅਧਿਆਪਕ ਦੀ ਸਿੱਖਿਆ। ਪਿਆਰੇ ਬੱਚਿਓ, ਅਧਿਆਪਕ ਅਤੇ ਵਿਦਿਆਰਥੀ ਦਾ ਤਾ-ਉਮਰ ਦਾ ਬਹੁਤ ਗੂੜਾ ਰਿਸ਼ਤਾ ਹੁੰਦਾ ਹੈ। ਤੁਹਾਡਾ ਅਧਿਆਪਕ ਤੁਹਾਨੂੰ ਆਪਣੇ ਜੀਵਨ ਤਜਰਬਿਆਂ ਤੋਂ ਅਤੇ ਆਪਣੇ ਗਿਆਨ ਤੋਂ ਤੁਹਾਨੂੰ ਨਵੀਂ- ਨਵੀਂ ਸਿੱਖਿਆ ਦਿੰਦਾ ਹੈ।

ਬਾਕੀ ਸਫ਼ਾ 31 'ਤੇ

# ਆਪ ਦਾ ਉਭਾਰ ਕਾਂਗਰਸ ਲਈ ਖ਼ਤਰੇ ਦੀ ਘੰਟੀ

**ਅਸ਼ੋਕ ਸੋਨੀ**
**ਮੋ. ਨੰ. 9872705078**

ਦੇਸ਼ ਦੇ ਪੰਜ ਸੂਬਿਆਂ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਚਾਰ ਰਾਜਾਂ 'ਚ ਬੀਜੇਪੀ ਨੇ ਸ਼ਾਨਦਾਰ ਜਿੱਤ ਹਾਸਲ ਕਰਕੇ ਆਪਣੀ ਸਰਕਾਰ ਦੁਬਾਰਾ ਬਣਾ ਲਈ ਹੈ, ਪਰ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਰਿਕਾਰਡ ਤੋੜ ਜਿੱਤ ਨੇ ਸਭ ਨੂੰ ਜਿਆਦਾ ਹੈਰਾਨ ਕੀਤਾ ਹੈ। ਉਹ ਵੀ ਉਦੋਂ, ਜਦੋਂ ਕੇਜਰੀਵਾਲ ਤੋਂ ਬਾਅਦ ਖੇਤਰੀ ਪੱਧਰ 'ਤੇ ਵੱਡੇ ਚਿਹਰੇ ਦੇ ਰੂਪ ਵਿੱਚ ਸਿਰਫ ਭਗਵੰਤ ਮਾਨ ਹੀ ਦਿਖਾਈ ਦੇ ਰਹੇ ਸਨ। ਪੰਜਾਬ ਬਹੁਤ ਉਪਜਾਊ ਸੂਬਾ ਹੈ, ਦੇਸ਼ ਵਿਚ ਜਦੋਂ ਵੀ ਬਦਲਾਅ ਆਏ ਹਨ, ਉਨ੍ਹਾਂ ਦੀ ਸ਼ੁਰੂਆਤ ਪੰਜਾਬ ਨੇ ਹੀ ਕੀਤੀ ਹੈ। ਅੰਦੋਲਨ ਵਿਚੋਂ ਨਿਕਲ ਕੇ ਰਾਜਨੀਤੀ ਦੇ ਵਿੱਚ ਦਾਖਲ ਹੋ ਕੇ ਭ੍ਰਿਸ਼ਟਾਚਾਰ ਦਾ ਗੰਦ ਹੂੰਝਣ ਦਾ ਦਾਅਵਾ ਕਰਨ ਵਾਲੀ ਆਮ ਆਦਮੀ ਪਾਰਟੀ ਦਾ ਪ੍ਰਭਾਵ ਹੁਣ ਤੱਕ ਸਿਰਫ ਦਿੱਲੀ ਤੱਕ ਹੀ ਸੀਮਤ ਮੰਨਿਆ ਜਾ ਰਿਹਾ ਸੀ ਪਰ ਪੰਜਾਬ ਵਿਚ ਬਦਲਾਅ ਦੀ ਹਨੇਰੀ ਨੇ ਆਪ ਨੂੰ ਇੰਨਾ ਵੱਡਾ ਫ਼ਤਵਾ ਦਿੱਤਾ ਹੈ, ਜਿਸ ਦੀ ਕਲਪਨਾ ਸ਼ਾਇਦ ਕੇਜਰੀਵਾਲ ਜਾਂ ਭਗਵੰਤ ਮਾਨ ਤੱਕ ਨੂੰ ਨਹੀਂ ਸੀ। ਇਸ ਦੇ ਨਾਲ ਹੀ ਪੂਰੇ ਦੇਸ਼ ਵਿੱਚ ਸਭ ਤੋਂ ਪੁਰਾਣੀ ਪਾਰਟੀ ਕਾਂਗਰਸ ਸਿਰਫ ਤਿੰਨ ਰਾਜਾਂ ਤੱਕ ਸੀਮਿਤ ਹੋ ਗਈ ਹੈ ਤੇ ਇਨਾਂ ਤਿੰਨਾਂ ਰਾਜਾਂ ਵਿੱਚ ਵੀ ਕਾਂਗਰਸ ਦੀ ਸਰਕਾਰ ਦੀ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਵਾਪਸੀ ਦੀ ਸੰਭਾਵਨਾ ਬਹੁਤ ਘੱਟ ਹੈ, ਇਸਦਾ ਮਤਲਬ ਬੀਜੇਪੀ ਦਾ ਨਾਅਰਾ ਕਾਂਗਰਸ ਮੁਕਤ ਭਾਰਤ ਸੱਚ ਹੋਣ ਜਾ ਰਿਹਾ ਹੈ।

ਦਰਅਸਲ ਦੇਸ਼ ਵਿੱਚ ਕਾਂਗਰਸ ਵਿਰੋਧੀ ਧਿਰ ਦੇ ਰੂਪ ਵਿੱਚ ਬਹੁਤ ਬੁਰੀ ਤਰਾਂ ਨਾਲ ਫੇਲ ਸਿੱਧ ਹੋਈ ਏ। ਬੀਜੇਪੀ ਦੇ ਵਿਕਾਸ ਦੇ ਦਾਅਵਿਆਂ ਤੇ ਸੰਪਰਦਾਇਕ ਹਥਿਆਰਾਂ ਦਾ ਕਾਂਗਰਸ ਕੋਲ ਕੋਈ ਠੋਸ ਜਵਾਬ ਨਹੀਂ ਹੈ। ਗਾਂਧੀ ਪਰਿਵਾਰ ਦੀ ਪਾਰਟ ਟਾਈਮ ਰਾਜਨੀਤੀ ਕਰਨ ਦੀ ਆਦਤ, ਪਾਰਟੀ ਦੇ ਉੱਚ ਅਹੁਦਿਆਂ 'ਤੇ ਅਯੋਗ ਤੇ ਖੁਸ਼ਾਮਦੀ ਪ੍ਰਵਿਰਤੀ ਦੇ ਨਾਸਮਝ ਲੋਕਾਂ ਦੀ ਲਗਾਤਾਰ ਨਿਯੁਕਤੀ, ਕਾਂਗਰਸ ਵਿੱਚ ਸਿਖਰ ਤੋਂ ਲੈ ਕੇ ਜ਼ਮੀਨ ਤੱਕ ਸ਼ਰੇਆਮ ਆਪਸੀ ਖਿਚੋਤਾਣ 'ਤੇ ਕਾਂਗਰਸ ਹਾਈਕਮਾਨ ਦੇ ਕਮਜ਼ੋਰ ਹੋਣ ਨੇ ਕਾਂਗਰਸ ਨੂੰ ਹਾਸ਼ੀਏ 'ਤੇ ਧਕੇਲ ਕੇ ਰੱਖ ਦਿੱਤਾ ਹੈ। ਪੱਛਮੀ ਬੰਗਾਲ ਤੇ ਹੁਣ ਉੱਤਰ ਪ੍ਰਦੇਸ਼ ਵਰਗੇ ਵੱਡੇ ਰਾਜਾਂ ਵਿੱਚ ਕਾਂਗਰਸ ਦਾ ਬਿਲਕੁਲ ਖਤਮ ਹੋਣਾ, ਦੇਸ਼ ਵਿੱਚ ਕਾਂਗਰਸ ਦੇ ਵੱਡੇ ਨਿਘਾਰ ਵੱਲ ਜਾਣ ਦਾ ਸਿੱਧਾ ਇਸ਼ਾਰਾ ਹੈ ਪਰ ਇਸ ਸਭ ਦੇ ਦੌਰਾਨ ਕੀ ਪੰਜਾਬ ਵਿਚ ਕਾਂਗਰਸ ਸਰਕਾਰ ਦੇ ਬਦਲ ਦੇ ਰੂਪ ਵਿੱਚ ਆਪ ਨੂੰ ਚੁਣਿਆ ਜਾਣਾ ਬਹੁਤ ਵੱਡਾ ਸੰਕੇਤ ਹੈ ?

ਪੰਜਾਬ ਵਿੱਚ ਆਪ ਦੀ ਜਿੱਤ ਬਹੁਤ ਮਾਇਨੇ ਰੱਖਦੀ ਹੈ, ਕਿਉਂਕਿ ਹੁਣ ਆਪ ਨੂੰ ਦੇਸ਼ ਵਿੱਚ ਆਪਣੀ ਕਾਬਲੀਅਤ ਦਿਖਾਉਣ ਲਈ ਪੂਰਾ ਸੂਬਾ, ਪੂਰੇ ਬਹੁਮਤ ਨਾਲ ਹਾਸਲ ਹੋਇਆ ਹੈ। ਇਕ ਗੱਲ ਮੰਨਣੀ ਪਵੇਗੀ ਕਿ ਜਿਵੇਂ-ਜਿਵੇਂ ਸਮਾਂ ਬੀਤਿਆ ਹੈ, ਉਵੇਂ-ਉਵੇਂ ਹੀ ਆਮ ਆਦਮੀ ਪਾਰਟੀ ਤੇ ਕੇਜਰੀਵਾਲ ਨੇ ਵੀ ਉਸੇ ਤਰਾਂ ਲੋਕਾਂ ਦੀ ਨਬਜ਼ ਪਛਾਣਨ ਵਿਚ ਮੁਹਾਰਤ ਹਾਸਲ ਕਰ ਲਈ ਹੈ ਜੋ ਪਹਿਲਾਂ ਸਿਰਫ ਬੀਜੇਪੀ ਕੋਲ ਹੁੰਦੀ ਸੀ। ਆਮ ਆਦਮੀ ਪਾਰਟੀ ਨੇ ਇਸ ਵਾਰ ਪੰਜਾਬ ਚੋਣਾਂਵਿਚ ਜਿਸ ਤਰਾਂ ਨਾਲ ਵਿਰੋਧੀ ਪਾਰਟੀਆਂ ਦੇ ਕੀਤੇ ਹਮਲਿਆਂ ਨੂੰ ਵੀ ਜਿਸ ਸਿਆਣਪ ਨਾਲ ਆਪਣੇ ਲਈ ਹਾਂਪੱਖੀ ਤੌਰ 'ਤੇ ਵਰਤਿਆ ਹੈ ਉਹ ਵੱਡੇ-ਵੱਡੇ ਘਾਗ ਸਿਆਸਤਦਾਨਾਂ ਦੀ ਵੀ ਸਮਝ ਤੋਂ ਪਰੇ ਹੈ। ਪੰਜਾਬ ਤੋਂ ਬਾਅਦ ਹੁਣ ਆਪ ਦੇ ਨਿਸ਼ਾਨੇ 'ਤੇ ਗੁਜਰਾਤ, ਹਰਿਆਣਾ ਤੇ ਰਾਜਸਥਾਨ ਵਰਗੇ ਰਾਜ ਹੋਣਗੇ। ਦਰਅਸਲ ਲੋਕਾਂ ਵਿੱਚ ਭ੍ਰਿਸ਼ਟ ਹੋ ਚੁੱਕੇ ਸਿਸਟਮ ਪ੍ਰਤੀ ਜਬਰਦਸਤ ਗੁੱਸਾ ਹੈ। ਆਮ ਆਦਮੀ ਪਾਰਟੀ ਪੰਜਾਬ ਵਿੱਚ ਜਿੱਥੇ ਆਪਣੇ ਪ੍ਰਮੁੱਖ ਹਥਿਆਰ ਸੋਸ਼ਲ ਮੀਡੀਆ ਰਾਹੀਂ ਲੋਕਾਂ ਵਿੱਚ ਰਵਾਇਤੀ ਪਾਰਟੀਆਂ ਨੂੰ ਭ੍ਰਿਸ਼ਟ ਸਿਸਟਮ ਲਈ ਜਿੰਮੇਵਾਰ ਸਿੱਧ ਕਰਨ ਵਿੱਚ ਕਾਮਯਾਬੀ ਹਾਸਲ ਕਰ ਚੁੱਕੀ ਏ, ਉੱਥੇ ਹੀ ਲੋਕਾਂ ਨੂੰ ਸਿਹਤ, ਸਿੱਖਿਆ ਤੇ ਰੁਜ਼ਗਾਰ ਦੇ ਨਾਲ-ਨਾਲ ਹੋਰ ਬਹੁਤ ਸਾਰੀਆਂ ਸਹੂਲਤਾਂ ਦੇਣ ਦੇ ਵੱਡੇ-ਵੱਡੇ ਵਾਅਦੇ ਤੇ ਦਾਅਵੇ



ਵੀ ਕੀਤੇ ਗਏ ਹਨ। ਹੁਣ ਜੇਕਰ ਆਪ ਪੰਜਾਬ ਵਿੱਚ ਦਿੱਲੀ ਵਾਂਗ ਆਪਣੇ ਕੀਤੇ ਵਾਅਦਿਆਂ ਤੋਂ ਅੱਧ-ਪਚੱਧੇ ਵੀ ਪੂਰੇ ਕਰ ਜਾਂਦੀ ਏ ਤਾਂ ਵੀ ਦੇਸ਼ ਪੱਧਰ 'ਤੇ ਆਪ ਨੂੰ ਵੱਡੀ ਕਾਮਯਾਬੀ ਹਾਸਲ ਹੋ ਸਕਦੀ ਹੈ।

ਕਾਂਗਰਸ ਲਗਾਤਾਰ ਦੇਸ਼ ਦੀ ਖੇਤਰੀ ਪਾਰਟੀਆਂ ਦੇ ਮੋਢਿਆਂ 'ਤੇ ਚੜ ਕੇ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਰਗੇ ਕ੍ਰਿਸ਼ਮਾਈ ਕੱਦ ਦੇ ਮਜਬੂਤ ਤੇ ਪ੍ਰਪੱਕ ਨੇਤਾ ਦਾ ਮੁਕਾਬਲਾ ਰਾਹੁਲ ਗਾਂਧੀ ਦੇ ਚਿਹਰੇ ਰਾਹੀਂ ਕਰਨ ਦੀ ਕੋਸ਼ਿਸ਼ ਵਿਚ ਲਗਾਤਾਰ ਹਾਰਦੀ ਹੀ ਜਾ ਰਹੀ ਹੈ। ਉਂਝ ਤਾਂ ਹਾਰ ਨੂੰ ਹੀ ਜਿੱਤ ਦੀ ਮਾਂ ਆਖਿਆ ਜਾਂਦਾ ਹੈ, ਪਰ ਕਾਂਗਰਸ, ਜਿਸ ਵੀ ਸੂਬੇ ਵਿਚ ਹਾਰਦੀ ਹੈ, ਮੁੜਕੇ ਵਾਪਸ ਨਹੀਂ ਆਉਂਦੀ। ਕਾਂਗਰਸ ਹਾਈਕਮਾਨ ਦੀ ਅਯੋਗਤਾ, ਢਿੱਲੇਪਣ, ਤੇ ਸਮਝ-ਬੂਝ ਦੀ ਘਾਟ ਕਾਰਨ ਕਾਂਗਰਸ ਦੇ ਵੱਡੇ ਚਿਹਰੇ ਹੁਣ ਵਿਰੋਧੀ ਪਾਰਟੀਆਂ ਦਾ ਸ਼ਿੰਗਾਰ ਬਣ ਚੁੱਕੇ ਹਨ। ਉੱਧਰ ਲੱਖ ਕੋਸ਼ਿਸ਼ਾਂ ਤੋਂ ਬਾਅਦ ਵੀ ਕੇਜਰੀਵਾਲ ਦੀ ਇਮਾਨਦਾਰ ਤੇ ਸਾਫ-ਸੁਥਰੀ ਛਵੀ ਨੂੰ ਵਿਰੋਧੀ ਪਾਰਟੀਆਂ ਨੁਕਸਾਨ ਨਹੀਂ ਪਹੁੰਚਾ ਸਕੀਆਂ ਹਨ। ਬੀਜੇਪੀ ਨੇ ਆਪਣੇ ਕਾਰਜਕਾਲ ਦੌਰਾਨ ਬਹੁਤ ਵੱਡੀਆਂ-ਵੱਡੀਆਂ ਗਲਤੀਆਂ ਕੀਤੀਆਂ ਪਰ ਕਾਂਗਰਸ ਦੇਸ਼ ਵਿੱਚ ਉਨਾਂ ਗਲਤੀਆਂ ਨੂੰ ਆਪਣੇ ਹੱਕ ਵਿੱਚ ਵਰਤਣ ਵਿੱਚ ਬੁਰੀ ਤਰਾਂ ਨਾਕਾਮ ਸਾਬਿਤ ਹੋਈ ਹੈ। ਜੇਕਰ ਕਾਂਗਰਸ ਤੁਰੰਤ ਹੀ ਆਪਣਾ ਸਾਰਾ ਢਾਂਚਾ ਬਦਲ ਕੇ ਆਪਣੀਆਂ ਗਲਤੀਆਂ ਵਿਚ ਸੁਧਾਰ ਨਹੀਂ ਕਰੇਗੀ ਤਾਂ ਨਿਸ਼ਚਿਤ ਰੂਪ ਨਾਲ ਦੇਸ਼ ਵਿੱਚ ਕਾਂਗਰਸ ਦਾ ਖਾਤਮਾ ਹੋ ਜਾਵੇਗਾ।

ਹੁਣ ਪੰਜਾਬ ਦੇ ਇਨਾਂ ਨਤੀਜਿਆਂ ਨਾਲ ਪੂਰੇ ਦੇਸ਼ ਵਿਚ ਨਵੀਂ ਆਸ ਪੈਦਾ ਹੋਈ ਹੈ ਕਿਉਂਕਿ ਇਹ ਆਪ ਦੀ ਹੀ ਵਿਲੱਖਣਤਾ ਸਿੱਧ ਹੋਈ ਹੈ ਕਿ ਇਸ ਪਾਰਟੀ ਦਾ ਇਕ ਆਮ ਮੋਬਾਈਲ ਮਕੈਨਿਕ ਮੁੱਖ ਮੰਤਰੀ ਨੂੰ ਹਰਾ ਦਿੰਦਾ ਹੈ। ਉੱਥੇ ਹੀ ਇਸੇ ਪਾਰਟੀ ਵੱਲੋਂ ਗੈਰ ਰਾਜਨੀਤਕ ਵੱਡੇ-ਵੱਡੇ ਡਾਕਟਰ, ਰਿਟਾਇਰਡ ਅਫਸਰ, ਬੁੱਧੀਜੀਵੀ ਐਮ ਐਲ ਏ ਚੁਣੇ ਗਏ ਹਨ, ਜਿਨਾਂ ਅੱਗੇ ਵੱਡੇ-ਵੱਡੇ ਰਾਜਨੀਤਕ ਧੁਰੰਧਰ ਆਪਣੀ ਜਮਾਨਤ ਤੱਕ ਨਹੀਂ ਬਚਾ ਸਕੇ। ਜੇਕਰ ਇਸੇ ਤਰਾਂ ਆਮ ਆਦਮੀ ਪਾਰਟੀ ਲੋਕਾਂ ਦੀ ਨਬਜ ਫੜਨ ਵਿਚ ਕਾਮਯਾਬ ਹੁੰਦੀ ਰਹੀ, ਬੂਥ ਪੱਧਰ ਤੱਕ ਮਿਹਨਤ ਕਰਦੀ ਰਹੀ, ਯੋਗ ਮੌਕੇ 'ਤੇ ਯੋਗ ਫੈਸਲੇ ਲੈਂਦੀ ਰਹੀ ਤਾਂ ਜਲਦੀ ਹੀ ਰਾਸ਼ਟਰੀ ਪੱਧਰ 'ਤੇ ਅਰਵਿੰਦ ਕੇਜਰੀਵਾਲ ਬੀਜੇਪੀ ਨੂੰ ਮੁਕਾਬਲਾ ਦਿੰਦੇ ਨਜ਼ਰ ਆਉਣਗੇ। ਹਾਲਾਂਕਿ ਰਾਜਨੀਤੀ ਵਿੱਚ ਕੋਈ ਵੀ ਭਵਿੱਖਬਾਣੀ ਕਰਨਾ ਠੀਕ ਨਹੀਂ, ਪ੍ਰੰਤੂ 2024 ਦੀਆਂ ਵਿੱਚ ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਕੋਈ ਵੱਡਾ ਕ੍ਰਿਸ਼ਮਾ ਭਾਵੇਂ ਨਾ ਕਰ ਸਕੇ ਪਰ ਇਸ ਪਾਰਟੀ ਦੀ ਵੱਡੀ ਹਾਜ਼ਰੀ ਸਾਫ ਨਜ਼ਰ ਆਵੇਗੀ ਜੋ ਫੇਰ ਕਾਂਗਰਸ ਦੇ ਨਾਲ-ਨਾਲ ਬੀਜੇਪੀ ਨੂੰ ਵੀ ਪ੍ਰੇਸ਼ਾਨ ਕਰ ਸਕਦੀ ਹੈ।

# ਪੰਜਾਬ ਵਿਚ ਕਿਉਂ ਫਿਰਿਆ ਝਾੜੂ

**ਅਭੈ ਦੂਬੇ**

ਪੰਜਾਬ ਦੇ ਚੋਣ ਨਤੀਜਿਆਂ ਦੇ ਸੰਦਰਭ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਜਿਸ ਨੂੰ ਜਨਤਾ ਚਾਹੇ, ਉਸ ਨੂੰ ਕੌਣ ਰੋਕ ਸਕਦਾ ਹੈ। ਦਿੱਲੀ ਦੇ ਚੋਣ ਸਮੀਖਿਅਕ ਖੁੱਲੇ ਤੌਰ 'ਤੇ ਕਹਿ ਰਹੇ ਸਨ ਕਿ ਆਮ ਆਦਮੀ ਪਾਰਟੀ (ਆਪ) ਨੂੰ ਸੱਤਾ ਵਿਚ ਆਉਣ ਤੋਂ ਰੋਕਣ ਲਈ ਸਾਰੇ ਦਲ ਇਕ ਹੋ ਜਾਣਗੇ। ਵੋਟਾਂ ਤੋਂ ਠੀਕ ਪਹਿਲਾਂ ਜਿਸ ਤਰਾਂ ਇਕ ਭਾਜਪਾ ਨੇਤਾ ਨੇ ਆਪਣੇ ਵੋਟਰਾਂ ਨੂੰ 'ਆਪ' ਨੂੰ ਰੋਕਣ ਲਈ ਕਾਂਗਰਸ ਨੂੰ ਵੋਟ ਦੇਣ ਦੀ ਅਪੀਲ ਕੀਤੀ (ਬਾਅਦ ਵਿਚ ਇਹ ਬਿਆਨ ਵਾਪਸ ਲੈ ਲਿਆ ਗਿਆ), ਉਸ ਤੋਂ ਸਾਫ਼ ਹੋ ਗਿਆ ਸੀ ਕਿ 'ਆਪ' ਨੂੰ ਜੇਕਰ ਪੂਰਨ ਬਹੁਮਤ ਨਾ ਮਿਲਿਆ ਤਾਂ ਸਭ ਤੋਂ ਵੱਡੇ ਦਲ ਦੇ ਰੂਪ ਵਿਚ ਉਸ ਨੂੰ ਕੋਈ ਸਰਕਾਰ ਨਹੀਂ ਬਣਾਉਣ ਦੇਵੇਗਾ।

ਪੰਜਾਬ ਵਿਚ ਭਾਜਪਾ ਦੀ ਰਾਜਨੀਤਕ ਭੂਮਿਕਾ ਆਮ ਤੌਰ 'ਤੇ ਸੀਮਤ ਕਿਸਮ ਦੀ ਰਹਿੰਦੀ ਆਈ ਹੈ। ਉਹ ਸ਼ਹਿਰਾਂ ਦੇ ਹਿੰਦੂ ਵਪਾਰੀਆਂ ਦੀ ਪਾਰਟੀ ਹੈ। ਸਿੱਖਾਂ ਵਿਚ ਉਸ ਦਾ ਜ਼ੋਰ ਕਦੇ ਨਹੀਂ ਰਿਹਾ। ਰਾਸ਼ਟਰੀ ਸੋਇਮ ਸੇਵਕ ਸੰਘ ਨੇ ਸਿੱਖਾਂ ਨੂੰ ਹਿੰਦੂਤਵ ਦੀ ਤਰਜ਼ 'ਤੇ ਸੰਗਠਿਤ ਕਰਨ ਲਈ ਇਕ ਸੰਗਠਨ ਰਾਸ਼ਟਰੀ ਸਿੱਖ ਸੰਗਤ (ਇਸ ਨੂੰ ਵੀ ਆਰ.ਐਸ.ਐਸ. ਕਿਹਾ ਜਾਂਦਾ ਹੈ) ਦਾ ਗਠਨ ਕਰ ਰੱਖਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ 'ਤੇ ਇਤਰਾਜ਼ ਰਿਹਾ ਹੈ। ਇਸ ਲਿਹਾਜ਼ ਨਾਲ ਵੀ ਸਿੱਖਾਂ ਦੇ ਇਸ ਸਭ ਤੋਂ ਵੱਡੇ ਸੰਗਠਨ ਦਾ ਹਿੰਦੂਤਵ ਦੇ ਵਿਚਾਰ ਦੇ ਨਾਲ ਛੱਤੀ ਦਾ ਅੰਕੜਾ ਬਣ ਜਾਂਦਾ ਹੈ। ਦੂਜੇ ਪਾਸੇ ਇਸ ਵਿਚਾਰਕ ਅੰਤਰ-ਵਿਰੋਧ ਦੇ ਬਾਵਜੂਦ ਚੋਣ ਨਜ਼ਰੀਏ ਨਾਲ ਖ਼ੁਦ ਨੂੰ ਪ੍ਰਸੰਗਿਕ ਬਣਾਈ ਰੱਖਣ ਲਈ ਭਾਜਪਾ ਨੇ ਅਕਾਲੀ ਦਲ ਦਾ 'ਜੂਨੀਅਰ ਪਾਰਟਨਰ' (ਛੋਟਾ ਭਾਈਵਾਲ) ਬਣਨਾ ਸਵੀਕਾਰ ਕੀਤਾ। ਨਤੀਜਾ ਇਹ ਨਿਕਲਿਆ ਕਿ ਅਕਾਲੀ ਦਲ ਰਾਸ਼ਟਰੀ ਜਨਤੰਤਰਿਕ ਗੱਠਜੋੜ (ਐਨ.ਡੀ.ਏ.) 'ਚ ਸ਼ਿਵ ਸੈਨਾ ਦੀ ਤਰਾਂ ਹੀ ਭਾਜਪਾ ਦਾ ਸਭ ਤੋਂ ਪੁਰਾਣਾ ਭਾਈਵਾਲ ਬਣਿਆ ਰਿਹਾ। ਸ਼ਿਵ ਸੈਨਾ ਹਿੰਦੂਤਵਵਾਦੀ ਹੈ, ਪਰ ਅਕਾਲੀ ਦਲ ਨੇ ਹਿੰਦੂਤਵਵਾਦੀ ਨਾ ਹੁੰਦੇ ਹੋਏ ਵੀ ਅਯੁੱਧਿਆ 'ਚ ਕਾਰ ਸੇਵਾ ਲਈ ਸਿੱਖ ਕਾਰ ਸੇਵਕਾਂ ਦਾ ਜਥਾ ਭੇਜਣ ਦਾ ਐਲਾਨ ਕੀਤਾ ਸੀ। ਪ੍ਰਕਾਸ਼ ਸਿੰਘ ਬਾਦਲ ਨੇ ਕਈ ਵਾਰ ਇਹ ਵੀ ਕਿਹਾ ਸੀ ਕਿ ਭਾਜਪਾ ਨਾਲ ਅਕਾਲੀ ਦਲ ਦਾ ਰਿਸ਼ਤਾ ਨਹੁੰ ਤੇ ਮਾਸ ਵਾਂਗ ਹੈ। ਬਦਲੇ 'ਚ ਕਈ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮੰਚ 'ਤੇ ਜਨਤਕ ਤੌਰ 'ਤੇ ਬਾਦਲ ਦੇ ਪੈਰ ਛੂੰਹਦੇ ਵੀ ਨਜ਼ਰ ਆਏ।

ਪਿਛਲੀ ਵਾਰ ਭਾਜਪਾ ਨੂੰ ਪਤਾ ਲੱਗ ਗਿਆ ਸੀ ਕਿ ਅਕਾਲੀ ਦਲ ਦੀ ਸਰਕਾਰ ਤੋਂ ਪੰਜਾਬ ਦੇ ਲੋਕ ਬਹੁਤ ਨਾਰਾਜ਼ ਹਨ, ਪਰ ਉਸ ਨੇ ਇਸ ਨਾਰਾਜ਼ਗੀ ਦਾ ਸਾਫ਼ ਤੌਰ 'ਤੇ ਲਾਭ ਚੁੱਕਣ ਦੀ ਤਿਆਰੀ ਕਰ ਰਹੀ ਆਮ ਆਦਮੀ ਪਾਰਟੀ ਨੂੰ ਰੋਕਣ ਲਈ ਸਥਾਨਕ ਪੱਧਰ 'ਤੇ ਕਾਂਗਰਸ ਦੇ ਨਾਲ ਇਕ ਖ਼ੁਫ਼ੀਆ ਸਮਝੌਤਾ ਕੀਤਾ। ਸ਼ਹਿਰੀ ਹਿੰਦੂਆਂ ਦੀਆਂ ਵੋਟਾਂ ਨੂੰ ਚਾਲਾਕੀ ਨਾਲ ਅਮਰਿੰਦਰ ਸਿੰਘ ਅਤੇ ਕਾਂਗਰਸ ਵੱਲ ਮੋੜਿਆ ਗਿਆ। ਜੋ ਵੋਟ 'ਆਪ' ਨੂੰ ਮਿਲਣ ਵਾਲੇ ਸਨ, ਉਹ ਕਾਂਗਰਸ ਦੇ ਖ਼ਾਤੇ ਵਿਚ ਚਲੇ ਗਏ। ਪੂਰੀ ਹਵਾ ਹੁੰਦੇ ਹੋਏ ਵੀ 'ਆਪ' ਦੇ ਵਿਰੋਧੀ ਧਿਰ ਬਣਨ ਤੱਕ ਸਿਮਟਣ ਦੇ ਪਿੱਛੇ ਕਈ ਕਾਰਨ ਸਨ। ਇਨਾਂ ਵਿਚੋਂ ਇਕ ਅਹਿਮ ਕਾਰਨ ਇਹ ਵੀ ਸੀ। ਇਸ ਵਾਰ ਵੀ ਭਾਜਪਾ ਨੇ ਕੋਸ਼ਿਸ਼ ਕੀਤੀ। ਉਹ ਸਾਫ਼ ਤੌਰ 'ਤੇ ਦੇਖ ਸਕਦੀ ਸੀ ਕਿ ਜਨਤਾ ਨਾ ਤਾਂ ਅਕਾਲੀਆਂ ਦੀ ਵਾਪਸੀ ਦੇ ਪੱਖ ਵਿਚ ਸੀ ਅਤੇ ਨਾ ਹੀ ਕਾਂਗਰਸ ਨੂੰ ਕੋਈ ਤਵੱਜੋ ਦੇਣਾ ਚਾਹੁੰਦੀ ਸੀ। ਕਾਂਗਰਸ ਵਿਚ ਬਹੁਤ ਕਲੇਸ਼ ਵੀ ਸੀ, ਜਿਸ ਦਾ ਅਹਿਸਾਸ ਵੋਟਰਾਂ ਨੂੰ ਵੀ ਸੀ। ਲੋਕ ਉਸ ਪਾਰਟੀ ਨੂੰ ਵੋਟ ਦੇਣ ਲਈ ਤਿਆਰ ਨਹੀਂ ਸਨ, ਜਿਸ ਦੇ ਨੇਤਾ ਆਪਸ ਵਿਚ ਝਗੜ ਰਹੇ ਸਨ। ਨਵੇਂ ਮੁੱਖ ਮੰਤਰੀ ਚੰਨੀ ਦਲਿਤ ਜ਼ਰੂਰ ਸਨ, ਪਰ ਦਲਿਤ ਵੋਟਰਾਂ 'ਚ ਵੀ ਉਨਾਂ ਨੂੰ ਲੈ ਕੇ ਕੋਈ ਖ਼ਾਸ ਉਤਸ਼ਾਹ ਨਹੀਂ ਸੀ। ਇਸ ਲਈ ਭਾਜਪਾ ਨੇ 'ਆਪ' ਨੂੰ ਰੋਕਣ ਲਈ ਇਕ ਨਹੀਂ ਸਗੋਂ ਕਈ ਦਾਅ ਚੱਲੇ।

ਸਜ਼ਾ ਕੱਟ ਰਹੇ ਡੇਰਾ ਸੱਚਾ ਸੌਦਾ ਦੇ ਮੁਖੀ ਰਾਮ ਰਹੀਮ ਨੂੰ ਵੋਟਾਂ ਤੋਂ ਠੀਕ ਪਹਿਲਾਂ ਹਰਿਆਣਾ ਦੀ ਭਾਜਪਾ ਸਰਕਾਰ ਵਲੋਂ ਫਰਲੋ 'ਤੇ ਰਿਹਾਅ ਕੀਤਾ ਗਿਆ। ਰਾਮ ਰਹੀਮ ਨੇ ਭਾਜਪਾ ਦੇ ਉਮੀਦਵਾਰਾਂ ਦੇ ਪੱਖ 'ਚ ਤਾਂ ਵੋਟਾਂ ਦੇਣ ਦਾ ਫ਼ਤਵਾ ਦਿੱਤਾ ਹੀ ਸੀ, ਉਸ ਨੇ ਕਈ ਸੀਟਾਂ 'ਤੇ ਅਕਾਲੀਆਂ ਦੇ ਪੱਖ 'ਵਿਚ ਵੀ ਫ਼ਤਵਾ ਦਿੱਤਾ। ਦੂਜਾ ਦਾਅ 'ਆਪ' ਦੇ ਸਾਬਕਾ ਨੇਤਾ ਅਤੇ ਕਵੀ ਕੁਮਾਰ ਵਿਸ਼ਵਾਸ ਕੋਲੋਂ ਅਰਵਿੰਦ ਕੇਜਰੀਵਾਲ ਵਿਰੋਧੀ ਬਿਆਨ ਦਿਵਾ ਕੇ ਚੱਲਿਆ ਗਿਆ। ਇਸ ਵਿਚ ਕਾਂਗਰਸ ਅਤੇ ਭਾਜਪਾ ਦੀ ਮਿਲੀਭੁਗਤ ਨੇ ਕੰਮ ਕੀਤਾ। ਇਸ ਤਹਿਤ ਦੋਸ਼ ਲਗਾਇਆ ਗਿਆ ਕਿ 'ਆਪ' ਦੇ ਖ਼ਾਲਿਸਤਾਨੀ ਤੱਤਾਂ ਨਾਲ ਸੰਬੰਧ ਪਿਛਲੀਆਂ ਚੋਣਾਂ ਤੋਂ ਹੀ ਚੱਲ ਰਹੇ ਹਨ। ਇਹ ਦੇਖਣਾ ਦਿਲਚਸਪ ਹੋਵੇਗਾ ਕਿ ਇਸ ਰਾਜਨੀਤਕ ਦਾਅ-ਪੇਚ ਪ੍ਰਤੀ ਪੰਜਾਬ ਦੇ ਮੀਡੀਆ ਅਤੇ ਬੁੱਧੀਜੀਵੀਆਂ ਦੀ ਕੀ ਪ੍ਰਤੀਕਿਰਿਆ ਰਹੀ ? ਦਿੱਲੀ ਦਾ ਮੀਡੀਆ ਤਾਂ ਕੁਮਾਰ ਵਿਸ਼ਵਾਸ ਦੇ ਬਿਆਨ 'ਤੇ 'ਆਪ' ਵਿਰੋਧੀ ਕਲਾਬਾਜ਼ੀਆਂ ਖਾਣ ਲਈ ਤਿਆਰ ਬੈਠਾ ਸੀ, ਪਰ ਪੰਜਾਬੀ ਮੀਡੀਆ ਨੇ ਇਸ ਬਿਆਨ ਨੂੰ ਪੂਰੀ ਤਰਾਂ ਨਾਲ ਨਜ਼ਰਅੰਦਾਜ਼ ਕਰ ਦਿੱਤਾ। ਨਤੀਜਾ ਇਹ ਨਿਕਲਿਆ ਕਿ ਪੰਜਾਬ ਦੇ ਵੋਟਰਾਂ 'ਤੇ ਇਸ ਦਾ ਕੋਈ ਅਸਰ ਨਹੀਂ ਪਿਆ। ਪਰ ਪੰਜਾਬ ਦੇ ਕਈ ਪੱਤਰਕਾਰ ਇਹ ਕਹਿੰਦੇ ਹੋਏ ਸੁਣੇ ਗਏ ਕਿ ਇਨਾਂ ਹੱਥਕੰਡਿਆਂ ਨਾਲ 'ਆਪ' ਨੂੰ ਬਹੁਮਤ ਮਿਲਣ ਦੀਆਂ ਸੰਭਾਵਨਾਵਾਂ ਮਿਟ ਗਈਆਂ ਹਨ। ਤਰਕ ਇਹ ਸੀ ਕਿ ਕੁਮਾਰ ਵਿਸ਼ਵਾਸ ਦੀਆਂ ਗੱਲਾਂ ਤੋਂ 'ਆਪ' ਦੇ ਪਾਸੇ ਝੁਕ ਰਿਹਾ ਸ਼ਹਿਰੀ ਹਿੰਦੂ ਭਾਜਪਾ ਵਿਚ ਵਾਪਸ ਚਲਾ ਜਾਵੇਗਾ ਅਤੇ ਇਕ ਵਾਰ ਫਿਰ 'ਆਪ' ਨੂੰ ਉਨਾਂ ਦੀਆਂ ਵੋਟਾਂ ਨਹੀਂ ਪੈਣਗੀਆਂ। ਇਨਾਂ ਬੁੱਧੀਜੀਵੀਆਂ ਅਤੇ ਪੱਤਰਕਾਰਾਂ ਨੂੰ ਇਹ ਮੰਨਣ ਵਿਚ ਇਤਰਾਜ਼ ਨਹੀਂ ਸੀ ਕਿ 'ਅੰਡਰਕਰੰਟ' ਤਬਦੀਲੀ ਭਾਵ 'ਆਪ' ਦੇ ਹੱਕ ਵਿਚ ਹੈ। ਪਰ ਉਹ ਲੋਕਾਂ ਦੀ ਮਾਨਸਿਕਤਾ ਨੂੰ ਦੇਖਦਿਆਂ ਹੋਇਆ 'ਆਪ' ਦੇ ਹੱਕ ਵਿਚ ਪੂਰੇ ਯਕੀਨ ਨਾਲ ਇਹ ਕਹਿਣ ਲਈ ਤਿਆਰ ਨਹੀਂ ਸਨ ਕਿ ਇਸ ਵਾਰ ਪੰਜਾਬ ਵਿਚ ਝਾੜੂ ਫਿਰਨ ਵਾਲਾ ਹੈ। ਕਹਿਣ ਦਾ ਭਾਵ ਇਹ ਹੈ ਕਿ ਇਸ ਵਰਗ ਦੇ ਲੋਕਾਂ ਨੂੰ ਚੋਣਾਂ ਜਿੱਤਣ ਦੀ 'ਆਪ' ਦੀ ਸਮਰੱਥਾ 'ਤੇ ਵਿਸ਼ਵਾਸ ਨਹੀਂ ਸੀ।

ਫਿਲਹਾਲ ਅਜੇ ਇਹ ਸਭ ਅਤੀਤ ਦੀਆਂ ਗੱਲਾਂ ਬਣ ਚੁੱਕੀਆਂ ਹਨ। ਪੰਜਾਬ 'ਵਿਚ ਇਤਿਹਾਸ ਬਣ ਚੁੱਕਾ ਹੈ। ਇਕ ਖੇਤਰੀ ਸਮਝੀ ਜਾਣ ਵਾਲੀ ਪਾਰਟੀ ਨੇ ਰਾਸ਼ਟਰੀ ਦਲ ਬਣਨ ਵੱਲ ਮਜ਼ਬੂਤ ਕਦਮ ਪੁੱਟ ਲਿਆ ਹੈ। ਇਸ ਪਾਰਟੀ ਦੇ ਕੋਲ ਪ੍ਰਸ਼ਾਸਨ ਚਲਾਉਣ ਦਾ ਇਕ ਜਾਚਿਆ-ਪਰਖਿਆ ਮਾਡਲ ਵੀ ਹੈ, ਜੋ ਜੇਕਰ ਪੰਜਾਬ 'ਵਿਚ ਵੀ ਸਫਲ ਹੋਇਆ ਤਾਂ ਮੋਦੀ ਦੇ ਪ੍ਰਸ਼ਾਸਨਿਕ ਮਾਡਲ ਦੇ ਨਾਲ ਕੌਮੀ ਮੰਚ 'ਤੇ ਇਹ ਮਾਡਲ ਮੁਕਾਬਲੇਬਾਜ਼ੀ ਕਰ ਸਕਦਾ ਹੈ।

# ਪੰਜਾਬ ਵਿਚ ਜ਼ਮੀਨ ਦੋਜ ਪਾਣੀ 17 ਸਾਲਾਂ ਦਾ ਹੀ ਬਚਿਆ

## ਹਰ ਸਾਲ ਧਰਤੀ ਹੇਠੋਂ 35 ਅਰਬ ਘਣ ਮੀਟਰ ਪਾਣੀ ਕੱਢ ਰਹੀਆਂ ਨੇ ਮੋਟਰਾਂ

**ਜਲੰਧਰ:** ਪੰਜਾਂ ਦਰਿਆਵਾਂ ਵਾਲੇ ਪੰਜਾਬ ਦੀ ਧਰਤੀ ਪਾਣੀ ਦੇ ਡੂੰਘੇ ਸੰਕਟ ਵਿੱਚੋਂ ਲੰਘ ਰਹੀ ਹੈ। ਕੇਂਦਰੀ ਭੂ-ਜਲ ਬੋਰਡ ਦੀ 2019 ਵਿੱਚ ਆਈ ਰਿਪੋਰਟ ਨੇ ਬੜੇ ਭਿਆਨਕ ਅੰਕੜੇ ਪੇਸ਼ ਕੀਤੇ ਹਨ। ਰਿਪੋਰਟ ਮੁਤਾਬਕ ਧਰਤੀ ਹੇਠਲੇ ਤਿੰਨ ਪੱਤਣਾਂ ਦਾ ਪਾਣੀ ਮੁੱਕ ਚੱਲਿਆ ਹੈ। ਇਨਾਂ ਪੱਤਣਾਂ 'ਚ 320 ਅਰਬ ਘਣ ਮੀਟਰ ਪਾਣੀ ਹੈ ਤੇ ਹਰੇਕ ਸਾਲ ਮੀਂਹਾਂ ਰਾਹੀਂ 21 ਅਰਬ ਘਣ ਮੀਟਰ ਪਾਣੀ ਧਰਤੀ ਵਿਚ ਸਿੰਮਦਾ ਹੈ।

ਰਿਪੋਰਟ ਅਨੁਸਾਰ ਪੰਜਾਬੀ ਹਰ ਸਾਲ 35 ਅਰਬ ਘਣ ਮੀਟਰ ਪਾਣੀ ਧਰਤੀ ਹੇਠੋਂ ਕੱਢ ਰਹੇ ਹਨ। ਇਸ ਤਰਾਂ ਪੰਜਾਬ ਵਿੱਚ ਧਰਤੀ ਹੇਠਲਾ ਪਾਣੀ ਸਿਰਫ 17 ਸਾਲਾਂ ਦਾ ਹੀ ਬਚਿਆ ਹੈ। ਆਈਆਈਟੀ ਖੜਗਪੁਰ, ਅਮਰੀਕਾ ਦੀ ਨਾਸਾ ਏਜੰਸੀ, ਪੰਜਾਬ ਖੇਤੀਬਾੜੀ ਵਿਭਾਗ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਸਮੇਤ ਵੱਖ-ਵੱਖ ਸੰਸਥਾਵਾਂ ਵੱਲੋਂ ਕੀਤੇ ਗਏ ਅਧਿਐਨਾਂ ਅਨੁਸਾਰ ਪੰਜਾਬ ਬੜੀ ਤੇਜ਼ੀ ਨਾਲ ਰੇਗਿਸਤਾਨ ਬਣਨ ਵੱਲ ਵੱਧ ਰਿਹਾ ਹੈ।

ਪੰਜਾਬ ਵਿੱਚ ਇਸ ਵੇਲੇ 15 ਲੱਖ ਤੋਂ ਵੱਧ ਟਿਊਬਵੈੱਲ ਹਨ, ਜਿਨਾਂ ਵਿੱਚ 14 ਲੱਖ 20 ਹਜ਼ਾਰ 'ਤੇ ਬਿਜਲੀ ਦੀਆਂ ਮੋਟਰਾਂ ਤੇ ਬਾਕੀਆਂ 'ਤੇ ਡੀਜ਼ਲ ਇੰਜਣ ਲੱਗੇ ਹੋਏ ਹਨ। ਇਨਾਂ ਟਿਊਬਵੈੱਲਾਂ ਰਾਹੀਂ ਪਾਣੀ ਕੱਢਣ ਲਈ ਸਾਢੇ 7 ਹਾਰਸ ਪਾਵਰ ਤੋਂ 12 ਹਾਰਸ ਪਾਵਰ ਤੱਕ ਦੀਆਂ ਮੋਟਰਾਂ ਲੱਗੀਆਂ ਹੋਈਆਂ ਹਨ। ਝੋਨੇ ਦੀ ਬਿਜਾਈ ਸਮੇਂ 15 ਜੂਨ ਤੋਂ 30 ਸਤੰਬਰ ਤੱਕ 8-8 ਘੰਟੇ ਚੱਲਦੀਆਂ ਮੋਟਰਾਂ ਧਰਤੀ ਹੇਠਲੇ ਪਾਣੀ ਦੇ ਅਥਾਹ ਭੰਡਾਰ ਨੂੰ ਲਗਾਤਾਰ ਖਤਮ ਕਰ ਰਹੀਆਂ ਹਨ। ਖੇਤੀਬਾੜੀ ਲਈ ਮੋਟਰਾਂ ਸਾਲ ਵਿੱਚ 8 ਤੋਂ 9 ਹਜ਼ਾਰ ਯੂਨਿਟ ਬਿਜਲੀ ਫੂਕਦੀਆਂ ਹਨ।

ਜ਼ਿਕਰਯੋਗ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਹੁੰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਇਸ ਗੱਲ 'ਤੇ ਚਿੰਤਾ ਪ੍ਰਗਟਾਈ ਸੀ ਕਿ ਉਨਾਂ ਦੇ ਆਪਣੇ ਜ਼ਿਲੇ ਵਿੱਚ 30 ਸਾਲ ਪਹਿਲਾਂ 70 ਫੁੱਟ ਤੱਕ ਪਾਣੀ ਹੁੰਦਾ ਸੀ, ਜੋ ਹੁਣ 700 ਫੁੱਟ 'ਤੇ ਪਹੁੰਚ ਗਿਆ ਹੈ। ਕੈਪਟਨ ਨੇ ਗੜ੍ਹਸ਼ੰਕਰ 'ਚ 1200 ਫੁੱਟ 'ਤੇ ਲੱਗੇ ਟਿਊਬਵੈੱਲ ਦਾ ਜ਼ਿਕਰ ਕਰਦਿਆਂ ਆਉਣ ਵਾਲੀਆਂ ਪੀੜੀਆਂ ਲਈ ਪਾਣੀ ਬਚਾਉਣ ਦਾ ਵਾਸਤਾ ਪਾਇਆ ਸੀ।

# ਸਿੱਖ ਧਰਮ ’ਚ ਧਰਮ ਤੇ ਰਾਜਨੀਤੀ ਦਾ ਸੁਮੇਲ



**ਤਲਵਿੰਦਰ ਸਿੰਘ ਬੁਟਰ**

ਧਰਮ ਅਤੇ ਰਾਜਨੀਤੀ, ਮਨੁੱਖੀ ਇਤਿਹਾਸ ਵਿਚ ਦੋਵੇਂ ਪ੍ਰਣਾਲੀਆਂ ਬਰਾਬਰ ਮਹੱਤਵ ਰੱਖਦੀਆਂ ਹਨ। ਧਰਮ ਤੋਂ ਭਾਵ, ਮਨੁੱਖ ਨੂੰ ਸਦਾਚਾਰਕ ਕਦਰਾਂ-ਕੀਮਤਾਂ ਵਿਚ ਬੰਨ ਕੇ ਜਿਊਣ ਦੀ ਸੁਚੱਜੀ ਜਾਚ ਸਿਖਾਉਣ ਤੋਂ ਹੈ ਅਤੇ ਰਾਜਨੀਤੀ, ਸਮਾਜਿਕ ਪ੍ਰਣਾਲੀਆਂ ਨੂੰ ਨਿਯਮਬੱਧ ਚਲਾਉਣ ਦੀ ਵਿਵਸਥਾ ਦਾ ਨਾਂਅ ਹੈ।

ਧਰਮ ਅਤੇ ਰਾਜਨੀਤੀ, ਇਕ ਦੂਜੇ ਦੇ ਪੂਰਕ ਹਨ, ਜਿਵੇਂ ਸਰੀਰ ਅਤੇ ਆਤਮਾ। ਧਰਮ ਨੇ ਇਕ ਚੰਗੀ ਸੋਚ ਵਾਲਾ ਮਨੁੱਖ ਘੜਿਆ ਅਤੇ ਮਨੁੱਖ ਨੂੰ ਧਰਤੀ ’ਤੇ ‘ਅਸ਼ਰੁਫ਼-ਉਲ-ਮਖ਼ਲੂਕਾਤ’ ਦਾ ਦਰਜਾ ਦਿਵਾਇਆ। ਪੁਰਾਤਨ ਸਮਿਆਂ ਤੋਂ ਹੀ ਧਰਮ ਤੇ ਰਾਜਨੀਤੀ ਦਾ ਸੁਮੇਲ ਰਿਹਾ ਹੈ। ਧਰਮ ਨੇ ਹਮੇਸ਼ਾ ਸੰਸਾਰ ਨੂੰ ਅਗਵਾਈ ਦਿੱਤੀ ਅਤੇ ਅਰਾਜਕਤਾ ਦੇ ਦੌਰ ਵਿਚ ਜਬਰ-ਜ਼ੁਲਮ ਤੇ ਅਨਿਆਂ ਦੇ ਖਿਲਾਫ਼ ਰਾਜਨੀਤਕ ਲਾਮਬੰਦੀ ਵੀ ਕੀਤੀ। ਭਗਵਾਨ ਸ੍ਰੀ ਰਾਮ ਚੰਦਰ ਜੀ ਅਤੇ ਕ੍ਰਿਸ਼ਨ ਜੀ ਧਾਰਮਿਕ ਆਗੂ ਵੀ ਸਨ ਅਤੇ ਰਾਜੇ ਵੀ। ਯਹੂਦੀ ਧਰਮ ਵਿਚ ਇਬਰਾਹਿਮ ਤੇ ਹਜ਼ਰਤ ਮੂਸਾ ਨੇ ਰਾਜਨੀਤੀ ਦੇ ਨਾਲ-ਨਾਲ ਦੈਵੀ ਭਰੋਸਾ ਵੀ ਕਦੇ ਨਹੀਂ ਛੱਡਿਆ। ਬੁੱਧ ਧਰਮ ਦੇ ਮਹਾਤਮਾ ਬੁੱਧ ਵੀ ਬਨਵਾਸ ਤੋਂ ਪਹਿਲਾਂ ਇਕ ਰਾਜਾ ਸਨ। ਈਸਾਈ ਧਰਮ ਦੇ ਰਹਿਬਰ ਹਜ਼ਰਤ ਈਸਾ ਨੇ ਰੋਮ ਦੇ ਬਾਦਸ਼ਾਹ ਫ਼ਰਾਊਨ ਦੇ ਜਬਰ ਦੇ ਖਿਲਾਫ਼ ਆਵਾਜ਼ ਉਠਾ ਕੇ ਲੋਕਾਂ ਨੂੰ ਧਾਰਮਿਕ ਤੇ ਰਾਜਨੀਤਕ ਅਗਵਾਈ ਦਿੱਤੀ ਸੀ। ਉਨਾਂ ਨੂੰ ਰਾਜ ਵਿਚ ਬਗ਼ਾਵਤ ਫ਼ੈਲਾਉਣ ਦਾ ਦੋਸ਼ ਲਗਾ ਕੇ ਰੋਮ ਦੇ ਬਾਦਸ਼ਾਹ ਫ਼ਰਾਊਨ ਦੇ ਹੁਕਮ ਤਹਿਤ ਸਲੀਬ ’ਤੇ ਟੰਗ ਦਿੱਤਾ ਗਿਆ।

ਸਿੱਖ ਧਰਮ ਵਿਚ ਧਰਮ ਤੇ ਰਾਜਨੀਤੀ ਦਾ ਸੁਮੇਲ ਬਾਕੀ ਧਰਮਾਂ ਤੇ ਰਾਜਨੀਤਕ ਪ੍ਰਣਾਲੀਆਂ ਤੋਂ ਵਿਲੱਖਣ ਅਤੇ ਨਿਆਰਾ ਹੈ। ਇਹ ਸੁਮੇਲ ਗਿਣਤੀ ਜਾਂ ਕੱਟੜਤਾ ’ਤੇ ਨਹੀਂ, ਸਗੋਂ ਆਤਮਿਕ ਗੁਣਾਂ ਅਤੇ ਸਰਬ-ਕਲਿਆਣਕਾਰੀ ਭਾਵਨਾ ’ਤੇ ਆਧਾਰਤ ਹੈ। ਸਿੱਖ ਧਰਮ ਵਿਚ ‘ਮੀਰੀ-ਪੀਰੀ’ ਦਾ ਸਿਧਾਂਤ ਭਾਵੇਂ ਛੇਵੀਂ ਪਾਤਿਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦਿੱਤਾ, ਪਰ ਧਰਮ ਤੇ ਰਾਜਨੀਤੀ ਦਾ ਸੁਮੇਲ ਪਹਿਲੀ ਪਾਤਿਸ਼ਾਹੀ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੀ ਸ਼ੁਰੂ ਹੋ ਗਿਆ ਸੀ, ਜਦੋਂ ਉਨਾਂ ਨੇ ਪੰਦਰਵੀਂ ਸਦੀ ਵਿਚ ਬਾਬਰ ਦੇ ਹਿੰਦੁਸਤਾਨ ’ਤੇ ਹਮਲਿਆਂ ਅਤੇ ਜ਼ੁਲਮ ਦੇ ਖਿਲਾਫ਼ ਬੇਬਾਕ ਆਵਾਜ਼ ਉਠਾਈ। ਕੱਟੜ ਤੇ ਜ਼ੁਲਮੀ ਰਾਜਸ਼ਾਹੀ ਵਲੋਂ ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਨ ਤੋਂ ਬਾਅਦ ਸਿੱਖ ਧਰਮ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਅਤੇ ‘ਮੀਰੀ-ਪੀਰੀ’ ਦੀ ਪਰੰਪਰਾ, ਭਗਤੀ ਤੇ ਸ਼ਕਤੀ ਦਾ ਸੁਮੇਲ- ਧਰਮ ਤੇ ਰਾਜਨੀਤੀ ਦਾ ਪ੍ਰਗਟਾਵਾ ਸੀ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਦੋ ਨਿਸ਼ਾਨ ਸਾਹਿਬ, ਮੀਰੀ ਦਾ ਨਿਸ਼ਾਨ ਪੀਰੀ ਦੇ ਨਿਸ਼ਾਨ ਤੋਂ ਥੋੜਾ ਛੋਟਾ ਹੋਣਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ’ਤੇ ਬੈਠ ਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਪ੍ਰਕਾਸ਼ਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਦਿਖਾਈ ਦੇਣਾ ਪਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਦਿਖਾਈ ਨਾ ਦੇਣਾ, ਇਹ ਸਾਬਤ ਕਰਦਾ ਹੈ ਕਿ ਰਾਜਨੀਤੀ ਧਰਮ ਤੋਂ ਰੌਸ਼ਨੀ ਲੈ ਕੇ ਚੱਲਣੀ ਚਾਹੀਦੀ ਹੈ, ਨਾ ਕਿ ਧਰਮ ਰਾਜਨੀਤੀ ਤੋਂ ਪ੍ਰਭਾਵਿਤ ਹੋਵੇ। ਇਹ ਸੁਮੇਲ ਅਤੇ ਸੰਯੋਗ ਹੀ ਸੰਸਾਰ ਨੂੰ ਸਭ ਤੋਂ ਮਾਫ਼ਕ, ਉਪਯੋਗੀ ਅਤੇ ਸਾਰਥਕ ਰਾਜਨੀਤੀ ਦੇ ਸਕਦਾ ਹੈ।

ਰਾਜਨੀਤੀ ’ਤੇ ਧਰਮ ਦੇ ਕੁੰਡੇ ਤੋਂ ਭਾਵ ਹੈ, ਸਰਬ-ਕਲਿਆਣਕਾਰੀ, ਵਿਤਕਰੇ ਰਹਿਤ, ਸਮਾਨਤਾਵਾਦੀ ਅਤੇ ਹਰੇਕ ਨੂੰ ਸੁਰੱਖਿਆ ਤੇ ਵਿਸ਼ਵਾਸ ਭਰਪੂਰ ਸ਼ਾਸਨ ਦੇਣ ਵਾਲੀ ਅਗਵਾਈ ਦੇਣੀ। ਪਰ ਜਦੋਂ ਰਾਜਨੀਤੀ ਨੂੰ ਮਜ਼ਬ ਦੀ ਗਿਣਤੀ ਤੇ ਕੱਟੜਤਾ ਵਧਾਉਣ ਲਈ ਵਰਤਿਆ ਗਿਆ ਤਾਂ ਅਜਿਹਾ ਸੁਮੇਲ ਸਮਾਜ ਤੇ ਮਨੁੱਖਤਾ ਲਈ ਵਿਨਾਸ਼ਕਾਰੀ ਸਾਬਤ ਹੋਇਆ ਹੈ। ਮੁਹੰਮਦ ਗਜ਼ਨਵੀ, ਨਾਦਰਸ਼ਾਹ, ਬਾਬਰ, ਜਹਾਂਗੀਰ ਅਤੇ ਔਰੰਗਜ਼ੇਬ ਵਰਗੇ ਇਸਲਾਮੀ ਸ਼ਾਸਕਾਂ ਨੇ ਆਪਣੇ ਮਜ਼ਬ ਨੂੰ ਫ਼ੈਲਾਉਣ ਲਈ ਰਾਜਨੀਤਕ ਸ਼ਕਤੀ ਦੀ ਦੁਰਵਰਤੋਂ ਕੀਤੀ। ਗੈਰ-ਮੁਸਲਮਾਨਾਂ ਨੂੰ ਧੱਕੇ ਨਾਲ ਮੁਸਲਮਾਨੀ ਸ਼ਰਾ ਵਿਚ ਲਿਆਉਣ ’ਤੇ ਜ਼ੋਰ ਦਿੱਤਾ, ਦੂਜੇ ਮਜ਼ਬਾਂ ਦੇ ਲੋਕਾਂ ਦੇ ਧਾਰਮਿਕ ਤੇ ਮਨੁੱਖੀ ਅਧਿਕਾਰਾਂ ਨੂੰ ਖੋਹ ਲਿਆ ਗਿਆ। ਇਸੇ ਸਮੇਂ ਦੌਰਾਨ ਹੀ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਧਰਮ ਦੀ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਰਖਵਾਲੀ ਲਈ ਹੋਈਆਂ।

ਸਿੱਖ ਧਰਮ ਨੇ ਰਾਜਨੀਤੀ ਨੂੰ ਅਜਿਹੀ ਅਗਵਾਈ ਦਿੱਤੀ, ਜਿਸ ਅਨੁਸਾਰ ਆਪਣੇ ਵਿਸ਼ਵਾਸਾਂ ਦੀ ਸ੍ਰੇਸ਼ਟਤਾ ਦਾ ਢਿੰਡੋਰਾ ਪਿੱਟਣ ਵਾਲੇ ਧਰਮ-ਕਰਮਾਂ ਦੀ ਥਾਂ, ਸਾਰੀ ਸ੍ਰਿਸ਼ਟੀ ਵਿਚ ਵਿਚਰਨ ਵਾਲੇ ਪਰਮਾਤਮਾ ਦੇ ਵੱਖ-ਵੱਖ ਸਰੂਪਾਂ ਅਤੇ ਨਾਵਾਂ ਵਿਚ ਵਿਸ਼ਵਾਸ ਰੱਖਣ ਵਾਲੇ ਸੰਸਕਾਰਾਂ ਦਾ ਸਤਿਕਾਰ, ਸਮੁੱਚੀ ਖਲਕਤ ਨੂੰ ਪਰਮਾਤਮਾ ਦੀ ਅੰਸ਼ ਜਾਣ ਕੇ ਸਤਿਕਾਰ ਦੇਣਾ, ਮਨ ਦੀ ਚੰਚਲਤਾਈ ਅਤੇ ਵਿਕਾਰਾਂ ’ਤੇ ਕਾਬੂ ਪਾ ਕੇ ‘ਮਨਿ ਜੀਤੈ ਜਗੁ ਜੀਤੁ’ ਦੀ ਅਵਸਥਾ ਨੂੰ ਪ੍ਰਾਪਤ ਕਰਨਾ, ਸਰਬੱਤ ਦਾ ਭਲਾ ਮੰਗਣਾ ਅਤੇ ਆਪਣੇ ਫ਼ਰਜ਼ਾਂ ਦੀ ਪਾਲਣਾ ਕਰਨੀ ਸਿਖਾਈ।

ਸਿੱਖ ਧਰਮ ਨੇ ਚੰਗੇ ਅਤੇ ਜੇਤੂ ਰਾਜੇ ਦੇ ਲੱਛਣ ਵੀ ਗੁਰਬਾਣੀ ਵਿਚ ਦੱਸੇ ਹਨ। ਰਾਜਾ ਉਹੀ ਜੇਤੂ ਕਹਾਉਣ ਦਾ ਹੱਕਦਾਰ ਹੈ, ਜੋ ਲੋਕ ਭਲਾਈ ਦੇ ਚੰਗੇ ਕੰਮਾਂ ਅਤੇ ਨਿਆਂਕਾਰੀ ਰਾਜ ਪ੍ਰਬੰਧ ਦੇ ਕੇ ਲੋਕਾਂ ਦਾ ਮਨ ਜਿੱਤਦਾ ਹੈ। ਰਾਜੇ ਦਾ ਕੰਮ ਜ਼ੁਲਮ ਅਤੇ ਤਸ਼ੱਦਦ ਨਾਲ ਲੋਕਾਂ ਨੂੰ ਆਪਣੇ ਅਧੀਨ ਰੱਖਣਾ ਨਹੀਂ। ਲੋਕਾਂ ਦੀਆਂ ਆਸਾਂ ਪੂਰੀਆਂ ਕਰਨ ਅਤੇ ਉਨਾਂ ਦੀਆਂ ਅਸੀਸਾਂ ਲੈਣ ਵਾਲਾ ਰਾਜਾ ਹੀ, ਅਸਲ ਵਿਚ ਰਾਜਾ ਕਹਾਉਣ ਦਾ ਹੱਕਦਾਰ ਹੈ।

ਉਪਰੋਕਤ ਗੁਣਾਂ ਦੇ ਸੁਮੇਲ ਨੂੰ ਹੀ ਧਰਮ ਤੇ ਰਾਜਨੀਤੀ ਦਾ ਆਦਰਸ਼ਕ ਰੂਪ ਆਖਿਆ ਜਾ ਸਕਦਾ ਹੈ। ਇਨਾਂ ਆਦਰਸ਼ਕ ਗੁਣਾਂ ਤੋਂ ਬਿਨਾਂ ਧਰਮ ਤੇ ਰਾਜਨੀਤੀ ਇਕ ਪਖੰਡ ਜਾਂ ਜ਼ੁਲਮ ਬਣ ਕੇ ਰਹਿ ਜਾਂਦੀ ਹੈ। ਰਾਜਨੀਤਕ ਸ਼ਕਤੀ ਹਾਸਲ ਕਰਨ ਲਈ ਧਰਮ ਦਾ ਬੁਰਕਾ ਪਹਿਨਣਾ, ਇੰਨਾ ਖ਼ਤਰਨਾਕ ਸਾਬਤ ਹੁੰਦਾ ਹੈ ਕਿ ਅਜਿਹਾ ਕਰਨ ਵਾਲੇ ਰਾਜਸੀ ਲੋਕ ਨਾ ਤਾਂ ਸੱਚੇ ਧਰਮੀ ਬਣ ਸਕਦੇ ਹਨ ਅਤੇ ਨਾ ਹੀ ਪਰਜਾ ਨੂੰ ਸੁੱਖ ਦੇਣ ਵਾਲੇ ਰਾਜੇ। ਧਾਰਮਿਕ ਗੁਣਾਂ ਵਾਲਾ ਇਕ ਵਿਅਕਤੀ ਬਾਦਸ਼ਾਹਾਂ ਤੋਂ ਵੀ ਮਹਾਨ ਬਣ ਸਕਦਾ ਹੈ, ਜਿਵੇਂ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ‘ਖ਼ਾਲਸਾ ਰਾਜ’ ਸਥਾਪਤ ਕਰਕੇ ਕੀਤਾ ਸੀ। ਇਕ ਰਾਜੇ ਦੇ ਚੰਗੇ ਗੁਣਾਂ ਨੂੰ ਧਾਰਨ ਕਰਨ ਵਾਲਾ ਰਾਜਾ ਹੀ ਧਾਰਮਿਕ ਹੋ ਸਕਦਾ ਹੈ। ਸਾਡੇ ਕੋਲ ਅਜਿਹੀ ਮਿਸਾਲ ‘ਸ਼ੇਰ-ਏ-ਪੰਜਾਬ’ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਜੋਂ ਵੀ ਮੌਜੂਦ ਹੈ।

ਧਰਮ, ਰਾਜਨੀਤੀ ਤੋਂ ਬਗੈਰ ਮਨੁੱਖੀ ਸਮਾਜ ਲਈ ਸਹਾਈ ਨਹੀਂ ਹੋ ਸਕਦਾ। ਸਿੱਧਾਂ, ਜੋਗੀਆਂ, ਨਾਥਾਂ ਵਾਂਗ ਇਹ ਆਪਣੇ ਸਰੀਰ ਦੀਆਂ ਬਹੱਤਰ ਹਜ਼ਾਰ ਨਾੜੀਆਂ ਵਿਚ ਘੁੰਮਦਾ ਕੁੰਡਲੀ ਜਗਾਉਣ ਦੇ ਚੱਕਰਾਂ ’ਚ ਫ਼ਸਿਆ ਰਹਿੰਦਾ ਹੈ। ਪਰ ਸਿੱਖ ਧਰਮ ਵਿਚ ‘ਫਰੀਦਾ ਖਾਲਕੁ ਖਲਕ ਮਹਿ, ਖਲਕ ਵਸੈ ਰਬ ਮਾਹਿ’ ਦੇ ਸਿਧਾਂਤ ਅਨੁਸਾਰ ‘ਖਾਲਕ ਅਤੇ ਖਲਕਤ’ ਵਿਚ ਕੋਈ ਭਿੰਨ-ਭੇਦਤਾ ਨਹੀਂ ਸਮਝੀ ਜਾਂਦੀ, ਸਗੋਂ ਖਲਕਤ ਵਿਚ ਹੀ ਪਰਮਾਤਮਾ ਦਾ ਵਾਸਾ ਮਹਿਸੂਸ ਕੀਤਾ ਜਾਂਦਾ ਹੈ। ਇਸ ਸਿਧਾਂਤ ਨੂੰ ਮੰਨਣ ਵਾਲਾ ਧਰਮ ਮਨੁੱਖਤਾ ’ਤੇ ਜ਼ੁਲਮ ਕਰਨ ਵਾਲੀ ਰਾਜਨੀਤੀ ਬਰਦਾਸ਼ਤ ਨਹੀਂ ਕਰ ਸਕਦਾ ਅਤੇ ਸਮਾਜ ਨੂੰ ਸਹੀ ਰਾਜਨੀਤਕ ਸੇਧ ਦੇਣ ਦੀ ਹਮੇਸ਼ਾ ਕੋਸ਼ਿਸ਼ ਕਰਦਾ ਹੈ। ਧਰਮ ਤੋਂ ਬਿਨਾਂ ਰਾਜਨੀਤੀ ਖਲਕਤ ਨੂੰ ਸੁੱਖ ਦੇਣ ਦੀ ਸਮਰੱਥਾ ਨਹੀਂ ਰੱਖ ਸਕਦੀ ਅਤੇ ਇਹ ਜ਼ੁਲਮ ਤੇ ਸਿਤਮ ਦਾ ਨੰਗਾ ਨਾਚ ਨੱਚਣ ਲੱਗ ਜਾਂਦੀ ਹੈ। ਅਲਾਮਾ ਇਕਬਾਲ ਨੇ ਢੁਕਵਾਂ ਸ਼ੇਅਰ ਲਿਖਿਆ ਹੈ :-

ਜਲਾਲ-ਏ-ਪਾਦਸ਼ਾਹੀ ਹੋ ਕਿ ਜਮਹੂਰੀ ਤਮਾਸ਼ਾ ਹੋ।
ਜੁਦਾ ਹੋ ਦੀਂ ਸਿਆਸਤ ਸੇ ਤੋ ਰਹਿ ਜਾਤੀ ਹੈ ਚੰਗੇਜ਼ੀ।

# ਕਹੁ ਨਾਨਕ ਸਚੁ ਧਿਆਈਐ ॥ ਸੁਚਿ ਹੋਵੈ ਤਾ ਸਚੁ ਪਾਈਐ

## ਮੂਲ ਰਚਨਾ, ਪੰਥ ਰਤਨ, ਗੁਰਮਿਤ ਮਾਰਤੰਡ, ਗਿਆਨੀ ਸੰਤ ਸਿੰਘ ਮਸਕੀਨ ਜੀ

**ਭਾਗ-30**

**ਸੰਪਾਦਕ: ਸਰਬਜੀਤ ਕੌਰ ਸਰਬ**

ਸੁਚਿ ਦੀ ਉਮੰਗ ਮਨੁੱਖ ਦੇ ਸਾਹਾਂ ਵਿੱਚ ਹੈ। ਝੂਠ ਤੇ ਮੈਲ ਮਨੁੱਖ ਨੂੰ ਬਿਲਕੁਲ ਚੰਗੇ ਨਹੀਂ ਲੱਗਦੇ। ਮੈਲੇ ਬਰਤਨ, ਜੂਠੇ ਬਰਤਨ, ਮੈਲੇ ਕੱਪੜੇ, ਮੈਲੇ ਮਕਾਨ, ਗੰਦਾ ਸਥਾਨ ਕਹਿਣ ਤੋਂ ਭਾਵ ਕਿ ਮੈਲਾ ਤੇ ਜੂਠਾ ਕੁਝ ਵੀ ਚੰਗਾ ਨਹੀਂ ਲੱਗਦਾ। ਜੋ ਚੰਗਾ ਨਾ ਲੱਗੇ, ਕਾਬਲੇ ਦੀਦ ਨਾ ਹੋਵੇ ਲਾਜ਼ਮੀ ਹੈ, ਮੈਲਾ ਹੋਵੇਗਾ ਜੂਠਾ ਹੋਵੇਗਾ। ਮਨੁੱਖ ਦੇ ਪ੍ਰਾਣ ਸੁਚਿ ਦੀ ਉਮੰਗ ਕਰਦੇ ਹਨ ਸਾਫ਼ ਸੁਥਰੇ ਨੂੰ ਪਸੰਦ ਕਰਦੇ ਹਨ। ਸੁਚਿ ਚੰਗੀ ਲੱਗਦੀ ਹੈ ਪਵਿੱਤਰਤਾ ਚੰਗੀ ਲੱਗਦੀ ਹੈ। ਹਜ਼ਰਤ ਈਸਾ ਈਸ਼ਵਰੀ ਬੰਦਗੀ ਤੋਂ ਬਾਅਦ ਸਫਾਈ, ਸੁਚਿ, ਪਵਿੱਤਰਤਾ ਨੂੰ ਦੂਜਾ ਦਰਜਾ ਦਿੰਦੇ ਹਨ। ਇਹ ਹੀ ਕਾਰਨ ਹੈ ਕਿ ਈਸਾਈ ਦੁਨੀਆ ਵਿਚ ਤੇ ਪੱਛਮੀ ਮੁਲਕਾਂ ਦੀ ਦੁਨੀਆਂ ਵਿੱਚ ਸਫ਼ਾਈ ਤੇ ਪਵਿੱਤਰਤਾ ’ਤੇ ਜ਼ੋਰ ਦਿੰਦੇ ਹਨ।

ਕਿਧਰੇ ਕਿਧਰੇ ਸੜਕ ਉੱਤੇ ਕਾਗਜ਼ ਦਾ ਟੁਕੜਾ ਸੁੱਟਣਾ ਗੰਦਗੀ ਸੁੱਟਣੀ ਬੜਾ ਵੱਡਾ ਜ਼ੁਰਮ ਹੈ। ਇਸ ਲਈ ਬੜੇ ਬੜੇ ਜੁਰਮਾਨੇ ਕੀਤੇ ਜਾਂਦੇ ਹਨ। ਇਸ ਨੂੰ ਵੇਖ ਕੇ ਇੱਕ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਧਰਤੀ ਉੱਤੇ ਸਾਰੇ ਮਨੁੱਖ ਗੰਦਗੀ ਨੂੰ ਪਸੰਦ ਨਹੀਂ ਕਰਦੇ ਅਤੇ ਨਾ ਹੀ ਉਹ ਝੂਠ ਨੂੰ ਪਸੰਦ ਕਰਦੇ ਹਨ। ਇਹ ਗੱਲ ਵੱਖਰੀ ਹੈ ਕਿ ਬਹੁਤ ਸਾਰਿਆਂ ਨੂੰ ਆਲਸ ਕਰਕੇ, ਦਲਿੱਦਰੀ ਕਰਕੇ, ਮਜਬੂਰੀ ਕਰਕੇ ਮੈਲ ਵਿੱਚ ਰਹਿਣਾ ਪੈਂਦਾ ਹੈ, ਝੂਠ ਵਿੱਚ ਜਿਊਣਾ ਪੈਂਦਾ ਹੈ ਐਸਾ ਦੇਖਣ ਨੂੰ ਮਿਲਦਾ ਹੈ। ਬੇਰੂਨੀ ਗੰਦਗੀ ਦੀ ਝਾਕ ਕਿਸੇ ਹੱਦ ਤੱਕ ਗ਼ਰੀਬ ਮੁਲਕਾਂ ਵਿੱਚ ਤਾਂ ਬਹੁਤ ਹੀ ਜ਼ਿਆਦਾ ਮਿਲਦੀ ਹੈ। ਝੌਂਪੜੀਆਂ ਮੈਲੀਆਂ ਅਤੇ ਇਨਾਂ ਝੌਂਪੜੀਆਂ ਵਿੱਚ ਰਹਿਣ ਵਾਲੇ ਮੈਲੇ ਹਨ। ਮੈਲੇ ਬਦਨ, ਮੈਲੇ ਕੱਪੜੇ ਤੇ ਮੈਲੇ ਸਾਰੇ ਦਾ ਸਾਰਾ ਸਾਜ਼ੋ ਸਾਮਾਨ। ਗ਼ਰੀਬ ਤੋਂ ਗ਼ਰੀਬ ਨਿਰਧਨ ਮਨੁੱਖ ਵੀ ਯੂਰਪ ਵਿੱਚ ਬੈਰੂਨੀ ਰਹਿਣ ਸਹਿਣ ਸਾਫ ਸੁਥਰਾ ਰੱਖਦਾ ਹੈ ।

ਇਹੀ ਕਾਰਨ ਹੈ ਕਿ ਬਾਹਰ ਦੀ ਸਫ਼ਾਈ ਮਨੁੱਖ ਨੂੰ ਪ੍ਰਭਾਵਿਤ ਕਰਦੀ ਹੈ। ਪਰ ਮਨੁੱਖ ਸਿਰਫ਼ ਬਾਹਰ ਹੀ ਨਹੀਂ ਅੰਦਰ ਵੀ ਹੈ, ਮਨੁੱਖ ਦੀ ਇੱਕ ਬਾਹਰ ਦੀ ਦੁਨੀਆਂ ਹੈ ਇਕ ਅੰਦਰ ਦੀ ਦੁਨੀਆਂ ਹੈ। ਬਾਹਰ ਦੀ ਸਾਰੀ ਦੀ ਸਾਰੀ ਦੁਨੀਆ ਸਰੀਰ ਦੀ ਹੈ ਅਤੇ ਸਰੀਰ ਦੀਆਂ ਲੋੜਾਂ ਦੀ ਪੂਰਤੀ ਇਸ ਦੁਨੀਆਂ ਵਿੱਚੋਂ ਹੀ ਹੁੰਦੀ ਹੈ। ਪਰ ਅੰਦਰ ਦੀ ਦੁਨੀਆਂ ਮਨ ਦੀ ਦੁਨੀਆਂ ਹੈ ਅਤੇ ਕੁਦਰਤ ਨੇ ਇਕ ਨਿਯਮ ਬਣਾਇਆ ਹੈ ਕਿ ਮਨ ਦੀ ਪੂਰਤੀ ਵੀ ਅੰਦਰੋਂ ਹੀ ਹੋਵੇਗੀ । ਇਸ ਤ੍ਰਿਪਤੀ ਦਾ ਸਭ ਤੋਂ ਵੱਡਾ ਸੋਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਸ਼ਬਦ ਗੁਰੂ ਹੈ। ਜੇਕਰ ਮਨ ਅੰਦਰ ਹੈ ਤੋਂ ਬਾਹਰੋਂ ਇਸ ਮੈਨੂੰ ਕੁਝ ਵੀ ਪ੍ਰਾਪਤ ਨਹੀਂ ਹੋ ਸਕੇਗਾ। ਇਸ ਦੀ ਪੂਰਤੀ ਕੇਵਲ ਤੇ ਕੇਵਲ ਅੰਦਰੋਂ ਹੀ ਹੋਵੇਗੀ।

ਇਸ ਹਿਸਾਬ ਨਾਲ ਮਨੁੱਖ ਆਪਣੇ ਦੋ ਰੂਪ ਰੱਖਦਾ ਹੈ, ਦੋ ਸੰਸਾਰ ਰੱਖਦਾ ਹੈ, ਦੋ ਘਰ ਰੱਖਦਾ ਹੈ (ਇਕ ਅੰਦਰ ਅਤੇ ਇਕ ਬਾਹਰ) ਅਤੇ ਦੋ ਹੀ ਦੁਨੀਆਂ ਰੱਖਦਾ ਹੈ। ਬਾਹਰ ਦੀ ਸਫਾਈ ਤਾਂ ਬਹੁਤ ਕੌਮਾਂ ਨੇ ਕਰ ਲਈ ਹੈ। ਬਹੁਤ ਸਾਰੇ ਦੇਸ਼ਾਂ ਨੇ ਬਾਹਰ ਦੀ ਸਫਾਈ ਕਰ ਲਈ ਹੈ ਅਤੇ ਉਹ ਬਾਹਰ ਦੀ ਸਫਾਈ ਉਹ ਬਾਹਰ ਦੀ ਪਵਿੱਤਰਤਾ ਬੜਾ ਪ੍ਰਭਾਵਿਤ ਕਰਦੀ ਹੈ। ਇੰਨੇ ਸੁੰਦਰ ਮਕਾਨ ਰਹਿਣ ਸਹਿਣ ਮਨ ਨੂੰ ਚੰਗੇ ਲੱਗਦੇ ਹਨ। ਕਿਉਂਕਿ ਅਕਸਰ ਮਨੁੱਖ ਦਾ ਬਹੁਤ ਸਾਰਾ ਜੀਵਨ ਬਾਹਰ ਹੀ ਬਤੀਤ ਹੁੰਦਾ ਹੈ ਅੰਦਰ ਦੀ ਫ਼ਿਕਰ ਹੀ ਘੱਟ ਹੈ। ਜੇਕਰ ਧਿਆਨ ਨਾਲ ਦੇਖੀਏ ਤਾਂ ਬਾਹਰ ਜਿੰਨੀ ਵੀ ਸਫ਼ਾਈ ਹੈ ਅੰਦਰ ਓਨਾ ਹੀ ਝੂਠ



ਹੈ। ਬਾਹਰ ਜਿੰਨੀ ਵੀ ਪਵਿੱਤਰਤਾ ਹੈ ਅੰਦਰ ਉਨੀ ਹੀ ਮਲੀਨਤਾ ਹੈ। ਬਾਹਰ ਦੀ ਸਫ਼ਾਈ ਜਿੰਨੀ ਚੰਗੀ ਲੱਗਦੀ ਹੈ ਅੰਦਰ ਦੀ ਗੰਦਗੀ ਚੰਗੀ ਨਹੀਂ ਲੱਗਦੀ ਘਿਰਣਾ ਪੈਦਾ ਹੁੰਦੀ ਹੈ। ਪਰ ਅੰਦਰ ਦੀ ਇਸ ਗੰਦਗੀ ਵਿਚ ਮਨੁੱਖ ਆਨੰਤ ਜਨਮਾਂ ਤੋਂ ਜੀਅ ਰਿਹਾ ਹੈ ।ਜੋ ਇਹ ਸਫ਼ਾਈ ਹੈ ਜਿਹੜੀ ਨਿਰਮਲਤਾ ਹੈ ਪਵਿੱਤਰਤਾ ਹੈ ਇਸ ਬਾਰੇ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਫੁਰਮਾਉਂਦੇ ਹਨ :-

**ਮੈਲਾ ਬ੍ਰਹਮਾ ਮੈਲਾ ਇੰਦੁ ॥**
**ਰਵਿ ਮੈਲਾ ਮੈਲਾ ਹੈ ਚੰਦੁ ॥1॥**
**ਮੈਲਾ ਮਲਤਾ ਇਹੁ ਸੰਸਾਰੁ ॥**
**ਇਕੁ ਹਰਿ ਨਿਰਮਲੁ ਜਾ ਕਾ ਅੰਤੁ ਨ ਪਾਰੁ ॥1॥ ਰਹਾਉ ॥**
**ਮੈਲੇ ਬ੍ਰਹਮੰਡਾਇ ਕੈ ਈਸ ॥**
**ਮੈਲੇ ਨਿਸਿ ਬਾਸੁਰ ਦਿਨ ਤੀਸ ॥2॥**
**ਮੈਲਾ ਮੋਤੀ ਮੈਲਾ ਹੀਰੁ ॥**
**ਮੈਲਾ ਪਉਨੁ ਪਾਵਕੁ ਅਰੁ ਨੀਰੁ ॥3॥**
**ਮੈਲੇ ਸਿਵ ਸੰਕਰਾ ਮਹੇਸ ॥ ਮੈਲੇ ਸਿਧ ਸਾਧਿਕ ਅਰੁ ਭੇਖ ॥4॥**
**ਮੈਲੇ ਜੋਗੀ ਜੰਗਮ ਜਟਾ ਸਹੇਤਿ ॥**
**ਮੈਲੀ ਕਾਇਆ ਹੰਸ ਸਮੇਤਿ ॥5॥ ਕਹਿ ਕਬੀਰ ਤੇ ਜਨ ਪਰਵਾਨ ॥**
**ਨਿਰਮਲ ਤੇ ਜੋ ਰਾਮਹਿ ਜਾਨ ॥6॥3॥**
**ਪੰਨਾ 1158**

ਇਹ ਧਰਤੀ ਰਾਵੀ ਦਾ ਟੁਕੜਾ ਹੈ, ਸੂਰਜ ਦਾ ਟੁਕੜਾ ਹੈ। ਧਰਤੀ ਮੈਲੀ ਹੈ ਤੇ ਸੂਰਜ ਦਾ ਟੁਕੜਾ ਵੀ ਮੈਲਾ ਹੈ। ਇਸ ਤਰਾਂ ਚੰਦਰਮਾ ਵੀ ਸੂਰਜ ਦਾ ਟੁਕੜਾ ਹੈ ਸੂਰਜ ਦੀ ਰੋਸ਼ਨੀ ਨਾਲ ਚਮਕਦਾ ਹੈ, ਅਗਰ ਸੂਰਜ ਮੈਲਾ ਹੈ ਤਾਂ ਚੰਦਰਮਾ ਵੀ ਮੈਲਾ ਹੈ। ਜੇਕਰ ਕਦੀ ਅਸੀਂ ਗਹਿਰਾਈ ਨਾਲ ਮਿੱਟੀ ਦੇਖੀਏ ਤਾਂ ਮਿੱਟੀ ਵੀ ਮੈਲੀ ਹੈ ਸਾਰੀ ਦੀ ਸਾਰੀ ਮਿੱਟੀ ਮੈਲੀ ਹੈ। ਅਗਰ ਮਿੱਟੀ ਹੀ ਮੈਲ ਹੈ ਤੋਂ ਜ਼ਮੀਨ ਤਾਂ ਸਾਰੀ ਮਿੱਟੀ ਹੈ ਅਤੇ ਜ਼ਮੀਨ ਸੂਰਜ ਦਾ ਟੁਕੜਾ ਹੈ ਤੇ ਸੂਰਜ ਫਿਰ ਕਿਸ ਤਰਾਂ ਨਿਰਮਲ ਹੋਇਆ ਇਹ ਸਾਰੀ ਮੈਂ ਤਾਂ ਉਸੇ ਤੋਂ ਆਈ ਹੈ ਇਸ ਪ੍ਰਕਾਰ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਸ ਸ਼੍ਰਿਸ਼ਟੀ ਨੂੰ ਦੇਖਣ ਦਾ ਆਪਣਾ ਹੀ ਢੰਗ ਹੈ।

ਉਸ ਅਕਾਲ ਪੁਰਖ ਪਰਮ ਪਿਤਾ ਨੂੰ ਪ੍ਰਾਪਤ ਕਰਨ ਦੇ ਲਈ ਸੱਚ ਜ਼ਰੂਰੀ ਹੈ ਤੇ ਉਸ ਸੱਚ ਦੀ ਪੂਰਤੀ ਕੇਵਲ ਤੇ ਕੇਵਲ ਗਿਆਨ ਰਾਹੀਂ ਪ੍ਰਾਪਤ ਹੁੰਦੀ ਹੈ। ਇਸ ਗਿਆਨ ਦਾ ਅਸਲ ਸੋਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਜੋ ਇਕ ਵਿਸ਼ਾਲ ਸਮੁੰਦਰ ਦੀ ਤਰਾਂ ਹਨ। ਉਸ ਸਮੁੰਦਰ ਦਾ ਇਕ ਤੁਪਕਾ ਵੀ ਮੁਕਤੀ ਦਾ ਰਾਹ ਖੋਲ ਦਿੰਦਾ ਹੈ ।

# ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਚੂੜਾਮਣਿ

## ਕੈਥਲ ਸਥਿਤ ਹਵੇਲੀ ਵਿਚ ਹੋਇਆ 200 ਸਾਲ ਬਾਅਦ ਗੁਰਮਤਿ ਸਮਾਗਮ



**ਡਾ. ਦਿਲਵਰ ਸਿੰਘ**
**9417306371**

ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਚੂੜਾਮਣਿ ਸਿੱਖ ਪੰਥ ਦੀ ਉਹ ਮਾਣਮੱਤੀ ਸ਼ਖ਼ਸੀਅਤ ਸਨ ਜਿਨਾਂ ਨੇ ਸਮੁੱਚੇ ਗੁਰ ਇਤਿਹਾਸ ਨੂੰ ਕਾਵਿ ਰੂਪ ਵਿੱਚ ਲਿਖਿਆ ਅਤੇ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਤਿਆਰ ਕੀਤਾ ।ਇਹ ਉਹ ਗ੍ਰੰਥ ਹੈ ਜੋ ਗੁਰ ਇਤਿਹਾਸ ਦਾ ਸੋਮਾ ਹੈ ਅਤੇ ਜਿਸ ਨੂੰ ਭਾਈ ਸਾਹਿਬ ਨੇ ਹਰਿਆਣਾ ਪ੍ਰਾਂਤ ਦੇ ਜ਼ਿਲਾ ਤੇ ਸ਼ਹਿਰ ਕੈਥਲ ਵਿੱਚ 'ਸ਼ੇਰਾਂ ਵਾਲੀ ਹਵੇਲੀ' ਵਿੱਚ ਰਹਿ ਕੇ ਲਿਖਿਆ ਅਤੇ ਸੰਪੂਰਨ ਕੀਤਾ ।ਇਸ ਪਾਵਨ ਗੁਰੂ ਇਤਿਹਾਸ ਦੀ ਕਥਾ ਗੁਰਦੁਆਰਾ ਸਾਹਿਬ ਵਿੱਚ ਹਰ ਰੋਜ਼ ਕੀਤੀ ਜਾਂਦੀ ਹੈ ।ਮਹਾਂਕਵੀ ਭਾਈ ਸੰਤੋਖ ਸਿੰਘ ਜੀ ਚੂੜਾਮਣਿ ਜੀ ਦੀ ਹਵੇਲੀ ਬਾਰੇ ਗੱਲ ਕਰਨ ਤੋਂ ਪਹਿਲਾਂ ਅਸੀਂ ਉਨਾਂ ਦੇ ਪਿਛੋਕੜ ਬਾਰੇ ਵੀ ਗੱਲ ਕਰਦੇ ਹਾਂ। ਭਾਈ ਸਾਹਿਬ ਦਾ ਜਨਮ ਸਰਾਏ ਨੂਰਦੀ (ਅਜੋਕਾ ਨਾਮ ਕਿਲਾ ਕਵੀ ਸੰਤੋਖ ਸਿੰਘ) ਵਿਖੇ ਪਿਤਾ ਬਾਬਾ ਦੇਵਾ ਸਿੰਘ ਜੀ ਅਤੇ ਮਾਤਾ ਰਾਮਦੇਈ ਕੌਰ ਦੇ ਘਰ 1788 ਵਿੱਚ ਹੋਇਆ । ਕਵੀ ਜੀ ਨੇ ਅੰਮ੍ਰਿਤਸਰ ਵਿੱਚ ਰਹਿ ਕੇ ਭਾਈ ਸੰਤ ਸਿੰਘ ਜੀ ਪਾਸੋਂ ਦੁਨਿਆਵੀ ਵਿੱਦਿਆ ਪ੍ਰਾਪਤ ਕੀਤੀ। ਕਵੀ ਜੀ ਨੇ ਹਿੰਦੀ, ਬ੍ਰਜ ਭਾਸ਼ਾ, ਕਾਵਯ ਤੇ ਗੁਰੂ ਘਰ ਦੀ ਵਿੱਦਿਆ ਪ੍ਰਾਪਤ ਕੀਤੀ ।ਫਿਰ ਆਪ ਬੂੜੀਏ (ਨੇੜੇ ਜਗਾਧਰੀ ਹਰਿਆਣਾ) ਵਿਖੇ ਬੂੜੀਏ ਦੇ ਵੱਡੇ ਸਰਦਾਰ ਪਾਸ ਆਣ ਟਿਕੇ ਅਤੇ ਇੱਥੇ ਹੀ ਇਨਾਂ ਦਾ ਆਨੰਦ ਕਾਰਜ ਬੀਬੀ ਰਾਮ ਕੌਰ ਜੀ ਨਾਲ ਹੋਇਆ। ਬੁੜੀਏ ਰਹਿ ਕੇ ਆਪ ਜੀ ਨੇ 'ਨਾਮ ਕੋਸ਼' ਅਤੇ 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਗ੍ਰੰਥਾਂ ਦੀ ਰਚਨਾ ਕੀਤੀ ਸੀ ।ਕੁਝ ਸਮਾਂ ਆਪ ਜੀ ਪਟਿਆਲਾ ਰਹੇ ਕਿਉਂਕਿ ਪਟਿਆਲਾ ਪਤੀ ਨੇ ਆਪ ਜੀ ਨੂੰ ਪਟਿਆਲੇ ਬੁਲਾਇਆ ਅਤੇ ਆਪਣੇ ਰਾਜ ਕਵੀਆਂ ਵਿੱਚ ਸ਼ਾਮਲ ਕਰ ਲਿਆ ਸੀ। ਫੇਰ ਕੈਥਲਪਤੀ ਭਾਈ ਉਦੈ ਸਿੰਘ ਜੀ ਨੇ ਆਪ ਜੀ ਦੀ ਪ੍ਰਸਿੱਧੀ ਸੁਣ ਕੇ ਪਟਿਆਲਾਪਤੀ ਮਹਾਰਾਜਾ ਕਰਮ ਸਿੰਘ ਤੋਂ ਆਪ ਨੂੰ ਮੰਗ ਲਿਆ ਅਤੇ ਆਪ ਕੈਥਲ ਚਲੇ ਗਏ। ਇੱਥੇ ਹੀ ਆਪ ਜੀ ਦੀ ਰਿਹਾਇਸ਼ ਲਈ ਇੱਕ ਹਵੇਲੀ ਕੈਥਲਪਤੀ ਨੇ ਆਪ ਜੀ ਨੂੰ ਦਿੱਤੀ ।ਇਸ ਤਰਾਂ ਭਾਈ ਸਾਹਬ ਸੰਮਤ 1882( ਮਹਾਨ ਕੋਸ਼ ਅਨੁਸਾਰ) ਵਿੱਚ ਕੈਥਲ ਆਏ ਅਤੇ ਸੰਮਤ 1900 ਤਕ ਇੱਥੇ ਨਿਵਾਸ ਕੀਤਾ ਅਤੇ ਜਿਵੇਂ ਉਨਾਂ ਨੇ ਬੁੜੀਏ ਨਿਵਾਸ ਦੌਰਾਨ ਨਾਮ ਕੋਸ਼ ਅਤੇ ਸ੍ਰੀ ਗੁਰੂ ਨਾਨਕ ਪ੍ਰਕਾਸ਼ ਦੀ ਰਚਨਾ ਕੀਤੀ ਸੀ ਉਸੇ ਤਰਾਂ ਕੈਥਲ ਨਿਵਾਸ ਦੌਰਾਨ ਕੈਥਲਪਤੀ ਭਾਈ ਸਾਹਿਬ ਉਦੈ ਸਿੰਘ ਜੀ ਦੀ ਬੇਨਤੀ ਤੇ ਗਰਬ ਗੰਜਨੀ( ਜਪੁ ਬਾਣੀ ਦਾ ਟੀਕਾ), ਬਾਲਮੀਕੀ ਰਮਾਇਣ (ਦਾ ਅਨੁਵਾਦ), ਆਤਮ ਪੁਰਾਣ (ਦੀ ਟੀਕਾ) ਅਤੇ ਗੁਰ ਇਤਿਹਾਸ ਦੇ ਵੱਡੇ ਸਰੋਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰਚਨਾ ਕੀਤੀ। ਭਾਈ ਉਦੈ ਸਿੰਘ ਵਿਦਵਾਨਾਂ ਦੇ ਬੜੇ ਕਦਰਦਾਨ ਸਨ ।ਕਵੀ ਜੀ ਦਾ ਉਨਾਂ ਨਾਲ ਬਹੁਤ ਜ਼ਿਆਦਾ ਪਿਆਰ ਸੀ, ਜੋ ਉਨਾਂ ਦੀਆਂ ਰਚਨਾਵਾਂ ਵਿੱਚੋਂ ਵੇਖਣ ਨੂੰ ਮਿਲਦਾ ਹੈ।





ਜਦੋਂ ਅਸੀਂ ਭਾਈ ਸਾਹਿਬ ਜੀ ਦੀ ਰਿਹਾਇਸ਼ੀ ਹਵੇਲੀ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਭਾਈ ਸਾਹਿਬ ਨੂੰ ਇਹ ਹਵੇਲੀ ਕੈਥਲਪਤੀ ਨੇ ਉਨਾਂ ਦੀ ਰਿਹਾਇਸ਼ ਲਈ ਦਿੱਤੀ ਸੀ ਅਤੇ ਨਾਲ ਹੀ ਉਨਾਂ ਨੂੰ ਇੱਕ ਪਿੰਡ ਮੋਰਥਲੀ ਦੀ ਜ਼ੰਗੀਰ ਵੀ ਦਿੱਤੀ ਸੀ ਤਾਂ ਜੋ ਉਨਾਂ ਨੂੰ ਅਤੇ ਉਨਾਂ ਦੇ ਪਰਿਵਾਰ ਨੂੰ ਖਾਣ-ਪੀਣ, ਰਹਿਣ-ਸਹਿਣ ਆਦਿ ਸਬੰਧੀ ਸਮੱਸਿਆ ਨਾ ਆਵੇ ।

ਭਾਈ ਵੀਰ ਸਿੰਘ ਜੀ ਨੇ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਦੀ ਪਹਿਲੀ ਪੋਥੀ ਵਿੱਚ ਭਾਈ ਸਾਹਿਬ ਕਵੀ ਸੰਤੋਖ ਸਿੰਘ ਜੀ ਦਾ ਜੀਵਨ ਲਿਖਦਿਆਂ ਲਿਖਿਆ ਹੈ ਕਿ ਇਹ ਹਵੇਲੀ ਬ੍ਰਾਹਮਣਾਂ ਦੇ ਮੁਹੱਲੇ ਵਿਚ ਹੈ। ਕਵੀ ਜੀ ਦੇ ਚਾਰ ਲੜਕੇ ਮਿਲ ਕੇ ਇਹ ਹਜ਼ਾਰ ਕੁ ਨੂੰ ਵੇਚ ਚੁੱਕੇ ਸੁਣੀਂਦੇ ਹਨ ਤੇ ਹੁਣ ਇਹ ਕਿਸੇ ਮਹਾਜਨ ਸ਼ਾਹੂਕਾਰ ਪਾਸ ਹੈ ।ਉਂਜ ਹਵੇਲੀ ਬੜੀ ਹੈ ਤੇ ਸ਼ਹਿਰ ਦੇ ਵਿਚਕਾਰ ਹੈ। ਇਸ ਵੇਲੇ ਜਦ ਕੈਥਲ ਮਾਮੂਲੀ ਕਸਬਾ ਰਹਿ ਗਿਆ ਹੈ ਇਸ ਦੀ ਕੀਮਤ ਦੱਸ ਪੰਦਰਾਂ ਹਜ਼ਾਰ ਕਿਆਸੀ ਜਾਂਦੀ ਹੈ( ਪੰਨਾ 104)।

ਭਾਈ ਵੀਰ ਸਿੰਘ ਜੀ ਨੇ ਇਹ ਕੀਮਤ ਸਨ 1934 ਤੋਂ ਪਹਿਲਾਂ ਦੀ ਖਿਆਲੀ ਹੈ ।ਅੱਜ ਇਸ ਹਵੇਲੀ ਦੀ ਕੀਮਤ ਕਰੋੜ ਰੁਪਏ ਦੇ ਆਸ-ਪਾਸ ਹੈ।

ਜੋ ਪਰਿਵਾਰ ਇਸ ਹਵੇਲੀ ਵਿਚ ਰਹਿੰਦੇ ਹਨ ਉਨਾਂ ਦਾ ਕਹਿਣਾ ਹੈ ਕਿ ਇਹ ਹਵੇਲੀ 1857 ਈਸਵੀ ਤੋਂ ਉਨਾਂ ਦੇ ਪਾਸ ਹੈ ਜੋ ਕਵੀਰਾਜ ਸੰਤੋਖ ਸਿੰਘ ਜੀ ਦੀ ਰਿਹਾਇਸ਼ੀ ਹਵੇਲੀ ਸੀ। ਉਨਾਂ ਦੇ ਪਰਿਵਾਰ ਵੱਲੋਂ ਵੇਚੀ ਗਈ ਸੀ। ਇਸ ਹਵੇਲੀ ਦਾ ਕੁਝ ਹਿੱਸਾ ਹੁਣ ਢਹਿ ਚੁੱਕਾ ਹੈ ਅਤੇ ਇਹ ਖੰਡਰ ਹੁੰਦੀ ਜਾ ਰਹੀ ਹੈ। ਇਕ ਪਰਿਵਾਰ ਨੇ ਤਾਂ ਆਪਣੇ ਹਿੱਸੇ ਦਾ ਮਲਬਾ ਵੀ ਵੇਚ ਦਿੱਤਾ ਹੈ। ਇਸ ਹਵੇਲੀ ਦੀਆਂ ਦੋਵੇਂ ਛੱਤਾਂ ਦਾ ਕੁਝ ਹਿੱਸਾ ਅਜੇ ਵੀ ਮੌਜੂਦ ਹੈ। ਸਿੱਖ ਕੌਮ ਦੇ ਮਹਾਨ ਵਿਦਵਾਨ ਦੀ ਵਿਰਾਸਤੀ ਹਵੇਲੀ ਦੀ ਇਹ ਤਰਸ ਦਾਇਕ ਦਸ਼ਾ ਵੇਖ ਕੇ ਕੌਮ ਵੱਲੋਂ ਕੀਤੀ ਅਣਗਹਿਲੀ ਦੇ ਭਲੀ ਭਾਂਤ ਦਰਸ਼ਨ ਹੋ ਜਾਂਦੇ ਹਨ। ਭਾਈ ਵੀਰ ਸਿੰਘ ਜੀ ਨੇ ਵੀ ਉਸ ਵੇਲੇ ਲਿਖਿਆ ਸੀ ਕੀ ਉਸ ਭਲੇ ਪੁਰਖ ਦੀ ਯਾਦਗਾਰ ਉਸਦੀ ਆਪਣੀ ਰਚਨਾ ਹੀ ਹੈ ।ਉਸਦਾ ਜਨਮ ਦਾ ਸਥਾਨ ਵਿਕ ਗਿਆ, ਉਸ ਦੇ ਦੂਸਰੇ ਵਸੇਬੇ ਦਾ ਟਿਕਾਣਾ ਬੂੜੀਏ (ਦਿਆਲਗਡ.) ਵਾਲਾ ਹੁਣ ਆਪਣਾ ਨਿਸ਼ਾਨ ਵੀ ਨਹੀਂ ਦੱਸਦਾ ,ਉਸਦੇ ਕੈਥਲ ਰਹਿਣ ;ਵੱਸਣ ਤੇ ਚੱਲਣੇ ਦਾ ਥਾਂ ਜਿੱਥੇ ਬੈਠ ਕੇ ਏਡਾ ਭਾਰਾ ਗ੍ਰੰਥ ਰਚਿਆ ਗਿਆ ਵਿਕ ਗਿਆ ਤੇ ਥੋੜੇ ਅਰਸੇ ਨੂੰ ਇਹ ਸੈਨਤ ਹੋ ਸਕਣੀ ਵੀ ਭੁੱਲ ਜਾਏਗੀ ਕਿ ਆਹ ਮਕਾਨ ਆਪ ਦੀ ਰਿਹਾਇਸ਼ ਦਾ ਸੀ ।

**ਬਾਕੀ ਸਫ਼ਾ 30 'ਤੇ**

# ਪੰਜਾਬ ਅਤੇ ਪੰਜਾਬੀਆਂ ਦਾ ਬਹੁਪੱਖੀ ਸੰਕਟ ਅਤੇ ਨਵੀਂ ਸਰਕਾਰ



**ਸੁੱਚਾ ਸਿੰਘ ਗਿੱਲ**

ਪੰਜਾਬ ਅਤੇ ਇਸ ਦੇ ਲੋਕ ਬਹੁਪੱਖੀ ਸੰਕਟ ਦੇ ਸ਼ਿਕਾਰ ਹਨ। ਇਹ ਸੰਕਟ ਅਤੇ ਇਸ ਨਾਲ ਸਬੰਧਿਤ ਸਮੱਸਿਆਵਾਂ ਚਾਰ ਦਹਾਕਿਆਂ ਤੋਂ ਦਿਨੋ-ਦਿਨ ਗਹਿਰੇ ਹੋ ਰਹੇ ਹਨ। ਇਨਾਂ ਦੇ ਹੱਲ ਵਾਸਤੇ ਲੋਕ ਕਦੀ ਸ਼੍ਰੋਮਣੀ ਅਕਾਲੀ ਦਲ ਅਤੇ ਕਦੀ ਕਾਂਗਰਸ ਪਾਰਟੀ ਨੂੰ ਵੋਟਾਂ ਪਾਉਂਦੇ ਰਹੇ ਪਰ ਇਨਾਂ ਰਵਾਇਤੀ ਪਾਰਟੀਆਂ ਦੀ ਲੀਡਰਸ਼ਿਪ ਨੇ ਲੋਕਾਂ ਨੂੰ ਨਿਰਾਸ਼ ਹੀ ਕੀਤਾ ਅਤੇ ਸਮੱਸਿਆਵਾਂ ਵੱਲ ਕੋਈ ਧਿਆਨ ਨਹੀਂ ਦਿੱਤਾ। ਇਨਾਂ ਨੇ ਆਪੋ-ਆਪਣੇ ਪਰਿਵਾਰਕ ਕਾਰੋਬਾਰ ਪ੍ਰਫੁਲਤ ਕਰਨ ਅਤੇ ਆਪਣੀਆਂ ਤਨਖਾਹਾਂ, ਭੱਤੇ ਤੇ ਪੈਨਸ਼ਨਾਂ ਨੂੰ ਵਧਾਉਣ ਦਾ ਹੀ ਕਾਰਜ ਕੀਤਾ। ਇਨਾਂ ਨੇ ਰੇਤਾ-ਬਜਰੀ, ਟਰਾਂਸਪੋਰਟ, ਕੇਬਲ, ਸ਼ਰਾਬ, ਡਰੱਗ, ਜਾਇਦਾਦ, ਵਿਦਿਆ, ਸਿਹਤ ਮਾਫੀਏ ਪੈਦਾ ਕਰਕੇ ਵਿੱਤੀ ਸਾਧਨਾਂ ਦੀ ਲੁੱਟ ਕੀਤੀ। ਇਸ ਤੋਂ ਤੰਗ ਆ ਕੇ ਲੋਕਾਂ ਨੇ ਐਤਕੀਂ ਵਿਧਾਨ ਸਭਾ ਚੋਣਾਂ ਵਿਚ ਇਨਾਂ ਰਵਾਇਤੀ ਪਾਰਟੀਆਂ ਨੂੰ ਰੱਦ ਕਰਕੇ ਆਮ ਆਦਮੀ ਪਾਰਟੀ ਨੂੰ ਭਾਰੀ ਬਹੁਮਤ ਨਾਲ ਜਿਤਾਇਆ। ਇਸ ਨਾਲ ਲੋਕਾਂ ਦੀਆਂ ਆਮ ਆਦਮੀ ਪਾਰਟੀ ਤੋਂ ਉਮੀਦਾਂ ਵੀ ਕਾਫੀ ਵਧ ਗਈਆਂ ਹਨ। ਉਹ ਇਨਾਂ ਸੰਕਟਾਂ ਅਤੇ ਸਮੱਸਿਆਵਾਂ ਦੇ ਫੌਰੀ ਹੱਲ ਦੀ ਤਵੱਕੋ ਕਰਨ ਲੱਗੇ ਹਨ। ਜਿਸ ਸਮੇਂ ਨਵੀਂ ਸਰਕਾਰ ਨੇ ਚਾਰਜ ਸੰਭਾਲਿਆ ਹੈ, ਵਿੱਤੀ ਸਾਧਨਾਂ ਦੇ ਪੱਖ ਤੋਂ ਸਰਕਾਰ ਦੀ ਹਾਲਤ ਬਹੁਤ ਮਾੜੀ ਹੈ ਅਤੇ ਸੂਬੇ ਸਿਰ ਕਰਜ਼ੇ ਦੀ ਪੰਡ 2.82 ਲੱਖ ਕਰੋੜ ਰੁਪਏ ਹੈ। ਇਹ ਸੂਬੇ ਦੀ ਕੁੱਲ ਆਮਦਨ ਦਾ 53.3% ਬਣਦੀ ਹੈ ਜਿਸ ਤੋਂ ਬਾਅਦ ਸਰਕਾਰ ਨੂੰ ਹੋਰ ਕਰਜ਼ੇ ਮਿਲਣੇ ਸੰਭਵ ਨਹੀਂ। ਸੀਮਾਂਤ ਅਤੇ ਛੋਟੀ ਕਿਸਾਨੀ ਦੀ ਖੇਤੀ ਲਾਹੇਵੰਦ ਨਹੀਂ ਰਹੀ ਅਤੇ ਕਿਸਾਨੀ ਦੀਆਂ ਇਹ ਪਰਤਾਂ ਤੇ ਖੇਤ ਮਜ਼ਦੂਰ ਆਤਮ-ਹੱਤਿਆਵਾਂ ਕਰ ਰਹੇ ਹਨ। ਜ਼ਮੀਨ ਹੇਠਲਾ ਪਾਣੀ ਬਹੁਤ ਹੇਠਾਂ ਚਲਿਆ ਗਿਆ ਹੈ, ਜ਼ਮੀਨ ਜ਼ਹਿਰੀਲੀ ਹੋ ਗਈ ਹੈ। ਬੇਰੁਜ਼ਗਾਰੀ ਦਰ 7.3% ਹੈ ਜਿਹੜੀ ਕੌਮੀ ਬੇਰੁਜ਼ਗਾਰੀ ਦੀ ਦਰ (4.8%) ਤੋਂ 2.5% ਪੁਆਇੰਟ ਵੱਧ ਹੈ। ਪੜੇ ਲਿਖੇ ਨੌਜਵਾਨਾਂ ਦੀ ਬੇਰੁਜ਼ਗਾਰੀ ਦਰ 15.8% ਹੈ ਅਤੇ ਇਹ ਵੀ ਮੁਲਕ ਦੀ ਬੇਰੁਜ਼ਗਾਰੀ ਦੀ ਦਰ ਤੋਂ ਕਾਫੀ ਵੱਧ ਹੈ। ਪਿਛਲੀਆਂ ਸਰਕਾਰਾਂ ਨੇ ਰੁਜ਼ਗਾਰ ਦੀ ਗੁਣਵੱਤਾ ਨੂੰ ਕਾਫੀ ਮਾੜੀ ਕਰ ਦਿੱਤਾ ਹੈ। ਇਹੋ ਹਾਲ ਵਿਦਿਆ ਅਤੇ ਸਿਹਤ ਸੇਵਾਵਾਂ ਦਾ ਹੈ। ਨੌਜਵਾਨ ਪਰਦੇਸਾਂ ਵੱਲ ਵਹੀਰਾਂ ਘੱਤ ਰਹੇ ਹਨ। ਪੰਜਾਬ ਆਰਥਿਕ ਵਿਕਾਸ ਪੱਖੋਂ ਦੂਜਿਆਂ ਸੂਬਿਆਂ ਤੋਂ ਪਛੜ ਗਿਆ ਹੈ। ਪ੍ਰਤੀ ਵਿਅਕਤੀ ਆਮਦਨ ਵਿਚ 1992-93 ਵਿਚ ਪੰਜਾਬ ਪਹਿਲੇ ਸਥਾਨ 'ਤੇ ਸੀ, ਹੁਣ 19ਵੇਂ ਸਥਾਨ 'ਤੇ ਹੈ। ਆਰਥਿਕ ਵਿਕਾਸ ਦੀ ਦਰ ਵਿਚ ਆਰਥਿਕਤਾ ਦੇ ਤਿੰਨੇ ਖੇਤਰ-ਖੇਤੀ, ਸੈਕੰਡਰੀ ਸੈਕਟਰ ਤੇ ਸੇਵਾਵਾਂ, ਮੁਲਕ ਅਤੇ ਗਵਾਂਢੀ ਸੂਬਿਆਂ ਦੇ ਮੁਕਾਬਲੇ ਧੀਮੀ ਗਤੀ ਨਾਲ ਵਿਕਾਸ ਕਰ ਰਹੇ ਹਨ। ਪੰਜਾਬ ਵਿਚੋਂ ਸਰਮਾਇਆ ਅਤੇ ਮਨੁੱਖੀ ਸਰੋਤ ਬਾਹਰ ਜਾ ਰਹੇ ਹਨ। ਸਰਕਾਰੀ ਵਿਦਿਆ ਤੇ ਸਿਹਤ ਸਹੂਲਤਾਂ ਬਿਮਾਰ ਹਨ ਅਤੇ ਪ੍ਰਾਈਵੇਟ ਸੰਸਥਾਵਾਂ ਵਿਚ ਵਿਦਿਆ ਤੇ ਸਿਹਤ ਸਹੂਲਤਾਂ ਮਹਿੰਗੀਆਂ ਹੋਣ ਕਾਰਨ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹਨ। ਰੂਸ-ਯੂਕਰੇਨ ਯੁੱਧ ਨੇ ਸਿਹਤ ਤੇ ਵਿਦਿਆ ਦੇ ਇਹ ਪੱਖ ਕਾਫੀ ਉਜਾਗਰ ਕੀਤੇ ਹਨ। ਪੰਜਾਬ ਵਿਚ ਪ੍ਰਸ਼ਾਸਨ ਭ੍ਰਿਸ਼ਟ ਹੈ ਅਤੇ ਇਸ ਦਾ ਸਿਆਸੀਕਰਨ ਕਰ ਦਿੱਤਾ ਗਿਆ ਹੈ। ਅਜਿਹੀਆਂ ਹੋਰ ਸਮੱਸਿਆਵਾਂ ਵੀ ਆਮ ਲੋਕਾਂ ਨੂੰ ਦਰਪੇਸ਼ ਹਨ। ਇਸ ਸਮੇਂ ਪੰਜਾਬ ਦੀ ਆਰਥਿਕਤਾ, ਪ੍ਰਸ਼ਾਸਨ ਅਤੇ ਸਿਆਸਤ ਦੀ ਤਾਣੀ ਉਲਝੀ ਪਈ ਹੈ। ਇਸ ਸਾਰੇ ਕੁਝ ਨੂੰ ਠੀਕ ਕਰਨ ਲਈ ਕੁਝ ਸਮਾਂ ਲੱਗੇਗਾ। ਉਲਝੀ ਤਾਣੀ ਸੁਲਝਾਉਣ ਲਈ ਕਿਵੇਂ ਸ਼ੁਰੂ ਕੀਤਾ ਜਾਵੇ, ਇਹ ਅਹਿਮ ਸਵਾਲ ਹੈ। ਕਿਸੇ ਵੀ ਸਰਕਾਰ ਨੂੰ ਕੰਮਾਂ ਦੀ ਸ਼ੁਰੂਆਤ ਲਈ ਆਪਣੇ ਮੁਲਾਜ਼ਮਾਂ ਨੂੰ ਤਨਖਾਹਾਂ/ਉਜਰਤਾਂ ਅਤੇ ਰਿਟਾਇਰ ਮੁਲਾਜ਼ਮਾਂ ਨੂੰ ਪੈਨਸ਼ਨਾਂ ਦੀ ਅਦਾਇਗੀ ਸਮੇਂ ਸਿਰ ਕਰਨੀ ਪੈਂਦੀ ਹੈ। ਇਨਾਂ ਦੀ ਅਦਾਇਗੀ ਵਿਚ ਸਰਕਾਰ ਨੂੰ ਮੁਸ਼ਕਿਲ ਆ ਰਹੀ ਹੈ। ਸਰਕਾਰ ਬੈਂਕਾਂ ਤੋਂ ਕਰਜ਼ੇ ਲੈ ਕੇ ਕੰਮ ਚਲਾ ਰਹੀ ਹੈ। ਇਵੇਂ ਹੀ ਸਰਕਾਰ ਸਿਰ ਕਰਜ਼ੇ ਦੀ ਕਿਸ਼ਤ ਅਤੇ ਵਿਆਜ ਦੀ ਅਦਾਇਗੀ ਸਮੇਂ ਸਿਰ ਕਰਨੀ ਪੈਂਦੀ ਹੈ, ਇਹ ਵੀ ਹੋਰ ਕਰਜ਼ੇ ਲੈ ਕੇ ਅਦਾ ਕੀਤੀ ਜਾਂਦੀ ਹੈ। ਇਸ ਕਰਕੇ ਸਭ ਤੋਂ ਪਹਿਲਾ ਮਸਲਾ ਸਰਕਾਰ ਦੇ ਵਿੱਤੀ ਸਾਧਨਾਂ ਨੂੰ ਪੈਰਾਂ ਸਿਰ ਕਰਨ ਦਾ ਹੈ। ਕੁਝ ਅਰਥ ਵਿਗਿਆਨੀਆਂ ਦਾ ਅੰਦਾਜ਼ਾ ਹੈ ਕਿ ਟੈਕਸ ਦੀਆਂ ਦਰਾਂ ਵਧਾਉਣ ਤੋਂ ਬਿਨਾਂ ਹੀ 38500 ਕਰੋੜ ਰੁਪਿਆ ਹੋਰ ਟੈਕਸਾਂ ਦੀ ਚੋਰੀ ਬੰਦ ਕਰਕੇ ਇਕੱਠਾ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਸ਼ਹਿਰਾਂ ਦੇ ਵਿਕਾਸ ਨਾਲ ਜੋ ਬਸਤੀਆਂ/ਕਲੋਨੀਆਂ ਰੈਗੂਲਰ ਕੀਤੀਆਂ ਹਨ, ਉਨਾਂ ਇਲਾਕਿਆਂ ਤੋਂ ਪਾਣੀ, ਸੀਵਰੇਜ ਦੇ ਬਿੱਲ ਅਤੇ ਵਿਕਾਸ ਖਰਚੇ ਇਕੱਠੇ ਕਰਕੇ ਮਿਉਂਸਿਪਲ ਕਾਰਪੋਰੇਸ਼ਨਾਂ ਤੇ ਕਮੇਟੀਆਂ ਨੂੰ ਆਤਮ-ਨਿਰਭਰ ਬਣਾਇਆ ਜਾ ਸਕਦਾ ਹੈ। ਇਸ ਨਾਲ ਇਨਾਂ ਨੂੰ ਦਿੱਤੀ ਜਾਣ ਵਾਲੀ ਸਾਲਾਨਾ ਸਰਕਾਰੀ ਗਰਾਂਟ ਬਚ ਸਕਦੀ ਹੈ। ਇਹ ਰਾਸ਼ੀ ਸਰਕਾਰੀ ਖਜ਼ਾਨੇ ਵਿਚ 6000-7000 ਕਰੋੜ ਬਚਾ ਸਕਦੀ ਹੈ। ਐੱਮਐੱਲਏਜ਼ ਦੀਆਂ ਪੈਨਸ਼ਨਾਂ, ਭੱਤੇ, ਗੱਡੀਆਂ ਅਤੇ ਸੁਰੱਖਿਆ ਘਟਾਉਣ ਨਾਲ ਕਰੋੜਾਂ ਦੀ ਬਚਤ ਹੋ ਸਕਦੀ ਹੈ। ਇਨਾਂ ਕਾਰਜਾਂ ਨੂੰ ਕਾਮਯਾਬੀ ਨਾਲ ਸਿਰੇ ਚਾੜਨ ਵਾਸਤੇ ਵੱਖ ਵੱਖ ਕਿਸਮ ਦੇ ਮਾਫੀਆ ਨੂੰ ਤੋੜਨਾ ਜ਼ਰੂਰੀ ਹੈ। ਇਹ ਕਾਰਜ ਨਵੀਂ ਸਰਕਾਰ ਨੇ ਹੀ ਆਰੰਭਣਾ ਹੈ। ਇਸ ਤੋਂ ਬਗੈਰ ਟੈਕਸਾਂ ਦੀ ਚੋਰੀ ਬੰਦ ਨਹੀਂ ਕੀਤੀ ਜਾ ਸਕਦੀ। ਰੱਖਣ ਵਾਲੀ ਗੱਲ ਇਹ ਹੈ ਕਿ ਵਿੱਤੀ ਸੰਕਟ ਵਿਚੋਂ ਬਾਹਰ ਕੱਢਣ ਵਾਸਤੇ ਕੇਂਦਰ ਸਰਕਾਰ ਬਿਲਕੁਲ ਮਦਦਗਾਰ ਨਹੀਂ ਬਣੇਗੀ। ਪੰਜਾਬ ਦਾ ਪਿਛਲੇ ਤੀਹ ਵਰਿਆਂ ਦਾ ਤਜਰਬਾ ਵੀ ਇਸ ਦਾ ਗਵਾਹ ਹੈ ਸਗੋਂ ਨਵੀਂ ਸਰਕਾਰ ਨੂੰ ਸੂਬਿਆਂ ਦੇ ਹੱਕਾਂ 'ਤੇ ਹੋ ਰਹੇ ਹਮਲਿਆਂ ਖਿਲਾਫ ਡਟਣਾ ਪਵੇਗਾ। ਦੂਸਰਾ ਫੌਰੀ ਕੰਮ ਪ੍ਰਸ਼ਾਸਨ ਨੂੰ ਠੀਕ ਕਰਨ ਦਾ ਹੈ। ਜਿੱਥੇ ਭ੍ਰਿਸ਼ਟਾਚਾਰ ਵਿਰੋਧੀ ਐਪ ਮਦਦਗਾਰ ਸਾਬਤ ਹੋ ਸਕਦੀ ਹੈ, ਉਥੇ ਪ੍ਰਸ਼ਾਸਨ ਨੂੰ ਐੱਮਐੱਲਏ ਦੀ ਦਖਲਅੰਦਾਜ਼ੀ ਤੋਂ ਬਚਾਉਣਾ ਬਹੁਤ ਜ਼ਰੂਰੀ ਹੈ। ਐੱਮਐੱਲਏ ਨੂੰ ਹਲਕਾ ਇੰਚਾਰਜ ਨਿਯੁਕਤ ਕਰਨ ਨਾਲ ਪ੍ਰਸ਼ਾਸਨ ਨਿਰਪੱਖਤਾ ਨਾਲ ਕੰਮਕਾਜ ਨਹੀਂ ਕਰ ਸਕਦਾ। ਪ੍ਰਸ਼ਾਸਨ ਵਿਚ ਦਖਲ ਵਧਣ ਨਾਲ ਇਹ ਗੈਰ-ਵਾਜਬ ਪੈਸੇ ਕਮਾਉਣ ਦਾ ਧੰਦਾ ਬਣ ਜਾਂਦਾ ਹੈ। ਵਿਧਾਇਕਾਂ ਦਾ ਕੰਮ ਕਾਨੂੰਨ ਬਣਾਉਣਾ ਅਤੇ ਬਜਟ ਪਾਸ ਕਰਨਾ ਹੈ। ਇਹ ਦੋਵੇਂ ਕੰਮ ਪੰਜਾਬ ਦੇ ਵਿਧਾਇਕ ਬਿਨਾਂ ਪੜੇ ਕਰਦੇ ਹਨ। ਅਗਲਾ ਕਾਰਜ ਵਿਧਾਨ ਸਭਾ ਵਿਚ ਸਵਾਲ ਪੁੱਛ ਕੇ ਮੰਤਰੀਆਂ ਅਤੇ ਪ੍ਰਸ਼ਾਸਨ ਦੀ ਜਵਾਬਦੇਹੀ ਕਰਨਾ ਹੈ, ਇਹ ਕੰਮ ਵੀ ਵਿਧਾਇਕਾਂ ਨੇ ਛੱਡਿਆ ਹੋਇਆ ਹੈ। ਇਹ ਮੰਤਰੀ ਜਾਂ ਚੇਅਰਮੈਨ ਬਣ ਕੇ ਤਾਕਤ ਦੀ ਦੁਰਵਰਤੋਂ ਕਰਦੇ ਹਨ। ਇਹ ਪੰਚਾਇਤਾਂ ਅਤੇ ਸ਼ਹਿਰੀ ਲੋਕਲ ਬਾਡੀਜ਼ ਨੂੰ ਵੱਧ ਹੱਕਾਂ ਦੇ ਖਿਲਾਫ ਰਹੇ ਹਨ। ਇਸ ਕਰਕੇ ਇਨਾਂ ਨੂੰ ਸਕੂਲਾਂ ਅਤੇ ਹਸਪਤਾਲਾਂ ਦੀ ਚੈਕਿੰਗ ਦਾ ਕੰਮ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਪੰਜਾਬ ਇਸ ਤਜਰਬੇ ਵਿਚ ਫਸ ਕੇ ਪਹਿਲਾਂ ਹੀ ਕਾਫੀ ਨੁਕਸਾਨ ਉਠਾ ਚੁੱਕਾ ਹੈ।

ਵਿੱਤੀ ਸਾਧਨਾਂ ਦੀ ਉਗਰਾਹੀ ਠੀਕ ਕਰਨ, ਪ੍ਰਸ਼ਾਸਨ ਨੂੰ ਚੁਸਤ ਕਰਨ ਅਤੇ ਭ੍ਰਿਸ਼ਟਾਚਾਰ ਰੋਕਣ ਨਾਲ ਲੋਕਾਂ ਨੂੰ ਫੌਰੀ ਤੌਰ 'ਤੇ ਕਾਫੀ ਰਾਹਤ ਮਿਲ ਸਕਦੀ ਹੈ। ਸੂਬੇ ਦੇ ਆਰਥਿਕ ਵਿਕਾਸ ਵਿਚ ਤੇਜ਼ੀ ਲਿਆਉਣ ਅਤੇ ਲੋੜੀਂਦੇ ਸਾਧਨ ਲਗਾਉਣ ਵਾਸਤੇ ਜ਼ਰਾ ਗੰਭੀਰਤਾ ਨਾਲ ਵਿਚਾਰਨ ਦੀ ਜ਼ਰੂਰਤ ਹੈ। ਇਸ ਲਈ ਆਰਥਿਕ-ਸਮਾਜਿਕ ਮਾਹਿਰਾਂ ਨਾਲ ਸਲਾਹ ਮਸ਼ਵਰਾ ਕਰਨ ਵਾਸਤੇ ਗਰੁੱਪ ਬਣਾ ਕੇ 2-3 ਮਹੀਨਿਆਂ ਵਿਚ ਠੋਸ ਕਦਮ ਚੁੱਕਣੇ ਪੈਣਗੇ। ਖੇਤੀ ਸੰਕਟ, ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਸਮੱਸਿਆਵਾਂ ਬਾਰੇ ਵੱਖਰਾ ਗਰੁੱਪ ਕਾਇਮ ਕਰਨਾ ਪਵੇਗਾ ਜਿਸ ਵਿਚ ਖੇਤੀ ਮਾਹਿਰ, ਅਰਥ ਵਿਗਿਆਨੀ, ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਸ਼ਾਮਲ ਕੀਤਾ ਜਾਵੇ। ਇਸੇ ਤਰਾਂ ਵਿਦਿਆ ਤੇ ਸਿਹਤ, ਰੁਜ਼ਗਾਰ ਅਤੇ ਵਿਦੇਸ਼ ਵੱਲ ਨੌਜਵਾਨਾਂ ਦੀ ਦੌੜ ਬਾਰੇ ਗਰੁੱਪ ਬਣਾਏ ਜਾ ਸਕਦੇ ਹਨ। ਤਿੰਨ ਮਹੀਨਿਆਂ ਦੇ ਵਿਚਾਰ ਵਟਾਂਦਰੇ ਤੋਂ ਬਾਅਦ ਪੰਜਾਬ ਦੇ ਵਿਕਾਸ, ਸੂਬੇ ਨੂੰ ਕਰਜ਼ਾ ਮੁਕਤ ਕਰਨ, ਰੁਜ਼ਗਾਰ ਪੈਦਾ ਕਰਨ, ਵਿਦਿਆ ਤੇ ਸਿਹਤ ਦੀ ਪੁਨਰ ਸੁਰਜੀਤੀ ਲਈ ਨਕਸ਼ਾ (ਰੋਡਮੈਪ) ਤਿਆਰ ਕਰਕੇ ਯੋਜਨਾਬੱਧ ਤਰੀਕੇ ਨਾਲ ਕੰਮ ਸ਼ੁਰੂ ਕੀਤਾ ਜਾ ਸਕਦਾ ਹੈ। ਸੂਬੇ ਦੇ ਆਰਥਿਕ ਅਤੇ ਸਮਾਜਿਕ ਵਿਕਾਸ ਵਲ ਵਧਣ ਵਾਸਤੇ ਫਿਲਹਾਲ ਨਿੱਜੀਕਰਨ ਤੇ ਵਪਾਰੀਕਰਨ ਵੱਲ ਜਾਣ ਤੋਂ ਬਚਣ ਦੀ ਲੋੜ ਹੈ। ਇਸ ਸਮੇਂ ਸਰਕਾਰ ਤੇ ਸਰਕਾਰੀ ਸੰਸਥਾਵਾਂ ਨੂੰ ਮਜ਼ਬੂਤ ਕਰਨਾ ਅਤੇ ਇਨਾਂ ਦੇ ਸਮਾਜੀਕਰਨ ਦੀ ਵਧੇਰੇ ਜ਼ਰੂਰਤ ਹੈ। ਕੋਵਿਡ-19 ਮਹਾਂਮਾਰੀ ਦੌਰਾਨ ਪ੍ਰਾਈਵੇਟ ਸੈਕਟਰ ਨੇ ਖੇਤੀ ਤੋਂ ਇਲਾਵਾ ਸਭ ਕੰਮ ਬੰਦ ਕਰ ਦਿਤੇ ਸਨ। ਕਿਰਤੀਆਂ ਨੂੰ ਬਿਨਾਂ ਰੁਜ਼ਗਾਰ ਫਾਕੇ ਕੱਟਣੇ ਪਏ ਸਨ। ਇਸ ਸਮੇਂ ਸੂਬੇ ਦੀ ਆਰਥਿਕਤਾ ਨੂੰ ਸਰਕਾਰੀ ਮਦਦ ਅਤੇ ਦਖਲ ਦੀ ਸਖ਼ਤ ਜ਼ਰੂਰਤ ਹੈ। ਸਰਕਾਰੀ ਪੂੰਜੀ ਨਿਵੇਸ਼ ਨਾਲ ਪ੍ਰਾਈਵੇਟ ਸੈਕਟਰ ਵਿਚ ਪੂੰਜੀ ਨਿਵੇਸ਼ ਨੂੰ ਉਤਸ਼ਾਹ ਮਿਲਦਾ ਹੈ। ਇਸ ਦੇ ਨਾਲ ਹੀ ਪ੍ਰਾਈਵੇਟ ਸੈਕਟਰ ਦੇ ਅਦਾਰਿਆਂ ਦੀ ਮਦਦ ਕਰਨ ਦੇ ਨਾਲ ਨਾਲ ਉਨਾਂ ਨੂੰ ਨਿਯਮਤ ਵੀ ਕਰਨਾ ਪੈਣਾ ਹੈ ਤਾਂ ਕਿ ਮੁਲਾਜ਼ਮਾਂ ਅਤੇ ਕਿਰਤੀਆਂ ਦੇ ਰੁਜ਼ਗਾਰ ਅਤੇ ਉਨਾਂ ਦੇ ਕੰਮਕਾਜ ਦੇ ਹਾਲਾਤ ਨੂੰ ਸਥਿਰ ਅਤੇ ਬਿਹਤਰ ਬਣਾਇਆ ਜਾ ਸਕੇ। ਆਰਥਿਕ ਵਿਕਾਸ ਦੀ ਪ੍ਰਕਿਰਿਆ ਵਿਚ ਸਾਰਿਆਂ ਦੀ ਸ਼ਮੂਲੀਅਤ ਲਈ ਇਹ ਜ਼ਰੂਰੀ ਹੈ।

# ਜ਼ਾਹਿਰ-ਓ-ਬਾਤਿਨ ਖ਼ਾਲਸਾ ਦੇ ਬੋਲ



ਜ਼ੋਰਾਵਰ ਸਿੰਘ ਤਰਸਿੱਕਾ

ਲੋਕਾਂ ਦੀਆਂ ਪੱਗਾਂ ਤੇ ਖਾਲਸੇ ਦਾ ਦਸਤਾਰਾ ਏ ।
ਲੋਕਾਂ ਦੀਆਂ ਦਾੜੀਆਂ ਤੇ ਖਾਲਸੇ ਦਾ ਦਾਹੜਾ ਏ।
ਲੋਕਾਂ ਦੀ ਦਾਲ ਹੈ ਤੇ ਖਾਲਸੇ ਦਾ ਦਾਲਾ ਏ ।
ਲੋਕਾਂ ਦੀ ਸਬਜੀ ਤੇ ਖਾਲਸੇ ਦਾ ਭਾਜਾ ਏ ।
ਲੋਕਾਂ ਦੇ ਪਤੀਲੇ ਤੇ ਖਾਲਸੇ ਦਾ ਦੇਗਾ ਏ।
ਲੋਕਾਂ ਦੀਆਂ ਤਲਵਾਰਾਂ ਤੇ ਖਾਲਸੇ ਦਾ ਤੇਗਾ ਏ ।
ਲੋਕਾਂ ਲਈ ਦਿਨ ਤੇ ਖਾਲਸੇ ਦਾ ਪ੍ਰਕਾਸ਼ਾ ਏ।
ਲੋਕਾਂ ਲਈ ਬੇਨਤੀ ਤੇ ਖਾਲਸੇ ਦਾ ਅਰਦਾਸਾ ਏ ।
ਲੋਕਾਂ ਲਈ ਪਾਗਲ ਤੇ ਖਾਲਸੇ ਦਾ ਮਸਤਾਨਾ ਏ ।
ਲੋਕਾ ਲਈ ਨਹੌਣਾ ਤੇ ਖਾਲਸੇ ਦਾ ਇਸ਼ਨਾਨਾ ਏ ।
ਅੰਮ੍ਰਿਤਸਰ ਸਾਹਿਬ ਜਿਲੇ ਵਿੱਚ ਪਿੰਡ ਤਰਸਿੱਕਾ ਏ।
ਦੁਨੀਆਂ ਵਿੱਚ ਖਾਲਸੇ ਦਾ ਚਲਦਾ ਪਿਆ ਸਿੱਕਾ ਏ।
ਲੋਕਾਂ ਦੀਆਂ ਬੋਲੀਆਂ ਤੇ ਖਾਲਸੇ ਦਾ ਬੋਲਾ ਏ ।
ਲੋਕਾਂ ਦੀਆਂ ਹੋਲੀਆਂ ਤੇ ਖਾਲਸੇ ਦਾ ਹੋਲਾ ਏ ।

**ਗੜਗੱਜ ਬੋਲੇ (ਖਾਲਸਈ ਬੋਲੇ)**

(1) ਉਗਰਾਹੀ- ਭਿੱਖਯਾ,ਗੁਜ਼ਾ ਕਰਨਾ
(2) ਉਜਾਗਰ ਦੀਵਾ, ਚਿਰਾਗ
(3) ਉਜੀਗਰੀ- ਲਾਲਟੈਣ
(4) ਅਸਵਾਰਾ-1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਕੂਚ, 2.ਪ੍ਰਸਥਾਨ
(5) ਅਸਵਾਰਾ ਕਰਨਾ-1.ਚੜਾਈ ਕਰਨੀ, ਕੂਚ ਕਰਨਾ, 2 ਪ੍ਰਲੋਕ ਗਮਨ
(6) ਅਕਲ ਦਾਨ-ਛੋਟਾ, ਡੰਡਾ
(7) ਆਕਾਸ਼ਪੁਰੀ-ਬੱਕਰੀ
(8) ਅਕਾਸ਼ੀ ਦੀਵਾ-ਸੂਰਜ ਅਤੇ ਚੰਦਰਮਾ
(9) ਅਕਾਸ਼ੀ ਫੌਜ-ਸ਼ਹੀਦੀ ਫੌਜ,ਅਜਗੈਬੀ ਸੈਨਾ
(10) ਅਕਾਲ ਬਾਗਾਂ-'ਸਤਿ ਸ੍ਰੀ ਅਕਾਲ' ਦਾ ਜੈਕਾਰਾ
(1) ਅਕਾਲੀ-1. ਅਕਾਲ ਦਾ ਉਪਾਸਕ 2. ਨੀਲਾ ਬਾਣਾ ਧਾਰੀ ਸਿੰਘ, ਨਿਹੰਗ ਸਿੰਘ
(12) ਅਖੰਡ ਪਾਠ-ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਉਹ ਪਾਠ ਜੋ ਲਗਾਤਾਰ ਹੁੰਦਾ ਰਹੇ, ਜਦ ਤੀਕ ਭੋਗ ਨਾ ਪਵੇ ਤਦ ਤੀਕ ਰੁਮਾਲ ਨਾ ਪਾਇਆ ਜਾਵੇ।ਇਹ ਪਾਠ ਅੜਤਾਲੀ ਘੰਟੇ ਜਾਂ ਵੱਧ ਸਮੇਂਅੰਦਰ ਹੋਇਆ ਕਰਦਾ ਹੈ
(13) ਅਤੀ ਅਖੰਡ ਪਾਠੀ-ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਉਹ ਪਾਠ, ਜਿਸ ਨੂੰ ਇਕੱਲਾ ਪਾਠੀ ਇੱਕੋ ਆਸਣ ਬੈਠ ਕੇ ਨਿਰੰਤਰ ਕਰਦਾ ਹੋਇਆ ਅੱਠ ਅਥਵਾ ਨੌ ਪਹਿਰ ਅੰਦਰ ਸਮਾਪਤ ਕਰੇ।
(14) ਅਥੱਕ-ਮਰੀਅਲ ਟੱਟੂ, ਜੋ ਘੋੜਾ ਹਾਰਿਆ ਹੋਇਆ ਹੋਵੇ
(15) ਅਥੱਕ ਸਵਾਰੀ- ਜੁੱਤੀ, ਜੋੜਾ
(16)ਅਨਹਤ ਸ਼ਬਦ-ਘੁਰਾੜੇ ਮਾਰਨੇ
(17) ਅਫਲਾਤੂਨ-ਰਜਾਈ, ਲੇਫ
(18) ਅਫਲਾਤੂਨੀ-ਤੁਲਾਈ
(19) ਅਰਦਾਸਾ-ਪ੍ਰਾਰਥਨਾ, ਬਿਨਉ
(20) ਅਰਦਾਸਾ ਸੋਧਣਾ- ਕਿਸੇ ਕੰਮ ਦੇ ਆਰੰਭ ਜਾਂ ਸਮਾਪਤੀ ਤੇ ਕਰਤਾਰ ਅੱਗੇ ਬੇਨਤੀ ਪ੍ਰਾਰਥਨਾ ਕਰਨੀ
(21) ਅਰਦਾਸੀਆ - ਅਰਦਾਸ ਕਰਨ ਵਾਲਾ ਸਿੰਘ
(22) ਅਰਾਕਣ, ਅਰਾਕੀ-1. ਘੋੜੀ ਘੋੜਾ 2. ਟੈਰ, ਟੈਰਾ
(23) ਅੜੰਗ ਬੜੰਗ ਹੋਣਾ-ਲੇਟਣਾ,ਸੌਂ ਜਾਣਾ
(24) ਆਹੂ ਲਾਹੁਣੇ- ਕਤਲੇਆਮ ਕਰਨੀ, ਵੱਢ-ਟੁੱਕ
(25) ਆਕੜ ਭੰਨ-ਰੋਗ, ਬਿਮਾਰੀ, ਬੁਖਾਰ
(26) ਆਕੀ ਹੋਣਾ-ਹਵਾਲਾਤ ਵਿੱਚ ਪੈਣਾਂ, ਜੇਲ ਵਿੱਚ ਹੋਣਾ
(27) ਆਨੰਦ -1. ਪੂਰਨ ਤ੍ਰਿਪਤ, 2.ਸਿੱਖ ਧਰਮ ਦੀ ਮਰਿਆਦਾ ਅਨੁਸਾਰ ਵਿਆਹ ਕਰਨਾ
(28) ਔਰਾਪਤ-ਝੋਟਾ, ਇਸ ਦਾ ਨਾਂ ਮਹਿਖਾਸੁਰ ਵੀ ਹੈ
(29) ਅੰਗ ਸੰਗ-1.ਸਹਾਇਕ,ਸਾਥੀ 2. ਕਰਤਾਰ, ਵਾਹਿਗੁਰੂ
(30) ਅੰਗੀਠਾ-ਚਿਤਾ, ਚਿਖਾ
(31) ਅੰਜਨੀ-ਰਾਤ, ਕਾਲੀ ਦੇਵੀ
(32) ਅਨਮਤੀਆਂ- ਸਿੰਘ ਧਰਮ ਤੋਂ ਭਿੰਨ ਹੋਰ ਧਰਮ ਧਾਰਨ ਵਾਲਾ
(33) ਅੰਨਾ-ਮੂਰਤੀ ਪੂਜਕ ਹਿੰਦੂ, ਜਿਸ ਨੂੰ ਦੇਸ਼ ਦਾ ਤਿਆਰ ਨਹੀਂ
(34) ਅੰਮ੍ਰਿਤ ਵੇਲਾ- ਪ੍ਰਾਂਤਹਕਾਲ, ਤੜਕਾ
(35) ਅੰਮ੍ਰਿਤੀ -ਸਲੂਣੀ, ਕੜੀ
(36) ਅੰਮਰਤੀਆ-ਜਿਸ ਨੇ ਖੰਡੇ ਦਾ ਅੰਮ੍ਰਿਤ ਛੱਕਿਆ ਹੈ
(37) ਇੱਕਟੰਗੀ ਬਟੇਰਾ-ਬੈਂਗਣ,ਬਤਾਊ
(38) ਇੰਦਰ-ਮੇਘ, ਬੱਦਲ
(39) ਇੰਦਰ ਜਲ-ਵਰਖਾ ਦਾ ਪਾਣੀ
(40) ਇੰਦਰਾਣੀ- ਹਵਾ,ਪੌਣ,ਵਾਯੂ
(41) ਇਲਾਚੀ-1.ਡੁਲਾਹੀ, 2.ਡੁਲਾਹੀ ਦੀ ਦਾਤਣ
(42) ਸ਼ਹੀਦ-ਧਰਮ ਲਈ ਪ੍ਰਾਣ ਵਾਰਨ ਵਾਲਾ ਯੋਧਾ
(43) ਸ਼ਹੀਦ ਗੰਜ- ਸ਼ਹੀਦਾਂ ਦੇ ਅੰਤਿਮ ਸੰਸਕਾਰ ਦਾ ਅਸਥਾਨ
(44) ਸ਼ਹੀਦੀ-1. ਸ਼ਹੀਦ ਦੀ ਪਦਵੀ 2. ਜੰਗ ਵਿੱਚ ਕੀਤੀ ਕੁਰਬਾਨੀ
(45) ਸ਼ਹੀਦੀ ਸੋਧ-1. ਕੁਦਰਤੀ ਭੁੱਖ, ਅਕਾਲ ਦੇ ਹੁਕਮ ਅਨੁਸਾਰ ਹੋਈ ਪੀੜਾ 2. ਕੁਰਹਿਤੀਏ ਨੂੰ ਸ਼ਹੀਦਾਂ ਵੱਲੋਂ ਹੋਈ ਤਾੜਨਾ
(46) ਸ਼ਹੀਦੀ ਦੇਗ- 1. ਭੰਗ ਦੀ ਮਿੱਠੀ ਦੇਗ 2. ਸ਼ਹੀਦਾਂ ਨਮਿੱਤ ਤਿਆਰ ਕੀਤਾ ਲੰਗਰ
(47) ਸ਼ਹੀਦੀ ਪ੍ਰਸ਼ਾਦ- 1.ਕੜਾਹ ਪ੍ਰਸ਼ਾਦ 2. ਪੰਜ ਸਿੰਘਾਂ ਲਈ ਭਾਵਨਾ ਨਾਲ ਤਿਆਰ ਕੀਤਾ ਭੋਜਨ
(48) ਸ਼ਹੀਦੀ ਫੌਜ-1. ਸ਼ਹੀਦ ਸਿੰਘਾਂ ਦੀ ਸੈਨਾ, 2. ਅਕਾਲ ਦੀ ਗੁਪਤ ਫੌਜ
(49) ਸ਼ਹੀਦੀ ਮਾਰ-ਸ਼ਹੀਦ ਸਿੰਘਾਂ ਵੱਲੋਂ ਹੋਈ ਤਾੜਨਾ, 2. ਕੁਕਰਮੀ ਨੂੰ ਸ਼ਹੀਦ ਸਿੰਘਾਂ ਤੋਂ ਪ੍ਰਾਪਤ ਹੋਇਆ ਦੁੱਖ
(50) ਸੱਚਖੰਡ- 1. ਗੁਰਪੁਰੀ 2.ਖਾਲਸਾ ਦੀਵਾਨ 3. ਖਾਲਸੇ ਦਾ ਪੰਜਵਾਂ ਤਖਤ ਸ੍ਰੀ ਅਬਚਲ ਨਗਰ ਹਜ਼ੂਰ ਸਾਹਿਬ
(51) ਸੱਚਖੰਡ ਵਾਸੀ-ਗੁਰਪੁਰੀ ਵਿੱਚ ਨਿਵਾਸ, ਪ੍ਰਲੋਕ ਗਮਨ
(52) ਸੱਚਾ ਪਾਤਸ਼ਾਹ-ਸਤਗੁਰੂ
(53) ਸਜਣਾ-ਤਿਆਰ ਹੋਣਾ, ਸਭਾ ਵਿੱਚ ਬੈਠਣਾ, ਸ਼ਸਤਰ ਬਸਤਰ ਪਹਿਨਣੇ
(54) ਸੱਤ ਸ੍ਰੀ ਅਕਾਲ-ਸਿੰਘਾਂ ਦਾ ਜੈਕਾਰਾ, ਕੂਚ ਅਤੇ ਦੀਵਾਨ ਦੀ ਸਮਾਪਤੀ ਤੇ ਉਚਾਰਨ ਕੀਤਾ ਜੈਕਾਰਾ
(55) ਸਦਾ ਗੁਲਾਬ-ਕਿੱਕਰ,ਬਬੂਲ
(56) ਸਦਾ ਗੁਲਾਬ ਦਾ ਮੁੱਖ ਮਾਂਜਣਾ-ਕਿੱਕਰ ਦੀ ਦਾਤਣ ਕਰਨਾ
(57) ਸਫਾ ਜੰਗ-ਟਕੂਆ, ਕੁਹਾੜੀ
(58) ਸਬਜ਼ ਪੁਲਾਓ-ਸਾਗ
(59) ਸਬਜ਼ ਮੰਦਰ-ਬ੍ਰਿਛ, ਬ੍ਰਿਛ ਹੇਠ ਨਿਵਾਸ
(60) ਸ਼ਬਦ-ਗੁਰਬਾਣੀ ਦੀ ਪਦ, ਸ੍ਰੀ ਮੁੱਖ ਵਾਕ ਛੰਦ
(61) ਸ਼ਬਦ ਕੀਰਤਨ-ਗੁਰਬਾਣੀ ਦਾ ਗਾਇਨ
(62) ਸ਼ਬਦ ਭੇਟ-ਗੁਰਬਾਣੀ ਪੜਨ ਅਤੇ ਗਾਉਣ ਵਾਲੇ ਦੀ
(63) ਸਮੁੰਦਰ-ਦੁੱਧ
(64) ਸਮੁੰਦਰਾਂ ਧਾਰੀ-ਦੁਧਾ-ਧਾਰੀ, ਕੇਵਲ ਦੁੱਧ ਪੀਣ ਵਾਲਾ
(65) ਸ਼ਰਦਈ-1. ਘੋਟੀ ਹੋਈ ਭੰਗ, 2. ਛੱਪੜ ਦਾ ਪਾਣੀ
(66) ਸਰਦੌਨਾ-ਠੰਢ, ਸੀਤ,ਪਾਲਾ
(67) ਸਰਦੌਨਾਂ ਮੁੱਠੀਆਂ ਭਰਦਾ ਹੈ-ਪਾਲਾ ਲੱਗਦਾ ਹੈ, ਕਾਂਬਾ ਲੱਗਦਾ ਹੈ
(68) ਸਰਵ ਰਸ-ਲੂਣ, ਨਮਕ, ਇਸ ਦਾ ਨਾਮ ਰਾਮ-ਰਸ ਭੀ ਹੈ
(69) ਸਰਬ ਲੋਹ- 1. ਅਕਾਲ ਪੁਰਖ 2. ਲੋਹਾ, ਸ਼ਸਤਰ
(70) ਸਰਬ ਲੋਹੀਆ-ਉਹ ਸਿੰਘ, ਜੋ ਕੇਵਲ ਲੋਹੇ ਦੇ ਭਾਂਡੇ ਵਿੱਚ ਛਕਦਾ ਹੋਵੇ
(71) ਸਲੋਤਰ- 1. ਮੋਟਾ ਕੁਤਕਾਂ, ਮਧਰਾ ਅਤੇ ਮੋਟਾ ਡੰਡਾ, 2. ਭੰਗ ਘੋਟਣਾ
(72) ਸਵਾਇਆ-ਥੋੜਾ, ਕਮ,ਘੱਟ
(73) ਸਵਾ ਲੱਖ-ਇੱਕ, ਏਕ
(74) ਸਵਾ ਲੱਖ ਫ਼ੌਜ-ਇੱਕ ਸਿੰਘ
(75) ਸਾਉਗੀ- ਹਰਾ ਛੋਲੂਆ
(76) ਸ਼ਾਹਜਹਾਂ- ਪੋਸਤ ਦਾ ਬੂਟਾ
(77) ਸਾਕਤ- 1. ਗੁਰੂ ਤੋਂ ਬੇਮੁੱਖ, ਮਾਇਆ ਦਾ ਦਾਸ, 2. ਧਰਮ ਤੋਂ ਪੱਤਰ
(78) ਸਾਰ-ਲੋਹਾ, ਫੌਲਾਦ, ਸ਼ਸਤਰ
(79) ਸਾਵੀ-ਮੂੰਗੀ
(80) ਸਿਕਰੀ-ਨੱਕ ਚੂੰਢੀ, ਛੋਟਾ ਮੋਚਨਾ, ਕੰਡਾ ਕੱਢਣ ਵਾਲੀ ਚਿਮਟੀ
(81) ਸ਼ਿਕਾਰੀ-ਵਿਭਚਾਰੀ,ਪਰ-ਇਸਤ੍ਰੀ ਗਾਮੀ
(82) ਸਿੰਘ-ਖੰਡੇ ਦਾ ਅੰਮ੍ਰਿਤਧਾਰੀ ਸਿੱਖ
(83) ਸਿੰਘਣੀ- ਸਿੱਖ ਮੱਤ ਦੀ ਧਾਰਨੀ ਇਸਤਰੀ
(84) ਸਿਰਖਿੰਡੀ-ਸ਼ੱਕਰ
(85) ਸਿਰ ਗੁੰਮ- 1. ਜਿਸ ਨੇ ਅੰਮ੍ਰਿਤ ਛੱਕ ਕੇ ਕੇਸ ਮੁਨਾਏ ਹਨ, 2. ਢੂੰਡੀਆਂ ਜੈਨੀ
(86) ਸਿਰ ਕਸਾ- 1.ਮੋਨਾ, ਮੰਡਿਤ 2.ਜੈਨੀ ਸਾਧ ਢੂੰਡੀਆ 3.ਸੰਨਿਯਾਸੀ
(87) ਸਿਰ ਜੋੜ-ਗੁੜ
(88) ਸ਼ੀਸ਼ ਮਹਿਲ-ਟੁੱਟੀ ਹੋਈ ਛੰਨ : ਜਿਸ ਵਿੱਚ ਦੀ ਆਕਾਸ਼ ਨਜ਼ਰ ਆਵੇ
(89) ਸੁੱਕ-ਮਾਂਜ-ਨਿਰਾਹਾਰ-ਭੁੱਖਾਂ
(90) ਸੁੱਖਦੇਈ ਸਿੰਘ-ਭੰਗ ਘੋਟ ਕੇ ਪਿਆਉਣ ਵਾਲਾ
(91) ਸੁੱਖਦੇਈ-ਤੁਲਾਈ, ਹੇਠ ਵਿਛਾਉਣ ਦਾ ਰੂੰ-ਦਾਰ ਵਸਤਰ
(92) ਸੁੱਖ ਨਿਧਾਨ, ਸੁੱਖਾ-ਭੰਗ, ਵਿਜੀਆ
(93) ਸੁਚਾਲਾ- ਲੰਙਾ, ਡੁੱਡਾ, ਤਿਮਰ ਲੰਗੀਆਂ
(94) ਸੁਚੇਤਾ-1. ਝਾੜਾ 2. ਪੰਜ ਇਸ਼ਨਾਨਾਂ
(95) ਸੁਚੇਤਾ ਤਾੜਨਾ- ਪੰਜ ਇਸ਼ਨਾਨਾ ਕਰਨਾ, ਹੱਥ ਪੈਰ ਤੇ ਮੂੰਹ ਧੋ ਕੇ ਤਿਆਰ ਹੋਣਾ
(96) ਸੁਚੇਤੇ ਜਾਣਾ-ਸੋਚ ਲਈ ਬਾਹਰ ਜਾਣਾ, ਜੰਗਲ ਜਾਣਾ
(97) ਸੁਜਾਖਾ-1.ਚਲਨੀ, ਛਾਨਨੀ, 2. ਗਿਆਨੀ
(98) ਸੁੰਦਰੀ-ਝਾੜੂ, ਬੁਹਰੀ ਬਹੁਕਰ
(99) ਸੁਨਹਿਰਾ- 1. ਅੰਮ੍ਰਿਤ ਤਿਆਰ ਕਰਨ ਵਾਲਾ ਸਰਬਲੋਹ ਦਾ ਪਾਤਰ, 2 ਕੁੰਡਾ
(100) ਸੁਨਹਿਰੀਆ - ਉਹ ਗੁਰਭਾਈ ਜਿਸ ਨੇ ਇੱਕ ਪਾਤ੍ਰ ਵਿੱਚ ਅੰਮ੍ਰਿਤ ਛਕਿਆ ਹੈ
(101) ਸੁਰਗ-1. ਮੁਸੀਬਤ, ਵਿਪਦਾ, 2. ਨਿੰਦਰਾ, ਸੁਖਪਤੀ
(102) ਸੁਰਗੁ-ਦੁਆਰੀਆਂ-ਨਕਟਾ
(103) ਸੁਰਗਵਾਸ- 1. ਗਾੜੀ ਨੀਂਦ ਵਿੱਚ ਸੋਣਾ 2. ਮੌਤ
(104) ਸੁਰਮਈ-ਸੁਰਮੇ ਰੰਗਾ, ਨੀਲਾ, ਕਾਲਾ
(105) ਸੁਰਮਈ ਦਾਲਾਂ-ਲੋਹੇ ਦੇ ਭਾਂਡੇ ਵਿੱਚ ਰਿੰਦੀ ਦਾਲ, ਮਾਹਾਂ ਦੀ ਦਾਲ
(106) ਸੁਬੇਦਾਰ-ਝਾੜੂ ਦੇਣ ਵਾਲਾ ਸਿੱਖ
(107) ਸੁਰਮਾ-ਅੰਧਾ, ਨੇਤਰਹੀਣ
(108) ਸੇਉ-ਪਿਓਂਦੀ ਬੇਰ
(109) ਸ਼ੇਰ ਦੇ ਕੰਨ-ਭੰਗ ਛਾਨਣ ਵਾਲੇ ਰੁਮਾਲ ਦੇ ਲੜ
(110) ਸੋਝਾ ਦੇਣਾ- 1. ਮਾਂਜਣਾ, ਸਾਫ ਕਰਨਾ, 2. ਕੁਰੀਤੀਆ ਨੂੰ ਤਾੜਨਾ, ਅਪਰਾਧੀ ਨੂੰ ਡੰਡ ਦੇ ਕੇ ਸਿੱਧਾ ਕਰਨਾ
(111) ਸੋਧਣਾ-ਕੁਰੀਤੀਆ ਨੂੰ ਤਾੜ ਕੇ ਸ਼ੁੱਧ ਕਰਨਾ ਮੁਲਕ ਫਤਿਹ ਕਰਨਾ ਚੰਦਾ ਵਸੂਲ ਕਰਨਾ
(112) ਸੰਖੀ-ਮਾਸ ਦੀ ਹੱਡੀ
(113) ਸੰਤੋਖਣਾ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੁਮਾਲਿਆਂ ਵਿੱਚ ਲਪੇਟਣਾ ਕਾਰਜ ਸਮਾਪਤ ਕਰਨਾ
(114) ਸ੍ਰੀ ਸਾਹਿਬ-ਤਲਵਾਰ, ਕ੍ਰਿਪਾਨ
(115) ਹਜ਼ਾਰ ਮੇਖੀ- ਗੋਦੜੀ, ਟਾਕੀਆਂ ਵਾਲੀ ਗੋਦੜੀ
(116) ਹਜ਼ੂਰ ਸਾਹਿਬ-ਤਖ਼ਤ ਸ੍ਰੀ ਅਬਿਚਲ ਨਗਰ
(117) ਹਜ਼ੂਰੀਆ -1. ਜਿਸ ਨੇ ਅਬਿਚਲ ਨਗਰ ਦੀ ਯਾਤਰਾ ਕੀਤੀ ਹੈ, 2. ਜੋ ਹਜ਼ੂਰ ਸਾਹਿਬ ਦੇ ਗੁਰਦੁਆਰੇ ਸੇਵਾ ਕਰਦਾ ਹੈ
(118) ਹਜ਼ੂਰੀ ਪਰਨਾ-ਹੱਥ ਮੂੰਹ ਸਾਫ ਕਰਨ ਵਾਲਾ ਕੱਪੜਾ
(119) ਹੱਥ ਸੁਚੇਤ ਕਰਨੇ-ਹੱਥ ਧੋਣੇ
(120) ਹਰਨ ਹੋਣਾ-ਭੱਜਣਾ, ਨੱਠਣਾ
(121) ਹਰਨੀ-ਮੱਖੀ, ਜੂੰ,ਕੁਕਾ
(122) ਹਰਾ- ਸੁੱਕਾ, ਖੁਸ਼ਕ
(123) ਹਾਜ਼ਰੀ ਭਰਨੀ- ਖਾਲਸੇ ਦੇ ਦੀਵਾਨ ਵਿੱਚ ਅੰਮ੍ਰਿਤ ਵੇਲੇ ਅਤੇ ਸੰਝ ਨੂੰ ਹਾਜ਼ਰ ਹੋਣਾ
(124) ਹਰਾ ਕਰਨਾ - 1. ਸੁਕਾਉਣਾ, ਖੁਸ਼ਕ ਕਰਨਾ, 2. ਧੋਣਾ, ਸਾਫ ਕਰਨਾ
(125) ਹੀਰਾ-ਚਿੱਟਾ ਕੇਸ
(126) ਹੀਰੇ ਚੁਗਣੇ-ਚਿੱਟੇ ਕੇਸ ਮੋਚਨੇ ਆਦਿ ਨਾਲ ਪੁੱਟਣੇ, ਜਿਸ ਤੋਂ ਸਿੰਘ ਤਨਖ਼ਾਹੀਆ ਹੋ ਜਾਂਦਾ ਹੈ
(127) ਹੁਕਮ ਸੱਤ-ਮਰਨਾ, ਚਲਾਣਾ ਕਰਨਾ
(128) ਹੋਲਾ ਖੇਡਣਾ- 1. ਜੰਗ ਕਰਨਾ, 2. ਮੁਹੱਲਾ ਖੇਡਣਾ
(129) ਹੋਲਾ ਮਹੱਲਾ-ਚੇਤ ਵਦੀ ਇੱਕ ਦਾ ਤਿਉਹਾਰ, ਜਿਸ ਦਿਨ ਸਿੰਘ ਨਕਲੀ ਜੰਗ ਕਰਦੇ ਹਨ
(130) ਹੰਕਾਰਿਆ ਹੋਇਆ-ਪਾਟਿਆਂ, ਲੀਰਾਂ ਹੋਇਆ
(131) ਹੰਨਾ - 1. ਲਿੰਗ, ਇੰਦਰੀ 2. ਇਸ ਦਾ ਨਾਉਂ ਘੋੜਾ ਭੀ ਹੈ
(132) ਕਸਤੂਰਾ- ਸੂਰ
(133) ਕਸਤੂਰੀ-ਖੋਪਾ, ਸੂਰ ਦੀ ਸਾਂਠ, ਖੱਲ ਚਮੜੀ
(134) ਕੱਚਾ ਪਿੱਲਾ-ਰਹਿਤ ਮਰਿਆਦਾ ਵਿੱਚ ਢਿੱਲ ਮੱਠ ਕਰਨ ਵਾਲਾ ਜੋ ਸਿੰਘ ਧਰਮ ਦੇ ਨਿਯਮਾਂ ਨੂੰ ਜੋ ਚੰਗੀ ਤਰਾਂ ਨਹੀਂ ਧਾਰ ਦਾ
(135) ਕੱਚਾ ਬੋਲਾ-ਸਿੰਘ ਧਰਮ ਵਿਰੁੱਧ ਬੋਲੀ, ਝੂਠਾ ਬਚਨ
(136) ਕੱਚੀ ਬਾਣੀ - 1. ਗੁਰਬਾਣੀ ਤੋਂ ਭਿੰਨ ਕੋਈ ਹੋਰ ਬਾਣੀ 2. ਅਕਾਲ ਦੀ ਮਹਿਮਾ ਤੋਂ ਬਿਨਾਂ ਪਾਣੀ
(137) ਕਛਹਿਰਾ-ਰੇਬਦਾਰ ਕਛ
(138) ਕੱਟਾ-ਹਾਥੀ
(139) ਕੱਠੌਤਾ-ਕਾਠ ਦਾ ਪਾਤ੍ਰ
(140) ਕੱਪੜ ਬੀਜ-ਬੜੇਵਾਂ
(141) ਕਮਰ ਕੱਸਾ ਕਰਨਾ - 1. ਕਮਰ ਬੰਨ ਕੇ ਤਿਆਰ ਹੋਣਾ, 2.ਪ੍ਰਲੋਕ ਗਮਨ ਮਰਨਾ
(142) ਕਮਰ ਕੱਸਾ ਖੁਲਵਾਉਣਾ-ਆਈ ਅਭਯਾਗਤ ਨੂੰ ਨਿਵਾਸ ਦੇਣਾ ਅਤੇ ਸੇਵਾ ਕਰਨੀ
(143) ਕਰਦੌਨਾਂ-ਛੋਟੀ ਕਰਦ
(144) ਕਰਾੜੀ-ਮੂਲੀ
(145) ਕਲਗਾ-ਗੰਜਾ
(146) ਕਲਗੀਧਰ-ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ
(147) ਕੜਾਹ ਪ੍ਰਸ਼ਾਦ- ਤਿਹਾਵਲ, ਪੰਚਾਂਮ੍ਰਿਤ
(148) ਕੜਾਕਾ- 1. ਭੁੱਖ ਨਿਰਾਹਾਰ ਰਹਿਣਾ 2. ਮੁਸੀਬਤ
(149) ਕਾਜਾ- ਭੁੱਖਾਂ, ਅੰਨ ਦਾ ਨਾ ਮਿਲਣਾ
(150) ਕਾਜਾ ਖੋਲਣਾ-ਭੋਜਨ ਕਰਨਾ
(151) ਕਾਜੀ-ਮੁਰਗਾ
(152) ਕਾਠਗੜ-ਚਿੰਤਾ, ਚਿਖਾ
(153) ਕਾਣਾ-ਤੁਰਕ ਮੁਸਲਮਾਨ
(154) ਕਾਨੂੰਗੋ-ਖੁੰਡਾ, ਛਟੀ
(155) ਕਾਰਦਾਰ-ਫਾਹੁੜਾ
(156) ਕਾਰ ਭੇਟ-ਸਤਿਗੁਰੂ ਨਮਿੱਤ ਸੇਵਾ ਹਿਤ ਦਿੱਤੀ ਜਾਣ ਵਾਲੀ ਮਾਇਆ
(157) ਕੀਰਤਨ-ਗੁਰਬਾਣੀ ਦਾ ਗਾਉਣਾ
(158) ਕੁਹੀ-ਦਾਤੀ, ਦਾਤਰੀ
(159) ਕੁਹੀ ਦਾ ਸ਼ਿਕਾਰ-ਦਾਤੀ ਨਾਲ ਘਾਹ ਅਥਵਾ ਖੇਤੀ ਵੱਢਣੀ
(160) ਕੁੱਠਾ-ਮੁਸਲਮਾਨ ਰੀਤੀ ਨਾਲ ਮਾਰੇ ਜੀਵ ਦਾ ਮਾਸ
(161) ਕੁਣਕਾ - 1. ਕੜਾਹ ਪ੍ਰਸਾਦ ਦਾ ਕਣ ਮਾਤਰ ਭੋਗ, 2. ਕੜਾਹ ਪ੍ਰਸ਼ਾਦ





# ਤਵਾਰੀਖ਼ ਦੇ ਪੰਨਿਆਂ 'ਤੇ ਜਥੇਦਾਰ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਜੀ



**ਜਗਰਾਜ ਸਿੰਘ,**
**ਮੋ. : 75894-67204**

ਅਕਾਲੀ ਬਾਬਾ ਫੂਲਾ ਸਿੰਘ ਜੀ ਖਾਲਸਾ ਰਾਜ ਦਾ ਮਹਾਨ ਜਰਨੈਲ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਅਕਾਲੀ ਫੂਲਾ ਸਿੰਘ ਜੀ ਸ੍ਰੀ ਅਕਾਲ ਤਖਤ ਸਾਹਿਬ ਦੇ ਛੇਵੇਂ ਜਥੇਦਾਰ ਸੀ ਤੇ ਮਹਾਰਾਜਾ ਰਣਜੀਤ ਸਿੰਘ ਦੇ ਸਮਕਾਲੀ ਸਨ ਅਤੇ ਮਹਾਰਾਜੇ ਦੀ ਫੌਜ ਵਿੱਚ 'ਅਕਾਲੀ ਫ਼ੌਜ' ਦੇ ਮੁਖੀ ਸਨ।

ਅਕਾਲੀ ਫੂਲਾ ਸਿੰਘ ਜੀ ਦਾ ਜਨਮ 14 ਜਨਵਰੀ 1761 ਈ. ਨੂੰ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੇ ਪਿੰਡ ਦੇਹਲਾ (ਸੀਹਾਂ) ਵਿਖੇ ਮਾਤਾ ਹਰਿ ਕੌਰ ਦੀ ਕੁੱਖੋਂ ਪਿਤਾ ਸ੍ਰ. ਈਸ਼ਰ ਸਿੰਘ ਦੇ ਘਰ ਵਿੱਚ ਹੋਇਆ। ਪੁਰਾਤਨ ਸਮੇਂ ਇਸ ਸਥਾਨ ਨੂੰ ਬਾਂਗਰ ਇਲਾਕੇ ਦਾ ਪਿੰਡ 'ਸ਼ੀਹਾਂ' ਕਿਹਾ ਜਾਂਦਾ ਸੀ। ਅੱਜ ਵੀ ਪੰਜਾਬ-ਹਰਿਆਣਾ ਦੀ ਸਰਹੱਦ ਇੱਥੋਂ 10 ਕਿ.ਮੀ. ਦੂਰੀ 'ਤੇ ਹੈ। ਇਹ ਪਿੰਡ, ਮੂਨਕ ਕਸਬੇ ਤੋਂ 5 ਕਿ.ਮੀ. ਦੂਰੀ 'ਤੇ ਉੱਤਰ ਵੱਲ ਸਥਿਤ ਹੈ। ਗੁਰੂ ਤੇਗ ਬਹਾਦਰ ਜੀ ਦੀ ਮਾਲਵਾ ਪ੍ਰਚਾਰ ਫੇਰੀ ਦੇ ਪਿੰਡ ਗੁਰਨੇ ਕਲਾਂ, ਲਹਿਲ ਕਲਾਂ, ਗਾਗਾ, ਮੂਨਕ, ਮਕੋਰੜ ਸਾਹਿਬ ਇਥੋਂ ਥੋੜ੍ਹੀ ਦੂਰੀ 'ਤੇ ਹੀ ਸਥਿਤ ਹਨ। ਇਸ ਪਿੰਡ ਦੇ ਪੱਛਮ ਵੱਲ ਲਗਭਗ ਅੱਧਾ ਕਿ.ਮੀ. ਦੂਰੀ 'ਤੇ ਅਕਾਲੀ ਫੂਲਾ ਸਿੰਘ ਦਾ ਜਨਮ ਅਸਥਾਨ ਅਤੇ ਗੁਰਦੁਆਰਾ ਸਾਹਿਬ ਸਥਿਤ ਹੈ।

ਅਕਾਲੀ ਫੂਲਾ ਸਿੰਘ ਦੇ ਪਿਤਾ ਸ੍ਰ. ਈਸ਼ਰ ਸਿੰਘ ਵੀ ਸਿੱਖ ਮਿਸਲਾਂ ਦੀਆਂ ਗਤੀਵਿਧੀਆਂ ਵਿੱਚ ਸਰਗਰਮ ਰਹਿੰਦੇ ਸੀ। ਅਹਿਮਦ ਸ਼ਾਹ ਅਬਦਾਲੀ ਦੇ ਪੰਜਾਬ ਉੱਤੇ ਛੇਵੇਂ ਹਮਲੇ (ਵੱਡੇ ਘੱਲੂਘਾਰੇ) ਵਿੱਚ ਈਸ਼ਰ ਸਿੰਘ ਸ਼ਹੀਦੀ ਪ੍ਰਾਪਤ ਕਰ ਗਏ ਸੀ। ਅਕਾਲੀ ਫੂਲਾ ਸਿੰਘ ਦੀ ਇਕ ਸਾਲ ਦੀ ਉਮਰ ਵਿੱਚ ਪਿਤਾ ਅਤੇ ਸੱਤ ਸਾਲ ਦੀ ਉਮਰ ਵਿੱਚ ਮਾਤਾ ਚੜ੍ਹਾਈ ਕਰ ਗਏ ਸੀ। ਉਸ ਤੋਂ ਬਾਅਦ ਸ੍ਰ. ਨੈਣਾ ਸਿੰਘ (ਨਰੈਣ ਸਿੰਘ) ਨੇ ਆਪ ਜੀ ਦੀ ਪਰਵਰਿਸ਼ ਕੀਤੀ ਅਤੇ ਆਪ ਉਨ੍ਹਾਂ ਨਾਲ ਹੀ ਰਹਿਣ ਲੱਗੇ। 10-12 ਸਾਲ ਦੀ ਉਮਰ ਵਿੱਚ ਅਕਾਲੀ ਫੂਲਾ ਸਿੰਘ ਗੁਰਬਾਣੀ ਕੰਠ ਤੋਂ ਇਲਾਵਾ ਸ਼ਸਤਰ ਵਿਦਿਆ, ਘੋੜ ਸਵਾਰੀ ਅਤੇ ਨਿਸ਼ਾਨੇਬਾਜ਼ੀ ਵਿੱਚ ਮਾਹਿਰ ਹੋ ਗਏ। ਨੈਣਾ ਸਿੰਘ ਜੀ ਦੇ ਜਥੇ ਕੋਲੋਂ ਆਪ ਜੀ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਅੰਮ੍ਰਿਤਸਰ ਵਿਖੇ ਰਹਿੰਦੇ ਹੋਏ ਆਪ ਜੀ ਗੁਰਧਾਮਾਂ ਦੇ ਸੁਧਾਰ ਲਈ ਯਤਨ ਕਰਦੇ ਰਹੇ। ਉਸ ਸਮੇਂ ਪੰਥ ਨੇ ਆਪ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਥਾਪਿਆ। 1802 ਈ. ਵਿਚ ਅੰਮ੍ਰਿਤਸਰ ਦੀ ਲੜਾਈ ਸਮੇਂ ਮਹਾਰਾਜਾ ਰਣਜੀਤ ਸਿੰਘ ਅਤੇ ਅਕਾਲੀ ਫੂਲਾ ਸਿੰਘ ਦੀ ਮਿੱਤਰਤਾ ਹੋਈ। ਮਹਾਰਾਜੇ ਨੇ ਫੂਲਾ ਸਿੰਘ ਨੂੰ ਅਕਾਲੀ ਫੌਜ ਦਾ ਮੁਖੀ ਥਾਪ ਦਿੱਤਾ। ਮਹਾਰਾਜਾ ਰਣਜੀਤ ਸਿੰਘ ਹਰ ਮੁਸ਼ਕਿਲ ਮੁਹਿੰਮ ਵਿਚ ਅਕਾਲੀ ਜੀ ਦੀ ਸਲਾਹ ਅਤੇ ਸਹਾਇਤਾ ਲੈਂਦੇ ਸੀ। ਅਕਾਲੀ ਫੂਲਾ ਸਿੰਘ ਦਾ ਲਗਭਗ ਸਾਰਾ ਜੀਵਨ ਹੀ ਜੰਗ-ਯੁੱਧਾਂ ਵਿੱਚ ਗੁਜ਼ਰਿਆ। ਆਪ ਜੀ ਨੇ ਮਹਾਰਾਜਾ ਰਣਜੀਤ ਸਿੰਘ ਦੀਆਂ ਅਨੇਕ ਜੰਗਾਂ ਵਿੱਚ ਸਹਾਇਤਾ ਕਰਕੇ ਜਿੱਤਾਂ ਪ੍ਰਾਪਤ ਕੀਤੀਆਂ। ਅਕਾਲੀ ਜੀ ਨੇ ਮਹਾਰਾਜਾ ਰਣਜੀਤ ਸਿੰਘ ਦੀਆਂ ਕਸ਼ਮੀਰ, ਮੁਲਤਾਨ, ਕਸੂਰ, ਪਿਸ਼ਾਵਰ, ਨੌਸ਼ਹਿਰਾ ਜਿਹੀਆਂ ਔਖੀਆਂ ਮੁਹਿੰਮਾਂ ਵਿੱਚ ਖ਼ਾਲਸਾ ਰਾਜ ਦੀ ਉਸਾਰੀ ਲਈ ਹਮੇਸ਼ਾ ਸਹਾਇਤਾ ਕੀਤੀ। ਅਕਾਲੀ ਜੀ ਐਨੇ ਨਿਧੜਕ, ਸੂਰਬੀਰ, ਦਲੇਰ ਜਰਨੈਲ ਸਨ ਕਿ ਸਿਰਫ਼ ਇੱਕ ਅਕਾਲ ਪੁਰਖ ਤੋਂ ਬਿਨਾਂ ਹੋਰ ਕਿਸੇ ਦਾ ਭੈਅ ਨਹੀਂ ਮੰਨਦੇ ਸੀ। ਗੁਰਮਤਿ ਸਿਧਾਂਤਾਂ ਦੇ ਏਨੇ ਪੱਕੇ ਸੀ ਕਿ ਆਪ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਸਿੱਖ ਮਰਿਆਦਾ ਦੇ ਉਲਟ ਕੰਮ ਕਰਨ 'ਤੇ ਭਰੇ ਦੀਵਾਨ ਵਿੱਚ ਖੜ੍ਹਾ ਕਰਕੇ ਤਨਖਾਹ ਲਗਾਉਣ ਤੋਂ ਸੰਕੋਚ ਨਹੀਂ ਕੀਤਾ ਸੀ। ਮਹਾਰਾਜੇ ਨੇ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਅਕਾਲੀ ਫੂਲਾ ਸਿੰਘ ਦੀ ਕੋੜੇ ਮਾਰਨ ਦੀ ਸਜਾ ਨੂੰ ਸਿਰ ਮੱਥੇ ਪ੍ਰਵਾਨ ਕੀਤਾ ਸੀ। ਅਕਾਲੀ ਫੂਲਾ ਸਿੰਘ ਨੇ ਆਖਰੀ ਲੜਾਈ ਨੁਸਹਿਰਾ (ਹੁਣ ਪਾਕਿਸਤਾਨ) ਵਿੱਚ ਲੜੀ ਅਤੇ 14 ਮਾਰਚ 1823 ਈ. ਨੂੰ ਨੁਸਹਿਰਾ ਦੇ ਮੈਦਾਨ ਵਿਚ ਧਰਮ ਲਈ ਲੜਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ। ਇਸ ਲੜਾਈ ਵਿੱਚ ਸਿੱਖਾਂ ਦੀ ਜਿੱਤ ਹੋਈ



ਸੀ। ਮਹਾਰਾਜਾ ਰਣਜੀਤ ਸਿੰਘ ਨੂੰ ਉਨ੍ਹਾਂ ਦੀ ਸ਼ਹਾਦਤ ਦਾ ਬਹੁਤ ਦੁੱਖ ਹੋਇਆ ਸੀ। ਸਿੱਖ ਇਤਿਹਾਸ ਅਤੇ ਖਾਲਸਾ ਰਾਜ ਵਿੱਚ ਅਕਾਲੀ ਫੂਲਾ ਸਿੰਘ ਦਾ ਵਿਸ਼ੇਸ਼ ਸਥਾਨ ਹੈ। ਅਕਾਲੀ ਜੀ ਦੀ ਮਹਾਨ ਸ਼ਖਸੀਅਤ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਪਾਰਖੂ ਅੱਖ ਨੇ ਪਛਾਣ ਕੇ ਰਾਜ ਉਸਾਰੀ ਹਿਤ ਲਾ ਲਿਆ।

ਨੌਸ਼ਹਿਰਾ ਤੋਂ 6 ਕਿ.ਮੀ. ਦੀ ਵਿੱਥ 'ਤੇ ਦਰਿਆ ਲੁੰਡਾ ਦੇ ਕਿਨਾਰੇ ਅਕਾਲੀ ਫੂਲਾ ਸਿੰਘ ਦੀ ਸ਼ਹਾਦਤ ਦੀ ਯਾਦ ਵਿਚ ਸਮਾਧ ਭਾਵ 'ਸ਼ਹੀਦ ਗੰਜ ਅਕਾਲੀ ਬਾਬਾ ਫੂਲਾ ਸਿੰਘ' ਬਣਿਆ ਹੋਇਆ ਹੈ। ਇਸ ਥਾਂ ਦੇ ਨਾਮ ਮਹਾਰਾਜਾ ਰਣਜੀਤ ਸਿੰਘ ਨੇ ਜਾਗੀਰ ਲਗਵਾਈ ਸੀ। ਅੰਮ੍ਰਿਤਸਰ ਵਿਖੇ ਜਿੱਥੇ ਆਪ ਜੀ ਰਹਿੰਦੇ ਸੀ, ਉਸ ਥਾਂ 'ਤੇ 'ਬੁਰਜ ਅਕਾਲੀ ਬਾਬਾ ਫੂਲਾ ਸਿੰਘ' ਬਣਿਆ ਹੋਇਆ ਹੈ। ਤਰਨਤਾਰਨ, ਅਜਨੋਹਾ, ਪਟਿਆਲਾ, ਦਿਲੀ ਆਦਿ ਸਥਾਨਾਂ 'ਤੇ ਅਕਾਲੀ ਜੀ ਯਾਦ ਵਿਚ ਗੁਰਦੁਆਰੇ, ਸਕੂਲ ਅਤੇ ਯਾਦਗਾਰ ਅਸਥਾਨ ਬਣੇ ਹੋਏ ਹਨ।

ਪਿੰਡ ਦੇਹਲਾ ਸ਼ੀਂਹਾਂ ਵਿਚ ਅਕਾਲੀ ਫੂਲਾ ਸਿੰਘ ਦਾ ਜਨਮ ਅਸਥਾਨ ਸੰਤ ਬਾਬਾ ਗੁਰਬਚਨ ਸਿੰਘ ਕਾਲੀ ਕੰਬਲੀ ਪਟਿਆਲਾ ਵਾਲਿਆਂ ਨੇ 1962 ਈ. ਵਿੱਚ ਪ੍ਰਗਟ ਕੀਤਾ। ਬਾਬਾ ਜਗਤਾਰ ਸਿੰਘ ਤਰਨ-ਤਾਰਨ ਵਾਲੇ, ਸੱਚਖੰਡ ਵਾਸੀ ਬਾਬਾ ਹਰਬੰਸ ਸਿੰਘ ਬੀਰ ਸ਼ਾਹਬਾਦ ਅਤੇ ਬਾਬਾ ਕ੍ਰਿਪਾਲ ਸਿੰਘ ਭਵਾਨੀਗੜ੍ਹ ਵਾਲਿਆਂ ਨੇ ਇਸ ਅਸਥਾਨ 'ਤੇ ਸਥਾਨਿਕ ਸੰਗਤ ਦੇ ਸਹਿਯੋਗ ਨਾਲ ਵਰਤਮਾਨ ਗੁਰਦੁਆਰਾ ਸਾਹਿਬ ਦੀ ਸ਼ਾਨਦਾਰ ਇਮਾਰਤ ਬਣਵਾਈ ਹੈ। ਗੁਰਦੁਆਰਾ ਸਾਹਿਬ ਦੀ ਚਾਰ ਦੀਵਾਰੀ ਲਗਭਗ 2 ਏਕੜ ਦੇ ਵਿੱਚ ਹੈ। ਸੁੰਦਰ ਦਰਸਨੀ ਡਿਊਢੀ ਬਣੀ ਹੋਈ ਹੈ। ਕਰੀਬ 5 ਏਕੜ ਜ਼ਮੀਨ ਗੁਰਦੁਆਰੇ ਦੇ ਨਾਮ ਹੈ। ਅਕਾਲੀ ਫੂਲਾ ਸਿੰਘ ਦਾ ਪੁਰਾਤਨ ਜਨਮ-ਅਸਥਾਨ (ਬਾਰਾਂਦਰੀ), ਪੁਰਾਤਨ ਬੋਹੜ, ਪੁਰਾਤਨ ਖੂਹ ਅੱਜ ਵੀ ਮੌਜੂਦ ਹੈ। ਮੌਜੂਦਾ ਸਮੇਂ ਇਨਾਂ ਨੂੰ 'ਪੁਰਾਤਤਵ ਵਿਭਾਗ' ਨੇ ਆਪਣੇ ਅਧੀਨ ਲੈ ਲਿਆ ਹੈ। ਇਸ ਇਲਾਕੇ ਵਿੱਚ ਵਿੱਦਿਆ ਦੇ ਪ੍ਰਚਾਰ-ਪ੍ਰਸਾਰ ਲਈ ਪਿੰਡ ਵਿਚ ਅਕਾਲੀ ਜੀ ਦੇ ਨਾਮ 'ਤੇ 'ਪੰਜਾਬੀ ਯੂਨੀਵਰਸਿਟੀ ਅਕਾਲੀ ਫੂਲਾ ਸਿੰਘ ਨੇਬਰਹੁੱਡ ਕੈਂਪਸ' ਖੋਲਿਆ ਹੋਇਆ ਹੈ। ਗੁਰਦੁਆਰਾ ਸਾਹਿਬ ਦਾ ਸਾਰਾ ਪ੍ਰਬੰਧ ਸਥਾਨਕ ਕਮੇਟੀ ਅਧੀਨ ਹੈ। ਇਸ ਅਸਥਾਨ 'ਤੇ ਹਰ ਸਾਲ ਇਲਾਕੇ ਦੀ ਸੰਗਤ ਦੇ ਸਹਿਯੋਗ ਨਾਲ 10 ਤੋਂ 14 ਮਾਰਚ ਤੱਕ ਅਕਾਲੀ ਫੂਲਾ ਸਿੰਘ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ।

# ਦਸਮ ਪਿਤਾ ਦਾ ਲਾਡਲਾ ਪੀਰ ਬੁੱਧੂ ਸ਼ਾਹ

ਪੀਰ ਬੁੱਧੂ ਸ਼ਾਹ ਦਾ ਜਨਮ 13 ਜੂਨ, 1647 ਈ. ਨੂੰ ਸੱਯਦ ਗੁਲਾਮ ਸ਼ਾਹ ਦੇ ਘਰ ਅੰਬਾਲਾ ਜ਼ਿਲੇ ਦੇ ਸਢੌਰਾ ਕਸਬੇ ਵਿਚ ਹੋਇਆ। ਪੀਰ ਜੀ ਦਾ ਪੂਰਾ ਨਾਂ ਸੱਯਦ ਬਦਰੁੱਦੀਨ ਸ਼ਾਹ ਸੀ। ਪੀਰ ਜੀ ਬਚਪਨ ਤੋਂ ਹੀ ਘੱਟ ਬੋਲਣ ਵਾਲੇ, ਗੰਭੀਰ ਅਤੇ ਸਾਦੇ ਸੁਭਾਅ ਵਾਲੇ ਸਨ। ਇਸੇ ਕਰਕੇ ਲੋਕਾਂ ਨੇ ਪੀਰ ਜੀ ਨੂੰ ਬੁੱਧੂ ਕਹਿਣਾ ਸ਼ੁਰੂ ਕਰ ਦਿੱਤਾ। ਇਹ ਨਾਂ ਪੀਰ ਜੀ ਦੇ ਸੁਭਾਅ ਕਰਕੇ ਪੱਕੇ ਤੌਰ 'ਤੇ ਉਨਾਂ ਨਾਲ ਜੁੜ ਗਿਆ। ਪੀਰ ਜੀ ਦੇ ਵੱਡੇ ਵਡੇਰੇ ਪਹਿਲਾਂ ਸਮਾਣੇ ਰਹਿੰਦੇ ਸਨ ਪਰ ਇਸ ਤੋਂ ਪਿੱਛੋਂ ਸਢੌਰੇ ਆ ਵਸੇ। ਜਿਸ ਮੁਹੱਲੇ ਵਿਚ ਇਹ ਪਰਿਵਾਰ ਆ ਕੇ ਵਸਿਆ, ਉਹ ਬਾਅਦ ਵਿਚ ਸੱਯਦਾਂ ਵਾਲਾ ਮੁਹੱਲਾ ਕਰਕੇ ਪ੍ਰਸਿੱਧ ਹੋਇਆ।

ਇਕ ਵਾਰ ਅਜਿਹਾ ਸਮਾਂ ਆਇਆ, ਜਦੋਂ ਸਮੇਂ ਦੇ ਬਾਦਸ਼ਾਹ ਔਰੰਗਜ਼ੇਬ ਨੇ ਆਪਣੀ ਫ਼ੌਜ ਦੇ ਬਹੁਤ ਸਾਰੇ ਪਠਾਣਾਂ ਨੂੰ ਨੌਕਰੀ ਤੋਂ ਜਵਾਬ ਦੇ ਦਿੱਤਾ। ਉਹ ਸਾਰੇ ਪਠਾਣ ਪੀਰ ਜੀ ਕੋਲ ਆਪਣੇ ਦੁਖੜੇ ਰੋਣ ਲਈ ਪਹੁੰਚੇ। ਪੀਰ ਜੀ ਨੇ ਉਨਾਂ ਪਠਾਣਾਂ ਨੂੰ ਨੌਕਰੀ ਦਿਵਾਉਣ ਲਈ ਪਾਉਂਟਾ ਸਾਹਿਬ ਜਾ ਕੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ। ਗੁਰੂ ਸਾਹਿਬ ਨੇ ਪੀਰ ਜੀ ਦੀ ਬੇਨਤੀ ਮੰਨਦਿਆਂ ਸਾਰੇ ਪਠਾਣਾਂ ਨੂੰ ਆਪਣੇ ਕੋਲ ਰੱਖ ਲਿਆ। ਪਰ ਜਦੋਂ ਪਹਾੜੀ ਰਾਜਿਆਂ ਵਲੋਂ ਕਲਗੀਧਰ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਨੂੰ ਮਜਬੂਰ ਕਰਕੇ ਲੜਾਈ ਛੇੜ ਦਿੱਤੀ ਗਈ ਤਾਂ ਇਨਾਂ ਪਠਾਣਾਂ ਵਿਚੋਂ ਇਕ ਪਠਾਣ ਜਰਨੈਲ ਕਾਲੇ ਖਾਨ ਤੋਂ ਬਿਨਾਂ ਬਾਕੀ ਤਿੰਨ ਜਰਨੈਲ ਭੀਖਣ ਖਾਨ, ਨਜ਼ਾਬਤ ਖਾਨ ਅਤੇ ਹਯਾਤ ਖਾਨ ਨਮਕ ਹਰਾਮੀ ਕਰਕੇ ਗੁਰੂ ਸਾਹਿਬ ਨੂੰ ਛੱਡ ਕੇ ਚਲੇ ਗਏ। ਕੇਵਲ ਛੱਡਿਆ ਹੀ ਨਹੀਂ, ਸਗੋਂ ਪਹਾੜੀ ਰਾਜਿਆਂ ਦੀ ਫ਼ੌਜ ਨਾਲ ਜਾ ਰਲੇ। ਜਦੋਂ ਪੀਰ ਜੀ ਨੂੰ ਇਹ ਖ਼ਬਰ ਮਿਲੀ ਤਾਂ ਪੀਰ ਜੀ ਆਪਣੇ ਸੱਤ ਸੌ ਮੁਰੀਦਾਂ, ਚਾਰ ਪੁੱਤਰਾਂ ਅਤੇ ਇਕ ਭਰਾ ਸਮੇਤ ਭੰਗਾਣੀ ਦੇ ਮੈਦਾਨ ਵਿਚ ਪੁੱਜੇ ਅਤੇ ਇਸ ਗਹਿਗੱਚ ਯੁੱਧ ਵਿਚ ਆਪਣਾ ਯੋਗਦਾਨ ਪਾਇਆ। ਇਸ ਯੁੱਧ ਵਿਚ ਪੀਰ ਜੀ ਦੇ ਅਨੇਕਾਂ ਮੁਰੀਦਾਂ, ਦੋ ਪੁੱਤਰਾਂ ਅਤੇ ਇਕ ਭਰਾ ਨੇ ਸ਼ਹਾਦਤ ਦਾ ਜਾਮ ਪੀਤਾ।



ਇਤਿਹਾਸਕ ਤੱਥ ਇਸ ਗੱਲ ਨੂੰ ਬਿਆਨ ਕਰਦੇ ਹਨ, ਜਦੋਂ ਕਲਗੀਧਰ ਪਾਤਸ਼ਾਹ ਨੇ ਯੁੱਧ ਤੋਂ ਉਪਰੰਤ ਬੇਸ਼ਕੀਮਤੀ ਵਸਤੂਆਂ, ਧਨ-ਦੌਲਤ, ਪੀਰ ਜੀ ਨੂੰ ਬਖਸ਼ਿਸ਼ ਵਜੋਂ ਲੈਣ ਲਈ ਕਿਹਾ ਤਾਂ ਪੀਰ ਜੀ ਨਿਮਾਣੇ ਸਿੱਖ ਸ਼ਰਧਾਲੂ ਵਜੋਂ ਹੱਥ ਜੋੜ ਕੇ ਗੁਰੂ ਸਾਹਿਬ ਦੇ ਸਨਮੁਖ ਖਲੋ ਗਏ, ਇਹ ਵਸਤਾਂ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਉਸ ਸਮੇਂ ਗੁਰੂ ਸਾਹਿਬ ਨੇ ਕੇਸਾਂ ਨੂੰ ਕੰਘੇ ਨਾਲ ਸੰਵਾਰ ਕੇ ਦਸਤਾਰ ਸਜਾਉਣ ਦੀ ਤਿਆਰੀ ਵਿਚ ਸਨ। ਪੀਰ ਜੀ ਨੇ ਬੜੀ ਅਧੀਨਗੀ ਨਾਲ ਕੰਘੇ ਵਿਚ ਫਸੇ ਗੁਰੂ ਸਾਹਿਬ ਦੇ ਰੋਮਾਂ (ਕੇਸਾਂ) ਨੂੰ ਆਪਣੀ ਝੋਲੀ ਫੈਲਾਅ ਕੇ ਪ੍ਰਵਾਨ ਕੀਤਾ। ਕੰਘੇ ਸਮੇਤ ਕੇਸਾਂ ਨੂੰ ਪ੍ਰਾਪਤ ਕਰਕੇ ਇਸ ਵਡਮੁੱਲੇ ਤੋਹਫ਼ੇ ਨੂੰ ਆਪਣੇ ਜੀਵਨ ਦੌਰਾਨ ਸੰਭਾਲ ਕੇ ਰੱਖਣ ਅਤੇ ਦਰਸ਼ਨ-ਦੀਦਾਰੇ ਕਰਨ ਦਾ ਸੁਭਾਗ ਜੀਵਨ ਭਰ ਨਿਭਾਇਆ। ਗੁਰੂ ਸਾਹਿਬ ਨੇ ਭਰੇ ਦੀਵਾਨ ਵਿਚ ਪਾਉਂਟਾ ਸਾਹਿਬ ਦੀ ਪਾਵਨ ਧਰਤੀ ਤੋਂ ਇਸ ਵਡਮੁੱਲੇ ਤੋਹਫ਼ੇ ਤੋਂ ਇਲਾਵਾ ਇਕ ਛੋਟੀ ਕਿਰਪਾਨ, ਦਸਤਾਰ ਅਤੇ ਹੁਕਮਨਾਮਾ ਵੀ ਪੀਰ ਜੀ ਨੂੰ ਬਖ਼ਸ਼ਿਆ, ਜੋ ਸਮਾਂ ਪੈ ਕੇ ਪੀਰ ਜੀ ਦੇ ਵਾਰਸਾਂ ਨੂੰ ਜਗੀਰ ਪ੍ਰਦਾਨ ਕਰਕੇ ਮਹਾਰਾਜਾ ਨਾਭਾ ਸ. ਭਰਪੂਰ ਸਿੰਘ ਨੇ ਸ਼ਰਧਾ ਸਹਿਤ ਆਪਣੇ ਮਹਿਲਾਂ ਵਿਚ ਇਨਾਂ ਵਸਤਾਂ ਨੂੰ ਸੁਸ਼ੋਭਿਤ ਕੀਤਾ। ਪਰ ਭਰੋਸੇਯੋਗ ਗਵਾਹੀ ਤੋਂ ਪਤਾ ਲੱਗਾ ਹੈ ਕਿ ਇਹ ਛੋਟੀ ਕਿਰਪਾਨ ਪੀਰ ਜੀ ਦੇ ਮੌਜੂਦਾ ਵਾਰਸਾਂ ਪਾਸ ਅਮਰੀਕਾ ਦੇ ਸ਼ਹਿਰ ਲਾਸਏਂਜਲਸ ਵਿਚ ਸਤਿਕਾਰ ਨਾਲ ਸਾਂਭੀ ਹੋਈ ਹੈ।

ਪੀਰ ਜੀ ਵਲੋਂ ਗੁਰੂ ਸਾਹਿਬ ਦੀ ਭੰਗਾਣੀ ਦੇ ਯੁੱਧ ਵਿਚ ਕੀਤੀ ਸਹਾਇਤਾ ਕਰਕੇ ਬਾਦਸ਼ਾਹ ਔਰੰਗਜ਼ੇਬ ਦੇ ਕੰਨ ਭਰੇ ਗਏ। ਔਰੰਗਜ਼ੇਬ ਨੇ ਸਢੌਰੇ ਦੇ ਹਾਕਮ ਉਸਮਾਨ ਖਾਨ ਨੂੰ ਪੀਰ ਜੀ ਨੂੰ ਕਤਲ ਕਰਨ ਦਾ ਆਦੇਸ਼ ਦਿੱਤਾ। ਸਰਹਿੰਦ ਦੇ ਫ਼ੌਜਦਾਰ ਨੇ ਬਾਦਸ਼ਾਹ ਦੇ ਹੁਕਮ ਨੂੰ ਉਸਮਾਨ ਖਾਨ ਤੱਕ ਪਹੁੰਚਾਇਆ। ਪੀਰ ਜੀ ਨੂੰ ਇਹ ਖ਼ਬਰ ਪਹਿਲਾਂ ਹੀ ਮਿਲ ਚੁੱਕੀ ਸੀ, ਉਨਾਂ ਆਪਣਾ ਪਰਿਵਾਰ ਨਾਹਨ ਅਤੇ ਸਮਾਣਾ ਭੇਜ ਦਿੱਤਾ। ਸਢੌਰੇ ਦੇ ਹਾਕਮ ਉਸਮਾਨ ਖ਼ਾਨ ਨੇ 21 ਮਾਰਚ, 1704 ਨੂੰ ਪੀਰ ਬੁੱਧੂ ਸ਼ਾਹ ਨੂੰ ਬੜੀ ਬੇਦਰਦੀ ਨਾਲ ਟੋਟੇ-ਟੋਟੇ ਕਰਕੇ ਸ਼ਹੀਦ ਕੀਤਾ। ਇਤਿਹਾਸ ਦੇ ਖੋਜੀ ਤੱਥਾਂ ਮੁਤਾਬਿਕ ਪੀਰ ਜੀ ਦੀ ਅੰਸ਼-ਵੰਸ਼ ਦੇ ਪਰਿਵਾਰ 1947 ਈ. ਵਿਚ ਦੇਸ਼ ਦੀ ਵੰਡ ਸਮੇਂ ਪੱਛਮੀ ਪੰਜਾਬ (ਪਾਕਿਸਤਾਨ) ਦੇ ਝੰਗ ਜ਼ਿਲ੍ਹੇ ਵਿਚ ਜਾ ਵਸੇ।

**(23 ਮਾਰਚ ਨੂੰ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੀਤ)**

## ਅਣਖੀ ਜਵਾਨ

**ਡਾ. ਆਤਮਾ ਸਿੰਘ ਗਿੱਲ, 9878883680**

ਲੋਕੋ ਜ਼ੁਲਮ ਨਹੀਂ ਸਹਿਣਾ ਸਿੱਖਿਆ ਕਦੇ ਜਵਾਨਾਂ ਨੇ।
ਅਣਖ ਇੱਜ਼ਤ ਨਾਲ ਰਹਿਣਾ ਸਿੱਖਿਆ ਤਦੇ ਜਵਾਨਾਂ ਨੇ।
ਗਿੱਧੇ ਭੰਗੜੇ ਕਿੱਕਲੀ ਜਿਥੇ ਮੇਲੇ ਲੱਗਦੇ ਸੀ।
ਚਾਵਾਂ ਰੀਝਾਂ ਖੁਸ਼ੀਆਂ ਦੇ ਦਰਿਆ ਪਏ ਵਗਦੇ ਸੀ।
ਲੱਗੀ ਨਜ਼ਰ ਜ਼ਮਾਨੇ ਦੀ ਤੇ ਪੈ ਗਈਆਂ ਉਜਾੜਾਂ।
ਮੁਗਲਾਂ ਤੁਰਕਾਂ ਗਜ਼ਨਵੀਆਂ ਦੀਆਂ ਪੈਂਦੀਆਂ ਰਹੀਆਂ ਮਾਰਾਂ।
ਲੁੱਟ ਕੇ ਖਾ ਲਿਆ ਸੋਨ-ਚਿੜੀ ਨੂੰ ਧਾੜਵੀਆਂ ਅਫ਼ਗਾਨਾਂ ਨੇ।
ਲੋਕੋ ਜ਼ੁਲਮ ਨਹੀਂ ਸਹਿਣਾ ਸਿੱਖਿਆ ਕਦੇ ਜਵਾਨਾਂ ਨੇ।
ਫਿਰ ਅੰਗਰੇਜ਼ਾਂ ਦੀ ਹਕੂਮਤ ਹਿੰਦੁਸਤਾਨੀਆਂ ਵੇਖੀ।
ਲੋਕਾਂ ਉੱਤੇ ਜ਼ੁਲਮ ਕਮਾਇਆ ਬਣ ਕੇ ਘਰ ਦੇ ਭੇਤੀ।
ਹਿੰਦੂ ਮੁਸਲਿਮ ਭਰਤੀ ਕਰ ਲਏ ਜ਼ੁਲਮ ਅਨੋਖਾ ਕੀਤਾ।
ਗਊ ਸੂਰ ਦਾ ਚਮੜਾ ਲਾਇਆ ਬੰਦੂਕਾਂ ਤੇ ਫੀਤਾ।
ਕਰ ਦਿੱਤਾ ਵਿਦਰੋਹ ਫਿਰ ਮੰਗਲ ਪਾਂਡੇ ਜਿਹੇ ਇਨਸਾਨਾਂ ਨੇ।
ਲੋਕੋ ਜ਼ੁਲਮ ਨਹੀਂ ਸਹਿਣਾ ਸਿੱਖਿਆ ਕਦੇ ਜਵਾਨਾਂ ਨੇ।
ਜਲਿਆਂ ਵਾਲੇ ਬਾਗ ਦਾ ਖੂਨੀ ਸਾਕਾ ਕਦੇ ਵੀ ਭੁੱਲਦਾ ਨਹੀਂ।
ਦੇਸ਼ ਕੌਮ ਲਈ ਸੂਰਬੀਰਾਂ ਦਾ ਖੂਨ ਅਜਾਈਂ ਡੁੱਲਦਾ ਨਹੀਂ।
ਨਿਰਦੋਸ਼ਾਂ ਦੇ ਉੱਤੇ ਗੋਲੀ ਚੱਲੀ ਸੀ ਅੰਗਰੇਜ਼ਾਂ ਦੀ।
ਗੱਲ ਨਹੀਂ ਇਤਿਹਾਸ 'ਚ ਹੋਈ ਪਹਿਲਾਂ ਕਦੇ ਵੀ ਏਦਾਂ ਦੀ।
ਊਧਮ ਸਿੰਘ ਕਹਿੰਦਾ ਨਹੀਂ ਛੱਡਣਾ ਜਿਸ ਨੇ ਲਈਆਂ ਜਾਨਾਂ ਨੇ।
ਲੋਕੋ ਜ਼ੁਲਮ ਨਹੀਂ ਸਹਿਣਾ ਸਿੱਖਿਆ ਕਦੇ ਜਵਾਨਾਂ ਨੇ।
ਗ਼ਦਰ ਅੰਦੋਲਨ ਚੱਲਿਆ ਕੀਤੇ ਗੋਰਿਆਂ ਦੇ ਦੰਦ ਖੱਟੇ।
ਕਹਿੰਦੇ ਇਥੋਂ ਕੱਢ ਕੇ ਛੱਡਣਾ ਸਾਰੇ ਹੋ ਗਏ ਕੱਠੇ।
ਕਰਤਾਰ ਸਿੰਘ ਸਰਾਭੇ ਵਰਗੇ ਫਾਂਸੀ ਚੜ੍ਹੇ ਦੀਵਾਨੇ।
ਰਾਜਗੁਰੂ ਸੁਖਦੇਵ ਭਗਤ ਸਿੰਘ ਅਜ਼ਾਦੀ ਦੇ ਪਰਵਾਨੇ।
ਦੇਸ ਆਜ਼ਾਦ ਕਰਾ ਕੇ ਛੱਡਿਆ ਸੂਰਬੀਰਾਂ ਬਲਵਾਨਾਂ ਨੇ।
ਲੋਕੋ ਜ਼ੁਲਮ ਨਹੀਂ ਸਹਿਣਾ ਸਿੱਖਿਆ ਕਦੇ ਜਵਾਨਾਂ ਨੇ।
ਪਾੜੋ ਰਾਜ ਕਰੋ ਦੀ ਨੀਤੀ ਪਾ ਗਈ ਫਿਰ ਵੰਡਾਂ।
ਏਨੀਆਂ ਗੂੜੀਆਂ ਸਾਂਝਾਂ ਵਾਲੀਆਂ ਖੁੱਲ ਗਈਆਂ ਸੀ ਗੰਢਾਂ।
ਲੁੱਟਾਂ ਖੋਹਾਂ ਕਤਲੋਗਾਰਤ ਧੀਆਂ ਭੈਣਾਂ ਮਾਵਾਂ।
ਧਰਤੀ ਵੰਡ ਲਈ ਪਾਣੀ ਵੰਡ ਲਏ ਵੰਡ ਲਈਆਂ ਨੇ ਛਾਵਾਂ।
ਲੱਖਾਂ ਬਲੀਆਂ ਮੰਗੀਆਂ ਇਹਨਾਂ ਹਿੰਦੋ-ਪਾਕਿਸਤਾਨਾਂ ਨੇ।

ਬਾਕੀ ਸਫ਼ਾ 31 'ਤੇ

# ਬੋਲੇ ਸੋ ਨਿਹਾਲ



ਹੰਸਰਾਜ ਰਹਿਬਰ



ਅਨੁਵਾਦ : ਮਹਿੰਦਰ ਬੇਦੀ, ਜੈਤੋ
9417730600

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ : 20**

ਜਿਹੜੇ ਜ਼ਿਮੀਂਦਾਰ ਗੱਖੜ-ਪੱਖੜ, ਰੰਧਾਵੇ-ਸੰਧਾਵੇ ਤੇ ਪਠਾਨ-ਸ਼ਠਾਨ ਅਦੀਨਾ ਬੇਗ ਦੇ ਝੰਡੇ ਹੇਠ ਇਕੱਠੇ ਹੋਏ ਸਨ, ਉਹ ਸਾਰੇ ਆਪੋ ਆਪਣੇ ਖੁੱਡਿਆਂ ਵਿਚ ਜਾ ਲੁਕੇ। ਦਲ-ਖਾਲਸਾ ਨੇ ਫੇਰ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਨੂੰ ਆਪਣੀ ਰਾਖੀ ਵਿਚ ਲੈਣਾ ਸ਼ੁਰੂ ਕਰ ਦਿੱਤਾ ਤੇ ਆਪਣੇ ਦੁਸ਼ਮਣਾਂ ਤੋਂ ਬਦਲੇ ਲਏ। ਖਵਾਜ਼ਾ ਮਿਰਜ਼ਾ ਖਾਂ ਜਿਹੜਾ ਲਾਹੌਰ ਵਿਚ ਅਦੀਨਾ ਬੇਗ ਦਾ ਨਾਇਬ ਸੀ, ਖ਼ੁਦ ਨਵਾਬ ਬਣ ਬੈਠਾ। ਇਧਰ ਸਿੱਖ ਸਨ ਤੇ ਉਧਰ ਪੱਛਮ ਵਿਚ ਅਫਗਾਨਾਂ ਨੇ ਫੇਰ ਛਾਪੇ ਮਾਰਨੇ ਸ਼ੁਰੂ ਕਰ ਦਿੱਤੇ ਸਨ। ਆਪਣੇ ਆਪ ਨੂੰ ਦੋ ਪਾਸਿਓਂ ਖਤਰੇ ਵਿਚ ਘਿਰਿਆ ਦੇਖ ਕੇ ਖਵਾਜ਼ਾ ਮਿਰਜ਼ਾ ਨੇ ਸਿੱਖਾਂ ਵੱਲ ਸੁਲਾਹ ਦਾ ਹੱਥ ਵਧਾਇਆ। ਉਸ ਨੇ ਆਪਣੇ ਵਕੀਲ ਦੁਆਰਾ ਉਨਾਂ ਨੂੰ ਇਹ ਸੁਨੇਹਾ ਭੇਜਿਆ ਕਿ ਜੇ ਤੁਸੀਂ ਲੋਕ ਅਬਦਾਲੀ ਦੇ ਖ਼ਿਲਾਫ਼ ਮੇਰੀ ਮਦਦ ਕਰੋ ਤਾਂ ਮੈਂ ਤੁਹਾਡੇ ਵਿਰੁੱਧ ਦੁਆਬੇ ਵਿਚ ਕੋਈ ਕਾਰਵਾਈ ਨਹੀਂ ਕਰਾਂਗਾ। ਸੁਲਾਹ ਦੇ ਇਸ ਸੰਦੇਸ਼ ਉਪਰ ਵਿਚਾਰ ਕਰਨ ਲਈ ਸਰਬੱਤ ਖਾਲਸਾ ਦੀ ਬੈਠਕ ਹੋਈ। ਜੱਸਾ ਸਿੰਘ ਆਹਲੂਵਾਲੀਆ ਨੇ ਸਿੰਘਾਂ ਨੂੰ ਸੰਬੋਧਨ ਕਰਦਿਆਂ ਕਿਹਾ, 'ਪਹਿਲਾ ਫਾਇਦਾ ਇਹ ਹੈ ਕਿ ਅਸੀਂ ਦੁਆਬੇ ਤੇ ਮਾਲਵੇ ਵਿਚ ਬੇਧੜਕ ਆਪਣੇ ਪੈਰ ਪੱਕੇ ਕਰ ਸਕਾਂਗੇ ਤੇ ਦੁਰਾਨੀਆਂ ਦਾ ਮੁਕਾਬਲਾ ਕਰਨ ਲਈ ਆਪਣੀ ਤਾਕਤ ਵਧਾਵਾਂਗੇ। ਦੂਜੀ ਗੱਲ ਇਹ ਹੈ ਕਿ ਦੁਰਾਨੀ ਵਿਦੇਸ਼ੀ ਨੇ ਅਬਦਾਲੀ ਹਿੰਦੁਸਤਾਨ ਉੱਤੇ ਆਪਣਾ ਕਬਜਾ ਕਰਨਾ ਚਾਹੁੰਦਾ ਹੈ। ਜੇ ਇੰਜ ਹੋਇਆ ਤਾਂ ਪੰਜਾਬ ਅਫਗਾਨੀ ਰਾਜ ਦਾ ਇਕ ਹਿੱਸਾ ਬਣ ਜਾਏਗਾ। ਇਸ ਦਾ ਮਤਲਬ ਇਹ ਹੋਇਆ ਕਿ ਇਕ ਗ਼ੁਲਾਮੀ ਵਿਚੋਂ ਨਿਕਲ ਕੇ ਦੂਜੀ ਗ਼ੁਲਾਮੀ ਵਿਚ ਚਲਾ ਜਾਏਗਾ। ਅਸੀਂ ਹੁਣ ਤਕ ਜਿੰਨੀਆਂ ਕੁਰਬਾਨੀਆਂ ਦਿੱਤੀਆਂ ਨੇ, ਇਸ ਵਿਦੇਸ਼ੀ ਗ਼ੁਲਾਮੀ ਦੇ ਜੂਲੇ ਨੂੰ ਉਤਾਰ ਸੁੱਟਣ ਲਈ ਦਿੱਤੀਆਂ ਨੇ। ਜੇ ਅਸੀਂ ਦੇਸ਼ ਨੂੰ ਵਿਦੇਸ਼ੀ ਗ਼ੁਲਾਮੀ ਵਿਚ ਜਾਣ ਤੋਂ ਬਚਾਅ ਲਿਆ ਤਾਂ ਇਹ ਖਵਾਜ਼ੇ-ਬਵਾਜ਼ੇ ਕੁਝ ਨਹੀਂ। ਇਨਾਂ ਨਾਲ ਅਸੀਂ ਆਸਾਨੀ ਨਾਲ ਨਿੱਬੜ ਲਵਾਂਗੇ।'

ਗੱਲ ਸਭ ਦੇ ਮਨ ਲੱਗੀ ਤੇ ਖਵਾਜ਼ਾ ਮਿਰਜ਼ਾ ਖਾਂ ਦੀ ਮਦਦ ਕਰਨ ਦਾ ਗੁਰਮਤਾ ਪਾਸ ਹੋ ਗਿਆ।

ਅਹਿਮਦ ਸ਼ਾਹ ਅਬਦਾਲੀ ਨੂੰ ਜਦੋਂ ਅਦੀਨਾ ਬੇਗ ਦੀ ਮੌਤ ਦੀ ਖਬਰ ਮਿਲੀ, ਉਹ ਮੀਰ ਨਸੀਰ ਖਾਂ ਦੇ ਸ਼ਹਿਰ ਕਲਾਤ ਦੀ ਘੇਰਾਬੰਦੀ ਕਰੀ ਬੈਠਾ ਸੀ। ਉਸਨੇ ਨੂਰੂਦੀਨ ਵਾਮੇਜਾਈ ਨੂੰ ਫੌਜ ਦੇ ਕੇ ਪੰਜਾਬ ਵੱਲ ਰਵਾਨਾ ਕਰ ਦਿੱਤਾ। ਉਸ ਸਤੰਬਰ ਦੇ ਅੰਤ ਤਕ ਬੜੀ ਆਸਾਨੀ ਨਾਲ ਸਿੰਧ ਨਦੀ ਪਾਰ ਕਰਕੇ ਸਿੰਧ ਸਾਗਰ ਦੁਆਬੇ ਵਿਚ ਆ ਪਹੁੰਚਿਆ। ਡੇਰਾ, ਮੀਆਨੀਅਤ ਤੇ ਚਕਸਾਨੂੰ ਆਦਿ ਸ਼ਹਿਰਾਂ ਵਿਚ ਲੁੱਟਮਾਰ ਤੇ ਸਾੜ-ਫੂਕ ਕਰਦਾ ਝਨਾਂ ਦੇ ਕੰਢੇ ਆ ਪਹੁੰਚਿਆ। ਖਵਾਜ਼ਾ ਮਿਰਜ਼ਾ ਖਾਂ ਵੀ ਸਿੰਘਾਂ ਨੂੰ ਨਾਲ ਲੈ ਕੇ ਮੁਕਾਬਲੇ ਲਈ ਆ ਡਟਿਆ ਤੇ ਖ਼ੂਬ ਲੜਾਈ ਹੋਈ। ਨੂਰੂਦੀਨ ਮੂੰਹ ਦੀ ਖਾ ਕੇ ਪਿੱਛੇ ਪਰਤ ਗਿਆ।

ਖਵਾਜ਼ਾ ਮਿਰਜ਼ਾ ਖਾਂ ਜਦੋਂ ਕਿਸੇ ਮੁਹਿੰਮ ਉੱਤੇ ਜਾਂਦਾ ਸੀ ਤਾਂ ਲਾਹੌਰ ਸ਼ਹਿਰ ਦਾ ਪ੍ਰਬੰਧ ਆਪਣੇ ਭਰਾ ਖਵਾਜ਼ਾ ਮੁਹੰਮਦ ਸਈਦ ਨੂੰ ਸੰਭਲਾ ਕੇ ਜਾਂਦਾ ਸੀ। ਮੁਹੰਮਦ ਸਈਦ ਬੜਾ ਨਿਰਦਈ ਤੇ ਲਾਲਚੀ ਆਦਮੀ ਸੀ। ਉਸਨੇ ਲੋਕਾਂ ਉਪਰ ਬੜੇ ਜ਼ੁਲਮ ਕੀਤੇ ਸਨ। ਵੱਡੇ ਵੱਡੇ ਜ਼ੁਰਮਾਨੇ ਲਾ ਦਿੰਦਾ ਤੇ ਦਹਿਸ਼ਤ ਪੈਦਾ ਕਰਨ ਲਈ ਹਰ ਰੋਜ਼ ਦੋ ਚਾਰ ਜਣਿਆਂ ਨੂੰ ਫਾਂਸੀ ਦਾ ਹੁਕਮ ਸੁਣਾ ਦਿੰਦਾ। ਇੰਜ ਉਸਨੇ ਕੁਝ ਸਿੱਖਾਂ ਨੂੰ ਵੀ ਕਤਲ ਕਰ ਦਿੱਤਾ ਤੇ ਸ਼ਹਿਰ ਦੇ ਸੱਜਣ ਤੇ ਖਾਂਦੇ-ਪੀਂਦੇ ਨਾਗਰਿਕਾਂ ਦੀਆਂ ਤਲਾਸ਼ੀਆਂ ਲੈ ਕੇ ਉਹਨਾਂ ਦੇ ਰੁਪਏ ਪੈਸੇ ਤੇ ਗਹਿਣੇ ਵਗੈਰਾ ਖੋਹ ਲਏ।

ਲੋਕ ਫਰਿਆਦ ਲੈ ਕੇ ਜੱਸਾ ਸਿੰਘ ਆਹਲੂਵਾਲੀਆ ਕੋਲ ਪਹੁੰਚੇ ਤਾਂ ਉਹ ਆਪਣੇ ਜੱਥੇ ਦੇ ਨਾਲ ਲਾਹੌਰ ਆ ਪਹੁੰਚਿਆ ਤੇ ਮਜੰਗ ਵਿਚ ਡੇਰਾ ਲਾ ਲਿਆ। ਮੁਹੰਮਦ ਸਈਦ ਨੂੰ ਪਤਾ ਲੱਗਿਆ ਤਾਂ ਉਹ ਸੁਲਾਹ-ਸਫਾਈ ਦੀ ਗੱਲ ਕਰਨ ਦੇ ਬਜਾਏ ਲੜਨ ਲਈ ਤਿਆਰ ਹੋ ਗਿਆ। ਪਰ 'ਕੀ ਪਿੱਦੀ ਤੇ ਕੀ ਪਿੱਦੀ ਦਾ ਮਾਜਣਾ' ਉਹ ਖਾਲਸੇ ਦੀ ਤਲਵਾਰ ਦੇ ਦੋ ਵਾਰ ਵੀ ਨਹੀਂ ਸਹਿ ਸਕਿਆ। ਭੱਜ ਕੇ ਸ਼ਹਿਰ ਵਿਚ ਆ ਛੁਪਿਆ।

ਖਵਾਜ਼ਾ ਮਿਰਜ਼ਾ ਖਾਂ ਨੇ ਕੁਝ ਬੁੱਕਲ ਦੇ ਸੱਪ ਪਾਲੇ ਹੋਏ ਸਨ। ਇਸ ਗੱਲ ਨਾਲ ਉਹਨਾਂ ਦੀ ਹਿੰਮਤ ਵਧੀ ਤੇ ਉਹਨਾਂ ਮਰਾਠਿਆਂ ਨਾਲ ਗੰਢ-ਤੁੱਪ ਕਰ ਲਈ। ਇਹ ਬੁੱਕਲ ਦੇ ਸੱਪ ਕਿਜਿਲਬਾਸ਼ ਕਬੀਲੇ ਦੇ ਲੋਕ ਸਨ, ਜਿਨਾਂ ਨੂੰ ਅਪ੍ਰੈਲ 1758 ਵਿਚ ਜਦੋਂ ਤੈਮੂਰ ਭੱਜ ਗਿਆ ਸੀ, ਖਵਾਜ਼ਾ ਮਿਰਜ਼ਾ ਖਾਂ ਨੇ ਚਨਾਬ ਦੇ ਕਿਨਾਰੇ ਗਿਰਫਤਾਰ ਕੀਤਾ ਸੀ। ਇਹਨਾਂ ਦੇ ਨੇਤਾ ਮਿਰਜ਼ਾ ਅਹਿਮਦ ਖਾਂ ਤੇ ਸਾਹਿਲ ਖਾਂ ਸਨ। ਪਿੱਛੋਂ ਇਨਾਂ ਨੂੰ ਫੌਜ ਵਿਚ ਭਰਤੀ ਕਰ ਲਿਆ ਗਿਆ ਸੀ। ਇਨਾਂ ਖਵਾਜ਼ਾ ਮਿਰਜ਼ਾ ਖਾਂ ਨੂੰ ਕੈਦ ਕਰ ਲਿਆ ਤੇ ਮੁਹੰਮਦ ਸਈਦ ਨੂੰ ਗਧੇ ਉੱਤੇ ਚੜਾ ਕੇ ਸਾਰੇ ਸ਼ਹਿਰ ਵਿਚ ਘੁਮਾਇਆ। ਉਸ ਦੁਆਰਾ ਸਤਾਏ ਗਏ ਲੋਕਾਂ ਨੇ ਉਸ ਉਪਰ ਗੰਦਗੀ ਸੁੱਟੀ। ਫੇਰ ਜਦੋਂ ਉਸਨੂੰ ਮਰਾਠਾ ਸਰਦਾਰ ਸਾਬਾਜੀ ਪਾਟਿਲ ਦੇ ਸਾਹਮਣੇ ਪੇਸ਼ ਕੀਤਾ ਗਿਆ ਤਾਂ ਉਸ ਨੇ ਕਿਹਾ, 'ਤੂੰ ਜਿਹੜੇ ਜ਼ੁਲਮ ਕੀਤੇ ਨੇ, ਇਹ ਉਨਾਂ ਦੀ ਸਜ਼ਾ ਮਿਲੀ ਏ ਤੇ ਠੀਕ ਵੀ ਏ। ਹੁਣ ਤੂੰ ਇੱਥੋਂ ਨੱਸ ਜਾ ਤੇ ਫੇਰ ਕਦੀ ਸ਼ਕਲ ਨਾ ਦਿਖਾਈਂ।'

ਹੁਣ ਮਿਰਜ਼ਾ ਅਹਿਮਦ ਖਾਂ ਲਾਹੌਰ ਦਾ ਤੇ ਸਾਹਿਲ ਖਾਂ ਮੁਲਤਾਨ ਦਾ ਸੂਬੇਦਾਰ ਬਣ ਗਿਆ ਪਰ ਅਸਲ ਤਾਕਤ ਸਾਬਾਜੀ ਪਾਟਿਲ ਦੇ ਹੱਥ ਵਿਚ ਸੀ।

ਰਘੁਨਾਥ ਰਾਵ ਨੂੰ ਜਦੋਂ ਅਦੀਨਾ ਬੇਗ ਦੀ ਮੌਤ ਦੀ ਖਬਰ ਮਿਲੀ ਸੀ ਤਾਂ ਉਸ ਨੇ ਸਾਬਾਜੀ ਪਾਟਿਲ ਨੂੰ ਆਪਣਾ ਪ੍ਰਤੀਨਿਧ ਬਣਾ ਕੇ ਲਾਹੌਰ ਭੇਜਿਆ ਸੀ। ਸਾਬਾਜੀ ਕੁਝ ਸਮੇਂ ਲਈ ਅਮਨ ਕਾਇਮ ਕਰਨ ਵਿਚ ਸਫਲ ਹੋਇਆ। ਇਕ ਵਿਸ਼ਾਲ ਮਰਾਠਾ ਸੈਨਾ ਦਿੱਲੀ ਵਿਚ ਮੌਜੂਦ ਸੀ, ਜਿਹੜੀ ਕਿਸੇ ਸਮੇਂ ਵੀ ਸਾਬਾਜੀ ਦੀ ਮਦਦ ਲਈ ਆ ਸਕਦੀ ਸੀ। ਪੰਜਾਬ ਦੇ ਸਾਰੇ ਜ਼ਿਮੀਂਦਾਰਾਂ ਨੇ ਉਸਦੀ ਅਧੀਨਤਾ ਮੰਨ ਲਈ। ਉਸਨੇ ਸਿੱਖਾਂ ਦੀ ਮਦਦ ਨਾਲ ਜ਼ਹਾਨ ਖਾਂ ਨੂੰ ਵੀ ਹਰਾ ਦਿੱਤਾ। ਨੂਰੂਦੀਨ ਵਾਮੇਜਈ ਦੀ ਹਾਰ ਤੋਂ ਪਿੱਛੋਂ ਅਬਦਾਲੀ ਨੇ ਜ਼ਹਾਨ ਖਾਂ ਨੂੰ ਭੇਜਿਆ ਸੀ। ਉਸਨੇ ਇਕ ਵੱਡੀ ਫੌਜ ਨਾਲ ਸਿੰਧ ਨਦੀ ਪਾਰ ਕੀਤੀ ਸੀ, ਪਰ ਮਰਾਠਿਆਂ ਤੇ ਸਿੱਖਾਂ ਦੀ ਮਿਲੀ ਜੁਲੀ ਫੌਜ ਦਾ ਮੁਕਾਬਲਾ ਉਹ ਵੀ ਨਹੀਂ ਸੀ ਕਰ ਸਕਿਆ। ਉਸਦਾ ਬੇਟਾ ਤੇ ਬਹੁਤ ਸਾਰੇ ਅਫਗਾਨ ਫੌਜੀ ਮਾਰੇ ਗਏ ਸਨ ਤੇ ਉਸਦੇ ਆਪਣੇ ਵੀ ਪੰਜ ਫੱਟ ਲੱਗੇ ਸਨ।

ਮੁਗਲਾਨੀ ਬੇਗਮ ਅਦੀਨਾ ਬੇਗ ਦੀ ਮੌਤ ਪਿੱਛੋਂ ਆਪਣੇ ਮਾਮੂ ਖਵਾਜ਼ਾ ਮਿਰਜ਼ਾ ਖਾਂ ਕੋਲ ਆ ਗਈ ਪਰ ਜਦੋਂ ਖਵਾਜ਼ਾ ਮਿਰਜ਼ਾ ਦੀ ਹਕੂਮਤ ਖੁੱਸ ਗਈ ਤਾਂ ਉਸ ਨੂੰ ਕੋਈ ਪੁੱਛਣ ਵਾਲਾ ਨਹੀਂ ਰਿਹਾ। ਉਹ ਫੇਰ ਹਕੀਮ ਸਰਾਏ ਵਿਚ ਰਹਿਣ ਲੱਗੀ। ਤਹਿਮਸ ਖਾਂ ਮਸਕੀਨ ਕੁਝ ਗਹਿਣੇ ਤੇ ਗਲੀਚੇ ਵਗੈਰਾ ਵੇਚ ਕੇ ਜਿਹੜੇ ਰੁਪਏ ਲਿਆਇਆ, ਉਨਾਂ ਨਾਲ ਦਿਨ ਕਟੀ ਹੋਣ ਲੱਗੀ। ਬੇਗਮ ਬੜੀ ਉਦਾਸ ਸੀ। ਜ਼ਹਾਨ ਖਾਂ ਦੀ ਹਾਰ ਪਿੱਛੋਂ ਅਬਦਾਲੀ ਦੇ ਹਮਲੇ ਦਾ ਖਤਰਾ ਵਧ ਗਿਆ ਸੀ ਤੇ ਲੋਕ ਭੈਭੀਤ ਸਨ ਪਰ ਮਸਕੀਨ ਇਸ ਹਾਲਤ ਵਿਚ ਵੀ ਆਰਾਮ ਨਾਲ ਬੈਠਾ ਹੁੱਕਾ ਪੀ ਰਿਹਾ ਸੀ।

'ਹੁਣ ਕੀ ਹੋਏਗਾ ?' ਸ਼ਾਦ ਅਲੀ ਯਾਨੀ ਮੇਹਰ ਚੰਦ ਉਰਫ਼ ਮੇਹਰ ਅਲੀ ਨੇ ਪੁੱਛਿਆ।

'ਜੋ ਖ਼ੁਦਾ ਨੂੰ ਮੰਜ਼ੂਰ ਹੋਏਗਾ।'

'ਖ਼ੁਦਾ ਨੂੰ ਕੀ ਮੰਜ਼ੂਰ ਹੋਏਗਾ ?'

'ਜੋ ਹੋਏਗਾ, ਉਹੀ ਖ਼ੁਦਾ ਨੂੰ ਮੰਜ਼ੂਰ ਹੀ ਹੋਏਗਾ।'

ਮਸਕੀਨ ਨੇ ਜਵਾਬ ਦਿੱਤਾ ਤੇ ਖਿੜਖਿੜ ਕਰਕੇ ਹੱਸ ਪਿਆ। ਹੋਇਆ ਇਹ ਕਿ ਅਕਤੂਬਰ ਦੇ ਅੱਧ ਵਿਚ ਅਫਗਾਨਾਂ ਨੇ ਬੜਾ ਭਾਰੀ ਹਮਲਾ ਕਰ ਦਿੱਤਾ ਤੇ ਜਹਾਨ ਖਾਂ ਬਿਨਾਂ ਕਿਸੇ ਅੜਚਣ-ਅੜਿੱਕੇ ਦੇ ਲਾਹੌਰ ਪਹੁੰਚ ਗਿਆ। ਉਸਨੇ ਸੂਰਤ ਸਿੰਘ ਖੱਤਰੀ ਥਾਂਜੂਲਾ ਨੂੰ ਹੁਕਮ ਦਿੱਤਾ ਕਿ ਤੈਮੂਰ ਸ਼ਾਹ ਦੇ ਨਾਂ ਦਾ ਸਿੱਕਾ ਚਲਾਇਆ ਜਾਏ ਤੇ ਤੈਮੂਰ ਸ਼ਾਹ ਦੇ ਨਾਂ ਨਾਲ ਖੁਤਬਾ ਪੜਿਆ ਜਾਏ। ਉਸਨੇ ਸ਼ਹਿਰ ਵਿਚ ਮੁਨਾਦੀ ਕਰਵਾ ਦਿੱਤੀ ਕਿ ਲੋਕ ਆਪਸ ਵਿਚ ਲੜਨ-ਭਿੜਨ ਨਾ।

ਸਾਬਾਜੀ ਵਿਚ ਅਫਗਾਨਾਂ ਨਾਲ ਲੜਨ ਦੀ ਹਿੰਮਤ ਨਹੀਂ ਸੀ। ਉਹ ਹਮਲੇ ਦੀ ਖਬਰ ਸੁਣਦਿਆਂ ਹੀ ਬਟਾਲੇ ਚਲਾ ਗਿਆ ਤੇ ਬਟਾਲੇ ਤੋਂ ਅਦੀਨਾ ਬੇਗ ਦੀ ਵਿਧਵਾ, ਉਸਦੇ ਪੁੱਤਰ ਤੇ ਸਾਦਿਕ ਬੇਗ ਨਾਲ ਦਿੱਲੀ ਨੱਸ ਆਇਆ।

ਜਦੋਂ ਤੈਮੂਰ ਸ਼ਾਹ ਲਾਹੌਰ ਤੋਂ ਭੱਜ ਕੇ ਕਾਬੁਲ ਪਹੁੰਚਿਆ ਸੀ ਤਾਂ ਅਹਿਮਦ ਸ਼ਾਹ ਗੁੱਸੇ ਨਾਲ ਭਰ ਗਿਆ ਸੀ। ਫੇਰ ਜਦੋਂ ਨੂਰੂਦੀਨ ਵਾਮੇਜਈ ਵੀ ਹਾਰ ਕੇ ਪਰਤਿਆ ਸੀ ਤਾਂ ਇਹ ਗੁੱਸਾ ਹੋਰ ਵੀ ਭੜਕ ਉਠਿਆ ਸੀ। ਉਧਰ ਉਸਨੇ ਖ਼ੁਦ ਵੱਡੇ ਪੈਮਾਨੇ ਉਪਰ ਤਿਆਰੀ ਕੀਤੀ ਤੇ ਇਧਰ ਆਪਣੇ ਮੁਖ਼ਤਿਆਰ ਨਜੀਬੂਦੌਲਾ ਨੂੰ ਕਹਿ ਭੇਜਿਆ ਕਿ ਉਹ ਵੀ ਤਿਆਰ ਰਹੇ।

ਅਕਤੂਬਰ 1759 ਵਿਚ ਅਬਦਾਲੀ ਨੇ ਇਕ ਵਿਸ਼ਾਲ ਸੈਨਾ ਦੇ ਨਾਲ ਹਿੰਦੁਸਤਾਨ ਵੱਲ ਕੂਚ ਕੀਤਾ। ਉਸਦੇ ਸੈਨਾਪਤੀ ਜਹਾਨ ਖਾਂ ਦਾ ਸਹਿਜੇ ਹੀ ਲਾਹੌਰ ਉੱਤੇ ਕਬਜਾ ਹੋ ਚੁੱਕਿਆ ਸੀ। ਅਬਦਾਲੀ ਨੇ ਆਪਣਾ ਪ੍ਰਧਾਨ ਮੰਤਰੀ ਸ਼ਾਹ ਵਲੀ ਖਾਂ ਦੇ ਭਤੀਜੇ ਜਾਰਚੀ ਕਰੀਮਦਾਦ ਖਾਂ ਨੂੰ ਲਾਹੌਰ ਦਾ ਹਾਕਮ ਬਣਾ ਦਿੱਤਾ ਤੇ ਹਦਾਇਤ ਕੀਤੀ ਕਿ ਉਹ ਉਸਨੂੰ ਅਨਾਜ, ਹਥਿਆਰ ਤੇ ਗੋਲਾ ਬਾਰੂਦ ਭੇਜਦਾ ਰਹੇ। ਕਾਂਗੜੇ ਦੇ ਰਾਜੇ ਘਮੰਡ ਸਿੰਘ ਨੂੰ ਜਲੰਧਰ ਦੁਆਬੇ ਤੇ ਰਾਵੀ ਸਤਲੁਜ ਵਿਚਕਾਰਲੇ ਪਹਾੜੀ ਇਲਾਕੇ ਦਾ ਫੌਜਦਾਰ ਬਣਾਇਆ ਤੇ ਉਸਨੂੰ ਵੀ ਅਨਾਜ, ਹਥਿਆਰ ਤੇ ਗੋਲਾ ਬਾਰੂਦ ਭੇਜਦੇ ਰਹਿਣ ਦੀ ਹਦਾਇਤ ਕੀਤੀ। ਇਸ ਪਿੱਛੋਂ ਅਬਦਾਲੀ ਨੇ ਅਲੀਗੜ ਉਪਰ ਕਬਜਾ ਕੀਤਾ ਤੇ ਉਸਦੇ ਜਾਟ ਰਾਜੇ ਨੂੰ ਆਪਣਾ ਸਹਿਯੋਗੀ ਬਣਾ ਲਿਆ।



ਪੂਨਾ ਦਰਬਾਰ ਵਿਚ ਜਦੋਂ ਅਬਦਾਲੀ ਦੇ ਹਮਲੇ ਦੀ ਖਬਰ ਪਹੁੰਚੀ ਤਾਂ ਪੇਸ਼ਵਾ ਬਾਲਾਜੀ ਬਾਜੀ ਰਾਵ ਵੀ ਉਤਰ ਭਾਰਤ ਵਿਚ ਆਪਣੀ ਸਾਖ ਬਚਾਉਣ ਲਈ ਵੱਡੀ ਪੱਧਰ ਉੱਤੇ ਜੰਗ ਦੀ ਤਿਆਰੀ ਕਰਨ ਲੱਗਿਆ। ਮਈ 1760 ਵਿਚ ਇਕ ਵਿਸ਼ਾਲ ਮਰਾਠਾ ਸੈਨਾ ਨੇ ਸਦਾ ਸ਼ਿਵ ਰਾਵ ਭਾਉ ਦੀ ਕਮਾਨ ਵਿਚ ਉਤਰ ਵੱਲ ਕੂਚ ਕੀਤਾ। ਬਰਸਾਤ ਜਲਦੀ ਸ਼ੁਰੂ ਹੋ ਜਾਣ ਕਰਕੇ ਨਦੀਆਂ ਵਿਚ ਹੜ ਆ ਗਏ ਸਨ। ਫੇਰ ਵੀ ਮਰਾਠਾ ਸੈਨਾ ਚੰਬਲ ਤੇ ਜਮਨਾ ਪਾਰ ਕਰਕੇ 22 ਜੁਲਾਈ ਨੂੰ ਦਿੱਲੀ ਪਹੁੰਚ ਗਈ। ਉਸਨੇ ਸ਼ਹਿਰ ਤੇ ਕਿਲੇ ਉਪਰ ਕਬਜਾ ਕਰ ਲਿਆ। ਇੱਥੇ ਸਦਾ ਸਿਵ ਰਾਵ ਭਾਉ ਦਾ ਆਪਣੇ ਸਮੇਂ ਦਾ ਸਭ ਤੋਂ ਯੋਗ ਨੀਤੀਵਾਨ ਜਾਟ ਰਾਜੇ ਸੂਰਜ ਮੱਲ ਨਾਲ ਝਗੜਾ ਹੋ ਗਿਆ। ਭਾਉ ਤਿੱਖੇ ਸੁਭਾਅ ਦਾ ਨੌਜਵਾਨ ਸੀ। ਉਸਨੇ ਉਦਗੀਰ ਦੀ ਲੜਾਈ ਵਿਚ ਨਿਜਾਮ ਨੂੰ ਹਰਾ ਕੇ ਅਦੱਭੁਤ ਹੌਂਸਲੇ ਤੇ ਬਹਾਦਰੀ ਦਾ ਸਬੂਤ ਦਿੱਤਾ ਸੀ। ਇਸ ਕਾਰਨ ਮਿਲੀ ਵਾਹਵਾਈ ਨੇ ਉਸਦਾ ਸਿਰ ਫੇਰ ਦਿੱਤਾ ਸੀ। ਅਬਦਾਲੀ ਦਾ ਮੁਕਾਬਲਾ ਕਿੱਥੇ ਤੇ ਕਿਵੇਂ ਕੀਤਾ ਜਾਏ, ਸੂਰਜ ਮੱਲ ਨੇ ਇਸ ਸਿਲਸਿਲੇ ਵਿਚ ਭਾਉ ਸਾਹਮਣੇ ਸੁਝਾਅ ਰੱਖਿਆ ਸੀ। ਭਾਉ ਚਿਣਕ ਕੇ ਬੋਲਿਆ ਸੀ, 'ਹੁਣ ਉਠ ਤੇ ਬੱਕਰੀਆਂ ਚਰਾਉਣ ਵਾਲੇ ਜੱਟ-ਬੂਟ ਵੀ ਮੈਨੂੰ ਨੀਤੀ ਸਿਖਾਉਣਗੇ ?' ਇਹ ਸਿੱਧਾ ਸੂਰਜ ਮੱਲ ਦਾ ਅਪਮਾਨ ਸੀ। ਉਹ ਭਾਉ ਦਾ ਸਾਥ ਛੱਡ ਕੇ ਆਪਣੀ ਸੈਨਾ ਵਾਪਸ ਲੈ ਗਿਆ। ਭਾਉ ਨੇ ਆਪਣੇ ਇਸ ਖਰਵੇ ਸੁਭਾਅ ਕਾਰਨ ਮਲਹਾਰ ਰਾਵ ਦੁਲਕਰ ਨੂੰ ਵੀ ਨਾਰਾਜ਼ ਕਰ ਦਿੱਤਾ। ਰਾਜਪੂਤ ਤੇ ਪੰਜਾਬ ਦੇ ਸਿੱਖ ਅਬਦਾਲੀ ਦਾ ਮੁਕਾਬਲਾ ਕਰਨ ਵਾਲੀ ਜਬਰਦਸਤ ਸ਼ਕਤੀ ਸਨ। ਅਦੂਰਦਰਸ਼ੀ ਪੇਸ਼ਵਾ ਤੇ ਉਸ ਦੇ ਸੈਨਾ ਪਤੀ ਭਾਉ ਨੇ ਉਨਾਂ ਦੀ ਮਦਦ ਲੈਣੀ ਵੀ ਜ਼ਰੂਰੀ ਨਹੀਂ ਸਮਝੀ।

ਉਧਰ ਨਜੀਬੂਦੌਲਾ ਨੇ ਹਿੰਦੂ ਮਰਾਠਾ ਰਾਜ ਦਾ ਡਰ ਦਿਖਾ ਕੇ ਰੋਹੇਲਾ ਸਰਦਾਰਾਂ ਨੂੰ ਤੇ ਅਵਧ ਦੇ ਨਵਾਬ ਸ਼ਜ਼ਾਊਦੌਲਾ ਨੂੰ ਅਬਦਾਲੀ ਦੇ ਪੱਖ ਵਿਚ ਲਿਆ ਖੜਾ ਕੀਤਾ। 23 ਹਜ਼ਾਰ ਘੋੜਸਵਾਰ ਤੇ ਸੱਤ ਹਜ਼ਾਰ ਪੈਦਲ ਅਬਦਾਲੀ ਦੀ ਆਪਣੀ ਸੈਨਾ ਸੀ। ਸੱਤ ਹਜ਼ਾਰ ਘੋੜਸਵਾਰ ਤੇ 23 ਹਜ਼ਾਰ ਪੈਦਲ ਸੈਨਾ ਰੋਹੇਲਿਆਂ ਤੇ ਅਵਧਾਂ ਦੀ ਉਸ ਨਾਲ ਆ ਰਲੀ।

ਨਜੀਬੂਦੌਲਾ ਬੜੇ ਮਾਣ ਨਾਲ ਕਹਿ ਰਿਹਾ ਸੀ, 'ਇਸ ਬਾਰਾਤ ਦਾ ਲਾੜਾ ਮੈਂ ਹਾਂ। ਫਤਿਹ ਵੀ ਮੇਰੀ ਹੋਏਗੀ ਤੇ ਹਾਰ ਵੀ ਮੇਰੀ।' ਮਰਾਠਿਆਂ ਦੇ ਤੋਪ ਖਾਨੇ ਦਾ ਇੰਚਾਰਜ ਇਬਰਾਹੀਮ ਗਾਰਦੀ ਸੀ। ਨਜੀਬੂਦੌਲਾ ਨੇ ਉਸ ਨੂੰ ਵੀ ਇਹ ਸੰਦੇਸ਼ ਭੇਜਿਆ, 'ਹਿੰਦੁਸਤਾਨ ਦੀਆਂ ਮੁਸਲਮਾਨ ਹਕੂਮਤਾਂ ਖਤਰੇ ਵਿਚ ਹਨ। ਜੇ ਤੁਸੀਂ ਸੱਚੇ ਦੀਨਦਾਰ ਹੋ ਤਾਂ ਹਿੰਦੂ ਕਾਫਿਰਾਂ ਦਾ ਸਾਥ ਛੱਡ ਕੇ ਮੁਸਲਮਾਨਾਂ ਦਾ ਸਾਥ ਦਿਓ।'

ਇਬਰਾਹੀਮ ਗਾਰਦੀ ਦਾ ਜਵਾਬ ਸੀ, 'ਮੈਂ ਜਾਣਦਾ ਹਾਂ ਕਿਹੜਾ ਕਿੱਡਾ ਕੁ ਮੁਸਲਮਾਨ ਹੈ। ਤੂੰ ਉਸ ਅਹਿਮਦ ਸ਼ਾਹ ਅਬਦਾਲੀ ਨੂੰ ਮੁਸਲਮਾਨ ਦੱਸ ਰਿਹਾ ਹੈਂ, ਜਿਸ ਨੇ ਹਿੰਦੂ ਮੁਸਲਮਾਨ ਦਾ ਭੇਦ ਕੀਤੇ ਬਿਨਾਂ, ਪੂਰੀ ਦਿੱਲੀ ਨੂੰ ਬੜੀ ਬੇਰਹਿਮੀ ਨਾਲ ਲੁੱਟਿਆ ਸੀ। ਤੂੰ ਅਬਦਾਲੀ ਨੂੰ ਮੁਸਲਮਾਨ ਕਹਿ ਰਿਹਾ ਹੈਂ, ਜਿਹੜਾ ਸ਼ਹਿਜਾਦੀਆਂ ਨੂੰ ਜਬਰਦਸਤੀ ਚੁੱਕ ਕੇ ਲੈ ਗਿਆ ਸੀ ? ਤੇਰੇ ਵਰਗੇ ਮਤਲਬ ਪ੍ਰਸਤ ਬੰਦੇ ਉਸ ਸਮੇਂ ਵੀ ਅਬਦਾਲੀ ਦੇ ਨਾਲ ਸਨ ਤੇ ਅੱਜ ਵੀ ਅਬਦਾਲੀ ਦੇ ਨਾਲ ਹਨ। ਐਵੇਂ ਇਸਲਾਮ ਦੀ ਦੁਹਾਈ ਕਿਉਂ ਦੇ ਰਿਹਾ ਹੈਂ !' ਤੇ ਇਬਰਾਹੀਮ ਗਾਰਦੀ ਨੇ ਅਖ਼ੀਰ ਤਕ ਮਰਾਠਿਆਂ ਦਾ ਸਾਥ ਦਿੱਤਾ ਤੇ ਉਨਾਂ ਵੱਲੋਂ ਲੜਦਾ ਹੋਇਆ ਮਾਰਿਆ ਗਿਆ।

ਸ਼ਿਵ ਸਦਾ ਰਾਵ ਭਾਉ ਨੇ ਦਿੱਲੀ ਉਪਰ ਕਬਜਾ ਤਾਂ ਕਰ ਲਿਆ ਪਰ ਇਸਦਾ ਉਸ ਨੂੰ ਕੋਈ ਲਾਭ ਨਹੀਂ ਹੋਇਆ। ਉੱਥੇ ਨਾ ਅਨਾਜ, ਨਾ ਚਾਰਾ ਸੀ ਤੇ ਨਾ ਹੀ ਰੁਪਈਆ ਪੈਸਾ। ਜਿਸ ਤਰਾਂ ਅਹਿਮਦ ਸ਼ਾਹ ਅਬਦਾਲੀ ਆਪਣੇ ਲਈ ਅਨਾਜ, ਹਥਿਆਰ ਤੇ ਗੋਲਾ ਬਾਰੂਦ ਦੀ ਸਪਾਲਾਈ ਦਾ ਪ੍ਰਬੰਧ ਕਰਦਾ ਆਇਆ ਸੀ, ਭਾਉ ਨੇ ਇਸ ਤਰਾਂ ਦਾ ਕੋਈ ਵਸੀਲਾ ਨਹੀਂ ਸੀ ਕੀਤਾ।

ਭਾਉ ਦਿੱਲੀ ਤੋਂ ਅੱਗੇ ਵਧਿਆ ਤੇ 17 ਅਕਤੂਬਰ ਨੂੰ ਕੁੰਜਪੁਰ ਉੱਤੇ ਕਬਜਾ ਕਰ ਲਿਆ। ਇੱਥੇ ਕਾਫੀ ਰਸਦ ਤੇ ਲੁੱਟ ਦਾ ਮਾਲ ਉਸਦੇ ਹੱਥ ਲੱਗਾ। ਦਿੱਲੀ ਤੇ ਕੁੰਜਪੁਰ ਉਪਰ ਕਬਜਾ ਹੋ ਜਾਣ ਕਾਰਨ ਅਬਦਾਲੀ ਨੂੰ ਬੜਾ ਗੁੱਸਾ ਆਇਆ ਤੇ 23 ਅਕਤੂਬਰ ਨੂੰ ਬਾਗਪਤ ਲਾਗਿਓਂ ਜਮਨਾ ਪਾਰ ਕਰਕੇ ਉਹ ਪਾਨੀਪਤ ਪਹੁੰਚ ਗਿਆ। ਭਾਉ ਵੀ ਪਿੱਛੇ ਹਟ ਕੇ ਪਾਨੀਪਤ ਦੇ ਨੇੜੇ ਜਾ ਪਹੁੰਚਿਆ। ਹੁਣ ਦੋਹੇਂ ਸੈਨਾਵਾਂ ਆਹਮਣੇ-ਸਾਹਮਣੇ ਸਨ।

ਦੋ ਢਾਈ ਮਹੀਨੇ ਨਿੱਕੀਆਂ ਨਿੱਕੀਆਂ ਝੜਪਾਂ ਤੇ ਲੜਾਈਆਂ ਹੁੰਦੀਆਂ ਰਹੀਆਂ। ਇਨਾਂ ਭਿੜੰਤਾਂ ਦੌਰਾਨ ਅਬਦਾਲੀ ਨੇ ਚੁੱਪ ਸਾਧੀ ਰੱਖੀ। ਇਸ ਦੌਰਾਨ ਉਸ ਨੇ ਜਿਹੜੀ ਚਾਲ ਚੱਲੀ ਸੀ, ਉਹ ਸਫਲ ਹੋਈ। ਅਬਦਾਲੀ ਦੀ ਫੌਜ ਦੇ ਮੁਕਾਬਲੇ, ਮਰਾਠਾ ਫੌਜ ਦੀ ਗਿਣਤੀ ਕਾਫੀ ਜ਼ਿਆਦਾ ਸੀ-ਪਰ ਰਸਦ ਦੀ ਸਪਲਾਈ ਦਾ ਕੋਈ ਪ੍ਰਬੰਧ ਨਹੀਂ ਸੀ। ਸਿੱਟਾ ਇਹ ਕਿ ਮਰਾਠਾ ਫੌਜ ਵਿਚ ਭੁੱਖਮਰੀ ਫੈਲ ਗਈ। ਭਾਉ ਨੇ ਪੇਸ਼ਵਾ ਨੂੰ ਲਿਖਿਆ, ਪਰ ਪੂਨੇ ਵਿਚ ਬੈਠਾ ਪੇਸ਼ਵਾ ਏਨੀ ਦੂਰ ਰਸਦ ਦਾ ਕੋਈ ਪ੍ਰਬੰਧ ਨਾ ਕਰ ਸਕਿਆ। ਸ਼ਾਇਦ ਉਸਨੇ ਇਸ ਵੱਲ ਧਿਆਨ ਹੀ ਨਹੀਂ ਸੀ ਦਿੱਤਾ। ਨਿਰਾਸ਼ ਤੇ ਪ੍ਰੇਸ਼ਾਨ ਹੋਏ ਭਾਉ ਨੇ 14 ਜਨਵਰੀ 1761 ਦੀ ਸਵੇਰ ਨੂੰ ਫੌਜ ਨੂੰ ਰਣਭੂਮੀ ਵਿਚ ਉਤਾਰ ਦਿੱਤਾ। ਮੱਧ ਏਸ਼ੀਆ ਦੇ ਸਭ ਤੋਂ ਮਹਾਨ ਜਰਨੈਲ ਅਹਿਮਦ ਸ਼ਾਹ ਅਬਦਾਲੀ ਤੇ ਮੱਧ ਏਸ਼ੀਆ ਵਿਚ ਉਸਦੀ ਸਰਬ-ਸਰੇਸ਼ਟ ਸੈਨਾ ਦਾ ਮੁਕਾਬਲਾ ਅਨੁਭਵਹੀਨ ਭਾਉ ਨਹੀਂ ਕਰ ਸਕਿਆ। ਅਜਿਹੀ ਕਰਾਰੀ ਹਾਰ ਹੋਈ ਕਿ ਉਤਰੀ ਭਾਰਤ ਵਿਚੋਂ ਮਰਾਠਿਆਂ ਦੀ ਸਾਖ ਹਮੇਸ਼ਾ ਲਈ ਮਿਟ ਗਈ।

(ਚਲਦਾ...)

# ਚਾਟੀ ਵਿੱਚ ਮਧਾਣੀ ਪਾ ਕੇ ਦੁੱਧ ਰਿੜਕਨ ਦਾ ਰਿਵਾਜ



**ਗਗਨਦੀਪ ਕੌਰ ਧਾਲੀਵਾਲ**

ਦੋਸਤੋ ਚਾਟੀ ਵਿੱਚ ਮਧਾਣੀ ਪਾ ਕੇ ਦੁੱਧ ਰਿੜਕਨ ਦਾ ਰਿਵਾਜ ਅੱਜ ਕੱਲ ਬਿਲਕੁਲ ਹੀ ਅਲੋਪ ਹੋ ਗਿਆ ਹੈ। ਬਿਜਲੀ ਸਾਧਨਾਂ ਨੇ ਲੱਕੜ ਦੀ ਮਧਾਣੀ ਦੀ ਵਰਤੋਂ ਬਹੁਤ ਘਟਾ ਦਿੱਤੀ ਹੈ । ਪੁਰਾਣੇ ਸਮਿਆਂ ਵਿਚ ਹਰ ਘਰ ਵਿੱਚ ਮੱਝਾਂ ਹੁੰਦੀਆਂ ਸਨ। ਲਵੇਰਾ ਹੁੰਦਾ ਸੀ ਪਰ ਹੁਣ ਸਮਾਂ ਬਦਲ ਗਿਆ ਹੈ ਹੁਣ ਲੋਕ ਮੱਝਾਂ ਘੱਟ ਰੱਖਦੇ ਹਨ ਜੇਕਰ ਕਿਸੇ ਦੇ ਘਰ ਮੱਝਾਂ ਹਨ ਵੀ ਉਹ ਸਾਰਾ ਦੁੱਧ ਡੇਅਰੀ ਵਿੱਚ ਪਾ ਦਿੰਦੇ ਹਨ। ਰਿੜਕਨ ਦਾ ਕੰਮ ਬਹੁਤ ਘੱਟ ਗਿਆ ਹੈ ਲੋਕ ਹੁਣ ਥੋੜਾ ਜਿਹਾ ਦਹੀ ਜਮਾ ਕੇ ਉਸਦੀ ਲੱਸੀ ਗ੍ਰੈਡਰਾਂ ਨਾਲ ਬਣਾ ਲੈਂਦੇ ਹਨ।

ਹੁਣ ਤਾਂ ਦੁੱਧ ਰਿੜਕਨ ਲਈ ਬਹੁਤ ਢੰਗ ਤਰੀਕੇ ਵਰਤੇ ਜਾਂਦੇ ਹਨ।ਜਦੋਂ ਮੇਰੀ ਉਮਰ ਨੌਂ-ਦਸ ਕੁ ਵਰੇ ਸੀ ਉਦੋਂ ਮੈਨੂੰ ਪੂਰਾ ਯਾਦ ਹੈ ਸਵੇਰੇ ਪਾਠੀ ਸਿੰਘ ਦੇ ਬੋਲਦਿਆਂ ਹੀ ਮੇਰੇ ਸੁੱਤਿਆਂ ਪਿਆ ਦਾਦੀ ਜੀ ਚਾਟੀ ਵਿੱਚ ਮਧਾਣੀ ਪਾ ਕੇ ਦੁੱਧ ਰਿੜਕਨਾ ਸ਼ੁਰੂ ਕਰ ਦਿੰਦੇ ਸੀ ਜਦੋਂ ਦੁੱਧ ਰਿੜਕਨ ਸਮੇਂ ਘੂ-ਘੂ ਦੀ ਅਵਾਜ ਸਾਰੇ ਪਰਿਵਾਰ ਆਂਢ-ਗੁਆਂਢ ਦੇ ਕੰਨਾਂ ਵਿੱਚ ਪੈਂਦੀ ਸੀ ਤਾਂ ਮੇਰੀ ਝੱਟ ਅੱਖ ਖੁੱਲ ਜਾਂਦੀ ਸੀ। ਮੇਰੀ ਮਾਂ ਵੀ ਉੱਠ ਕੇ ਗੋਹਾ ਕੂੜਾ ਚੁੱਕਣ ਲੱਗ ਜਾਂਦੀ ਸੀ ਤੇ ਧਾਰਾਂ ਕੱਢਣ ਲੱਗ ਜਾਂਦੀ ਸੀ। ਫਿਰ ਮੈਂ ਉੱਠ ਕੇ ਦਾਦੀ ਦੇ ਸਿਰਾਣੇ ਖੜ ਜਾਣਾ। ਜਦੋਂ ਦਾਦੀ ਨੇਤਰੇ ਨੂੰ ਹੱਥ ਵਿੱਚ ਫੜ ਕੇ ਮਧਾਣੀ ਨੂੰ ਘੁਮਾਉਂਦੀ ਤੇ ਮਿੱਠੀ-ਮਿੱਠੀ ਘੂ-ਘੂ ਦੀ ਅਵਾਜ ਆਉਂਦੀ ਉਹ ਮੇਰੇ ਕੰਨੀ ਪੈਂਦੀ ਤੇ ਮੈਨੂੰ ਬਹੁਤ ਮਜ਼ਾ ਆਉਂਦਾ ਹੁੰਦਾ ਸੀ ਤੇ ਮੈਂ ਨਾਲ-ਨਾਲ ਸਿਰ ਨੂੰ ਹਿਲਾਈ ਜਾਣਾ ਤੇ ਦਾਦੀ ਦੇ ਹੱਥਾਂ ਵੱਲ ਦੇਖੀ ਜਾਣਾ।ਉਹ ਹੱਥਾਂ 'ਤੇ ਪਈਆਂ ਝੁਰੜੀਆਂ, ਮੱਖਣ ਕੱਢਦਾ ਇਕੱਠਾ ਹੋਇਆ ਉਹ ਹੱਥਾਂ ਦਾ ਮਾਸ ਅੱਜ ਵੀ ਮੈਨੂੰ ਰਵਾ ਦਿੰਦਾ ਏ। ਦਾਦੀ ਮੈਨੂੰ ਦੱਸਿਆ ਕਰਦੀ ਸੀ ਕਿ ਜਿਸ ਘਰ ਵਿੱਚ ਚਾਟੀ, ਮਧਾਣੀ ਨਹੀਂ ਹੁੰਦੀ ਸੀ, ਉਸ ਘਰ ਨੂੰ ਬਰਕਤ ਵਾਲਾ ਘਰ ਨਹੀਂ ਮੰਨਿਆ ਜਾਂਦਾ ਸੀ। ਪਰ ਪੁੱਤ ਹੁਣ ਦੀ ਪੀੜੀ ਇਸਨੂੰ ਜ਼ਰੂਰੀ ਨਹੀਂ ਮੰਨਦੀ। ਹੁਣ ਤਾਂ ਦੁੱਧ ਲੱਸੀ ਦਹੀ ਪੈਕਟਾਂ ਵਾਲਾ ਆਉਣ ਲੱਗ ਗਿਆ ਹੈ। ਸਾਡੇ ਘਰ ਲੱਸੀ ਲੈਣ ਸਾਰੇ ਗੁਆਂਢੀ ਆਉਂਦੇ ਹੁੰਦੇ ਸੀ। ਦਾਦੀ ਜੀ ਦੱਸਿਆ ਕਰਦੇ ਸਨ ਕਿ ਜਦੋਂ ਮੈਂ ਸਹੁਰੇ ਘਰ ਆਈ ਸੀ ਮੈਨੂੰ ਦੁੱਧ ਰਿੜਕਨ ਦਾ ਬਹੁਤ ਚਾਅ ਹੁੰਦਾ ਸੀ ਜੇ ਕਦੇ ਮੈਂ ਲੇਟ ਹੋ ਜਾਂਦੀ ਸੀ ਤਾਂ ਮੇਰੀ ਸੱਸ ਮੈਨੂੰ ਝਿੜਕਾਂ ਦਿੰਦੀ ਸੀ ।ਦਾਦੀ ਨੂੰਹ ਤੇ ਸੱਸ ਦੇ ਰਿਸ਼ਤੇ ਨੂੰ ਲੈ ਕੇ ਇੱਕ ਬੋਲੀ ਵੀ ਸੁਣਾਉਂਦੇ ਹੁੰਦੇ ਸੀ :-

ਮੈਂ ਤਾਂ ਸੱਸ ਨੂੰ ਜੀ ਜੀ ਕਹਿੰਦੀ,
ਮੈਨੂੰ ਕਹਿੰਦੀ ਟੀਰੀ।
ਸੱਸ ਨੂੰ ਅੱਗ ਲੱਗ ਜਾਵੇ,
ਸਣੇ ਮਧਾਣੀ ਪੀੜੀ।

ਕਈ ਵਾਰ ਦਾਦੀ ਸਾਨੂੰ ਅੱਧ ਰਿੜਕ ਪਿਲਾ ਦਿੰਦੀ ਸੀ ਅੱਧ ਰਿੜਕ ਉਹ ਹੁੰਦਾ ਹੈ ਜੋ ਦਹੀਂ ਅੱਧਾ ਰਿੜਕਿਆ ਹੁੰਦਾ। ਇਸ ਨੂੰ ਘਰੜ ਵੀ ਆਖਦੇ ਹਨ। ਮੈਂ ਜਦੋਂ ਦਾਦੀ ਕੋਲ ਬੈਠ ਜਾਣਾ ਤਾਂ ਦਾਦੀ ਨੇ ਕਹਿਣਾ ਭੱਜ ਕੇ ਜਾ ਭਾਂਡਾ ਲੈ ਆ ਤੈਨੂੰ ਦਹੀਂ ਤੇ ਮੱਖਣੀ ਕੱਢ ਕੇ ਦੇਵਾਂ, ਮੈਂ ਬਹੁਤ ਖੁਸ਼ ਹੋਣਾ ਤਿੰਨ ਕੋਲੀਆਂ ਲੈ ਆਉਣੀਆਂ ਇੱਕ ਛੋਟੇ ਭਰਾ



ਕਰਮਜੀਤ ਦੀ ਤੇ ਵੱਡੀ ਭੈਣ ਕਿਰਨਜੀਤ ਲਈ ਤੇ ਇੱਕ ਆਪਣੀ, ਫਿਰ ਉਸ ਵਿੱਚ ਮੱਖਣ ਪਵਾ ਲੈਣਾ। ਜਦੋਂ ਦਾਦੀ ਲੱਸੀ ਵਿੱਚ ਹੱਥ ਮਾਰ ਕੇ ਹਿਲਾ ਕੇ ਮੱਖਣ ਕੱਢਦੇ ਹੁੰਦੇ ਸੀ ਤਾਂ ਕਈ ਵਾਰ ਮੈਂ ਰਿੜਕਨੇ ਵਿਚੋਂ ਮੱਖਣ ਕੱਢਣ ਦੀ ਕੋਸ਼ਿਸ਼ ਕਰਨੀ, ਪਰ ਦਾਦੀ ਝਿੜਕ ਕੇ ਹਟਾ ਦਿੰਦੀ ਸੀ ਹੱਥ ਪਰੇ ਕਰ ਲਿੱਬੜ ਜਾਣਗੇ। ਦਾਦੀ ਸਾਨੂੰ ਗੋਦ ਵਿੱਚ ਬਿਠਾ ਕੇ ਮੱਖਣ ਖਵਾਇਆ ਕਰਦੀ ਸੀ।ਫਿਰ ਮੈਂ ਦਾਦੀ ਨੂੰ ਪੁੱਛਣਾ ਦਾਦੀ ਇਹ ਘਿਓ ਕਿਵੇਂ ਆ ਜਾਂਦਾ ਹੈ, ਇਹ ਚਾਟੀ ਤੇ ਮਧਾਣੀ ਕੀ ਹੈ ? ਦਾਦੀ ਫਿਰ ਦੱਸਦੇ ਹੁੰਦੇ ਸੀ ਕਿ ਚਾਟੀ ਨੂੰ ਅੱਗ ਵਿੱਚ ਪਕਾ ਕੇ ਫਿਰ ਘਰ ਵਿੱਚ ਲਿਆ ਕੇ ਇਸ ਵਿਚ ਇੱਕ ਅੱਧਾ ਦਿਨ ਪਾਣੀ ਭਰ ਕੇ ਰੱਖਿਆ ਜਾਂਦਾ ਸੀ।ਉਸ ਤੋਂ ਬਾਅਦ ਇਸ ਨੂੰ ਦੁੱਧ ਰਿੜਕਣ ਲਈ ਵਰਤਿਆ ਜਾਂਦਾ ਸੀ। ਇੱਕ ਲੱਕੜ ਦਾ ਲਗਪਗ ਢਾਈ ਤਿੰਨ ਫੁੱਟ ਦਾ ਗੋਲ ਡੰਡਾ ਹੁੰਦਾ ਹੈ ਜਿਸ ਦੇ ਹੇਠਲੇ ਸਿਰੇ ਤੇ ਪੌਣੀ ਕੁ ਗਿੱਠ ਦੇ ਦੋ ਟੁੱਕੜੇ, ਚਰਖੜੀ ਵਰਗੇ ਫਿੱਟ ਕੀਤੇ ਹੁੰਦੇ ਹਨ। ਡੰਡੇ 'ਤੇ ਇੱਕ ਫੁੱਲ ਹੁੰਦਾ ਸੀ ਜਿਸਨੂੰ ਮੱਖਣ ਲੱਗਿਆ ਹੁੰਦਾ ਸੀ ਫਿਰ ਦਾਦੀ ਆਪਣੇ ਹੱਥਾਂ ਨਾਲ ਉਸਨੂੰ ਸਾਫ ਕਰਦੀ ਸੀ। ਡੰਡੇ ਦੇ ਉੱਪਰਲੇ ਸਿਰੇ 'ਤੇ ਕੁਝ ਵੱਢੇ ਜਿਹੇ ਗੋਲਾਈ ਵਿੱਚ ਹੁੰਦੇ ਹਨ। ਇਹ ਡੋਰੀ ਭਾਵ ਨੇਤਰੇ ਦਾ ਆਲੇ ਦੁਆਲੇ ਵਲ਼ ਦੇ ਕੇ ਮਧਾਣੀ ਚਲਾਉਣ ਦੇ ਮੰਤਵ ਲਈ ਹੁੰਦੇ ਹਨ। ਚਾਟੀ ਮਿੱਟੀ ਦਾ ਭਾਂਡਾ ਹੁੰਦਾ ਹੈ। ਇਸ ਵਿੱਚ ਜੰਮਿਆ ਹੋਇਆ ਦੁੱਧ ਰਿੜਕਿਆ ਜਾਂਦਾ ਹੈ।ਇਸ ਵਿੱਚ ਇੱਕ ਕੁੜ ਹੁੰਦਾ ਹੈ।ਇਹ ਇੱਕ ਲੱਕੜ ਦਾ ਯੂ ਸ਼ਕਲ ਦੀ ਬਣਾਵਟ ਦਾ ਹੁੰਦਾ ਹੈ, ਜਿਸ ਦੇ ਦੋਹਾਂ ਸਿਰਿਆਂ 'ਤੇ ਇੱਕ ਪੱਕੀ ਡੋਰੀ ਬੰਨੀ ਹੁੰਦੀ ਹੈ। ਮਧਾਣੀ ਘੁਮਾਉਣ ਲਈ ਨੇਤਰਾ ਭਾਵ ਇੱਕ ਡੋਰੀ ਮਧਾਣੀ ਦੇ ਉੱਪਰਲੇ ਸਿਰੇ ਕੋਲ ਵਲ਼ੀ ਹੁੰਦੀ ਹੈ, ਜਿਸ ਦੋਹਾਂ ਸਿਰਿਆਂ 'ਤੇ ਫੜਨ ਲਈ ਦੋ ਲੱਕੜ ਦੀਆਂ ਗੁੱਲੀਆਂ ਜਿਹੀਆਂ ਬੰਨੀਆਂ ਹੁੰਦੀਆਂ ਹਨ, ਜਿਸਨੂੰ ਦਾਦੀ ਆਪਣੀਆਂ ਉਂਗਲਾਂ ਵਿੱਚ ਫਸਾ ਕੇ ਮਧਾਣੀ ਚਲਾਉਣ ਦਾ ਕੰਮ ਸੌਖੀ ਤਰਾਂ ਕਰ ਲੈਂਦੀ ਸੀ ਅਜਿਹਾ ਕਰਨ ਨਾਲ ਉਂਗਲਾਂ ਦੀ ਬਾਹਾਂ ਦੀ ਕਸਰਤ ਹੁੰਦੀ ਸੀ। ਦਾਦੀ ਦੱਸਦੇ ਹੁੰਦੇ ਸੀ ਕਿ ਸ਼ਾਮ ਨੂੰ ਹਾਰੇ ਵਿੱਚ ਸੁੱਕੇ ਗੋਹੇ ਜਾ ਪਾਥੀਆਂ ਰੱਖ ਕੇ ਧੁੱਖਦੀ ਅੱਗ ਬਾਲ ਲੈਂਦੇ ਸੀ ਫਿਰ ਉਹ ਦੁੱਧ ਤੋੜੀ ਵਿੱਚ ਪਾ ਕੇ ਹਾਰੇ ਵਿੱਚ ਦੁੱਧ ਕੜਨ ਲਈ ਰੱਖ ਦਿੰਦੇ ਸਨ । ਕਾੜਨੀ ਵਿਚ ਦੁੱਧ ਪਾ ਕੇ ਉੱਤੇ ਮੋਰੀਆਂ ਵਾਲਾ ਮਿੱਟੀ ਦਾ ਢੱਕਣ ਦੇ ਨਾਲ ਢੱਕ ਦਿੰਦੇ ਸੀ, ਜਿਸ ਨੂੰ ਛਕਾਲਾ ਆਖਦੇ ਸਨ। ਸ਼ਾਮ ਵੇਲੇ ਇਸ ਨੂੰ ਜਾਗ ਲਗਾ ਕੇ ਰੱਖਿਆਂ ਜਾਂਦਾ ਸੀ।

ਮੈਨੂੰ ਯਾਦ ਹੈ ਮੇਰੇ ਦਾਦੀ ਜੀ ਕਾੜਨੀ ਵਾਲਾ ਦੁੱਧ ਪੀਂਦੇ ਸਨ ਜੋ ਕਿ ਦੇਖਣ ਵਿੱਚ ਲਾਲ ਰੰਗ ਦਾ ਹੁੰਦਾ ਹੈ। ਉਸ ਸਮੇਂ ਸਾਰਾ ਟੱਬਰ ਹੀ ਰੱਜ ਕੇ ਦੁੱਧ ਪੀਂਦਾ ਹੁੰਦਾ ਸੀ । ਸਰਦੀਆਂ ਵਿੱਚ ਦਾਦੀ ਜੀ ਸਰੋਂ ਦਾ ਸਾਗ ਮੱਕੀ ਦੀ ਰੋਟੀ ਮੱਖਣ ਨਾਲ ਖਾਣ ਲਈ ਦਿੰਦੇ ਸੀ ਉਹ ਬਹੁਤ ਸੁਆਦ ਹੁੰਦਾ ਸੀ ।ਅਸੀਂ ਚੁੱਲੇ ਅੱਗੇ ਬੈਠ ਕੇ ਖਾਈ ਜਾਂਦੇ ਸੀ ਦਾਦੀ ਲਾਹੀ ਜਾਂਦੀ ਸੀ। ਨਾਲ ਹੀ ਨਾਲ ਉਹ ਮੱਖਣੀ ਨੂੰ ਅੱਗ ਦੇ ਮੱਠੇ ਮੱਠੇ ਕੋਲਿਆ ਜਾ ਗੋਹੇ ਦੀ ਅੱਗ 'ਤੇ ਰੱਖ ਕੇ ਘਰ ਹੀ ਮੱਖਣ ਨੂੰ ਕਾੜ ਕੇ ਘਿਓ ਬਣਾਉਂਦੇ ਹੁੰਦੇ ਸੀ ।ਹੌਲੀ ਹੌਲੀ ਮੱਠੀ ਜਿਹੀ ਅੱਗ ਉੱਤੇ ਕਿਸੇ ਭਾਂਡੇ ਵਿੱਚ ਮੱਖਣ ਪਾਕੇ ਰੱਖਦੇ ਸੀ ਫਿਰ ਘਿਓ ਬਣਾਉਂਦੇ ਸੀ ਮੱਠੀ ਅੱਗ ਨਾਲ ਘਿਓ ਸੜਦਾ ਨਹੀਂ ਸੀ। ਦਾਦੀ ਜਦੋਂ ਮੱਖਣ ਗਰਮ ਕਰਦੇ ਸੀ ਜੋ ਝੱਗ ਉਸ ਉੱਪਰ ਆਉਂਦੀ ਸੀ ਉਸ ਨੂੰ ਚਮਚੇ ਦੁਆਰਾਂ ਨਾਲ ਦੀ ਨਾਲ ਲਾਹੀ ਜਾਂਦੇ ਸੀ। ਘਿਓ ਨੂੰ ਗਰਮ ਕਰਨ ਤੋਂ ਬਾਅਦ ਪੁਣ ਲਿਆ ਜਾਂਦਾ ਸੀ ਬਾਕੀ ਜੋ ਪਿੱਛੇ ਬਚ ਜਾਂਦਾ ਸੀ ਉਸਨੂੰ ਚਹੇੜੂ ਕਹਿੰਦੇ ਹਨ ਜੋ ਕਿ ਰੋਟੀਆਂ ਨੂੰ ਚੋਪੜਨ ਲਈ ਵਰਤਿਆ ਜਾਂਦਾ ਹੈ ।

ਮੈਨੂੰ ਯਾਦ ਹੈ ਕਈ ਵਾਰ ਦਾਦੀ ਲੱਸੀ ਦਾ ਰੇਤਾ/ਪਨੀਰ ਬਣਾ ਲੈਂਦੇ ਸੀ ਲੱਸੀ ਨੂੰ ਇੱਕ ਪੋਣੇ ਜਾ ਬਾਰੀਕ ਜਾਲੀ ਵਾਲੇ ਕੱਪੜੇ ਵਿੱਚ ਪਾ ਕੇ ਕੀਲੇ ਜਾਂ ਮੰਜੇ ਦੇ ਪਾਵੇ ਨਾਲ ਬੰਨ ਕੇ ਲਟਕਾ ਦਿੰਦੇ ਸੀ ਫਿਰ ਉਸ 'ਚੋਂ ਪਾਣੀ ਥੱਲੇ ਨੁੱਚੜ ਜਾਂਦਾ ਸੀ ਕਈ ਵਾਰ ਦਾਦੀ ਪੋਣੇ ਨੂੰ ਹੱਥ ਵਿੱਚ ਫੜ ਕੇ ਨਿਚੋੜ ਦਿੰਦੇ ਸੀ। ਬਾਅਦ ਵਿੱਚ ਉਸ ਵਿੱਚ ਕੱਦੂ ਨੂੰ ਉਬਾਲ ਕੇ ਉਸ ਵਿੱਚ ਪਾਇਆ ਜਾਂਦਾ ਸੀ ਲੂਣ ਮਿਰਚ ਪਾਕੇ ਰੇਤਾ ਤਿਆਰ ਕੀਤਾ ਜਾਂਦਾ ਸੀ। ਸਵੇਰੇ ਮੱਖਣੀ ਨਾਲ ਹਾਜ਼ਰੀ ਰੋਟੀ ਖਾਧੀ ਜਾਂਦੀ ਸੀ। ਮਿੱਸੀ ਰੋਟੀ ਨਾਲ ਗੰਡਾ ਅਚਾਰ ਖਾਧਾ ਜਾਂਦਾ ਸੀ।

ਦੁੱਧ ਰਿੜਕਣ ਦਾ ਕੰਮ ਸਵੇਰੇ ਸਾਝਰੇ ਕੀਤਾ ਜਾਂਦਾ ਹੈ। ਵਰਤੋਂ ਲਈ ਦਹੀ ਕੱਢ ਕੇ ਬਾਕੀ ਰਿੜਕ ਲਿਆ ਜਾਂਦਾ ਹੈ। ਇਹ ਦਹੀਂ ਫੁੱਟਾਂ ਵਾਲੀ ਹੁੰਦੀ ਹੈ। ਮੈਨੂੰ ਬਹੁਤ ਪਸੰਦ ਹੈ। ਮਧਾਣੀ ਨਾਲ ਸਬੰਧਤ ਕਈ ਲੋਕ ਬੋਲੀਆਂ ਪ੍ਰਚਿੱਲਤ ਹਨ :-

ਮਧਾਣੀਆਂ ਮਧਾਣੀਆਂ ਮਧਾਣੀਆਂ,
ਪੇਕੇ ਦੋਵੇਂ ਭੈਣਾਂ ਨੱਚੀਏ,
ਸੋਹਰੇ ਨੱਚੀਏ ਦਰਾਣੀਆਂ ਜਠਾਣੀਆਂ,
ਪੇਕੇ ਦੋਵੇਂ ............,
ਮਧਾਣੀਆਂ............
ਹਾਏ ਓਏ ਮੇਰੇ ਡਾਢਿਆ
ਰੱਬਾ,,
ਕਿਨਾਂ ਜੰਮੀਆਂ ਕਿੰਨਾਂ ਨੇ ਲੈ
ਜਾਣੀਆਂ

ਚਾਟੀ ਤੇ ਮਧਾਣੀ ਨਾਲ ਸਬੰਧਤ ਕਿਸੇ ਦਾ ਗਾਇਆ ਗੀਤ ਬਹੁਤ ਪ੍ਰਸਿੱਧ ਹੈ ਜੋ ਇੱਕ ਨਵ ਵਿਆਹੀ ਮੁਟਿਆਰ ਆਪਣੇ ਢੋਲ ਪਰਦੇਸੀ ਲਈ ਗਾਉਂਦੀ ਹੈ :-

ਰੰਗਲੀ ਮਧਾਣੀ ਬਾਹਾਂ ਗੋਰੀਆਂ,
ਮੈਂ ਚਾਈਂ-ਚਾਈਂ ਦੁੱਧ ਰਿੜਕਾਂ।
ਛੇਤੀ-ਛੇਤੀ ਆ ਜਾ ਮੇਰੇ ਢੋਲ ਪਰਦੇਸੀਆਂ ਵੇ,
ਮਾਂ ਤੇਰੀ ਦਵੇ ਝਿੜਕਾਂ ।

ਦਾਦੀ ਜੀ ਦੱਸਦੇ ਸੀ ਕਿ ਪਹਿਲਾਂ ਲੋਕ ਲੱਸੀ ਤੇ ਦਹੀਂ ਨਾਲ ਸਿਰ ਨਹਾਉਂਦੇ ਸਨ।ਪਰ ਅੱਜ ਇਹ ਰਿਵਾਜ ਘੱਟ ਗਿਆ ਹੈ।ਅੱਜ ਵੀ ਖੱਟੀ ਲੱਸੀ ਨੂੰ ਵੇਸਣ ਵਿੱਚ ਪਾ ਕੇ ਹਰੇ ਗੰਡੇ ਦੀਆਂ ਭੂਕਾ ਟਮਾਟਰ ਪਾ ਕੇ ਕੜੀ ਬਣਾਈ ਜਾਂਦੀ ਹੈ ।ਦੋਸਤੋ ਕਾਸ਼, ਕਿਤੇ ਅੱਜ ਮੇਰੇ ਦਾਦੀ ਜਿਊਂਦੇ ਹੁੰਦੇ ਉਨਾਂ ਤੋਂ ਹੋਰ ਕੁੱਝ ਸਿੱਖਣ ਨੂੰ ਮਿਲਦਾ, ਉਨਾਂ ਦੀਆਂ ਗੱਲਾਂ ਨੂੰ ਮੈਂ ਸ਼ਬਦਾਂ (ਅੱਖਰਾਂ) ਵਿੱਚ ਪਰੋ ਸਕਦੀ। ਪਾਠਕਾਂ ਦੇ ਸਨਮੁੱਖ ਕਰ ਸਕਦੀ। ਦੋਸਤੋ ਦਾਦੀ ਮਾਂ ਦੀਆਂ ਬਾਤਾਂ ਮੇਰੀ ਜ਼ਿੰਦਗੀ ਦਾ ਅਨਮੋਲ ਗਹਿਣਾ ਹਨ।

## ਕਠਫੋੜਾ ਤੇ ਚਿੜੀ

ਬਾਲ - ਕਹਾਣੀ



ਇੱਕ ਵਾਰ ਦੀ ਗੱਲ ਹੈ। ਗਰਮੀਆਂ ਦਾ ਮੌਸਮ ਸੀ। ਇੱਕ ਕਠਫੋੜਾ ਇੱਕ ਦਰੱਖਤ ਉੱਤੇ ਰਹਿੰਦਾ ਸੀ। ਉਹ ਆਪਣੇ ਲਈ ਅਨਾਜ ਇਕੱਠਾ ਕਰ ਰਿਹਾ ਸੀ। ਉਸ ਕੋਲ ਇੱਕ ਚਿੜੀ ਆਈ ਤੇ ਉਸ ਨੇ ਕਿਹਾ ਕਿ ਕਠਫੋੜੇ, ਅਜੇ ਸਰਦੀਆਂ ਆਉਣ ਨੂੰ ਬਹੁਤ ਸਮਾਂ ਹੈ। ਤੂੰ ਏਨੀ ਜਲਦੀ ਸਰਦੀਆਂ ਲਈ ਅਨਾਜ ਇਕੱਠਾ ਕਿਉਂ ਕਰ ਰਿਹਾ ਹੈਂ ? ਕਠਫੋੜੇ ਨੇ ਕਿਹਾ, 'ਨਹੀਂ ਚਿੜੀਏ' ਸਾਨੂੰ ਹਰ ਰੋਜ਼ ਮਿਹਨਤ ਕਰਕੇ ਥੋੜਾ-ਥੋੜਾ ਅਨਾਜ ਇਕੱਠਾ ਕਰ ਲੈਣਾ ਚਾਹੀਦਾ ਹੈ ਕਿਉਂਕਿ ਸਰਦੀ ਆ ਜਾਵੇਗੀ। ਚਿੜੀ ਨੇ ਕਿਹਾ ਕਿ ਨਹੀਂ ਸਰਦੀਆਂ ਆਉਣ ਨੂੰ ਬਹੁਤ ਸਮਾਂ ਹੈ, ਤੂੰ ਮੇਰੇ ਘਰ ਚੱਲ।ਆਪਾਂ ਦੋਵੇਂ ਗੱਲਾਂ ਕਰੀਏ ਅਤੇ ਖੇਡੀਏ, ਪਰ ਕਠਫੋੜਾ ਨਹੀਂ ਮੰਨਿਆ। ਉਹ ਹਰ ਰੋਜ਼ ਥੋੜਾ-ਥੋੜਾ ਕੰਮ ਕਰਦਾ ਅਤੇ ਅਨਾਜ ਇਕੱਠਾ ਕਰਦਾ ਰਿਹਾ। ਹੌਲੀ-ਹੌਲੀ ਸਮਾਂ ਬੀਤਦਾ ਗਿਆ ਅਤੇ ਸਰਦੀਆਂ ਆ ਗਈਆਂ।ਜਦੋਂ ਸਰਦੀ ਵੱਧ ਗਈ ਤਾਂ ਚਿੜੀ ਕੋਲ ਖਾਣ ਲਈ ਕੋਈ ਭੋਜਨ ਨਹੀਂ ਸੀ। ਉਹ ਹੁਣ ਪਛਤਾ ਰਹੀ ਸੀ। ਉਹ ਹੁਣ ਕਠਫੋੜੇ ਕੋਲ਼ ਗਈ ਕਿ ਮੈਨੂੰ ਕੁਝ ਭੋਜਨ ਖਾਣ ਲਈ ਦੇ ਦੇ ਤਾਂ ਕਠਫੋੜੇ ਨੇ ਉਸ 'ਤੇ ਤਰਸ ਕੀਤਾ ਅਤੇ ਚਿੜੀ ਨੂੰ ਭੋਜਨ ਦੇ ਦਿੱਤਾ। ਚਿੜੀ ਭੋਜਨ ਖਾ ਕੇ ਖ਼ੁਸ਼ ਹੋਈ।



**ਸਿੱਖਿਆ** : ਇਸ ਕਹਾਣੀ ਤੋਂ ਸਾਨੂੰ ਸਿੱਖਿਆ ਮਿਲਦੀ ਹੈ ਕਿ ਸਾਨੂੰ ਹਰ ਰੋਜ਼ ਮਿਹਨਤ ਕਰਦੇ ਰਹਿਣਾ ਚਾਹੀਦਾ ਹੈ।

**ਰਜਿੰਦਰ ਸਿੰਘ,**
**ਜਮਾਤ-ਚੌਥੀ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ**

## ਤੇਰੀ ਕੂਕ, ਮੇਰੀ ਕਵਿਤਾ

ਇੱਕ ਕੋਇਲ ਕੂਕਦੀ ਹੈ
ਮੇਰੇ ਵਿਹੜੇ ਵਿੱਚ ਆ ਕੇ
ਉਹ ਰਿਸ਼ਤਾ ਜੋੜਦੀ ਹੈ
ਗੀਤ ਬਿਰਹਾ ਦਾ ਗਾ ਕੇ
ਮੇਰੇ ਦਿਲ ਦੇ ਤਾਰਾਂ ਨੂੰ
ਉਹ ਰੋਜ਼ ਛੇੜਦੀ ਹੈ
ਵਿਹੜੇ ਬਹਿ ਕੂਕਦੀ ਹੈ
ਸੁਰ ਦਰਦਾਂ ਦੀ ਲਾ ਕੇ
ਇੱਕ ਕੋਇਲ ਕੂਕਦੀ ਹੈ
ਮੇਰੇ ਵਿਹੜੇ ਵਿੱਚ ਆ ਕੇ
ਨੀ ਕਾਲੀਏ ਕੋਇਲੇ ਨੀਂ
ਤੇਰੀ ਕੂਕ ਹੁਸਨ ਤੇਰਾ
ਤੂੰ ਪਿਆਰੀ ਸਾਹਿਬਾਂ ਦੀ
ਤੈਨੂੰ ਰਖਿਆ ਗੱਲ ਲਾ ਕੇ
ਮੇਰੀ ਅਰਜ਼ ਪੁਚਾ ਦੇਵੀਂ
ਮੇਰੇ ਸਾਹਿਬਾਂ ਦੇ ਦਰ ਤੇ
ਮੇਰਾ ਮੇਲ ਕਰਾ ਦੇਵਣ
ਮੇਰਾ ਪਿਆਰ ਮਿਲਾ ਦੇਵਣ

ਇੱਕ ਕੋਇਲ ਕੂਕਦੀ ਹੈ
ਮੇਰੇ ਵਿਹੜੇ ਵਿੱਚ ਆ ਕੇ
ਮੇਰੇ ਦਰਦ ਵਿਛੋੜੇ ਨੂੰ
ਉਹ ਜਾਣਦੀ ਲੱਗਦੀ ਹੈ
ਕੂਕ ਕੂਕ ਕੇ ਦੱਸਦੀ ਹੈ
ਦੱਸਦੀ ਹੈ ਗਾ ਗਾ ਕੇ
ਤੇਰੀਆਂ ਲੰਮੀਆਂ ਹੇਕਾਂ ਵਿੱਚ
ਮੇਰਾ ਦਰਦ ਪਰੋਇਆ ਹੈ
ਮੇਰੀ ਪੀੜ ਵਿਛੋੜੇ ਦੀ
ਸਾਹਿਬਾਂ ਨੂੰ ਸੁਣਾ ਜਾ ਕੇ
ਇੱਕ ਕੋਇਲ ਕੂਕਦੀ ਹੈ
ਮੇਰੇ ਵਿਹੜੇ ਵਿੱਚ ਆ ਕੇ
ਤੂੰ ਹਰ ਵਰੇ ਆਉਂਦੀ ਹੈਂ
ਮੇਰੀ ਪੀੜ ਜਗਾਉਂਦੀ ਹੈਂ
ਮੇਰੇ ਜ਼ਖਮ ਹਰੇ ਕਰਦੀ
ਅੱਗ ਬਿਰਹਾ ਦੀ ਲਾਉਂਦੀ ਹੈਂ
ਚਾਹ ਸੱਜਣਾ ਨੂੰ ਮਿਲਣੇ ਦੀ
ਇਸ ਪੀੜ ਦੇ ਵਿੱਚ ਰਹਿੰਦੀ

ਤੇਰੀਆਂ ਕੂਕਾਂ ਦੀ ਲੈਅ ਸੰਗ
ਮੇਰੀ ਕਵਿਤਾ ਰਹੇ ਵਹਿੰਦੀ
ਇੱਕ ਕੋਇਲ ਕੂਕਦੀ ਹੈ
ਮੇਰੇ ਵਿਹੜੇ ਵਿੱਚ ਆ ਕੇ
ਮੇਰੇ ਵਿਹੜੇ ਦੇ ਅੰਬ ਤੇ
ਤੂੰ ਆ ਕੇ ਨਿੱਤ ਬਹਿੰਦੀ
ਮੇਰੇ ਦੁੱਖੜੇ ਤੂੰ ਸੁਣਦੀ
ਤੇ ਆਪਣੇ ਦੁੱਖ ਕਹਿੰਦੀ
ਤੇਰੀ ਕੂਕ ਮੇਰੀ ਕਵਿਤਾ
ਰਿਸ਼ਤਾ ਹੈ ਤੇਰਾ ਮੇਰਾ
ਕਹਾਣੀ ਮੇਰੇ ਦਰਦਾਂ ਦੀ
ਤੇਰੀ ਕੂਕ ਲਗੇ ਕਹਿੰਦੀ
ਤੇਰੀਆਂ ਕੂਕਾਂ ਦੀ ਲੈਅ ਸੰਗ
ਮੇਰੀ ਕਵਿਤਾ ਰਹੇ ਵਹਿੰਦੀ
ਇੱਕ ਕੋਇਲ ਕੂਕਦੀ ਹੈ
ਮੇਰੇ ਵਿਹੜੇ ਵਿੱਚ ਆ ਕੇ।

**ਗਜਿੰਦਰ ਸਿੰਘ, ਦਲ ਖਾਲਸਾ**

# 'ਕਿਹੜੇ ਰਾਹਾਂ ਤੇ ਤੁਰ ਪਈ ਹੈ ਪੰਜਾਬੀਆਂ ਦੀ ਖੇਡ ਕਬੱਡੀ'

## ਖਿਡਾਰੀਆਂ ਦੇ ਕਤਲ, ਕਾਤਲ, ਨਸ਼ੇ ਪੱਤੇ ਜਾਂਦੇ ਨੇ ਖੇਡ ਦਾ ਜਨਾਜ਼ਾ ਕੱਢੀ



ਜਗਰੂਪ ਸਿੰਘ ਜਰਖੜ
ਮੋ. ਨੰ. 9814300722

ਸਰਕਲ ਸਟਾਈਲ ਖੇਡ ਕਬੱਡੀ ਪੰਜਾਬੀਆਂ ਦਾ ਇੱਕ ਜਨੂੰਨ ਹੈ, ਇਕ ਵਗਦੀ ਲਹਿਰ ਹੈ। ਪੰਜਾਬੀ ਜਿੱਥੇ ਜਿੱਥੇ ਵੀ ਗਏ ਕਬੱਡੀ ਖੇਡ ਨੂੰ ਵੀ ਨਾਲ ਹੀ ਲੈ ਕੇ ਗਏ। ਪੰਜਾਬੀਆਂ ਦਾ ਕਬੱਡੀ ਬਿਨਾਂ ਕਬੱਡੀ ਦਾ ਪੰਜਾਬੀਆਂ ਤੋਂ ਬਿਨਾਂ ਗੁਜ਼ਾਰਾ ਨਹੀਂ ਹੈ। ਜਦੋਂ ਕੋਈ ਵੀ ਲਹਿਰ ਚੱਲਦੀ ਹੈ ਭਾਵੇਂ ਉਹ ਹੋਵੇ, ਧਾਰਮਿਕ ਹੋਵੇ, ਸਮਾਜਿਕ ਹੋਵੇ ਭਾਵੇਂ ਉਹ ਸੱਭਿਆਚਾਰਕ ਹੋਵੇ ਭਾਵੇਂ ਉਹ ਕਿਸੇ ਖੇਡ ਨਾਲ ਜੁੜੀ ਹੋਵੇ ਉਸ ਵਿਚ ਗਲਤ ਅਨਸਰਾਂ ਦੀ ਘੁਸਪੈਠ ਹੋਣੀ ਹੀ ਹੁੰਦੀ ਹੈ। ਕਿਉਂਕਿ ਇਹ ਦੁਨੀਆਂ ਮਤਲਬਖੋਰਾਂ ਦੀ ਹੈ। ਇੱਕ ਮਤਲੱਬੀ ਅਤੇ ਸਮਰਪਿਤ ਇਨਸਾਨ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੁੰਦਾ ਹੈ। 1984 ਵਿੱਚ ਦਰਬਾਰ ਸਾਹਿਬ 'ਤੇ ਹਮਲਾ ਹੋਇਆ, ਰੋਸ ਵਜੋਂ ਜ਼ਜਬਾਤਾਂ ਦੇ ਬਹਿਣ ਵਿੱਚ ਇੱਕ ਇਨਸਾਫ਼ ਲੈਣ ਲਈ ਨੌਜਵਾਨਾਂ ਵਿੱਚ ਇੱਕ ਗੁੱਸੇ ਦੀ ਲਹਿਰ ਚੱਲੀ, ਸਮਾਜ ਦੀ ਹਮਦਰਦੀ ਨਾਲ ਸੀ ਪਰ ਗਲਤ ਅਨਸਰਾਂ ਦੀ ਘੁਸਪੈਠ ਅਤੇ ਕੋਈ ਇੱਕ ਮਾਈ ਬਾਪ ਨਾ ਹੋਣ ਕਾਰਨ ਦੋਹਾਂ ਪਾਸਿਆਂ ਤੋਂ ਘਰਾਂ ਦੇ ਘਰ ਉਜੜ ਗਏ, ਮਾਵਾਂ ਬਿਲਕਦੀਆਂ ਹੀ ਰਹਿ ਗਈਆਂ, ਅੱਜ ਵੀ ਬਰਬਾਦੀ ਦੀ ਤਪਸ ਝੱਲਣ ਵਾਲਿਆਂ ਦੇ ਚੁੱਲਿਆਂ ਵਿੱਚ ਕੱਖ ਉੱਗੇ ਪਏ ਹਨ।

ਅੱਜ ਕਬੱਡੀ ਖੇਡ ਦੀ ਲਹਿਰ ਅਤੇ ਲੋਕਾਂ ਦਾ ਮੋਹ ਸਿਖਰਾਂ 'ਤੇ ਹੈ। ਕਬੱਡੀ ਦੇ ਮੈਦਾਨ ਵਿੱਚ ਗਲੈਡੀਏਟਰ ਵਜੋਂ ਜਾਣੇ ਜਾਂਦੇ ਸੰਦੀਪ ਨੰਗਲ ਅੰਬੀਆਂ ਦਾ ਦਿਨ ਦਿਹਾੜੇ ਗੋਲੀਆਂ ਲੱਗਣ ਨਾਲ ਕਤਲ ਹੋ ਗਿਆ ਹੈ, ਹੁਣ ਅੱਗੇ ਕੀ ਹੋਵੇਗਾ ? 4-5 ਦਿਨ ਦਾ ਰੋਣਾ ਧੋਣਾ ਹੋਵੇਗਾ, ਰਾਜਨੀਤਿਕ ਅਤੇ ਪ੍ਰਸ਼ਾਸਨ ਦੀ ਇਨਸਾਫ਼ ਦੇਣ ਦੀ ਬਿਆਨਬਾਜੀ ਹੋਵੇਗੀ, ਕਾਤਲ ਫੜੇ ਵੀ ਜਾਣਗੇ, ਪਰ ਮਰੇ ਮੁੱਕਰੇ ਦਾ ਕੋਈ ਗਵਾਹ ਨਹੀਂ ਹੁੰਦਾ, ਕਾਤਲਾਂ ਦਾ ਕੋਈ ਰਾਹ ਨਹੀਂ ਹੁੰਦਾ, ਕੁੱਝ ਦਿਨ ਦੀ ਹਮਦਰਦੀ, ਫੇਰ ਦੁਨੀਆਂ ਆਪਣੀ ਚਾਲ ਚੱਲੇਗੀ। ਜੇਕਰ ਕੋਈ ਨੰਗਲ ਅੰਬੀਆਂ ਦੀ ਮੌਤ ਦਾ ਨਰਕ ਅਤੇ ਸੰਤਾਪ ਭੋਗੇਗਾ ਉਹ ਉਸ ਦੇ 2 ਯਤੀਮ ਹੋਏ ਨੰਨੇ ਮੁੰਨੇ ਬੱਚੇ, ਪਤਨੀ ਅਤੇ ਮਾਪੇ। ਮੇਰਾ ਖਿਆਲ ਹੈ ਕਿ ਸੰਦੀਪ ਸਿੰਘ ਨੰਗਲ ਅੰਬੀਆਂ ਦਾ ਕਸੂਰ ਇੰਨਾ ਹੀ ਸੀ ਕਿ ਉਹ ਕਬੱਡੀ ਦਾ ਇੱਕ ਸੁਪਰ ਸਟਾਰ ਖਿਡਾਰੀ ਸੀ। ਇੱਕ ਪ੍ਰਬੰਧਕ ਬਣ ਕੇ ਕਬੱਡੀ ਖੇਡ ਨੂੰ ਅੱਗੇ ਲਿਜਾਣਾ ਚਾਹੁੰਦਾ ਸੀ। ਪਰ ਸੁਪਰ ਸਟਾਰ ਬਣਨ ਦੇ ਰੁਤਬੇ ਤੱਕ ਪਹੁੰਚਣ ਲਈ ਜਿੰਦਗੀ ਵਿੱਚ ਕਿੰਨੀ ਕੁ ਘਾਲਣਾ ਘਾਲਣੀ ਪੈਂਦੀ ਹੈ। ਸ਼ਾਇਦ ਇਹ ਉਸਦੇ ਕਾਤਲਾਂ ਨੂੰ ਵੀ ਨਾ ਪਤਾ ਹੋਵੇ। ਪਿਸਟਲ, ਰਾਈਫਲਾਂ ਦੀਆਂ ਗੋਲੀਆਂ ਚਲਾਉਣ ਦਾ ਧੰਦਾ ਕਰਨਾ ਕੋਈ ਔਖਾ ਕੰਮ ਨਹੀਂ, ਪਰ ਇਕ ਖਿਡਾਰੀ ਬਣਨਾ ਜਾਂ ਇੱਕ ਖਿਡਾਰੀ ਬਣਾਉਣਾ ਰੱਬ ਪਾਉਣ ਦੀ ਤਪੱਸਿਆ ਕਰਨ ਦੇ ਬਰਾਬਰ ਹੁੰਦਾ ਹੈ। ਫੇਰ ਇੰਨੀ ਤਪੱਸਿਆ ਕਰਕੇ ਵੀ, ਕਬੱਡੀ ਖੇਡ ਖਿਡਾਰੀਆਂ ਲਈ ਇੱਕ ਵਰਦਾਨ ਹੋਣ ਦੀ ਬਜਾਏ ਸਰਾਪ ਕਿਉਂ ਸਾਬਿਤ ਹੋ ਰਹੀ ਹੈ ?

ਇਸ ਦਾ ਵੱਡਾ ਕਾਰਨ ਕਬੱਡੀ ਵਿੱਚ ਮਣਾਂ ਮੂੰਹੀਂ ਪੈਸੇ ਦੀ ਆਮਦ, ਫਿਰ ਪੈਸੇ ਦੀ ਦੁਰਵਰਤੋਂ, ਫਿਰ ਝੂਠੇ ਮਾਣ ਸਨਮਾਨਾਂ ਦੇ ਚੱਕਰ, ਆਪੋ ਆਪਣੀ ਹਉਮੈ ਨੂੰ ਪੱਠੇ, ਮੈਂ ਦਾ ਹੰਕਾਰ, ਤੂੰ ਕੌਣ ਆਂ ? ਖੇਡ ਦਾ ਕੋਈ ਵਿਧੀ ਵਿਧਾਨ ਨਾ ਹੋਣਾ, ਇੱਕ ਆਲਮੀ ਪੱਧਰ ਦੀ ਸੰਸਥਾ ਦਾ ਨਾ ਬਨਣਾ, ਮਾਨਤਾ ਪ੍ਰਾਪਤ ਖੇਡ ਬਣਾਉਣ ਵੱਲ ਉਕਾ ਹੀ ਧਿਆਨ ਨਾ ਦੇਣਾ, ਹਰ ਘੜੰਮ ਚੌਧਰੀ ਦਾ ਆਪਣੇ ਆਪ ਵਿੱਚ



ਕਬੱਡੀ ਦਾ ਰਖਵਾਲਾ ਅਖਵਾਉਣਾ, ਨਸ਼ਿਆਂ ਦੀ ਭਰਮਾਰ, ਕਦੇ ਰਾਜਨੀਤਕ ਲੋਕਾਂ ਦੇ ਰਹਿਮੋ ਕਰਮ ਤੇ, ਕਦੇ ਜੇਲਾਂ ਵਿੱਚ ਬੈਠੇ ਅਪਰਾਧੀਆਂ ਦੀ ਛਤਰ ਛਾਇਆ ਹੇਠ ਕਬੱਡੀ ਦਾ ਚੱਲਣਾ ਹੀ ਖਿਡਾਰੀਆਂ ਲਈ ਖੇਡ ਕਬੱਡੀ ਵਰਦਾਨ ਹੋਣ ਦੀ ਬਜਾਏ ਸਰਾਪ ਸਾਬਤ ਹੋ ਰਹੀ ਹੈ। ਇਸੇ ਕਰਕੇ ਅੱਜ ਕੋਈ ਕਬੱਡੀ ਖਿਡਾਰੀ ਜਾਂ ਆਮ ਬੰਦਾ ਵੀ ਆਪਣੇ ਬੱਚੇ ਨੂੰ ਕਬੱਡੀ ਖਿਡਾਰੀ ਨਹੀਂ ਬਣਾਉਣਾ ਚਾਹੁੰਦਾ। ਜਿਸ ਤਰਾਂ ਦਾ ਗੱਡੀ ਚਲਾਉਣ ਵਾਲਾ ਡਰਾਈਵਰ ਹੋਵੇਗਾ, ਉਸੇ ਤਰਾਂ ਦੇ ਨਤੀਜੇ, ਖਿਡਾਰੀਆਂ 'ਤੇ ਗੋਲੀਆਂ ਪਹਿਲਾਂ ਵੀ ਚੱਲੀਆਂ, ਸੰਦੀਪ 'ਤੇ ਵੀ ਚੱਲੀਆਂ, ਅੱਗੇ ਵੀ ਚੱਲਣਗੀਆਂ, ਅਜੇ ਹੋਰ ਪਤਾ ਨਹੀਂ ਕਿੰਨੀਆਂ ਕੁ ਮਾਵਾਂ ਦੇ ਪੁੱਤ ਅਤੇ ਨਾਮੀ ਖਿਡਾਰੀ ਕਾਤਲਾਂ ਦੇ ਗੋਲੀਆਂ ਦੇ ਸ਼ਿਕਾਰ ਹੋ ਜਾਣੇ ਹਨ। ਮੇਰੇ ਵਰਗੇ ਸੱਚ ਲਿਖਣ ਵਾਲੇ ਅਤੇ ਹੋਰ ਬੋਲਣ ਵਾਲੇ ਵੀ ਬਖਸ਼ੇ ਨਹੀਂ ਜਾਣੇ ਕਿਉਂਕਿ ਸਰਕਾਰਾਂ ਦੀ ਕਬੱਡੀ ਖੇਡ ਕੋਈ ਗੰਭੀਰਤਾ ਨਹੀਂ, ਕਬੱਡੀ ਦੇ ਰਖਵਾਲੇ ਸਹਿਮੇ ਬੈਠੇ ਨੇ, ਕਬੱਡੀ ਦਾ ਕੋਈ ਮਾਈ ਬਾਪ ਨਹੀਂ, ਜੋ ਖੇਡ ਨੂੰ ਸਹੀ ਤਰੀਕੇ ਨਾਲ ਸੰਭਾਲ ਸਕੇ।

ਕਬੱਡੀ ਖਿਡਾਰੀਆਂ ਦੇ ਕਤਲ ਕਰਨ ਵਾਲਿਆਂ ਨੂੰ ਵੀ ਮੇਰੀ ਇਹ ਸਲਾਹ ਹੈ ਕਿ ਕਿਸੇ ਵੀ ਇਨਸਾਨ ਦਾ ਕਤਲ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ। ਤੁਹਾਡੇ ਆਪਸੀ ਵਿਚਾਰਾਂ ਦੇ ਵਖਰੇਵੇਂ ਹੋ ਸਕਦੇ ਹਨ, ਪੈਸੇ ਦਾ ਲੈਣ ਦੇਣ ਹੋ ਸਕਦਾ, ਇੱਕ ਦੂਜੇ ਤੋਂ ਵੱਡੇ ਹੋਣ ਦਾ ਹੰਕਾਰ ਹੋ ਸਕਦਾ ਹੈ, ਪਰ ਫੇਰ ਵੀ ਹਰ ਸਮੱਸਿਆ ਦਾ ਹੱਲ ਗੱਲਬਾਤ ਅਤੇ ਧੀਰਜ ਮਤੇ ਨਾਲ ਨਿਬੜ ਜਾਂਦਾ ਹੈ। ਦੁਨੀਆਂ ਦੇ ਵੱਡੇ ਅਫਗਾਨਿਸਤਾਨ ਦੇ ਕਾਤਲ ਲੋਕ ਤਾਲਿਬਾਨਾਂ ਨੂੰ ਵੀ ਆਪਣੀ ਸਮੱਸਿਆ ਹੱਲ ਕਰਨ ਲਈ ਆਖਿਰ ਟੇਬਲ ਟਾਕ 'ਤੇ ਹੀ ਆਉਣਾ ਪਿਆ। ਬੇਨਤੀ ਹੈ ਤੁਹਾਨੂੰ, ਕਬੱਡੀ ਖੇਡ ਤੁਹਾਡੀ ਜਗੀਰ ਨਹੀਂ, ਇਹ ਸਮੂਹ ਪੰਜਾਬੀਆਂ ਦੀ ਇੱਕ ਚਹੇਤੀ ਖੇਡ ਹੈ, ਮਾਂ ਸਮਾਨ ਹੈ, ਮਾਂ ਦੇ ਕਾਤਲ ਨਾ ਬਣੋ, ਇਤਿਹਾਸ ਦੇ ਕਲੰਕੀ ਨਾ ਬਣੋ, ਕਬੱਡੀ ਨੂੰ ਇੱਕ ਖੇਡ ਹੀ ਰਹਿਣ ਦਿਓ, ਜੇ ਹੁਣ ਵੀ ਨਾ ਸੰਭਲੇ ਫੇਰ ਕਬੱਡੀ ਖੇਡ ਬੰਦਿਆਂ ਦੇ ਵੱਸ ਤੋਂ ਬਾਹਰ ਦੀ ਖੇਡ ਬਣ ਜਾਵੇਗੀ। ਮੇਰੀ ਤਾਂ ਇਹੋ ਦੁਆ 'ਓ ਮੇਰਿਆ ਰੱਬਾ ਬਚਾ ਲੈ ਸਾਡੀ ਖੇਡ ਕਬੱਡੀ ਨੂੰ, ਦੇਦੇ ਉਨਾਂ ਨੂੰ ਸੁਮੱਤ, ਜਿਹੜੇ ਰੋਕਣ ਨੂੰ ਫਿਰਦੇ ਕਬੱਡੀ ਦੇ ਜਾਨੂੰਨ ਦੀ ਗੱਡੀ ਨੂੰ'। ਕਬੱਡੀ ਦਾ ਰੱਬ ਰਾਖਾ।

---

## ਰਾਜ ਸਭਾ ਨਾਮਜ਼ਦਗੀਆਂ..

ਦਿਲਚਸਪ ਗੱਲ ਇਹ ਹੈ ਕਿ ਪੰਜਾਬ ਜਿੱਥੇ 32 ਪ੍ਰਤੀਸ਼ਤ ਦਲਿਤ ਵੋਟ ਹੈ, ਆਪ ਵਲੋਂ ਪੰਜਾ ਵਿਚੋਂ ਇਕ ਵੀ ਅਨੁਸੂਚਿਤ ਜਾਤੀ ਦੇ ਉਮੀਦਵਾਰ ਨੂੰ ਨਹੀਂ ਚੁਣਿਆ ਗਿਆ।ਪੰਜਾਬ ਬਸਪਾ ਪਾਰਟੀ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਦਲਿਤਾਂ ਨੂੰ ਅੱਖੋਂ ਪਰੋਖੇ ਕੀਤੇ ਜਾਣ ਦੀ ਨਿੰਦਾ ਕੀਤੀ।ਦਿਲਚਸਪ ਗੱਲ ਇਹ ਹੈ ਕਿ 'ਆਪ' ਵਲੋਂ ਰਾਜ ਸਭਾ ਲਈ ਜੋ ਪੰਜ ਉਮੀਦਵਾਰ ਬਣਾਏ ਗਏ ਹਨ, ਉਨਾਂ ਵਿਚੋਂ ਤਿੰਨ ਸੰਦੀਪ ਪਾਠਕ, ਰਾਘਵ ਚੱਢਾ ਤੇ ਸੰਜੀਵ ਅਰੋੜਾ ਦਿੱਲੀ ਨਿਵਾਸੀ ਹਨ ਤੇ ਸੰਜੀਵ ਅਰੋੜਾ ਦੇ ਫੇਸਬੁਕ ਪੇਜ ਅਨੁਸਾਰ ਉਹ ਭਾਜਪਾ ਦੀ ਦਿੱਲੀ ਕਾਰਜਕਾਰਨੀ ਦੇ ਮੈਂਬਰ ਵੀ ਹਨ। ਸੰਦੀਪ ਪਾਠਕ ਵੈਸੇ ਛੱਤੀਸਗੜ ਤੋਂ ਹਨ।ਜਦੋਂਕਿ ਅਸ਼ੋਕ ਮਿੱਤਲ (ਲਵਲੀ ਯੂਨੀਵਰਸਿਟੀ) ਤੇ ਹਰਭਜਨ ਸਿੰਘ ਕ੍ਰਿਕਟਰ ਜਲੰਧਰ ਨਿਵਾਸੀ ਹਨ। ਪਰ ਮੁੱਖ ਮੰਤਰੀ ਭਗਵੰਤ ਮਾਨ ਇਸ ਚੋਣ ਸਬੰਧੀ ਲੋਕਾਂ ਨੂੰ ਕੀ ਜਵਾਬ ਦੇਣ ਇਹ ਵੇਖਣ ਵਾਲੀ ਗੱਲ ਹੋਵੇਗੀ। ਜਸਬੀਰ ਸਿੰਘ ਗੜ੍ਹੀ ਅਨੁਸਾਰ ਇਸ ਫ਼ੈਸਲੇ ਨੇ ਸਪਸ਼ਟ ਕਰ ਦਿੱਤਾ ਹੈ ਕਿ ਸੂਬੇ ਦੀ ਕਮਾਨ ਅਤੇ ਫ਼ੈਸਲੇ ਲੈਣ ਦੀ ਤਾਕਤ ਮੁੱਖ ਮੰਤਰੀ ਕੋਲ ਨਹੀਂ, ਬਲਕਿ ਕੇਜਰੀਵਾਲ ਦੇ ਹੱਥਾਂ ਵਿਚ ਹੈ। ਇਸੇ ਦੌਰਾਨ ਬਹੁਤ ਸਾਰੇ ਪ੍ਰਤੀਨਿਧਾਂ ਵਲੋਂ ਅਤੇ ਆਮ ਲੋਕਾਂ 'ਚ ਇਹ ਗੱਲ ਚਰਚਾ ਦਾ ਵਿਸ਼ਾ ਬਣੀ ਹੋਈ ਹੈ ਕਿ ਟਿਕਟਾਂ ਦੀ ਇਸ ਵੰਡ ਵਿਚ ਕੀਤੇ ਵੱਡੀ ਪੱਧਰ 'ਤੇ ਪੈਸਿਆਂ ਦੀ ਲੈਣ-ਦੇਣ ਤਾਂ ਨਹੀਂ ਹੋਈ।

ਯਾਦ ਰਹੇ ਕਿ ਆਪ' ਦੇ ਪੰਜਾਬ ਮਾਮਲਿਆਂ ਦੇ ਸਹਿ ਇੰਚਾਰਜ ਅਤੇ ਦਿੱਲੀ ਤੋਂ ਵਿਧਾਇਕ ਰਾਘਵ ਚੱਢਾ (33), ਪੰਜਾਬ ਚੋਣਾਂ ਵਿੱਚ ਪਾਰਟੀ ਦੇ ਸਿਆਸੀ ਰਣਨੀਤੀਕਾਰ ਡਾ. ਸੰਦੀਪ ਪਾਠਕ (43), ਸਾਬਕਾ ਕ੍ਰਿਕਟਰ ਹਰਭਜਨ ਸਿੰਘ (41), ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲਪੀਯੂ) ਦੇ ਚਾਂਸਲਰ ਅਸ਼ੋਕ ਮਿੱਤਲ (58) ਅਤੇ ਲੁਧਿਆਣਾ ਦੇ ਪ੍ਰਸਿੱਧ ਉਦਯੋਗਪਤੀ ਸੰਜੀਵ ਅਰੋੜਾ (58) ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਹਨ। 'ਆਪ' ਦੇ ਸਾਰੇ ਪੰਜੇ ਉਮੀਦਵਾਰਾਂ ਦਾ ਨਿਰਵਿਰੋਧ ਚੁਣਿਆ ਜਾਣਾ ਨਿਸ਼ਚਿਤ ਹੈ। ਹੋਰ ਪਾਰਟੀਆਂ ਨੇ ਰਾਜ ਸਭਾ ਲਈ ਕੋਈ ਨਾਮਜ਼ਦਗੀ ਦਾਖ਼ਲ ਨਹੀਂ ਕੀਤੀ ਹੈ। ਸੰਸਦ ਦੇ ਉਪਰਲੇ ਸਦਨ ਵਿੱਚ ਖਾਲੀ ਹੋਈਆਂ ਪੰਜ ਸੀਟਾਂ ਲਈ ਚੋਣਾਂ 31 ਮਾਰਚ ਨੂੰ ਹੋਣੀਆਂ ਹਨ। ਪੰਜਾਬ ਨਾਲ ਸਬੰਧਤ ਪੰਜ ਰਾਜ ਸਭਾ ਮੈਂਬਰਾਂ 'ਚ ਪ੍ਰਤਾਪ ਸਿੰਘ ਬਾਜਵਾ, ਸ਼ਮਸ਼ੇਰ ਸਿੰਘ ਦੂਲੋਂ, ਸ਼ਵੇਤ ਮਲਿਕ, ਨਰੇਸ਼ ਗੁਜਰਾਲ ਅਤੇ ਸੁਖਦੇਵ ਸਿੰਘ ਢੀਂਡਸਾ ਦਾ ਕਾਰਜਕਾਲ 9 ਅਪਰੈਲ ਨੂੰ ਖ਼ਤਮ ਹੋ ਰਿਹਾ ਹੈ, ਜਦੋਂ ਕਿ ਦੋ ਹੋਰ ਮੈਂਬਰਾਂ ਬਲਵਿੰਦਰ ਸਿੰਘ ਭੂੰਦੜ ਤੇ ਅੰਬਿਕਾ ਸੋਨੀ ਦਾ ਕਾਰਜਕਾਲ 4 ਜੁਲਾਈ ਨੂੰ ਖ਼ਤਮ ਹੋਵੇਗਾ। '

### ਡਾ. ਐੱਸ ਕਰੁਣਾ ਰਾਜੂ ਨਿਰੀਖਕ ਨਿਯੁਕਤ

ਭਾਰਤੀ ਚੋਣ ਕਮਿਸ਼ਨ ਨੇ 31 ਮਾਰਚ ਨੂੰ ਹੋਣ ਵਾਲੀਆਂ ਰਾਜ ਸਭਾ ਚੋਣਾਂ ਲਈ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਡਾ. ਐੱਸ ਕਰੁਣਾ ਰਾਜੂ ਨੂੰ ਨਿਰੀਖਕ ਨਿਯੁਕਤ ਕੀਤਾ ਹੈ। ਭਾਰਤੀ ਚੋਣ ਕਮਿਸ਼ਨ ਨੇ ਡਾ. ਰਾਜੂ ਨੂੰ ਰਾਜ ਸਭਾ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰਾਂ ਦੀ ਪੜਤਾਲ, ਪੋਲਿੰਗ ਅਤੇ ਵੋਟਾਂ ਦੀ ਗਿਣਤੀ ਦੀ ਪ੍ਰਕਿਰਿਆ ਦੌਰਾਨ ਮੌਜੂਦ ਰਹਿਣ ਦੇ ਆਦੇਸ਼ ਦਿੱਤੇ ਹਨ। ਚੋਣਾਂ ਮਗਰੋਂ ਉਹ ਹੀ ਭਾਰਤੀ ਚੋਣ ਕਮਿਸ਼ਨ ਕੋਲ ਰਿਪੋਰਟ ਪੇਸ਼ ਕਰਨਗੇ।

## ਮਨੁੱਖੀ ਦਿਮਾਗ

**'ਸਹਿਜ ਮਾਨ'**

ਸੁਣਿਆ ਏ ਹਵਾਵਾਂ ਨਮ ਨੇ,
ਦੱਸ ਤਾਂ ਸਹੀ ਵਿੱਚ ਕੀਹਦੇ ਗ਼ਮ ਨੇ।
ਜਾਣਿਆ ਸੀ ਰਾਤ ਦੇ ਦੁੱਖੜੇ ਬਾਰੇ,
ਸੁਹਣੇ ਚੰਨ ਦੇ ਮੁੱਖੜੇ ਬਾਰੇ।
ਦੇਖਿਐ ਮੈਂ ਅੰਬਰ ਕਰਦਾ ਵਿਰਲਾਪ,
ਧਰਤੀ ਦੀ ਕੁੱਖ ਦੇ ਵੀ ਮਾਪ ਲਏ ਨੇ ਤਾਪ।
ਸੁਣਿਐ ਪਾਣੀ ਵਿਚਲੇ ਜੀਵਨ ਬਾਰੇ,
ਮਿੱਟੀ ਵਿੱਚੋਂ ਲੱਭ ਲਏ ਸੋਨ-ਭੰਡਾਰੇ।
ਲੁਕਿਆ ਨਾ ਕੁਝ ਲੱਖ ਰਹੀ ਛੁਪਾਉਂਦੀ,
ਮਨੁੱਖੀ ਦਿਮਾਗ ਦੇ ਮੂਹਰੇ ਕੁਦਰਤ ਕੁਰਲਾਉਂਦੀ।

## ਮਨ ਜਿਨਾਂ ਦੇ ਪੱਧਰੇ

**ਕੁਲਵਿੰਦਰ ਸਿੱਧੂ ਕਾਮੇ ਕਾ**

ਜਿੰਦਾਂ ਭੋਲ਼ੀਆਂ
ਗਰੀਬੀਆਂ ਨੇ ਰੋਲ਼ੀਆਂ
ਕਾਹਦੀਆਂ ਨੇ ਹੋਲ਼ੀਆਂ
ਰੰਗਾਂ ਦੇ ਵੀ ਜਿੱਥੇ
ਰੰਗ ਫਿੱਟੇ ਨੇ
ਦੁੱਖ ਜਿਨਾਂ ਦੇ ਵੱਡੜੇ
ਖੁਸ਼ੀਆਂ ਨੇ ਛੋਟੀਆਂ
ਕਿਸਮਤਾਂ ਖੋਟੀਆਂ
ਜੁੜਨ ਮਸਾਂ ਰੋਟੀਆਂ
ਲੇਖ ਰੱਬ ਨੇ ਹੀ
ਬਦਰੰਗ ਲਿਖੇ ਨੇ
ਹੋਲੀ ਤਾਂ ਹੈ ਉਨਾਂ ਦੀ ਹੀ
ਜੋ ਪੈਰ ਪੈਰ ਤੇ ਰੰਗ ਵਟਾਉਂਦੇ ਨੇ
ਢਿੱਡੋਂ ਭੁੱਖਿਆਂ ਨੂੰ ਰੰਗ ਸਾਰੇ
ਰੋਟੀ ਰੰਗੇ ਹੀ ਨਜ਼ਰ ਆਉਂਦੇ ਨੇ

## ਹੋਲੀ ਵਾਲੇ ਰੰਗ

**ਨਿਰਮ ਜੋਸਨ**

ਵੇਖ ਕਿੰਨੇ ਸੋਹਣੇ ਹੋਲੀ ਵਾਲੇ ਰੰਗ ਸੱਜਣਾ,
ਆਜਾਮਾਣਲਈਏਮੁਹੱਬਤਾਂਦੇਸੰਗਸੱਜਣਾ।
ਹਰ ਇੱਕ ਰੰਗ ਨਵਾਂ ਸੁਨੇਹਾ ਸਾਨੂੰ ਦਿੰਦਾ,
ਦਿਲਾਂ ਵਿੱਚ ਉੱਠੇ ਖ਼ੁਸ਼ੀਆਂ ਦੀ ਤਰੰਗ ਸੱਜਣਾ
ਰੰਗਾਂ ਦੀ ਦੁਨੀਆਂ ਡਾਹਢੀ ਸੋਹਣੀ ਲੱਗੇ,
ਜਿੱਥੇ ਸੋਚਾਂ ਦਾ ਘੇਰਾ ਨਹੀਓਂ ਤੰਗ ਸੱਜਣਾ।
ਰੰਗਾਂ ਵਾਂਗ ਖੁਸ਼ੀਆਂ ਚੁਫ਼ੇਰੇ ਵੰਡ ਆਪਾਂ,
ਬਣ ਜਾਈਏ ਰੂਹ ਦੇ ਮਸਤ ਮਲੰਗ ਸੱਜਣਾ।
ਮੋਹ ਪਿਆਰਾਂ ਵਾਲੀ ਮਹਿਕ ਆਪਾਂ ਵੰਡਣੀ,
ਸੋਹਣੇ ਰੰਗਾਂ ਵਿੱਚ ਦਿਲ ਲੈਣਾ ਰੰਗ ਸੱਜਣਾ।
ਚਿੱਤ ਕਰੇ ਰੰਗਾਂ ਸੰਗ ਰੰਗ ਮੈਂ ਵੀ ਬਣ ਜਾਵਾਂ ,
ਅੱਜ ਸ਼ਗਨ ਮਨਾਵਾਂ ਰੰਗਾਂ ਦੇ ਸੰਗ ਸੱਜਣਾ।

## ਨਵੀਂ ਹਾਂਡੀ

**ਸੱਜਣ ਸਿੰਘ ਹੰਸਰਾ**

ਗੁਲਾਬਾਂ 'ਚ ਖੁਸ਼ਬੂ ਜੇ ਨਦਾਰਦ ਹੋਏ, ਕੰਡੇ ਕਿਉਂ ਖਾਣ ਲੋਕ,
ਫਿਰ ਡਰਾਇੰਗ ਰੂਮ ਚ ਬਣਾਉਟੀ ਫ਼ੁੱਲ ਸਜਾ ਲੈਂਦੇ ਨੇ ਲੋਕ।
ਜਦੋਂ ਆਪਣੇ ਆਪਣਿਆਂ ਨੂੰ ਲੁਟਦੇ ਤੇ ਰੋਣ ਵੀ ਨਹੀਂ ਦਿੰਦੇ,
ਅੱਕ ਕੇ ਕੈਕਟਸ ਨੂੰ ਖੇਤ ਬਚਾਉਣ ਲਈ ਲਗਾ ਲੈਂਦੇ ਲੋਕ।
ਪੁਰਾਣੇ ਘੜੇ ਜਦੋਂ ਸਮਾਂ ਬੀਤਣ ਤੇ ਮੁਸਾਮ ਰਹਿਤ ਹੋ ਜਾਂਦੇ,
ਪੁਰਾਣੇ ਚੁਰਾਹੇ ਤੇ ਭੰਨ ਉਸ ਥਾਂ ਨਵਾਂ ਟਿਕਾ ਲੈਂਦੇ ਨੇ ਲੋਕ।
ਪਪੀਹੇ ਕਿੰਨੀ ਕੁ ਉਡੀਕ ਕਰਦੇ ਰਹਿਣ ਸੁਆਂਤੀ ਬੂੰਦ ਲਈ,
ਗਿੱਲ ਦੱਬ ਲੈਂਦੇ ਖੇਤ 'ਚ ਮਾਰੂ ਫਸਲਾਂ ਵੀ ਉਗਾ ਲੈਂਦੇ ਲੋਕ।
ਕਾਠ ਦੀਆਂ ਹਾਂਡੀਆਂ ਹੀ ਚੜਾ ਕੇ ਪਕਾਉਂਦੇ ਰਹੇ ਵਾਰੋ ਵਾਰੀ,
ਛੱਡ ਝਾਕ ਫਿਰ ਉਨਾਂ ਦੀ, ਨਵੀਂ ਹਾਂਡੀ ਖ਼ੁਦ ਚੜਾ ਲੈਂਦੇ ਲੋਕ।

## ਹਾਕਮੀਂ ਫ਼ੁਰਨੇ

**ਹਰਦੇਵ ਸਿੰਘ**

ਹੋਣਗੇ ਬੌਣੇ ਬੇਸ਼ੱਕ ਜੋ ਢਾਹ ਰਹੇ ਉੱਚੇ ਅਕਸ
ਇਸ ਤਰਾਂ ਨਫ਼ਰਤ ਨਹੀਂ ਕਰਦੇ ਹਾਣੀਆਂ ਨੂੰ ਹਾਣ ਦੇ।
ਖਾਲਸਾਈ ਬੋਲਿਆਂ ਨੂੰ ਪਾਣ ਚਾੜਨ ਗੈਰ ਦੀ
ਕਰ ਲਵਾਂ ਪ੍ਰਵਾਨ ਕਿੰਞ ਸੌਦੇ ਇਹ ਕੌਮੀ ਘਾਣ ਦੇ।
ਮੈਂ ਕਿਹਾ ਕੀਮਤ ਘਟਾ ਤੇ ਉਹ ਕਹੇ ਬੂਹੇ ਨਾ ਚੜ
ਰਹਿ ਗਏ ਬਾਕੀ ਕੀ ਮਸਲੇ ਹੱਟ ਉਸ ਦੀ ਜਾਨ ਦੇ।
ਪਾਣੀਆਂਤੇਹਾਣੀਆਂਸੀਨੇਸੰਗੀਨਾਂਖੁੱਬੀਆਂ
ਦਿੱਸਦੇ ਹੀਲੇ ਨਹੀਂ ਮਲਮ ਫੱਟਾਂ 'ਤੇ ਲਾਣ ਦੇ।
ਵੇਖ ਕਹੀਆਂ ਕਨ 'ਤੇ ਫਰਿਹਾਦ ਹਨ ਜੋ ਚੁਣ ਲਏ
ਦਰਅਸਲ ਕਬਰਾਂ ਪੁੱਟਣ ਦਾ ਹੁਨਰ ਹੀ ਨੇ ਜਾਣਦੇ।
ਪੰਜਾਬ ਦੀ ਹੈ ਆਤਮਾ ਆਜ਼ਾਦ ਸਾਂਝੀਵਾਲਤਾ
ਹਾਕਮੀਂਫ਼ੁਰਨੇਸਦਾਜੂਲੇਗਲ਼ਾਂਵਿੱਚਪਾਣਦੇ।

## ਮੇਰੀ ਸਾਈਕਲ

ਮੇਰੀ ਸਾਈਕਲ, ਮੇਰੀ ਸਾਈਕਲ ,
ਉਸ ਦਾ ਰੰਗ ਲਾਲ ਹੈ,
ਸਾਰੇ ਪੁੱਛਦੇ ਮੈਨੂੰ 'ਕੀ ਹਾਲ-ਚਾਲ ਹੈ' ?
ਮੈਂ ਉਸ ਦੇ ਉੱਤੇ ਬਹਿੰਦਾ ਹਾਂ ,
ਰੋਜ਼ ਗੇੜੀਆਂ ਲਗਾਉਂਦਾ ਹਾਂ ,
ਮੈਂ ਉਸ ਨੂੰ ਸਕੂਲ ਲੈ ਕੇ ਜਾਂਦਾ ਹਾਂ ,
ਸਾਈਕਲ ਨੂੰ ਖ਼ੂਬ ਭਜਾਉਂਦਾ ਹਾਂ ।



**ਆਦਿੱਤਿਆਪ੍ਰੀਤ ਸਿੰਘ**

# ਨਿਹੰਗ ਸਿੰਘਾਂ ਦੀ ਗਤਕਾ ਕਲਾ



**ਡਾ. ਆਤਮਾ ਸਿੰਘ ਗਿੱਲ**
**9878883680**

ਗੁਰੂ ਕੀਆਂ ਲਾਡਲੀਆਂ ਫੌਜਾਂ ਨਿਹੰਗ ਸਿੰਘ ਇਕ ਵੱਖਰੀ ਜਥੇਬੰਦੀ ਦਾ ਰੂਪ ਧਾਰਨ ਕਰ ਚੁੱਕੇ ਹਨ। ਇਹ ਜਥੇਬੰਦੀ ਇਤਿਹਾਸਕ, ਸ਼ਕਤੀਸ਼ਾਲੀ ਤੇ ਗੌਰਵ ਵਾਲੀ ਜਥੇਬੰਦੀ ਹੈ। ਨਿਹੰਗ ਸਿੰਘਾਂ ਦਾ ਆਪਣਾ ਇਤਿਹਾਸਕ, ਸਮਾਜਿਕ, ਸਭਿਆਚਾਰਕ ਤੇ ਗੌਰਵਮਈ ਵਿਰਸਾ ਹੈ। ਅਜਿਹੇ ਵਿਰਸੇ ਦੇ ਧਾਰਨੀ ਨਿਹੰਗ ਸਿੰਘਾਂ ਦੀ ਬੋਲੀ ਵੀ ਨਿਵੇਕਲੀ ਹੈ ਜਿਸ ਨੂੰ ਗੜਗੱਜ ਬੋਲੇ ਜਾਂ ਖਾਲਸੇ ਦੇ ਬੋਲੇ ਵੀ ਕਿਹਾ ਜਾਂਦਾ ਹੈ। ਇਸਦੇ ਨਾਲ ਹੀ ਨਿਹੰਗ ਸਿੰਘ ਬੀਰਤਾ ਭਰਪੂਰ ਕਾਰਨਾਮੇ ਕਰਨ ਦੇ ਵੀ ਮਾਹਿਰ ਹਨ ਜਿਸ ਵਿਚ ਗੁਰੂ ਕੀ ਖੇਡ ਗਤਕੇ ਨੂੰ ਪ੍ਰਦਰਸ਼ਨ ਕਲਾ ਵਜੋਂ ਪੇਸ਼ ਕੀਤਾ ਜਾਂਦਾ ਹੈ। ਨਿਹੰਗ ਸਿੰਘਾਂ ਦੀ ਜਥੇਬੰਦੀ ਨੇ ਹੀ ਮੁਗ਼ਲ ਕਾਲ ਦੇ ਤੁਫ਼ਾਨੀ ਦੌਰ ਸਮੇਂ ਸਿੱਖ ਪੰਥ ਨੂੰ ਕਾਇਮ ਰੱਖਣ ਲਈ ਇਨਕਲਾਬੀ ਸੰਘਰਸ਼ ਕੀਤਾ ਜਿਹੜਾ ਕਿ ਵਿਸ਼ਵ ਇਤਿਹਾਸ ਹੋ ਨਿਬੜਿਆ।

ਨਿਹੰਗ ਸ਼ਬਦ ਦੇ ਇਕ ਤੋਂ ਜ਼ਿਆਦਾ ਅਰਥ ਮਿਲਦੇ ਹਨ। ਕਾਨ ਸਿੰਘ ਨਾਭਾ ਨੇ ਨਿਹੰਗ ਦੇ ਅਰਥ ਇਸ ਤਰਾਂ ਕੀਤੇ ਹਨ।

1. ਨਿਹੰਗ=ਖੜਗ, ਤਲਵਾਰ 'ਬਾਹਤ ਨਿਹੰਗ ਉੱਠਤ ਫੁਲਿੰਗ' (ਸਰਬ ਲੋਹ) ਤਲਵਾਰ ਦੇ ਪ੍ਰਹਾਰ ਤੋਂ ਵਿਸਫੁਲਿੰਗ (ਚਿੰਗਾੜੇ)
2. ਕਲਮ, ਲੇਖਨੀ
3. ਘੜਿਆਲ, ਮਗਰਮੱਛ, ਨਾਕੂ **(Alligates)**

ਜਨਕ ਲਹਿਰ ਦਰਯਾਵ ਤੇ ਨਿਕਸਯੋ ਬਡੋ ਨਿਹੰਗ। (ਚਰਿਤ੍ਰ 217)

ਨਾਕੂ=ਸਾਰਿਕ ਮੱਛੀ ਦੇ ਰੂਪ ਵਿਚੋਂ ਹੈ।

ਮਗਰਮੱਛ=ਛਿਪਕਲੀ ਦੇ ਰੂਪ ਵਿਚੋਂ ਹੈ।

ਛਿਪਕਲੀ ਦਾ ਸੁਬਾਅ ਹੈ ਕਿ ਉਹ ਅੱਖਾਂ ਬੰਦ ਕਰਕੇ ਪਰ ਸੁਚੇਤ ਰਹਿੰਦੀ ਹੈ। ਆਪ ਕਿਸੇ ਤੇ ਹਮਲਾ ਨਹੀਂ ਕਰਦੀ। ਅਗਰ ਕੋਈ ਹਮਲਾ ਕਰੇ ਤਾਂ ਕੱਟਦੀ ਹੈ, ਜਿਸਦਾ ਇਲਾਜ ਨਹੀਂ। ਇਹ ਸੁਬਾਓ ਨਿਹੰਗ ਦਾ ਹੈ। ਕਿਸੇ ਨੂੰ ਕੁਝ ਨਹੀਂ ਕਹਿੰਦਾ। ਅਗਰ ਨਾ ਹਟੇ ਤਾਂ ਪਕੜ 'ਚੋਂ ਬਾਹਰ ਨਹੀਂ ਹੋ ਸਕਦਾ।

4. ਡਿੰਗ = ਘੋੜਾ, ਅਸਵ, ਤੁਰੰਗ

'ਬਿਚਰੇ ਨਿਹੰਗ ਜੈਸੇ ਪਿਲੰਗ' (ਵਿਚਿਤ੍ਰ)
ਚਿਤ੍ਰੇ ਵਾਂਗ ਛਾਲਾਂ ਮਾਰਦੇ ਘੋੜੇ ਵਿਚਰੇ।

5. ਨਿਹਸ਼ੰਕ=ਜਿਸ ਨੂੰ ਮੌਤ ਦੀ ਚਿੰਤਾ ਨਹੀਂ; ਬਹਾਦਰ, ਦਲੇਰ।

(1) ਨਿਰਭਉ ਹੋਇਓ ਭਇਆ ਨਿਹੰਗਾ॥
ਚੀਤਿ ਨ ਆਇਓ ਕਰਤਾ ਸੰਗਾ॥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 391

(2) ਪਹਿਲਾਂ ਦਲਾਂ ਮਿਲੰਦਿਆਂ ਭੇੜ ਪਇਆ ਨਿਹੰਗਾ॥ ਚੰਡੀ ਦੀ ਵਾਰ, ਪਉੜੀ 47

6. ਨਿਹਸੰਕ=ਨਿਰਲੇਪ, ਆਤਮ ਗਿਆਨੀ, ਦਵੰਦ ਦਾ ਤਿਆਗੀ

'ਨਿਹੰਗ ਕਹਾਵੈ ਸੋ ਪੁਰਖ, ਦੁਖ ਸੁਖ ਮੰਨੇ ਨ ਅੰਗ (ਸ੍ਰੀ ਗੁਰੂ ਪੰਥ ਪ੍ਰਕਾਸ਼)

7. ਕਾਨ ਸਿੰਘ ਨਾਭਾ ਅਨੁਸਾਰ ਸਿੰਘਾਂ ਦਾ ਇਕ ਫਿਰਕਾ ਜੋ ਸਿਰ ਪਰ ਫਰਹਰੇ ਵਾਲਾ ਉੱਚਾ ਦੁਮਾਲਾ, ਚੱਕੂ, ਤੋੜਾ, ਖੰਡਾ, ਕਿਰਪਾਨ, ਗਜਗਾਹ ਆਦਿ ਸ਼ਸਤਰ ਅਰ ਨੀਲਾ ਬਾਣਾ ਪਹਿਨਦਾ ਹੈ। ਨਿਹੰਗ ਸਿੰਘ ਮਰਣ ਦੀ ਸ਼ੰਕਾ ਤਿਆਗ ਕੇ ਹਰ ਵੇਲੇ ਸ਼ਹੀਦੀ ਪਾਉਣ ਲਈ ਤਿਆਰ ਅਤੇ ਮਾਇਆ ਤੋਂ ਨਿਰਲੇਪ ਰਹਿੰਦਾ ਹੈ, ਜਿਸ ਲਈ ਇਹ ਨਾਮ ਹੈ।

ਨਿਹੰਗ ਸ਼ਬਦ ਦੇ ਜਿੰਨੇ ਵੀ ਅਰਥ ਹਨ ਉਨਾਂ ਦਾ ਸੰਬੰਧ ਬੀਰਤਾ ਅਤੇ ਨਿਰਲੇਪਤਾ ਨਾਲ ਹੈ। ਨਿਰਲੇਪ ਰਹਿਣ ਵਾਲਾ ਬਹਾਦਰ ਵਿਅਕਤੀ ਹੀ ਨਿਹੰਗ ਹੈ। ਵਾਸਤਵ ਵਿਚ ਨਿਹੰਗ ਸਿੰਘ ਕੋਈ ਵੱਖਰਾ ਪੰਥ ਨਹੀਂ ਬਲਕਿ ਖਾਲਸਾ ਪੰਥ ਦਾ ਉਹ ਅਨਿੱਖੜ ਦਲ ਹੈ ਜਿਸਨੇ ਖਾਲਸੇ ਦੇ ਪੁਰਾਤਨ ਪਹਿਰਾਵੇ (ਬਾਣੇ), ਪਰੰਪਰਾ ਅਤੇ ਜੀਵਨ ਸ਼ੈਲੀ ਨੂੰ ਅੱਜ ਤੱਕ ਸੰਭਾਲ ਕੇ ਰੱਖਣ ਦਾ ਯਤਨ ਕੀਤਾ ਹੈ। ਅਠਾਰਵੀਂ ਸਦੀ ਵਿਚ ਸਮੁੱਚਾ ਅੰਮ੍ਰਿਤਧਾਰੀ ਖਾਲਸਾ ਨਿਹੰਗ ਹੀ ਸੀ। ਬੁੱਢਾ ਦਲ ਅਤੇ ਤਰੁਣਾ ਦਲ ਦੇ ਰੂਪ ਵਿਚ ਦਲ ਖਾਲਸਾ ਦੇ ਵੱਖ-ਵੱਖ ਜਥੇ ਨਿਹੰਗ ਜਥੇ ਹੀ ਸਨ। ਮਿਸਲਾਂ ਤੱਕ ਖਾਲਸਾਈ ਫੌਜਾਂ ਦਾ ਬਾਣਾ ਅਤੇ ਜੀਵਨ ਸ਼ੈਲੀ ਨਿਹੰਗਾਂ ਵਾਲੀ ਹੀ ਸੀ।

ਨਿਹੰਗ ਸਿੰਘਾਂ ਦੇ ਪੰਥ ਦੇ ਸ਼ੁਰੂ ਹੋਣ ਬਾਰੇ ਕਈ ਤਰਾਂ ਦੇ ਮੱਤ ਪ੍ਰਚਲਿਤ ਹਨ। ਕੁਝ ਇਕ ਵਿਦਵਾਨ ਇਸ ਨੂੰ ਬਾਬਾ ਬੁੱਢਾ ਜੀ ਨਾਲ ਜੋੜਦੇ ਹਨ। ਜਦੋਂ ਗੁਰੂ ਹਰਿਗੋਬਿੰਦ ਜੀ ਗਵਾਲੀਅਰ ਦੇ ਕਿਲੇ ਵਿਚ ਨਜ਼ਰਬੰਦ ਸਨ ਉਸ ਵੇਲੇ ਬਾਬਾ ਬੁੱਢਾ ਜੀ ਗੁਰੂ ਸਾਹਿਬ ਤੋਂ ਵਿਛੜੀਆਂ ਸੰਗਤਾਂ ਨੂੰ ਨਾਲ ਲੈ ਕੇ ਗਵਾਲੀਅਰ ਦੇ ਕਿਲੇ ਵੱਲ ਪੈਦਲ ਜਾਂਦੇ ਤੇ ਬਾਬਾ ਜੀ ਸਭ ਤੋਂ ਅੱਗੇ ਨਿਸ਼ਾਨ ਸਾਹਿਬ ਲੈ ਕੇ ਚਲਦੇ ਅਤੇ ਗਵਾਲੀਅਰ ਦੇ ਕਿਲ੍ਹੇ ਦੀ ਪਰਿਕਰਮਾ ਕਰਦੇ। ਜਦੋਂ ਗੁਰੂ ਹਰਿਗੋਬਿੰਦ ਜੀ ਨੇ ਇਹ ਦੇਖਿਆ ਤਾਂ ਪ੍ਰਸੰਨ ਹੋ ਕੇ ਇਹ ਬਚਨ ਕੀਤਾ ਕਿ ਬਾਬਾ ਜੀ ਕੁਝ ਸਮਾਂ ਪਾ ਕੇ ਤੇਰਾ ਪੰਥ ਨਿਸ਼ਾਨਾਂ ਵਾਲਾ ਚਲੇਗਾ।

ਦੂਸਰੇ ਮੱਤ ਅਨੁਸਾਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਪਿੰਡ ਢਿਲਵਾਂ ਵਿਖੇ ਸੋਢੀ ਕੌਲ ਜੀ ਪਾਸ ਠਹਿਰਨ ਸਮੇਂ ਨੀਲਾ ਬਾਣਾ ਅੱਗ ਵਿਚ ਸਾੜਿਆ ਤਾਂ ਜਦ ਇਕ ਲੀਰ ਰਹਿ ਗਈ ਤਾਂ ਉਹ ਲੀਰ ਭਾਈ ਮਾਨ ਸਿੰਘ ਨੇ ਗੁਰੂ ਜੀ ਦੇ ਹੱਥ ਵਿਚੋਂ ਬੇਨਤੀ ਪੂਰਵਕ ਫੜ ਲਈ ਅਤੇ ਆਪਣੀ ਦਸਤਾਰ ਵਿਚ ਟੰਗ ਲਈ, ਜੋ ਬਹੁਤ ਸੋਹਣੀ ਲੱਗੀ। ਉਸ ਵੇਲੇ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਕਿ ਭਾਈ ਮਾਨ ਸਿੰਘ ਤੇਰਾ ਨਿਹੰਗ ਪੰਥ ਚਲੇਗਾ।

ਤੀਸਰੇ ਮੱਤ ਅਨੁਸਾਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਗੜ੍ਹੀ ਤੋਂ ਨਿਕਲ ਕੇ ਆਏ ਤਾਂ ਉਨਾਂ ਨੇ ਪੀਰ ਵਾਲਾ ਕੌਤਕ ਕਰਨ ਤੋਂ ਬਾਅਦ ਪੀਰ ਵਾਲਾ ਨੀਲਾ ਬਾਣਾ ਅੱਗ ਵਿਚ ਸਾੜ ਦਿੱਤਾ ਅਤੇ ਇਕ ਨੀਲੀ ਲੀਰ ਕਟਾਰ ਦੇ ਨਾਲ ਬੰਨ ਲਈ ਜਿਸ ਤੋਂ ਇਹ ਪੰਥ ਸ਼ੁਰੂ ਹੋਇਆ।

ਚੌਥੇ ਮੱਤ ਅਨੁਸਾਰ ਜਦੋਂ ਛੋਟੇ ਸਾਹਿਬਜ਼ਾਦੇ ਬਾਬਾ ਫਤਹਿ ਸਿੰਘ ਦਸਤਾਰ ਸਜਾ ਕੇ ਇਕ ਵਾਰ ਗੁਰੂ ਸਾਹਿਬ ਦੇ ਸਾਹਮਣੇ ਆਏ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਇਸ ਬਾਣੇ ਦਾ ਇਕ ਨਿਹੰਗ ਪੰਥ ਹੋਵੇਗਾ, ਜੋ ਬੜੀ ਪ੍ਰਸਿੱਧੀ ਪ੍ਰਾਪਤ ਕਰੇਗਾ।

ਪੰਜਵੇਂ ਮੱਤ ਅਨੁਸਾਰ ਜਦੋਂ ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਨੇ ਆਨੰਦਪੁਰ 'ਤੇ 16 ਜਨਵਰੀ, 1704 ਨੂੰ ਹਮਲਾ ਕੀਤਾ। ਇਸ ਜੰਗ ਵਿਚ ਭਾਈ ਮਾਨ ਸਿੰਘ ਨਿਸ਼ਾਨਚੀ ਪੁੱਤਰ ਭਾਈ ਜੀਤਾ ਸਿੰਘ ਨਿਸ਼ਾਨ ਸਾਹਿਬ ਫੜ ਕੇ ਅੱਗੇ ਲੜ ਰਿਹਾ ਸੀ। ਭਾਈ ਸਾਹਿਬ ਨੂੰ ਜਦੋਂ ਇਕ ਗੋਲੀ ਪਹਾੜੀ ਫੌਜਾਂ ਦੀ ਲੱਗੀ ਤਾਂ ਉਹ ਜ਼ਖਮੀ ਹੋ ਕੇ ਡਿੱਗ ਪਏ। ਇਸ ਨਾਲ ਨਿਸ਼ਾਨ ਸਾਹਿਬ ਵੀ ਹੇਠਾਂ ਡਿੱਗ ਪਿਆ। ਇਹ ਇਤਲਾਹ ਜਦੋਂ ਗੁਰੂ ਸਾਹਿਬ ਨੂੰ ਪੁੱਜੀ ਤਾਂ ਉਨਾਂ ਆਪਣੀ ਛੋਟੀ ਦਸਤਾਰ ਵਿਚੋਂ ਇਕ ਲੀਰ ਪਾੜ ਕੇ ਦਸਤਾਰ ਦੇ ਉੱਪਰ ਸਜਾ ਲਈ ਅਤੇ ਹੁਕਮ ਕੀਤਾ ਕਿ ਹਰ ਸਿੰਘ ਅੱਗੇ ਤੋਂ ਮੈਦਾਨ ਏ ਜੰਗ ਵਿਚ ਆਪਣੀ ਦਸਤਾਰ ਉੱਤੇ ਨਿਸ਼ਾਨ ਸਾਹਿਬ (ਫਰਹਰਾ) ਸਜਾਇਆ ਕਰਨਗੇ। ਗੁਰੂ ਸਾਹਿਬ ਨੂੰ ਵੇਖਦੇ ਹੀ ਭਾਈ ਉਦੈ ਸਿੰਘ, ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ, ਭਾਈ ਮੁਹਕਮ ਸਿੰਘ, ਭਾਈ ਆਲਮ ਸਿੰਘ ਅਤੇ ਸਾਹਿਬਜ਼ਾਦਾ ਫ਼ਤਹਿ ਸਿੰਘ ਨੇ ਵੀ ਆਪਣੀਆਂ ਕੇਸਕੀਆਂ ਵਿਚੋਂ ਲੀਰਾਂ ਪਾੜ ਕੇ ਦਸਤਾਰਾਂ ਦੇ ਉੱਪਰ ਸਜਾ ਲਈਆਂ। ਇਹ ਦ੍ਰਿਸ਼ ਵੇਖ ਕੇ ਗੁਰੂ ਸਾਹਿਬ ਨੇ ਕਿਹਾ ਕਿ ਇਹ ਨਿਸ਼ਾਨ ਸਾਹਿਬ ਵਾਲੇ ਨੀਲੇ ਬਾਣੇ ਦਾ ਜਥਾ ਪੰਥ ਵਿਚ ਬੜਾ ਪ੍ਰਸਿੱਧ ਹੋਵੇਗਾ। ਇਸ ਤਰਾਂ ਨਿਹੰਗਾਂ ਦਾ ਜਨਮ ਮੰਨਿਆ ਜਾਂਦਾ ਹੈ।

ਨਿਹੰਗ ਸਿੰਘਾਂ ਦਾ ਵੱਖਰਾ ਪੰਥ ਸ਼ੁਰੂ ਹੋਣ ਬਾਰੇ ਇਹ ਸਾਰੀਆਂ ਧਾਰਨਾਵਾਂ ਸਿਧਾਂਤਕ ਪੱਖੋਂ ਠੀਕ ਨਹੀਂ। ਅਸਲ ਵਿਚ ਨਿਹੰਗ ਸਿੰਘ ਖ਼ਾਲਸਾ ਪੰਥ ਦਾ ਹੀ ਅੰਗ ਹਨ ਜਿਨਾਂ ਨੇ ਪੁਰਾਤਨ ਸਮੇਂ ਦੇ ਖ਼ਾਲਸੇ ਦਾ ਸਰੂਪ ਸਾਂਭ ਕੇ ਰੱਖਿਆ ਹੈ।

ਨਿਹੰਗ ਸਿੰਘਾਂ ਨੇ ਜਿਥੇ ਖਾਲਸਾਈ ਬੋਲੇ ਅਤੇ ਪਹਿਰਾਵਾ (ਬਾਣਾ) ਸਾਂਭ ਕੇ ਰੱਖਿਆ ਹੈ ਉਥੇ ਗੁਰੂ ਕੀ ਖੇਡ ਗੱਤਕੇ ਨੂੰ ਵੀ ਸਾਂਭਿਆ ਹੋਇਆ ਹੈ ਜਿਸ ਦਾ ਪ੍ਰਦਰਸ਼ਨ ਵਿਭਿੰਨ ਢੰਗਾਂ ਨਾਲ ਕੀਤਾ ਜਾਂਦਾ ਹੈ। ਸਭਿਆਚਾਰਕ ਸੰਦਰਭ ਵਿਚ ਜਿਥੇ ਨਿਹੰਗ ਸਿੰਘਾਂ ਦੇ ਪਹਿਰਾਵੇ ਦੀ ਮਹੱਤਤਾ ਹੈ ਉਥੇ ਨਾਲ ਹੀ ਲੋਕ ਮਨੋਰੰਜਨ ਵਜੋਂ ਗੱਤਕਾ ਵੀ ਆਪਣਾ ਮਹੱਤਵਪੂਰਨ ਸਥਾਨ ਰੱਖਦਾ ਹੈ। ਨਿਹੰਗ ਸਿੰਘਾਂ ਦੀ ਬੋਲੀ ਵਿਚੋਂ ਬੀਰਤਾ ਦੇ ਭਾਵ ਝਲਕਦੇ ਹਨ। ਨਿਹੰਗ ਸਿੰਘਾਂ ਦੇ ਬੋਲੇ ਜਿੰਨਾਂ ਨੂੰ ਗੜਗੱਜ ਬੋਲੇ ਵੀ ਕਿਹਾ ਜਾਂਦਾ ਹੈ ਵੱਖੋ-ਵੱਖਰੇ ਸੰਦਰਭਾਂ ਵਿਚ ਸਧਾਰਨ ਸ਼ਬਦ ਵੀ ਬੀਰਰਸ ਭਰਪੂਰ ਹੁੰਦੇ ਹਨ। ਆਮ ਸ਼ਬਦਾਵਲੀ ਨੂੰ ਨਿਹੰਗ ਸਿੰਘਾਂ ਨੇ ਵਿਸ਼ੇਸ਼ ਸ਼ਬਦਾਵਲੀ ਜਾਂ ਗੁਪਤ ਸ਼ਬਦਾਵਲੀ ਵਿਚ ਢਾਲ ਲਿਆ ਹੈ। ਇਸਤਰੀਵਾਚਕ ਸ਼ਬਦਾਂ ਨੂੰ ਪੁਰਖਵਾਚਕ, ਮੁੱਲਵਾਨ ਵਸਤੂਆਂ ਲਈ ਤੁਛ ਸ਼ਬਦ, ਸਧਾਰਨ ਵਸਤੂਆਂ ਲਈ ਵੱਡੇ ਸ਼ਬਦ, ਸ਼ਬਦ ਵਿਸਥਾਰ, ਸ਼ਬਦ ਸੰਕੋਚ, ਬਹੁਅਰਥਾਂ ਵਾਲੇ ਸ਼ਬਦ, ਪਰਿਆਇਵਾਚੀ ਸ਼ਬਦ, ਵਿਅੰਗ ਅਰਥਾਂ ਵਾਲੇ ਸ਼ਬਦ ਅਤੇ ਵਿਸ਼ੇਸ਼ ਸ਼ਬਦ ਸਿਰਜ ਕੇ ਜਿਥੇ ਨਿਹੰਗ ਸਿੰਘਾਂ ਦੀ ਭਾਸ਼ਾ ਨਿਰਲੇਪਤਾ ਦੀ ਧਾਰਨੀ ਹੁੰਦੀ ਹੈ ਉਥੇ ਬੀਰਰਸੀ ਵੀ ਹੋ ਨਿਬੜਦੀ ਹੈ। ਇਹ ਭਾਸ਼ਾ ਹੀ ਨਿਹੰਗ ਸਿੰਘਾਂ ਦੀ ਸ਼ਸ਼ਤਰ ਵਿਦਿਆ ਦਾ ਆਧਾਰ ਬਣਦੀ ਹੈ। ਸ਼ਸ਼ਤਰ ਵਿਦਿਆ ਦੀਆਂ ਭਾਵੇਂ ਕਈ ਕਿਸਮਾਂ ਹਨ ਪਰ ਇਹਨਾਂ ਦੀ ਸਮੁੱਚੀ ਰਿਹਰਸਲ ਨੂੰ ਗੱਤਕੇਬਾਜ਼ੀ ਦਾ ਨਾਮ ਦਿੱਤਾ ਜਾਂਦਾ ਹੈ।

ਗੱਤਕਾ ਨਿਹੰਗ ਸਿੰਘਾਂ ਦੀ ਪ੍ਰਦਰਸ਼ਨ ਕਲਾ ਦਾ ਅਜਿਹਾ ਪ੍ਰਦਰਸ਼ਨ ਹੈ ਜਿਸਦੀ ਮੈਦਾਨ ਏ ਜੰਗ ਵਿਚ ਵੀ ਵਰਤੋਂ ਕੀਤੀ ਜਾਂਦੀ ਹੈ ਅਤੇ ਆਮ ਪ੍ਰਦਰਸ਼ਨ ਵੀ ਕੀਤਾ ਜਾਂਦਾ ਹੈ। ਗੱਤਕਾ ਅਰਬੀ ਦੇ ਸ਼ਬਦ 'ਖ਼ੁਤਕਾ' ਤੋਂ ਬਣਿਆ ਹੈ। ਫ਼ਾਰਸੀ ਵਿਚ ਇਸਨੂੰ 'ਕੁਤਕਾ' ਕਿਹਾ ਜਾਂਦਾ ਹੈ ਜਿਸਦਾ ਅਰਥ ਹੈ ਛੋਟਾ ਅਤੇ ਮੋਟਾ ਸੋਟਾ। ਭੰਗਾਣੀ ਦੇ ਯੁੱਧ ਵਿਚ ਹਯਾਤ ਖਾਂ ਸਰਦਾਰ ਨੂੰ ਮਹੰਤ ਕਿਰਪਾਲ ਦਾਸ ਨੇ ਕੁਤਕੇ ਨਾਲ ਮਾਰਿਆ ਸੀ। ਜਿਸ ਦਾ ਵਰਣਨ ਬਚਿੱਤਰ ਨਾਟਕ ਵਿਚ ਮਿਲਦਾ ਹੈ।

**ਕ੍ਰਿਪਾਲ ਕੋਪਿਯੰ ਕੁਤਕੋ ਸੰਭਾਰੀ॥**
**ਹਠੀ ਖਾਨ ਹੱਯਾਤ ਕੇ ਸੀਸ ਝਾਰੀ॥**
**ਉੱਠੀ ਛਿੱਛ ਇੱਛੰ ਕਢਾ ਮੇਝ ਜੋਰੰ॥**
**ਮਨੋ ਮਾਖਨੰ ਮੱਟਕੀ ਕਾਨ ਫੋਰੰ॥**
**ਤਹਾ ਨੰਦਚੰਦ ਕੀਯੋ ਕੋਪੁ ਭਾਰੋ॥**
**ਲਗਾਈ ਬਰੱਛੀ ਕ੍ਰਿਪਾਣੰ ਸੰਭਾਰੋ॥**
**ਤੁਟੀ ਤੇਗ ਤ੍ਰਿੱਖੀ ਕਢੇ ਜਮਦੰਡ॥**
**ਹਠੀ ਰਾਖਯੰ ਲੱਜ ਬੰਸੰ ਸਨੱਢੰ॥**

ਭਾਈ ਕਾਨ ਸਿੰਘ ਨਾਭਾ ਅਨੁਸਾਰ ਗੱਤਕੇ ਤੋਂ ਭਾਵ ਗਦਾਯੁੱਧ ਦੀ ਸਿਖਿਆ ਦਾ ਪਹਿਲਾ ਅੰਗ ਸਿਖਾਉਣ ਲਈ ਇਕ ਡੰਡਾ, ਜੋ ਤਿੰਨ ਹੱਥ ਲੰਮਾ ਹੁੰਦਾ ਹੈ। ਇਸ ਉੱਤੇ ਚੰਮ ਦਾ ਖੋਲ ਚੜ੍ਹਿਆ ਹੁੰਦਾ ਹੈ, ਸੱਜੇ ਹੱਥ ਵਿਚ ਗੱਤਕਾ ਅਤੇ ਖੱਬੇ ਹੱਥ ਵਿਚ ਫਰੀ (ਛੋਟੀ ਢਾਲ) ਲੈ ਕੇ ਦੋ ਆਦਮੀ ਆਪੋ ਵਿਚ ਖੇਡਦੇ ਹਨ। ਗਤਕਾ ਦੋ ਸ਼ਬਦਾਂ ਦਾ ਸੁਮੇਲ ਹੈ ਗਤੀ+ਕਾ ਭਾਵ ਗਤੀ ਵਿਚ ਰਹਿਣ ਵਾਲੀ ਵਸਤੂ ਨੂੰ ਗੱਤਕਾ ਕਿਹਾ ਜਾਂਦਾ ਹੈ। ਗੱਤਕਾ ਗਦਾਯੁੱਧ ਦੀ ਸਿਖਿਆ ਦਾ ਪਹਿਲਾ ਅੰਗ ਹੈ ਜਿਸ ਨੇ ਗਦਾ ਚਲਾਉਣ ਦਾ ਮਾਹਿਰ ਬਣਨਾ ਹੈ ਉਹ ਪਹਿਲਾਂ ਗੱਤਕਾ ਸਿੱਖੇ। ਸੰਭਵ ਹੈ ਗਦਾਯੁੱਧ ਸ਼ਬਦ ਬਦਲ ਕੇ ਗਤਕਾ ਬਣ ਗਿਆ ਹੋਵੇ।

ਸੰਸਕ੍ਰਿਤ ਦੇ ਵਿਦਵਾਨਾਂ ਨੇ ਸ਼ਸ਼ਤਰਾਂ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ :-

1. ਮੁਕਤ = ਜੋ ਹੱਥੋਂ ਛੱਡੇ ਜਾਣ ਜਿਵੇਂ ਚੱਕਰ।
2. ਅਮੁਕਤ= ਜੋ ਹੱਥੋਂ ਨਾ ਛੱਡੇ ਜਾਣ ਜਿਵੇਂ ਤਲਵਾਰ, ਕਟਾਰ, ਗੱਤਕਾ।
3. ਮੁਕਤਾਮੁਕਤ = ਜੋ ਹੱਥੋਂ ਛੱਡੇ ਵੀ ਜਾਣ ਤੇ ਹੱਥ ਵਿਚ ਰੱਖ ਕੇ ਵੀ ਵਰਤੇ ਜਾਣ ਜਿਵੇਂ ਬਰਛਾ।
4. ਯੰਤਰ ਮੁਕਤ = ਜੋ ਕਲ ਨਾਲ ਛੱਡੇ ਜਾਣ ਜਿਵੇਂ ਤੀਰ, ਗੋਲੀ।

ਗੱਤਕੇ ਦਾ ਸੰਬੰਧ ਅਮੁਕਤ ਸ਼ਸ਼ਤਰਾਂ ਨਾਲ ਹੈ। ਇਸਨੂੰ ਹੱਥ ਵਿਚ ਫੜ ਕੇ ਦੁਸ਼ਮਣ ਉੱਤੇ ਵਾਰ ਕੀਤਾ ਜਾਂਦਾ ਹੈ ਭਾਵੇਂ ਕਿ ਗੱਤਕਾ ਸਧਾਰਨ ਸ਼ਸ਼ਤਰ ਹੈ। ਇਸਦਾ ਵਾਰ ਜ਼ਿਆਦਾ ਮਾਰੂ ਨਹੀਂ ਪਰ ਯੁੱਧ ਵਿੱਦਿਆ ਤੇ ਸ਼ਸ਼ਤਰ ਕਲਾ ਦੀ ਸਿੱਖਿਆ ਲਈ ਇਸਨੂੰ ਸਭ ਤੋਂ ਉੱਤਮ ਮੰਨਿਆ ਜਾਂਦਾ ਹੈ।

ਗੱਤਕੇ ਦਾ ਇਤਿਹਾਸ ਬਹੁਤ ਪੁਰਾਣਾ ਹੈ। ਰਮਾਇਣ ਤੇ ਮਹਾਂਭਾਰਤ ਦੇ ਯੁੱਧਾਂ ਸਮੇਂ ਗੱਤਕਾ ਸ਼ਸ਼ਤਰ ਵਿੱਦਿਆ ਦਾ ਮੁੱਖ ਅੰਗ ਸੀ। ਮੁਸਲਮਾਨੀ ਫੌਜ ਵਿਚ ਵੀ ਗੱਤਕੇ ਨੂੰ ਸ਼ਸ਼ਤਰ ਵਿਦਿਆ ਵਿਚ ਸ਼ਾਮਿਲ ਕੀਤਾ ਜਾਂਦਾ ਸੀ। ਸਿੱਖ ਪੰਥ ਵਿਚ ਜ਼ਾਹਰਾ ਰੂਪ ਵਿਚ ਗੱਤਕੇ ਦਾ ਪ੍ਰਦਰਸ਼ਨ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਹੋਣਾ ਸ਼ੁਰੂ ਹੋਇਆ ਪਰ ਇਸਦਾ ਬੀਜ ਗੁਰੂ ਨਾਨਕ ਦੇਵ ਜੀ ਦੇ ਸਮੇਂ ਹੀ ਬੀਜਿਆ ਗਿਆ ਸੀ। ਸਿੱਖ ਪੰਥ ਭਗਤੀ ਤੇ ਸ਼ਕਤੀ ਦਾ ਸੁਮੇਲ ਹੈ। ਭਗਤੀ ਦੇ ਨਾਲ ਸ਼ਕਤੀ ਭਗਤ-ਬਾਣੀ ਵਿਚੋਂ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਭਗਤਾਂ ਦਾ ਸੁਭਾਅ ਭਾਵੇਂ ਵੈਰਾਗਮਈ ਸੀ ਅਤੇ ਸ਼ਾਂਤ ਰਹਿ ਕੇ ਪ੍ਰਭੂ ਦੀ ਪ੍ਰਾਪਤੀ ਕਰਨਾ ਉਨਾਂ ਦਾ ਮੰਤਵ ਸੀ ਪਰ ਮਨ ਦੇ ਵਿਕਾਰਾਂ, ਸਮਾਜਿਕ ਬੁਰਾਈਆਂ ਅਤੇ ਹੋਰ ਵਰਤਾਰਿਆਂ ਲਈ ਉਨਾਂ ਨੇ ਵੀ ਸ਼ਕਤੀ ਦਾ ਪ੍ਰਦਰਸ਼ਨ ਕੀਤਾ। ਭਗਤ ਕਬੀਰ ਜੀ ਨੇ ਸਿੱਧੇ ਰੂਪ ਵਿਚ ਕਹਿ ਦਿੱਤਾ :-

**ਗਗਨ ਦਮਾਮਾ ਬਾਜਿਓ, ਪਰਿਓ ਨੀਸਾਨੈ ਘਾਉ॥**
**ਖੇਤ ਜੁ ਮਾਂਡਿਓ ਸੂਰਮਾ, ਅਬ ਜੂਝਨ ਕੋ ਦਾਉ॥**
**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥**
**ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥**

ਗੱਤਕੇ ਦਾ ਸੰਬੰਧ ਸ਼ਕਤੀ ਨਾਲ ਹੈ। ਇਸ ਸ਼ਕਤੀ ਦਾ ਆਰੰਭ ਗੁਰੂ ਨਾਨਕ ਦੇਵ ਜੀ ਨੇ ਬਾਬਰ ਨੂੰ ਜਾਬਰ ਕਹਿ ਕੇ ਅਤੇ ਰਾਜੇ ਸ਼ੀਂਹ ਮੁਕੱਦਮ ਕੁੱਤੇ ਕਹਿ ਕੇ ਕੀਤਾ ਸੀ। ਇਹ ਇਕ ਤਰਾਂ ਸ਼ਕਤੀ ਦੇ ਰੂਪ ਵਿਚ ਗੱਤਕੇ ਦਾ ਆਰੰਭ ਸੀ। ਸਿੱਖ ਗੁਰੂਆਂ ਨੇ ਧਰਮ ਯੁੱਧ ਲਈ ਯਹਾਦਿ ਕਲਮ, ਯਹਾਦਿ ਕਲਾਮ ਤੇ ਯਹਾਦਿ ਸੈਫ਼ (ਤਲਵਾਰ) ਤਿੰਨ ਤਰੀਕੇ ਅਪਣਾਏ। ਗੁਰੂ ਨਾਨਕ ਦੇਵ ਜੀ ਦੀ ਸ਼ਕਤੀ ਉਨਾਂ ਦੀ ਬਾਣੀ ਵਿਚੋਂ ਪ੍ਰਗਟ ਹੁੰਦੀ ਹੈ :

**ਜਉ ਤਉ ਪ੍ਰੇਮ ਖੇਲਣ ਕਾ ਚਾਉ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ॥**
**ਇਤੁ ਮਾਰਗਿ ਪੈਰੁ ਧਰੀਜੈ॥**
**ਸਿਰੁ ਦੀਜੈ ਕਾਣਿ ਨ ਕੀਜੈ॥**

ਗੁਰੂ ਨਾਨਕ ਦੇਵ ਜੀ ਦੇ ਬੀਰ ਰਸ ਨੂੰ ਗੁਰੂ ਅੰਗਦ ਦੇਵ ਜੀ ਨੇ ਅੱਗੇ ਤੋਰਿਆ। ਖਡੂਰ ਸਾਹਿਬ ਵਿਚ ਮੱਲ ਅਖਾੜਾ ਖੋਲਿਆ, ਜਿਥੇ ਮੁਗਦਰ ਫੇਰੇ ਜਾਂਦੇ, ਜਿਸ ਨਾਲ ਗੱਤਕੇ ਦੇ ਕੁਝ ਅੰਗਾਂ ਦੀ ਪੂਰਤੀ ਕੀਤੀ ਜਾਂਦੀ। ਗੁਰੂ ਅਮਰਦਾਸ ਜੀ ਨੇ ਗੱਦੀ ਤੇ ਬੈਠਣ ਤੋਂ ਪਹਿਲਾਂ 12 ਸਾਲ ਸੇਵਾ ਕੀਤੀ ਅਤੇ ਉਸਤੋਂ ਪਿਛੋਂ 84 ਪੌੜੀਆਂ ਵਾਲੀ ਬਉਲੀ ਸਥਾਪਿਤ ਕਰਕੇ ਸ਼ਕਤੀ ਦਾ ਨਿਵੇਕਲਾ ਰੂਪ ਸਿਰਜ ਦਿੱਤਾ। ਗੁਰੂ ਰਾਮਦਾਸ ਜੀ ਨੇ ਸਰੋਵਰ ਪੁਟਵਾਇਆ ਅਤੇ ਬਾਲਟਿਆਂ ਤੇ ਕਹੀਆਂ ਦੀ ਵਰਤੋਂ ਦੇ ਰੂਪ ਵਿਚ ਸ਼ਕਤੀ ਦਾ ਸੰਕਲਪ ਦਿੱਤਾ। ਗੁਰੂ ਅਰਜਨ ਦੇਵ ਜੀ ਨੇ ਘੋੜਿਆਂ ਦਾ ਵਪਾਰ ਕਰਵਾਇਆ ਅਤੇ ਸ਼ਹੀਦ ਹੋਣ ਸਮੇਂ ਸਿੱਖਾਂ ਨੂੰ ਸ਼ਕਤੀ ਦਾ ਜ਼ਾਹਰਾ ਰੂਪ ਦਿਖਾਉਣ ਲਈ ਕਿਹਾ। ਗੁਰੂ ਹਰਿਗੋਬਿੰਦ ਜੀ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਅਕਾਲ ਤਖਤ ਤੇ ਫੌਜੀ ਟ੍ਰੇਨਿੰਗ ਦੇਣੀ ਸ਼ੁਰੂ ਕੀਤੀ ਜਿਹੜੀ ਕਿ ਜ਼ਾਹਰਾ ਰੂਪ ਵਿਚ ਗੱਤਕੇ ਦਾ ਪਹਿਲਾ ਪ੍ਰਦਰਸ਼ਨ ਸੀ। ਗੁਰੂ ਹਰਿਗੋਬਿੰਦ ਜੀ ਨੂੰ ਬਾਬਾ ਬੁੱਢਾ ਜੀ ਨੇ ਸ਼ਸ਼ਤਰ ਵਿੱਦਆ ਸਿਖਾਈ। ਇਸ ਸਿਖਲਾਈ ਲਈ ਹੋਰ ਮੁਸਲਮਾਨ ਉਸਤਾਦ ਵੀ ਲਾਏ ਗਏ। ਜਦੋਂ ਗੁਰੂ ਸਾਹਿਬ ਨੇ ਸਿੱਖਾਂ ਦੇ ਹੱਥਾਂ ਵਿਚ ਸ਼ਸ਼ਤਰ ਦਿੱਤੇ ਤਾਂ ਇਹ ਉਨਾਂ ਨੂੰ ਓਪਰੇ ਨਹੀਂ ਸਨ ਲੱਗੇ ਕਿਉਂਕਿ ਇਹਨਾਂ ਵਸਤੂਆਂ ਤੋਂ ਤਾਂ ਸਿੱਖ ਪਹਿਲਾਂ ਹੀ ਜਾਣੂ ਸਨ ਅਤੇ ਥੋੜੇ ਬਦਲਵੇਂ ਰੂਪ ਵਿਚ ਉਹ ਇਹਨਾਂ ਦੀ ਵਰਤੋਂ ਕਰਨੀ ਸਿੱਖ ਗਏ। ਅੰਮ੍ਰਿਤਸਰ ਸਰੋਵਰ ਦੀ ਪੁਟਵਾਈ ਵੇਲੇ ਵਰਤੇ ਜਾਂਦੇ ਬਾਲਟਿਆਂ ਵਰਗੀਆਂ ਹੀ ਢਾਲਾਂ ਉਨਾਂ ਦੇ ਹੱਥ ਵਿਚ ਸਨ। ਇਸੇ ਸ਼ਕਤੀ ਨਾਲ ਗੁਰੂ ਹਰਿਗੋਬਿੰਦ ਜੀ ਨੇ ਚਾਰ ਲੜਾਈਆਂ ਲੜੀਆਂ। ਗੁਰੂ ਹਰਿਰਾਇ ਜੀ ਦੇ ਸਮੇਂ 2200 ਘੋੜ ਸਵਾਰ ਸਨ। ਗੁਰੂ ਹਰਿਕ੍ਰਿਸ਼ਨ ਜੀ ਨੇ ਹੱਥ ਵਿਚ ਸੋਟੀ ਫੜੀ। ਗੁਰੂ ਤੇਗ ਬਹਾਦਰ ਜੀ ਦਾ ਨਾਮ ਹੀ ਤੇਗ ਸੀ ਜਿਨਾਂ ਨੂੰ ਬਹਾਦਰੀ ਦਾ ਲਕਬ ਦਿੱਤਾ ਗਿਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਸ਼ਸ਼ਤਰਾਂ ਦੀ ਮਹੱਤਤਾ ਨੂੰ ਸਮਝਦਿਆਂ ਸਿੱਖਾਂ ਨੂੰ ਇਕ ਸ਼ਸ਼ਤਰ ਪੱਕੇ ਤੌਰ 'ਤੇ ਰੱਖਣ ਦਾ ਹੁਕਮ ਦੇ ਦਿੱਤਾ। ਸ਼ਸ਼ਤਰ ਵਿੱਦਆ ਦੇ ਅਭਿਆਸ ਲਈ ਇਕ ਦਿਨ ਮੁਕੱਰਰ ਕੀਤਾ ਗਿਆ। ਹੋਲੀ ਤੋਂ ਇਕ ਦਿਨ ਬਾਅਦ ਹੋਣ ਕਰਕੇ ਇਸਦਾ ਨਾਮ ਹੋਲਾ ਮਹੱਲਾ ਰੱਖਿਆ ਗਿਆ। ਹੋਲੇ ਮਹੱਲੇ ਵਾਲੇ ਦਿਨ ਸ਼ਸ਼ਤਰ ਕਲਾ ਦੇ ਜੌਹਰ ਦਿਖਾਏ ਜਾਂਦੇ ਤੇ ਜੇਤੂਆਂ ਨੂੰ ਇਨਾਮ ਦਿੱਤੇ ਜਾਂਦੇ। ਇਸ ਅਭਿਆਸ ਸਦਕਾ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਵਿਚ ਅਨੇਕਾਂ ਲੜਾਈਆਂ ਲੜੀਆਂ। ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ 'ਜਾਪੁ ਸਾਹਿਬ' ਸ਼ਸ਼ਤਰ ਵਿੱਦਆ ਨੂੰ ਮੁਖਾਤਿਬ ਹੈ। ਇਸ ਵਿਚਲੇ ਸਾਰੇ ਛੰਦ ਸ਼ਸ਼ਤਰ ਵਿੱਦਆ ਦੀਆਂ ਚਾਲਾਂ ਤੇ ਪੈਂਤੜਿਆਂ ਉੱਤੇ ਹਨ। 'ਸ਼ਸ਼ਤਰ ਨਾਮ ਮਾਲਾ' ਰਚਨਾ ਵੀ ਇਕ ਤਰਾਂ ਸ਼ਸ਼ਤਰਾਂ ਦਾ ਕੋਸ਼ ਹੈ :-

**ਤੁਹੀ ਕਟਾਰੀ ਦਾੜ ਜਮ ਤੂੰ ਬਿਛੂਓ ਅਰੁ ਬਾਨ॥**
**ਤੋ ਪਤਿ ਪਦ ਜੇ ਲੀਜੀਐ ਰੱਛ ਦਾਸ ਮੁਹਿ ਜਾਨੁ॥**
**ਬਾਂਕ ਬੱਜ੍ਰ ਬਿਛੂਓ ਤੁਹੀ ਤਬਰ ਤਰਵਾਰ॥**
**ਤੁਹੀ ਕਟਾਰੀ ਸੈਹਥੀ ਕਰੀਐ ਰੱਛ ਹਮਾਰ॥**
**ਤੁਮੀ ਗੁਰਜ ਤੁਮਹੀ ਗਦਾ ਤੁਮਹੀ ਤੀਰ ਤੁਫੰਗ॥**
**ਦਾਸ ਜਾਨ ਮੋਰੀ ਸਦਾ ਰੱਛਾ ਕਰੋ ਸਰਬੰਗ॥**
**ਛੁਰੀ ਕਲਮ ਰਿਪ ਕਰਦ ਭਨਿ ਖੰਜਰ ਬੁਗਦਾ ਨਾਇ॥**
**ਅਰਧ ਰਿਜਕ ਸਭ ਜਗਤ ਕੋ ਮੁਹਿ ਤੁਮ ਲੇਹੁ ਬਚਾਇ॥**
**ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ॥**
**ਸੈਫ਼ ਸਰੋਹੀ ਸੈਥੀ ਯਹੈ ਹਮਾਰੈ ਪੀਰ ॥**
**ਤੀਰ ਤੁਹੀ ਸੈਥੀ ਤੁਹੀ ਤੁਹੀ ਤਬਰ ਤਰਵਾਰ॥**
**ਨਾਮ ਤਿਹਾਰੋ ਜੋ ਜਪੈ ਭਯੇ ਸਿੰਧ ਭਵ ਪਾਰ॥**

ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਬੰਦਾ ਬਹਾਦਰ ਤੇ ਸਿੱਖ ਮਿਸਲਾਂ ਦੇ ਨਾਲ ਗੱਤਕਾ ਕਲਾ ਨਿਹੰਗ ਸਿੰਘਾਂ ਦੀ ਪ੍ਰਦਰਸ਼ਨ ਕਲਾ ਦਾ ਰੂਪ ਧਾਰਨ ਕਰ ਗਈ। ਬੱਢਾ ਦਲ ਅਤੇ ਤਰੁਣਾ ਦਲ ਦੀ ਹੋਂਦ ਸਮੇਂ ਗੱਤਕਾ ਯੁੱਧ ਵਿਦਿਆ ਦਾ ਪ੍ਰਮੁੱਖ ਅੰਗ ਰਿਹਾ। ਮਹਾਂਰਾਜਾ ਰਣਜੀਤ ਸਿੰਘ ਸਮੇਂ ਇਸ ਦਾ ਪਤਨ ਹੋਣਾ ਸ਼ੁਰੂ ਹੋਇਆ। ਹੁਣ ਇਹ ਕਲਾ ਕੇਵਲ ਨਿਹੰਗ ਸਿੰਘਾਂ ਦੀਆਂ ਜਥੇਬੰਦੀਆਂ ਤੱਕ ਹੀ ਸੀਮਿਤ ਹੋ ਕੇ ਰਹਿ ਗਈ ਹੈ।

**ਬਾਕੀ ਸਫ਼ਾ 30 'ਤੇ**

# ਕਸ਼ਮੀਰ ਫਾਈਲਾਂ ਜਾਂ ਗੁਜਰਾਤ ਫਾਈਲਾਂ...ਪਰ 1984 ਦੀਆਂ ਫਾਈਲਾਂ ਕਦੋਂ ਖੁੱਲਣਗੀਆਂ ?



**ਸ. ਦਲਵਿੰਦਰ ਸਿੰਘ ਘੁੰਮਣ**
**dalvindersinghghuman@gmail.com**

ਭਾਰਤ ਦੀ ਬੀਜੇਪੀ ਸਰਕਾਰ ਦੀ ਆਰ ਐਸ ਐਸ ਨੀਤੀ ਦੀ ਰਹਿਨੁਮਾਈ ਹੇਠ ਹਿੰਦੀ ਫਿਲਮ **The Kashmir Files'** ਬਣੀ ਹੈ। ਜਿਸ ਵਿੱਚ 1990 ਤੋ ਕਸ਼ਮੀਰੀ ਪੰਡਤਾਂ ਦੇ ਨਾਲ ਘਾਟੀ ਵਿੱਚ ਹੋਏ ਜ਼ੁਲਮ ਅਤੇ ਹਿਜ਼ਰਤ ਕਰਨ ਦੀ ਤਰਾਸਦੀ ਦੀ ਕਹਾਣੀ ਕਹਿ ਕੇ ਪੇਸ਼ ਕਰਨ ਦਾ ਯਤਨ ਹੈ। ਜਿਸ ਵਿੱਚ ਹਿੰਦੂਆਂ ਨਾਲ ਹੋਈ ਵੱਡੀ ਬੇਇਨਸਾਫੀ ਨੂੰ ਵੱਡਾ ਪਲੇਟਫਾਰਮ ਦੇਣ ਦੀ ਕੋਸਿਸ਼ ਕੀਤੀ ਗਈ ਹੈ। ਭਾਰਤ ਦੀਆਂ ਸਾਰੀਆਂ ਸਟੇਟਸ ਨੂੰ ਟੈਕਸ ਮੁਆਫ ਕਰਨ ਲਈ ਟੀ ਵੀ ਡਿਬੇਟਸ ਚਲ ਰਹੇ ਹਨ। ਅਸਲ ਵਿੱਚ ਅੱਧੀ ਸਚਾਈ ਨਾਲ ਵੱਡਾ ਨਿਸ਼ਾਨਾ ਮੁਸਲਮਾਨਾਂ ਦੇ ਅਕਸ ਨੂੰ ਢਾਅ ਲਾਉਣ ਦਾ ਵੱਡਾ ਯਤਨ ਕੀਤਾ ਗਿਆ ਲੱਗਦਾ ਹੈ ਜੋ ਹਕੀਕਤੀ ਰਿਪੋਰਟਸ ਸਾਹਮਣੇ ਆ ਰਹੀਆਂ ਹਨ। ਕਸ਼ਮੀਰ ਵਿੱਚੋਂ ਹਿਜਰਤ ਕਰਨ ਪਿਛੇ ਭਾਰਤ ਸਰਕਾਰ ਦੀਆਂ ਗਲਤ ਨੀਤੀਆਂ ਹੀ ਜਿੰਮੇਵਾਰ ਰਹੀਆਂ ਹਨ। ਅੱਜ ਦੇ ਹਾਲਾਤ ਇਸ ਦਾ ਸਬੂਤ ਹਨ ਕਿ ਕਿਵੇਂ ਭਾਰਤ ਸਰਕਾਰ ਘੱਟਗਿਣਤੀਆਂ ਵਿਰੁੱਧ ਗੈਰਜਿੰਮੇਵਾਰ ਰਵੱਈਆ ਅਪਣਾ ਕੇ ਬਹੁਗਿਣਤੀਆਂ ਵਿੱਚ ਨਫਰਤ ਫੈਲਾਅ ਰਹੀ ਹੈ। ਅਗਰ ਸਚਾਈ ਦੇ ਨੇੜੇ ਹੋ ਕੇ ਵੇਖਿਆ ਜਾਵੇ ਤਾਂ ਪਿਛਲੇ 75 ਸਾਲਾਂ ਤੋਂ ਭਾਰਤੀ ਫੋਰਸਾਂ ਨੇ ਕਸ਼ਮੀਰ ਵਿੱਚ ਜੋ ਕਹਿਰ ਵਰਤਾਇਆ ਹੈ ਉਹ ਪੰਜਾਬ ਵਾਂਗ ਨੌਜਵਾਨਾਂ ਨੂੰ ਘਰੋਂ ਕੱਢ ਕੱਢ ਕੇ, ਜੰਗਲਾਂ, ਸੂਏ, ਨਹਿਰਾਂ, ਸਰਹੱਦਾਂ ਦੀ ਰਾਖੀ ਕਰਨ ਹੇਠ ਮੁਕਾਬਲਿਆਂ ਵਿੱਚ ਮਾਰਿਆ ਜਾ ਰਿਹਾ ਹੈ। ਕਸ਼ਮੀਰ ਵਿੱਚ 370 ਧਾਰਾ ਟੁੱਟਣ ਤੋਂ ਬਾਅਦ ਦੀ ਕੋਈ ਖਬਰ ਬਾਹਰ ਨਹੀਂ ਆ ਰਹੀ। ਧੀਆਂ, ਭੈਣਾਂ ਦੀ ਇਜ਼ਤ ਦੀ ਰਾਖੀ ਇਸ ਬਲਾਤਕਾਰੀ ਮੁਲਕ ਵਿੱਚ ਕਿਵੇਂ ਹੋ ਸਕਦੀ ਹੈ ? **RTI** ਮਾਹਰ ਪੀ ਪੀ ਕਪੂਰ ਦੀ ਰਿਪੋਰਟ ਮੁਤਾਬਿਕ 1990 ਤੋਂ ਲੈ ਕੇ ਅੱਜ ਤੱਕ 1724 ਲੋਕਾਂ ਦੀ ਮੌਤ ਹੋਈ ਹੈ ਜਿਸ ਵਿੱਚ ਕੇਵਲ 89 ਕਸ਼ਮੀਰੀ ਬ੍ਰਾਹਮਣ ਪੰਡਿਤ ਅਤੇ ਬਾਕੀ ਸਭ ਵਿੱਚ ਮੁਸਲਮਾਨ ਅਤੇ ਸਿੱਖ ਸਨ। 1990 ਤੋਂ ਹੀ 154166 ਲੋਕਾਂ ਨੇ ਹਿਜ਼ਰਤ ਕੀਤੀ ਹੈ। ਜਿਨਾਂ ਵਿੱਚ 88% (135436) ਕਸ਼ਮੀਰੀ ਪੰਡਿਤ ਸਨ। ਰਹਿੰਦੇ 12% (18730) ਦੂਜੇ ਲੋਕ ਸਨ। ਇਸ ਦਾ ਮਤਲਬ ਹੈ ਕਿ ਹਿਜਰਤ ਉਨਾਂ ਲੋਕਾਂ ਨੇ ਕੀਤੀ ਜੋ ਘੱਟ ਸੰਖਿਆ ਵਿੱਚ ਮਾਰੇ ਗਏ। ਜਦੋਂ ਇਸ ਗੱਲ ਦਾ ਪਤਾ ਕੀਤਾ ਗਿਆ ਕਿ ਹੁਣ ਤੱਕ ਭਾਰਤ ਸਰਕਾਰ ਨੇ ਕਿੰਨੇ ਕਸ਼ਮੀਰੀਆਂ ਨੂੰ ਵਾਪਸ ਵਸਾਇਆ ਗਿਆ ਤਾਂ ਉਸ ਦੀ ਕੋਈ ਰਿਪੋਟਸ ਨਹੀਂ ਦਿੱਤੀ ਜਾ ਰਹੀ ਕਿਉਂਕਿ ਮਕਸਦ ਭਾਰਤ ਦੀ ਸ਼ਾਸਕ ਜਮਾਤ ਨੇ ਵੋਟਾਂ ਦੀ ਰਾਜਨੀਤੀ ਨੂੰ ਮੁੱਖ ਰੱਖ ਕੇ ਵੋਟ ਅਜੰਡਾ ਬਣਾਇਆ ਹੈ। ਘਾਟੀ ਵਿੱਚੋਂ ਉਜੜੇ ਲੋਕਾਂ ਨੂੰ ਤਕਰੀਬਨ ਦੋ ਹਜ਼ਾਰ ਕਵਾਟਰ ਬਣਾ ਕੇ ਹੀ ਵਸਾ ਸਕੀ ਹੈ। ਕਸ਼ਮੀਰੀ ਪੰਡਤਾਂ ਨਾਲ ਵਾਪਰੀ ਤਰਾਸਦੀ ਨੂੰ ਵੇਚਿਆ ਜਾ ਰਿਹਾ ਹੈ। ਕਸ਼ਮੀਰ ਨੂੰ ਹੱਕਾਂ ਤੋਂ ਵਿਹੂਣਾ ਕੀਤਾ ਗਿਆ ਹੈ। ਅੰਬਾਨੀ ਦੀ 10% ਹਿੱਸੇਦਾਰੀ ਵਾਲਾ ਫੇਸਬੁੱਕ ਗਰੁਪ, ਸੋਸ਼ਲ ਮੀਡੀਆ, ਫਿਲਮਾਂ, ਚੈਨਲਾਂ ਦੀ ਕਾਰਜ਼ਸੈਲੀ ਕੇਵਲ ਮੁਸਲਮਾਨਾਂ, ਸਿੱਖ, ਇਸਾਈਆਂ ਵਿਰੁੱਧ ਨਫਰਤ ਪੈਦਾ ਕਰਨੀ ਹੈ। ਸੁਨੀਲ ਪੰਡਿਤ ਜੋ ਖੁਦ ਕਸ਼ਮੀਰੀ ਪੰਡਿਤ ਹੈ ਨੇ ਮੀਡੀਏ ਸਾਹਮਣੇ ਆ ਕੇ ਇਹ ਗੱਲ ਕਹੀ ਹੈ ਕਿ ਮੈਂ ਅਸਲੀਅਤ ਵਿੱਚ ਅੱਖੀਂ ਡਿਠਾ ਗਵਾਹ ਹਾਂ। ਪਿਛਲੇ 31 ਸਾਲਾਂ ਵਿੱਚ ਭਾਰਤ ਸਰਕਾਰ ਨੇ ਕਸ਼ਮੀਰੀਆਂ ਲਈ ਕੁਝ ਨਹੀਂ ਕੀਤਾ ਕੇਵਲ ਸਿਆਸਤ ਤੋਂ ਸਿਵਾਏ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਦੁਨੀਆਂ ਦੇ ਪ੍ਰਸਿਧ ਪੱਤਰਕਾਰ ਬੀਬੀ ਰਾਣਾ ਅਯੂਬ ਨੇ 2002 ਵਿੱਚ ਗੁਜਰਾਤ ਵਿੱਚ ਮੁਸਲਮਾਨਾਂ ਦੀ ਨਸਲਕੁਸ਼ੀ ਤੇ ਵੱਡਾ ਮੀਡੀਆ ਉਪਰੇਸ਼ਨ ਕਰਕੇ ਇਕ ਕਿਤਾਬ **'Gujarat Files'** ਲਿਖ ਕੇ ਮੋਦੀ ਦੀ ਸਰਕਾਰ ਨੂੰ ਦੋਸ਼ੀ ਬਣਾ ਕੇ ਕਟਹਿਰੇ ਵਿੱਚ ਖੜਾ ਕੀਤਾ ਸੀ, ਜੋ ਭਾਰਤ ਵਿਚਲੀ ਹਿੰਦੂਤਵੀ ਸੋਚ ਦੀ ਅਸਲੀਅਤ ਨੂੰ ਨੰਗਾ ਕਰਨ ਦੀ ਪਿਰਤ ਪਾ ਗਈ। 2002 ਵਿੱਚ ਗੁਜਰਾਤ ਵਿੱਚ ਇੱਕ ਵੱਖਰੀ ਕਿਸਮ ਦਾ ਮਾਹੌਲ ਉਸਾਰਿਆ ਗਿਆ ਜਿਸ ਨੂੰ ਡਿਕਟੇਟ, ਸਰਕਾਰ ਦੀ ਰਹਿਨੁਮਾਈ ਹੇਠ ਪ੍ਰਸ਼ਾਸਨ ਨੇ ਕੀਤਾ। ਮੁਸਲਮਾਨਾਂ




ਨੂੰ ਕੋਹ-ਕੋਹ ਕੇ ਮਾਰਿਆ ਗਿਆ। ਗਰਭਵਤੀ ਔਰਤਾਂ ਦੇ ਪੇਟ ਵਿੱਚ ਪਲ ਰਹੇ ਬੱਚਿਆਂ ਨੂੰ ਚਾਕੂ, ਛੁਰੀਆਂ ਦੇ ਨਾਲ

**ਖਾਸ ਰਿਪੋਰਟ**

ਢਿੱਡ ਪਾੜ ਕੇ ਬਾਹਰ ਕੱਢਣਾ ਦਰਿੰਦਗੀ ਦੀ ਚਰਮ ਸੀਮਾ ਨੂੰ ਪਾਰ ਕਰ ਗਿਆ। ਘਰੋਂ ਬਾਹਰ ਰਸਤਿਆਂ ਵਿਚਕਾਰ ਬੀਬੀਆਂ ਦੀਆਂ ਇੱਜਤਾਂ ਨੂੰ ਰੋਲਿਆ ਗਿਆ। ਘਰਾਂ ਦੇ ਘਰ, ਮੁਹੱਲੇ ਸਾੜ ਦਿਤੇ ਗਏ। ਅੱਜ ਵੀ ਇਨਸਾਫ ਦੀ ਗੁਹਾਰ ਲਈ ਸਭ ਦਰਵਾਜੇ ਬੰਦ ਹਨ। ਦਿੱਲੀ ਵਿੱਚ 1984 ਵੇਲੇ ਸਿੱਖਾਂ ਦੀ ਨਸਲਕੁਸ਼ੀ 'ਤੇ ਬਹੁਤ ਕੁਝ ਲਿਖਿਆ ਗਿਆ ਹੈ। ਬਹੁਤ ਕੁਝ ਸੱਚ ਨੂੰ ਲੱਭਣ, ਕਰਨ ਵਾਲਾ ਰਹਿੰਦਾ ਹੈ। ਇਨਸਾਫ ਦੇਣ ਦੇ ਵਾਅਦੇ ਲਈ ਸਰਕਾਰ ਦੇ ਮੂੰਹ ਮੁਹਾਂਦਰੇ ਜਰੂਰ ਬਦਲੇ ਪਰ ਦੋਸ਼ੀਆਂ ਨੂੰ ਬਚਾਉਣ ਲਈ ਸਾਰੀਆਂ ਪਾਰਟੀਆਂ ਨੇ ਬਹੁਗਿਣਤੀ ਦੇ ਹਿਤ ਵਿੱਚ ਬਚਾਅ ਲਈ ਟਿੱਲ ਦਾ ਜ਼ੋਰ ਲਾਇਆ ਹੈ। ਅਨੇਕਾਂ ਫਿਲਮਾਂ ਰਾਹੀਂ ਪੰਜਾਬ ਦੀ ਤਰਾਸਦੀ ਨੂੰ ਪੇਸ਼ ਕਰਨ ਦੇ ਯਤਨ ਹੋਏ ਹਨ ਪਰ ਸੈਂਸਰ ਬੋਰਡ ਵੀ ਬਹੁਗਿਣਤੀ ਸਮੂਹ ਦਾ ਹੈ। 'ਵਿੱਡੋ ਕਲੋਨੀ' ਵਰਗੀਆਂ ਬਣ ਰਹੀਆਂ ਫਿਲਮਾਂ ਦੀ ਅਸਲੀਆਤ ਨੂੰ ਦਰਸਾਉਂਦੇ ਸੀਨਾਂ 'ਤੇ ਕੈਂਚੀ ਚਲਾਏਗੀ। ਇਸ ਸੱਭ ਵਿੱਚ ਦਿੱਲੀ ਵਿਚਲੀ ਸਿੱਖ ਨਸ਼ਲਕੁਸ਼ੀ ਤੇ '1984 ਫਾਈਲਾਂ ਕਦੋਂ ਖੁੱਲਣਗੀਆਂ' ?

ਅਗਰ ਫਿਲਮਾਂ ਰਾਹੀਂ ਦੁਨੀਆ ਨੂੰ ਇਹ ਦੱਸਣ ਦੇ ਯਤਨ ਕਾਰਗਰ ਹਨ ਕਿ ਬੇ-ਇਨਸਾਫੀਆਂ ਹੋਈਆਂ ਹਨ। ਸੰਸਾਰ ਦੀ ਜਗਿਆਸਾ ਦੂਜੀਆਂ ਕੌਮਾਂ ਨਾਲ ਹੋਈਆਂ ਨਫਰਤਾਂ, ਉਜਾੜਿਆਂ, ਨਸਲਕੁਸ਼ੀਆਂ, ਅਨਿਆਂ ਨੂੰ ਜਾਨਣ ਦੀ ਵੀ ਹੋਵੇਗੀ ਜੋ ਲੋਕਾਂ ਤੱਕ ਪੁੱਜਦਾ ਕਰਨਾ ਚਾਹੀਦਾ ਹੈ।

**'The Accidental Prime Minister'**

ਫਿਲਮਾਂ ਰਾਹੀਂ ਸ. ਮਨਮੋਹਨ ਸਿੰਘ ਦੇ ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਦਸ ਸਾਲ ਤੱਕ ਰਹਿਣ ਤੇ ਹਿੰਦੂ ਨਫਰਤੀ ਬੀਰਤੀ ਨੇ ਸਿੱਖਾਂ ਦੇ ਕਿਰਦਾਰ ਨੂੰ ਬੌਨਾ ਅਤੇ ਮਜ਼ਾਕੀਆ ਪੇਸ਼ ਕੀਤਾ ਸੀ।

ਫਿਲਮੀ ਕਲਾਕਾਰਾਂ ਦੀ ਸਰਕਾਰ ਨਾਲ ਇਕਸੁਰਤਾ ਵੀ ਨਫਰਤੀ ਬਿਰਤੀ ਵੱਲ ਮੋੜਾ ਕੱਟ ਚੁੱਕੀ ਹੈ ਇਤਫਾਕਨ ਦੋਵੇ ਫਿਲਮਾਂ ਵਿੱਚ ਨਫਰਤੀ ਐਕਟਰ 'ਅਨੁਪਮ ਖੇਰ' ਹੈ ਜੋ ਕਸ਼ਮੀਰੀ ਪੰਡਤ ਹੈ ਜੋ ਹਮੇਸ਼ਾ ਮੋਦੀ ਭਗਤ ਬਣ ਕੇ ਸਰਕਾਰ ਦੇ ਫੈਸਲਿਆਂ ਉਪਰ ਮੋਹਰ ਲਾਉਂਦਾ ਹੈ, ਜਿਸ ਦੀ ਪਤਨੀ ਕਿਰਨ ਖੇਰ ਚੰਡੀਗੜ ਦੀ **MP** ਹੁੰਦੇ ਹੋਏ ਚੰਡੀਗੜ ਪੰਜਾਬ ਨੂੰ ਅਤੇ ਪੰਜਾਬੀ ਭਾਸ਼ਾ ਨੂੰ ਚੰਡੀਗੜ ਵਿੱਚ ਲਾਗੂ ਕਰਨ ਦੀ ਮੁਖਾਲਫਿਤ ਕਰ ਚੁੱਕੀ ਹੈ।

ਪੰਜਾਬੀ ਕਲਾਕਾਰਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਖਾਸ ਸਿੱਖਾਂ ਨੂੰ ਵੀ ਫਿਲਮਾਂ, ਸੀਰੀਜ਼ ਰਾਹੀਂ ਦੁਨੀਆਂ ਦਾ ਧਿਆਨ ਆਪਣੇ ਵੱਲ ਖਿਚਣਾ ਚਾਹੀਦਾ ਹੈ। ਵਿਦੇਸ਼ੀ ਮੀਡੀਏ ਤੱਕ ਵੱਡੀ ਪਹੁੰਚ ਅਪਣਾਉਣੀ ਚਾਹੀਦੀ ਹੈ। ਇਸ ਤਰਾਂ ਦੇ ਸਾਧਨ ਵਰਤ ਕੇ ਦੁਨੀਆ ਨੂੰ ਭਾਰਤੀ ਦੀ ਸਿਆਸਤ ਦੀ ਅਸਲੀਅਤ ਦਾ ਘੱਟਗਿਣਤੀਆਂ ਉਪਰ ਜ਼ੁਲਮ ਸਿਤਮ ਨੂੰ ਉਭਾਰਨਾ ਪਹਿਲ ਹੋਣੀ ਚਾਹੀਦੀ ਹੈ।

# ਅੰਮ੍ਰਿਤਸਰ ਸਾਹਿਬ ਦੀ ਉਜੜਦੀ ਅਮੀਰ ਵਿਰਾਸਤ



**ਮਾਈਕਲ,**
**ਸ੍ਰੀ ਅੰਮ੍ਰਿਤਸਰ ਸਾਹਿਬ**

ਪੰਜਾਬ ਸੈਰ ਸਪਾਟੇ, ਹਵਾਬਾਜ਼ੀ ਅਤੇ ਵਿਰਾਸਤੀ ਸਾਂਭ ਸੰਭਾਲ ਵਿੱਚ ਫੇਲ ਸਾਬਤ ਕਿਉ ਹੋ ਗਿਆ ? ਪੰਜਾਬ ਦੇ ਮਹਾਨ ਲੀਡਰਾਂ ਨੂੰ ਹਵਾਬਾਜ਼ੀ ਬਾਰੇ ਕੁਝ ਪਤਾ ਸੀ ? ਜਿਨਾਂ ਨੂੰ ਸੈਰ ਸਪਾਟੇ ਦਾ ੳ, ਅ, ਨਹੀਂ ਪਤਾ, ਉਨਾਂ ਨੂੰ ਉੱਚ ਅਹੁਦੇ ਦੇ ਦਿੱਤੇ ਗਏ। ਮੈਂ 2 ਸਾਲ ਤੋਂ ਇੱਕ ਉਜਾੜ, ਖ਼ੂਬਸੂਰਤ ਵਿਰਾਸਤ ਨੂੰ ਬਚਾਉਣ ਲਈ ਮੁੱਖ ਮੰਤਰੀ ਦਫ਼ਤਰ, ਜ਼ਿਲਾ ਸੈਰ ਸਪਾਟਾ ਅਫ਼ਸਰ ਨੂੰ ਲਿਖਦਾ ਰਿਹਾਂ। ਦਿੱਲੀ ਇੱਕ ਮੰਤਰੀ ਨੂੰ ਟਵੀਟ ਕੀਤਾ, ਅਸਰ ਵੀ ਹੋ ਗਿਆ। ਚੰਡੀਗੜ ਚੀਫ਼ ਸੈਕਟਰੀ ਦਫ਼ਤਰ ਤੋਂ ਟੀਮ ਨੂੰ ਅਜਨਾਲੇ ਪਿੰਡ ਲੈ ਕੇ ਗਿਆ ਸੀ, ਵੀਡੀਓਗਰਾਫੀ ਹੋਈ। ਸੁਰਿੰਦਰ ਕੋਛੜ ਜੀ ਦੇ ਸਹਿਯੋਗ ਨਾਲ ਸਾਰਾ ਇਤਿਹਾਸ ਭੇਜਿਆ ਗਿਆ। ਸਭ ਕੁਝ ਕੀਤਾ, ਮੀਡੀਆ ਨੇ ਵੀ ਥੋੜਾ ਸਾਥ ਦਿੱਤਾ। ਪਰ ਨਤੀਜ਼ਾ ਸਿਫ਼ਰ। ਮੈਂ ਇਸ ਕੇਸ ਨੂੰ ਫਾਲੋਅਪ ਕਰਦਾ ਰਿਹਾਂ, ਉਨਾਂ ਫੋਨ ਹੀ ਚੁੱਕਣਾ ਬੰਦ ਕਰ ਦਿੱਤਾ। ਤਤਕਾਲੀਨ ਸਰਕਾਰ ਦੇ ਲੀਡਰਾਂ ਵੀ ਨਿਰਾਸ਼ ਕੀਤਾ। ਕੁੱਝ ਨਹੀਂ ਹੋਇਆ ? ਕਿੰਨਾ ਖਪਦਾ ਹੋਵੇਗਾ ਬੰਦਾ, ਕਿ ਆਪਣਾ ਕੰਮਕਾਰ ਛੱਡ, ਨੀਂਦ ਹਰਾਮ ਕਰ ਆਪਣੇ



**ਕਲਮਾਂ ਦੇ ਜਜ਼ਬਾਤ**

ਅੰਮ੍ਰਿਤਸਰ, ਪੰਜਾਬ ਵਿੱਚ ਉਜੜਦੀ ਅਮੀਰ ਵਿਰਾਸਤ ਨੂੰ ਬਚਾਉਣ ਲਈ ਨਿਕਲਿਆ, ਸ਼ਹਿਰ ਤੋਂ ਦੂਰ ਪਿੰਡ ਜਾਣਾ। ਪਰ ਅਫਸੋਸ ਕੁਝ ਹਾਸਲ ਨਾ ਹੋਇਆ। ਹੁਣ ਦੁਬਾਰਾ ਤੋਂ ਆਸ ਜਾਗੀ ਹੈ, ਉਮੀਦ ਹੈ ਕਿ ਮੇਰੀ ਇਸ ਕੋਸ਼ਿਸ਼ ਨੂੰ ਕੋਈ ਅੰਜਾਮ ਮਿਲੇ। ਜ਼ਿਲਾ ਅੰਮ੍ਰਿਤਸਰ ਦੇ ਵਿੱਚ ਬਹੁਤ ਵਧੀਆ ਨਵੇਂ ਵਿਧਾਇਕ ਚੁਣੇ ਗਏ ਹਨ, 100% ਉਮੀਦ ਕਰਦਾ ਹਾਂ ਕਿ ਅੰਮ੍ਰਿਤਸਰ ਸਾਹਿਬ, ਪੰਜਾਬ ਵਿੱਚ ਉਜੜਦੀਆਂ ਅਮੀਰ ਵਿਰਾਸਤੀ ਥਾਵਾਂ ਨੂੰ ਬਚਾਉਣ ਲਈ ਉਨਾਂ ਦਾ ਸਾਥ ਮਿਲੇਗਾ। ਅਜਨਾਲੇ ਤੋਂ ਅਟਾਰੀ, ਰਾਜਾਸਾਂਸੀ, ਮਜੀਠੇ ਸਾਡੇ ਆਲੇ ਦੁਆਲੇ ਪਿੰਡਾਂ ਵਿਚ ਬਹੁਤ ਅਨਮੋਲ ਖ਼ਜ਼ਾਨਾ ਇਨਾਂ ਖ਼ਤਮ ਹੁੰਦੀਆਂ ਵਿਰਾਸਤਾਂ ਦੇ ਰੂਪ ਵਿੱਚ ਪਿਆ ਪਰ ਸਭ ਉਜਾੜੇ ਹੇਠਾਂ। ਪਰ ਇਨਾਂ ਸਭਨਾਂ ਥਾਵਾਂ ਨੂੰ ਬਚਾਉਣ ਲਈ ਇਕ ਵਧੀਆ ਰੋਡ ਮੈਪ ਦੀ ਲੋੜ ਹੈ। ਉਮੀਦ ਕਰਦੇ ਹਾਂ ਤੇ ਅਰਦਾਸ ਕਰਦੇ ਹਾਂ ਕਿ ਗੁਰੂ ਸਾਹਿਬ ਸਾਨੂੰ ਉਹ ਜਜ਼ਬਾ, ਤਾਕਤ ਬਖਸ਼ਣ ਕਿ ਅਸੀਂ ਆਪਣੀ ਇਸ ਧਰਤੀ 'ਤੇ ਪੰਜਾਬ ਦੀ ਵਿਰਾਸਤ ਨੂੰ ਬਚਾਉਣ ਲਈ ਕੁਝ ਕਰ ਸਕੀਏ।

ਸਾਡੇ ਪੰਜਾਬ ਦੀਆਂ ਇਹ ਵਿਰਾਸਤੀ ਧ੍ਰੋਹਰਾਂ ਦਿਨ ਪ੍ਰਤੀ ਦਿਨ ਉਜਾੜੇ ਦੇ ਰਾਹ ਉੱਤੇ ਜਾ ਰਹੀਆਂ ਹਨ। ਸਿੱਖ ਕੌਮ ਦੀ ਉਹ ਅਮੀਰ ਵਿਰਾਸਤ ਜਿਸ ਦਾ ਹਰ ਇੱਕ ਪੰਜਾਬੀ ਨੂੰ ਫ਼ਖ਼ਰ ਮਹਿਸੂਸ ਹੁੰਦਾ ਹੈ, ਅੱਜ ਲੋੜ ਹੈ ਉਸ ਨੂੰ ਬਚਾਉਣ ਦੀ, ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜੀਆਂ ਤਵਾਰੀਖ਼ ਦੀਆਂ ਉਨਾਂ ਥਾਵਾਂ ਦੇ ਦਰਸ਼ਨ ਕਰ ਸਕਣ ਜਿਨਾਂ ਨੂੰ ਇਲਾਹੀ ਰੂਹਾਂ ਨੇ ਸਿਰਜਿਆ ਸੀ।

## ਸ਼ਮਾਦਾਨ ਦੀ ਆਸ

**- ਰਜਨੀਸ਼ ਜੱਸ**



**ਹਰਫਾਂ ਦੇ ਨੂਰ**

ਬਾਪੂ ਗੁਰਬਖਸ਼ ਜੱਸ ਜੀ ਨੂੰ ਸਰੀਰਿਕ ਰੂਪ ਤੋਂ ਵਿਦਾ ਹੋਇਆਂ ਸਾਢੇ ਚਾਰ ਮਹੀਨੇ ਹੋ ਗਏ ਤੇ ਪਿਛਲੇ ਮਹੀਨੇ ਸਹੁਰਾ ਸਾਹਿਬ ਵੀ ਇਸ ਫਾਨੀ ਸੰਸਾਰ ਨੂੰ ਵਿਦਾ ਕਹਿ ਗਏ।

ਬਹੁਤ ਸਾਰੀਆਂ ਭਾਵਨਾਤਮਕ ਪਰਿਸਥਿਤਿਆਂ 'ਚੋਂ ਗੁਜਰਿਆ। ਗੁਰਬਾਣੀ, ਭਜਨ ਤੇ ਓਸ਼ੋ ਦੇ ਪ੍ਰਵਚਨ ਸੁਣਦਿਆਂ ਇਹ ਸਮਾਂ ਸਹਿਜਤਾ ਨਾਲ ਬੀਤਿਆ, ਹਾਲਾਂਕਿ ਕੁਝ ਸਮਾਂ ਤਾਂ ਬਹੁਤ ਇਕਲਾਪਾ ਵੀ ਮਹਿਸੂਸ ਕੀਤਾ।

ਮੇਰੇ ਅਮਰੀਕਾ ਵਸਦੇ ਰੂਹ ਵਾਲੇ ਮਿੱਤਰ **Davinder Bedi** ਨੇ ਕਿਹਾ, 'ਤੇਰੇ ਬਾਪੂ ਜੀ ਕਿਧਰੇ ਗਏ ਨਹੀਂ ਉਹ ਤਾਂ ਅਸੀਮ ਹੋ ਗਏ ਹਨ, ਫੈਲ ਗਏ ਹਨ ਸਾਰੇ ਬ੍ਰਹਿਮੰਡ 'ਚ। ਉਹ ਹੁਣ ਹਰ ਵੇਲੇ ਤੇਰੇ ਕੋਲ ਹਨ, ਤੇਰੇ ਰੌਮ ਰੌਮ 'ਚ ਹਨ।'

ਇਸ ਗੱਲ ਨੇ ਮੈਨੂੰ ਬਹੁਤ ਢਾਰਸ ਦਿੱਤੀ। ਹੁਣ ਜਦ ਉਹ ਯਾਦ ਆਉਂਦੇ ਤਾਂ ਅੱਖਾਂ ਬੰਦ ਕਰਕੇ ਆਪਣੇ ਅੰਦਰ ਬਾਹਰ ਬਾਪੂ ਜੀ ਦੀ ਮੌਜੂਦਗੀ ਨੂੰ ਮਹਿਸੂਸ ਕਰ ਲੈਂਦਾ ਹਾਂ। ਫਿਰ ਕੁਝ ਪੁਰਾਣੀਆਂ ਗੱਲਾਂ ਯਾਦ ਆ ਗਈਆਂ।

ਇੱਕ ਵਾਰ ਮੇਰੀ ਇੱਕ ਵਿਸ਼ੇ 'ਤੇ ਬਾਪੂ ਹੋਰਾਂ ਨਾਲ ਬਹਿਸ ਹੀ ਗਈ। ਜਦ ਵੀ ਉਹ ਗੱਲ ਹੁੰਦੀ ਤਾਂ ਉਹ ਬਹਿਸ ਛਿੜ ਜਾਂਦੀ।

ਮੇਰੇ ਤੇ ਉਨਾਂ ਦੇ ਸਾਂਝੇ ਮਿੱਤਰ ਸ਼ਿਬਜਿੰਦਰ ਕੇਦਾਰ ਹੋਰਾਂ ਨੇ ਮੈਨੂੰ ਸਮਝਾਇਆ, 'ਦੇਖ ਬੇਟਾ ਤੇਰੇ ਬਾਪੂ ਹੁਣ ਉਮਰ ਦੀ ਢਲਾਣ ਤੇ ਨੇ, ਤੂੰ ਬਹਿਸ ਨਾ ਕਰਿਆ ਕਰ ਫਿਰ ਬਾਅਦ ਵਿਚ ਤੂੰ ਪਛਤਾਏਂਗਾ।'

ਮੈਂ ਵੀ ਸੋਚਿਆ ਵਿਚਾਰਾਂ ਵਿਚ ਮਤਭੇਦ ਹੋਣ ਨਾਲ ਬੰਦਾ ਬੁਰਾ ਤਾਂ ਨਹੀਂ ਹੋ ਜਾਂਦਾ, ਮੁਹੱਬਤ ਮਰ ਤਾਂ ਨਹੀਂ ਜਾਂਦੀ। ਫਿਰ ਮੈਂ ਉਨਾਂ ਨਾਲ ਬਹਿਸ ਕਰਨੀ ਬੰਦ ਕਰ ਦਿੱਤੀ।

ਉਂਝ ਤਾਂ ਬਾਪੂ ਨਾਲ ਦੋਸਤਾਂ ਵਰਗੀ ਮੁਹੱਬਤ ਰਹੀ। ਇਕ ਵਾਰ ਸਾਡੇ ਘਰ ਕੰਮ ਕਰਨ ਕਾਲੀ ਕੱਪੜੇ ਧੋ ਰਹੀ ਸੀ। ਮੇਰੀ ਜੇਬ 'ਚੋਂ ਇੱਕ ਸਿਗਰਟ ਨਿਕਲੀ ਤੇ ਉਸਨੇ ਸਾਡੇ ਸਾਹਮਣੇ ਲਿਆ ਕੇ ਰੱਖ ਦਿੱਤੀ। ਹੁਣ ਬਾਪੂ ਜੀ ਤਾਂ ਨਹੀਂ ਪੀਂਦੇ ਸਨ ਸਿਗਰੇਟ,

ਉਨਾਂ ਮੈਨੂੰ ਕਿਹਾ, 'ਵੇਖ ਮੈਂ ਹਰ ਵੇਲੇ ਤੇਰੀ ਰਖਵਾਲੀ ਤਾਂ ਨਹੀਂ ਕਰ ਸਕਦਾ, ਹੁਣ ਤੂੰ ਸਿਆਣਾ ਹੈ, ਆਪਣਾ ਫੈਸਲਾ ਖੁਦ ਕਰ ਸਕਦਾ ਹੈਂ।

**ਬਾਕੀ ਸਫ਼ਾ 30 'ਤੇ**

# ਘਰ ਦੀ ਗੱਲ, ਘਰ 'ਚ ਰਹਿਜੂ !

ਅਸ਼ੋਕ ਸੋਨੀ, ਕਾਲਮਨਵੀਸ
9872705078

ਦੋ ਭੈਣਾਂ ਕਿਰਨਦੀਪ ਤੇ ਕੁਲਦੀਪ ਤੋਂ ਬਾਅਦ ਤੀਜੇ ਨੰਬਰ ਤੇ ਜੰਮੀ ਸੀ, ਦੀਪੋ। ਤੀਜੀ ਕੁੜੀ ਤੇ ਉਹ ਵੀ ਪੱਕੇ ਰੰਗ ਦੀ, ਮਾਂ ਮਾਣੀ ਜਦੋਂ ਵੀ ਦੇਖਦੀ ਅੱਖਾਂ ਵਿਚ ਪਾਣੀ ਭਰ ਲੈਂਦੀ ਪਰ ਬਾਪੂ ਦਲੀਪ ਹਮੇਸ਼ਾ, ਮਾਣੀ ਨੂੰ ਹੌਂਸਲਾ ਦਿੰਦਾ ਰਿਹਾ। ਪਰ ਅਗਲੇ ਹੀ ਸਾਲ ਸਾਰੇ ਦੀਪੋ ਨੂੰ ਭਾਗਾਂ ਵਾਲੀ ਕਹਿਣ ਲੱਗ ਪਏ ਤੇ ਹੁਣ ਉਸਦੀ ਕਦਰ ਵੀ ਪੈਣ ਲੱਗ ਪਈ ਕਿਉਂਕਿ ਇਸ ਵਾਰ ਘਰ ਵਿਚ ਛੋਟੇ ਵੀਰ ਰਮਨ ਦੀਆਂ ਕਿਲਕਾਰੀਆਂ ਜੋ ਗੂੰਜ ਰਹੀਆਂ ਸਨ। ਪੰਜ ਕਿਲਿਆਂ ਦਾ ਮਾਲਕ ਇਮਾਨਦਾਰ ਦਲੀਪ ਪਿਓ ਦੀ ਛੋਟੀ ਉਮਰ 'ਚ ਮੌਤ ਹੋਣ ਤੋਂ ਬਾਅਦ ਆਪਣੇ ਵੱਡੇ ਭਰਾ ਜੈਰਾਮ ਤੇ ਭਾਬੀ ਨੂੰ ਸੱਚੀ ਦੇ ਸੀਤਾ-ਰਾਮ ਮੰਨਦਿਆਂ, ਉਨਾਂ ਨਾਲ ਸਾਂਝੀ ਖੇਤੀ ਵਿਚ ਹੱਡ ਤੋੜਵੀਂ ਮਿਹਨਤ ਕਰਦਾ ਰਹਿੰਦਾ। ਦਰਅਸਲ ਚੁਸਤ-ਚਲਾਕ ਘਾਗ ਜੈਰਾਮ ਨੇ ਸਾਂਝੇ ਖਾਤੇ ਵਿਚ ਆਪਣੀ ਕੁੜੀ ਨੂੰ ਵਧੀਆ ਘਰ ਵਿਆਹੁਣ ਤੋਂ ਬਾਅਦ ਮੁੰਡੇ ਦੀ ਵੀ ਵਧੀਆ ਦੁਕਾਨਦਾਰੀ ਸੈਟ ਕਰ ਦਿੱਤੀ ਤੇ ਸਾਰੇ ਪੈਸੇ-ਟਕੇ ਦਾ ਹਿਸਾਬ ਆਪਦੇ ਕੋਲ ਹੋਣ ਕਰਕੇ ਹਮੇਸ਼ਾ ਕਰਜਾ-ਕਰਜਾ ਆਖਦਾ ਸਾਂਝੀ ਜਮੀਨ ਗਹਿਣੇ ਧਰਦਾ ਰਿਹਾ ਤੇ ਆਪਦੇ ਪੈਸੇ ਅੱਡ ਜੋੜਦਾ, ਸਾਰਾ ਦਿਨ ਪਿੰਡ ਵਿਚ ਚੁਗਲਖੋਰੀ ਦਾ ਕੰਮ ਨੇਪਰੇ ਚਾੜਨ ਵਿੱਚ ਰੁਝਿਆ ਰਹਿੰਦਾ।

ਮਾਣੀ ਨੂੰ ਆਪਣਾ ਜੇਠ ਜੈਰਾਮ ਕਦੇ ਵੀ ਚੰਗਾ ਨਹੀਂ ਲੱਗਿਆ, ਅਜਿਹਾ ਨਹੀਂ ਹੈ ਕਿ ਮਾਣੀ ਸਾਂਝੇ ਪਰਿਵਾਰ ਦੇ ਖਿਲਾਫ ਸੀ ਪਰ ਵਿਆਹ ਤੋਂ ਅਗਲੇ ਹੀ ਦਿਨ ਜਦੋਂ ਜੈਰਾਮ ਕੋਲੋਂ ਅਸ਼ੀਰਵਾਦ ਲੈਣ ਲਈ ਮਾਣੀ ਨੀਵੀਂ ਹੋਈ ਤਾਂ ਜੈਰਾਮ ਨੇ ਜਿਸ ਤਰੀਕੇ ਨਾਲ ਆਪਣਾ ਹੱਥ ਰਾਣੀ ਦੇ ਪਿੰਡੇ 'ਤੇ ਫੇਰਿਆ ਉਸਤੋਂ ਮਾਣੀ ਨੂੰ ਜੈਰਾਮ ਦੇ ਘਿਨਾਉਣੇ ਚਰਿੱਤਰ ਦੇ ਦਰਸ਼ਨ ਹੋ ਗਏ ਸਨ। ਇਸੇ ਲਈ ਮਾਣੀ ਨੇ ਦਲੀਪ ਨੂੰ ਜੈਰਾਮ ਦੀ ਨੀਅਤ ਨਾਲ ਇਸ਼ਾਰੇ 'ਚ ਦੱਸਣ ਦੀ ਕੋਸ਼ਿਸ਼ ਕੀਤੀ ਪਰ ਦਲੀਪ ਨੇ ਗੌਰ ਨਾ ਕੀਤੀ। ਅਖੀਰ ਇਕ ਦਿਨ ਜੈਰਾਮ ਨੇ ਦਲੀਪ ਦੀ ਗੈਰਹਾਜ਼ਰੀ ਵਿਚ ਮਾਣੀ ਨੂੰ ਹੱਥ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਮਾਣੀ ਨੇ ਜੈਰਾਮ ਨੂੰ ਤਾੜਦਿਆਂ ਉਸਦੀ ਮਾਂ-ਭੈਣ ਇਕ ਕਰ ਦਿੱਤੀ। ਜੈਰਾਮ ਨੇ ਦਲੀਪ ਨੂੰ ਮਾਣੀ ਦੀ ਗਲਤਫਹਿਮੀ ਆਖਦਿਆਂ ਕਿਹਾ, 'ਘਰ ਦੀ ਗੱਲ ਘਰ ਵਿਚ ਰਹਿਜੇ, ਬਾਹਰ ਬਹੁਤ ਬਦਨਾਮੀ ਹੋਊ'। ਦਲੀਪ ਨੂੰ ਗੱਲਾਂ ਵਿਚ ਲੈ ਲਿਆ ਪਰ ਫੇਰ ਵੀ ਦਲੀਪ ਨੇ ਮਾਣੀ ਦੇ ਦਬਾਅ ਕਾਰਨ ਰੋਟੀ ਅੱਡ ਕਰ ਲਈ ਪਰ ਦਲੀਪ ਨੇ ਜੈਰਾਮ ਨਾਲ ਖੇਤੀ ਫੇਰ ਵੀ ਸਾਂਝੀ ਰੱਖੀ। ਅਸਲ ਵਿਚ ਦਲੀਪ, ਜੈਰਾਮ ਦਾ ਮੁਫਤ ਦਾ ਕਾਮਾ ਸੀ। ਦਲੀਪ ਦੇ ਬੱਚਿਆਂ ਨੂੰ ਤਾਂ ਖਾਣ ਨੂੰ ਪੂਰੀ ਰੋਟੀ ਨਾ ਮਿਲਦੀ ਪਰ ਜੈਰਾਮ ਹੁਰਾਂ ਨੇ ਤਾਂ ਕਦੇ ਸੁੱਕੀ ਚਾਹ ਤੱਕ ਨਹੀਂ ਪੀਤੀ। ਦਲੀਪ ਆਪਣੀ ਘਰਦੀ ਮਾਣੀ ਤੋਂ ਚੋਰੀਓਂ ਹੀ ਜੈਰਾਮ ਦੀ ਸਾਰੀ ਖੇਤੀ ਦੇ ਨਾਲ-ਨਾਲ ਜੈਰਾਮ ਦੇ ਚਰਿੱਤਰਹੀਣ ਮੁੰਡੇ ਸੰਦੀਪ ਦੇ ਉਲਾਂਭੇ ਆਉਣ ਤੇ ਲੋਕਾਂ ਦੇ ਪੈਰਾਂ ਵਿਚ ਡਿੱਗ ਮਾਫੀਆਂ-ਮਿੰਨਤਾਂ ਕਰਕੇ ਸਥਿਤੀ ਸਾਂਭਦਾ ਰਿਹਾ। ਮਾਣੀ ਅਕਸਰ ਦਲੀਪ ਨੂੰ ਸੰਦੀਪ ਦੇ ਮਾੜੇ ਚਰਿੱਤਰ ਬਾਰੇ ਆਖਦੀ ਰਹਿੰਦੀ, ਕਿਉਂਕਿ ਮਾਣੀ ਨੂੰ ਸੰਦੀਪ ਦੀਆਂ ਅੱਖਾਂ ਵਿਚ ਆਪਣੀਆਂ ਕੁੜੀਆਂ ਲਈ ਭੈਣਾਂ ਵਾਲੇ ਸਨਮਾਨ ਦੀ ਥਾਂ, ਉਹੀ ਜੈਰਾਮ ਵਾਲੀ ਹੀ ਵਾਸਨਾ ਨਜ਼ਰ ਆਉਂਦੀ ਅਤੇ ਇਕ ਦਿਨ ਮਾਣੀ ਤੇ ਦਲੀਪ ਦੋਵਾਂ ਦੇ ਖੇਤ ਚਲੇ ਜਾਣ ਤੇ ਸੰਦੀਪ ਨੇ ਵਿਚਕਾਰਲੀ ਧੀ ਕੁਲਦੀਪ ਨੂੰ ਗਲਤ ਤਰੀਕੇ ਨਾਲ ਛੂਹਣ ਦੀ ਕੋਸ਼ਿਸ਼ ਕੀਤੀ ਤਾਂ ਕੁਲਦੀਪ ਦੇ ਵਿਰੋਧ ਕਰਨ ਤੇ ਸੰਦੀਪ ਭੱਜ ਗਿਆ। ਸ਼ਾਮ ਨੂੰ ਜਦੋਂ ਮਾਣੀ ਤੇ ਦਲੀਪ ਨੂੰ ਪਤਾ ਲੱਗਾ ਤਾਂ ਉਹ ਜੈਰਾਮ ਕੋਲ ਉਲਾਂਭਾ ਲੈ ਕੇ ਗਏ ਪਰ ਜੈਰਾਮ ਤੇ ਜੈਰਾਮ ਦੀ ਘਰਦੀ ਨੇ ਆਪਣੇ ਪੁੱਤਰ ਨੂੰ ਸ਼ਰਾਫਤ ਦਾ ਸਰਟੀਫਿਕੇਟ ਦਿੰਦਿਆਂ ਕੁਲਦੀਪ ਦੇ ਚਰਿੱਤਰ 'ਤੇ ਹੀ ਸਵਾਲ ਚੁੱਕਦਿਆਂ ਕਹਿ ਦਿੱਤਾ, 'ਜਿਆਦਾ ਰੌਲਾ ਨਾ ਪਾਓ, ਘਰ ਦੀ ਗੱਲ ਘਰ ਵਿਚ ਰਹਿਜੇ ਬਾਹਰ ਬਦਨਾਮੀ ਹੋਊ'।

ਵੱਡੀ ਧੀ ਕਿਰਨਦੀਪ ਦੇ ਵਿਆਹ ਦੇ ਨਾਲ ਹੀ ਹੌਲੀ-ਹੌਲੀ ਦਲੀਪ ਸਿਰ ਕਰਜ਼ਾ ਵਧਦਾ ਗਿਆ ਤੇ ਮਾਣੀ ਦੀ ਤਬੀਅਤ ਲਗਾਤਾਰ ਵਿਗੜਦੀ ਗਈ। ਤਿੰਨ ਮਹੀਨਿਆਂ ਤੱਕ ਲਗਾਤਾਰ ਚੜਿਆ ਹੋਇਆ ਬੁਖਾਰ ਅਖੀਰ ਖੂਨ ਦਾ ਕੈਂਸਰ ਬਣ ਕੇ ਬਾਹਰ ਆਇਆ। ਮਾਣੀ ਨੂੰ ਤਿੰਨ ਮਹੀਨਿਆਂ ਦਾ ਟਾਈਮ ਮਿਲਿਆ। ਮਾਣੀ ਦੇ ਕਹਿਣ 'ਤੇ ਦਲੀਪ ਨੇ ਵਿਚਕਾਰਲੀ ਧੀ ਕੁਲਦੀਪ ਦਾ ਵਿਆਹ ਧਰਤਾ। ਮਾਣੀ ਦੇ ਇਲਾਜ ਕਾਰਨ ਹੋਏ ਕਰਜੇ ਤੇ ਹੁਣ ਵਿਆਹ ਲਈ ਪੈਸਿਆਂ ਦੇ ਪ੍ਰਬੰਧ ਲਈ ਜਦੋਂ ਦਲੀਪ ਨੇ ਜੈਰਾਮ ਨਾਲ ਜਮੀਨ ਵੇਚਣ ਬਾਬਤ ਗੱਲਬਾਤ ਕੀਤੀ ਤਾਂ ਜੈਰਾਮ ਨੇ ਕਿਹਾ ਕਿ 'ਮੇਰੇ ਕੋਲ ਤਾਂ ਪੈਸੇ ਹੈ ਨੀਂ, ਮੈਂ ਤਾਂ ਇਵੇਂ ਹੀ ਦੇ ਦਿੰਦਾ, ਤੂੰ ਇੰਝ ਕਰ ਆਪਣੇ ਸੰਦੀਪ ਨਾਲ ਗੱਲ ਕਰਲੇ, ਉਹ ਆਪਣੇ ਸਹੁਰੇ ਨੂੰ ਪੈਲੀ ਦਵਾ ਦੇਵੇਗਾ ਨਾਲੇ ਘਰ ਦੀ ਗੱਲ ਘਰ 'ਚ ਰਹਿਜੂ'।



ਅਸਲ 'ਚ ਜਮੀਨ ਤਾਂ ਜੈਰਾਮ ਤੇ ਸੰਦੀਪ ਨੇ ਆਪ ਹੀ ਲੈਣੀ ਸੀ, ਆਹ ਸਹੁਰੇ ਆਲੇ ਤਾਂ ਬਸ ਦਾਅ ਹੀ ਖੇਡਿਆ ਗਿਆ ਸੀ। ਦੱਬੇ ਹੋਏ ਦਲੀਪ ਨੇ ਆਪਣੀ ਦੋ ਕਿਲੇ ਪੈਲੀ ਕੋਡੀਆਂ ਦੇ ਭਾਅ ਸੰਦੀਪ ਨੂੰ ਬੈਅ ਕਰਾ ਦਿੱਤੇ। ਮਾਣੀ ਨੂੰ ਪਤਾ ਸੀ ਕਿ ਹੁਣ ਉਹ ਮਰਨ ਕਿਨਾਰੇ ਹੈ, ਉਸਨੇ ਦਲੀਪ ਨੂੰ ਕੋਲ ਬਿਠਾ ਕੇ ਕਿਹਾ, 'ਮੈਂ ਤਾਂ ਹੁਣ ਚੱਲੀ ਹਾਂ ਪਰ ਧੀ ਦੀਪੋ ਤੇ ਰਮਨ ਹੁਣ ਤੇਰੇ ਹੀ ਜੁੰਮੇ ਨੇ, ਮੇਰੇ ਜਿਉਂਦਿਆਂ ਤਾਂ ਮੈਂ ਇਨਾਂ ਬੁੱਕਲ ਦੇ ਸੱਪਾਂ ਤੋਂ ਬਚੀ ਰਹੀ ਤੇ ਆਪਣੀਆਂ ਧੀਆਂ ਨੂੰ ਵੀ ਬਚਾਈ ਰੱਖਿਆ ਪਰ ਹੁਣ ਦੀਪੋ ਨੂੰ ਭੇੜੀਏ ਨਾਂ ਦਬੋਚ ਲੈਣ ਮੈਨੂੰ ਵਾਅਦਾ ਦੇ'। ਕਿੰਨੀ ਹੀ ਦੇਰ ਦਲੀਪ ਤੇ ਮਾਣੀ ਹੱਥ ਵਿਚ ਹੱਥ ਰੱਖ ਰੋਂਦੇ ਰਹੇ।

ਦੋਵੇਂ ਧੀਆਂ ਦੇ ਵਿਆਹ ਤੇ ਮਾਣੀ ਦੀ ਮੌਤ ਤੋਂ ਬਾਅਦ ਦਲੀਪ, ਧੀ ਦੀਪੋ ਤੇ ਰਮਨ ਤਿੰਨੋਂ ਹੀ ਰਹਿ ਗਏ। ਕਰਜੇ ਵਿਚ ਦੱਬਿਆ ਹੋਇਆ ਦਲੀਪ ਹੁਣ ਜਿਆਦਾ ਸਮਾਂ ਘਰ ਹੀ ਰਹਿੰਦਾ। ਦੀਪੋ ਨੇ ਬਾਰਾਂ ਜਮਾਤਾਂ ਪਾਸ ਕਰ ਬੀ ਏ ਦੇ ਪ੍ਰਾਈਵੇਟ ਫਾਰਮ ਭਰ ਦਿੱਤੇ ਤੇ ਨਾਲ ਹੀ ਸਾਰੇ ਘਰ ਦਾ ਕੰਮ ਸਾਂਭਦੀ। ਸਭ ਕੁੱਝ ਠੀਕ ਹੁੰਦਾ ਜਾਪ ਹੀ ਰਿਹਾ ਸੀ ਕਿ ਇਕ ਰਾਤ ਪਾਣੀ ਦੀ ਵਾਰੀ 'ਤੇ ਗਏ ਦਲੀਪ ਤੇ ਰਮਨ ਮਗਰੋਂ ਬਹਾਨੇ ਨਾਲ ਸੰਦੀਪ, ਦਲੀਪ ਘਰੇ ਵੜ ਗਿਆ। ਦੀਪੋ ਨੇ ਬਹੁਤ ਵਿਰੋਧ ਕੀਤਾ ਪਰ ਅਖੀਰ ਬੁੱਕਲ ਦੇ ਸੱਪ ਨੇ ਦੀਪੋ ਨੂੰ ਡੱਸ ਲਿਆ। ਉਹ ਕਿੰਨਾ ਹੀ ਚਿਰ ਰੋਂਦੀ ਰਹੀ ਪਰ ਆਪਣੇ ਦੱਬੂ ਤੇ ਸ਼ਰੀਫ ਬਾਪ ਦੀ ਤਰਸਯੋਗ ਹਾਲਤ ਵੇਖ ਚੁੱਪ ਕਰ ਗਈ। ਪਰ ਹੁਣ ਕੁੱਤੇ ਦੇ ਮੂੰਹ ਨੂੰ ਖੂਨ ਲੱਗ ਚੁੱਕਾ ਸੀ, ਉਸ ਭੇੜੀਏ ਨੂੰ ਹੁਣ ਜਦੋਂ ਵੀ ਮੌਕਾ ਮਿਲਦਾ, ਦੀਪੋ ਨੂੰ ਦਬੋਚ ਲੈਂਦਾ, ਉਹ ਬਿਲਕੁਲ ਚੁੱਪ ਰਹਿਣ ਲੱਗ ਪਈ, ਦਲੀਪ ਨੇ ਬੜਾ ਪੁੱਛਿਆ ਪਰ ਉਹ ਕੋਈ ਵੀ ਜਵਾਬ ਨਾ ਦਿੰਦੀ।

ਸਮੇਂ ਦਾ ਨਾਲ ਜਦੋਂ ਤਿੰਨ ਮਹੀਨੇ ਤੱਕ ਦੀਪੋ ਦਾ ਖੂਨ ਸਾਫ ਹੋਣ ਆਲਾ ਚੱਕਰ ਨਾ ਆਇਆ ਤਾਂ ਉਹ ਨੂੰ ਸਮਝ ਆ ਗਈ ਕਿ ਪਾਪ ਤਾਂ ਭਾਵੇਂ ਸੰਦੀਪ ਦਾ ਏ ਪਰ ਹੁਣ ਉਹ ਇਸ ਮਰਦ ਪ੍ਰਧਾਨ ਸਮਾਜ ਵਿੱਚ ਆਪਣੇ ਬਾਪ ਲਈ ਕਲੰਕ ਬਣ ਚੁੱਕੀ ਏ। ਦੀਪੋ ਨੇ ਆਪਣੀ ਸਾਰੀ ਦਾਸਤਾਨ ਕਾਗਜ ਤੇ ਲਿਖ, ਸਪਰੇ ਪੀ ਲਈ। ਦਲੀਪ ਜਦੋਂ ਨੂੰ ਖੇਤ ਤੋਂ ਘਰ ਆਇਆ ਤਾਂ ਘਰੇ ਸਥਰ ਵਿੱਛ ਚੁੱਕੇ ਸਨ, ਜੈਰਾਮ ਹੁਰਾਂ ਨੂੰ ਆਪਣੀ ਗੰਦੀ ਔਲਾਦ ਦੀ ਅਸਲੀਅਤ ਪਤਾ ਸੀ, ਉਨਾਂ ਸੱਚ ਛੁਪਾਉਂਦੇ ਹੋਏ ਸਭ ਨੂੰ ਆਖ ਦਿੱਤਾ ਕਿ ਦੀਪੋ ਨੂੰ ਦੌਰਾ ਪੈ ਗਿਆ ਹੈ, ਦਲੀਪ ਨੂੰ ਸ਼ੱਕ ਹੋਇਆ ਤਾਂ ਜੈਰਾਮ ਕਹਿੰਦਾ, 'ਤੂੰ ਜਿਆਦਾ ਰੌਲਾ ਨਾ ਪਾ, ਜੋ ਹੋਇਆ ਠੀਕ ਹੋਇਆ, ਘਰ ਦੀ ਗੱਲ ਘਰ 'ਚ ਰਹਿਜੂ, ਬਾਹਰ ਬਦਨਾਮੀ ਹੋਊ'।

ਦੀਪੋ ਦੀ ਲਾਸ਼ ਕੋਲ ਰੋਂਦੇ ਦਲੀਪ ਦੇ ਹੱਥ ਉਹ ਕਾਗਜ਼ ਆ ਗਿਆ, ਜਿਸ ਵਿੱਚ ਸਾਰਾ ਸੱਚ ਉਹ ਲਿੱਖ ਕੇ ਮਰੀ ਸੀ। ਦਲੀਪ ਦੇ ਅੰਦਰ ਦਾ ਜਵਾਲਾਮੁਖੀ ਫੱਟ ਗਿਆ, ਉਸਨੇ ਕੁਝ ਨਾ ਵੇਖਿਆ ਤੇ ਚੁੰਢ ਵਿਚ ਪਿਆ ਕੁਹਾੜਾ ਚੱਕ ਸੰਦੀਪ ਦਾ ਗਾਟਾ ਲਾਹ ਦਿੱਤਾ, ਚਾਰੇ ਪਾਸੇ ਹਾਹਾਕਾਰ ਮੱਚ ਗਿਆ। ਦਲੀਪ ਨੇ ਇਕੋ ਵਾਰ ਨਾਲ ਪਾਪੀ ਦਾ ਅੰਤ ਕਰ ਦਿੱਤਾ। ਪੁਲਿਸ ਆਲੀ ਗੱਡੀ 'ਚ ਬੈਠਦਿਆਂ ਦਲੀਪ ਆਪਣੇ ਆਪ ਨੂੰ ਈ ਬੋਲਦਾ ਜਾ ਰਿਹਾ ਸੀ, 'ਘਰ ਦੀ ਗੱਲ ਉਦੋਂ ਤੱਕ ਈ ਘਰ 'ਚ ਰੱਖਣੀ ਚਾਹੀਦੀ ਹੈ ਜਦੋਂ ਤੱਕ ਇੱਜ਼ਤ ਨਾਲ ਸਮਝੌਤਾ ਨਾ ਕਰਨਾ ਪਵੇ'। ਗੱਡੀ ਥਾਣੇ ਵੱਲ ਨੂੰ ਤੇਜ਼ੀ ਨਾਲ ਜਾ ਰਹੀ ਸੀ।

# ਪਿਆਰ-ਮੁਹੱਬਤ ਦੇ ਅਹਿਸਾਸਾਂ ਦੀ ਦਿਲਚਸਪ ਕਹਾਣੀ 'ਲੇਖ'

ਸੁਰਜੀਤ ਜੱਸਲ

ਗਾਇਕੀ ਤੋਂ ਬਾਅਦ ਫ਼ਿਲਮੀ ਖੇਤਰ ਵਿੱਚ ਗੂੜੀਆਂ ਪੈੜਾਂ ਪਾਉਣ ਵਾਲੇ ਗੁਰਨਾਮ ਭੁੱਲਰ ਦੀ ਆ ਰਹੀ ਨਵੀਂ ਪੰਜਾਬੀ ਫ਼ਿਲਮ 'ਲੇਖ' ਸੱਚਮੁੱਚ ਹੀ ਪੰਜਾਬੀ ਸਿਨੇਮਾ ਦੇ ਲੇਖ ਸੰਵਾਰਣ ਦਾ ਕੰਮ ਕਰੇਗੀ। ਕਿਉਂਕਿ ਦਰਸ਼ਕਾਂ ਨੂੰ ਲੰਮੇ ਸਮੇਂ ਬਾਅਦ ਆਮ ਵਿਸ਼ਿਆਂ ਤੋਂ ਹੱਟ ਕੇ ਇੱਕ ਵੱਖਰੇ ਵਿਸ਼ੇ ਦੀ ਫ਼ਿਲਮ ਵੇਖਣ ਨੂੰ ਮਿਲੇਗੀ।

ਵਾਇਟਹਿੱਲ ਸਟੂਡੀਓ ਦੇ ਬੈਨਰ ਹੇਠ ਨਿਰਮਾਤਾ ਗੁਣਬੀਰ ਸਿੰਘ ਸਿੱਧੂ ਤੇ ਮਨਮੋਰੜ ਸਿੰਘ ਸਿੱਧੂ ਦੀ ਇਹ ਫ਼ਿਲਮ ਬਚਪਨ ਦੀ ਅਨਭੋਲ ਉਮਰ ਦੇ ਪਿਆਰ ਭਰੇ ਅਹਿਸਾਸਾਂ ਅਤੇ ਮੱਥੇ 'ਤੇ ਲਿਖੇ ਲੇਖਾਂ ਦੀ ਕਹਾਣੀ ਬਿਆਨਦੀ ਇੱਕ ਦਿਲਚਸਪ ਕਹਾਣੀ ਹੈ, ਜਿਸ ਨੂੰ ਪੰਜਾਬੀ ਸਿਨੇਮਾ ਦੇ ਨਾਮਵਰ ਲੇਖਕ ਜਗਦੀਪ ਸਿੱਧੂ ਨੇ ਲਿਖਿਆ ਹੈ। ਡਾਇਰੈਕਟਰ ਮਨਵੀਰ ਬਰਾੜ ਦੀ ਡਾਇਰੈਕਟ ਕੀਤੀ ਇਸ ਫ਼ਿਲਮ ਦਾ ਟ੍ਰੇਲਰ ਅਤੇ ਸੰਗੀਤ ਦਰਸ਼ਕਾਂ ਦੀ ਪਸੰਦ ਬਣ ਚੁੱਕਾ ਹੈ। ਸੋਸ਼ਲ ਮੀਡੀਆ 'ਤੇ ਛਾਏ ਫ਼ਿਲਮ ਦੇ ਟ੍ਰੇਲਰ ਤੋਂ ਜਾਪਦਾ ਹੈ ਕਿ ਇਹ ਫ਼ਿਲਮ ਪੰਜਾਬੀ ਸਿਨੇਮਾ ਵਿੱਚ ਇਕ ਮੀਲ ਪੱਥਰ ਸਾਬਤ ਹੋ ਸਕਦੀ ਹੈ।

ਫ਼ਿਲਮ ਦੀ ਕਹਾਣੀ ਦੀ ਮੰਗ ਮੁਤਾਬਕ ਫ਼ਿਲਮ ਦੇ ਨਾਇਕ ਗੁਰਨਾਮ ਭੁੱਲਰ ਨੇ ਆਪਣਾ 18-20 ਕਿਲੋ ਭਾਰ ਘਟਾ ਕੇ 16-17 ਸਾਲ ਦੇ ਸਕੂਲ ਪੜਦੇ ਨਵੀਂ ਉਮਰ ਦੇ ਮੁੰਡੇ ਦਾ ਕਿਰਦਾਰ ਨਿਭਾਇਆ ਹੈ। ਫ਼ਿਲਮ ਦੀ ਨਾਇਕਾ ਤਾਨੀਆ ਹੈ ਜੋ ਇਸ ਤੋਂ ਪਹਿਲਾਂ ਫ਼ਿਲਮ 'ਗੁੱਡੀਆਂ ਪਟੋਲੇ' ਵਿੱਚ ਗੁਰਨਾਮ ਭੁੱਲਰ ਨਾਲ ਕੰਮ ਕਰ ਚੁੱਕੀ ਹੈ। ਦੋਵਾਂ ਦੇ ਇਸ ਫ਼ਿਲਮ ਲਈ ਬੇਹੱਦ ਮਿਹਨਤ ਕੀਤੀ ਹੈ। ਫ਼ਿਲਮ ਦੇ ਟ੍ਰੇਲਰ ਮੁਤਾਬਕ ਇਹ ਫ਼ਿਲਮ ਬਚਪਨ ਅਤੇ ਜਵਾਨੀ ਦੀ ਕਹਾਣੀ




ਹੈ ਜਿਸ ਲਈ ਇਸ ਨੂੰ ਦੋ ਵੱਖ-ਵੱਖ ਪੜਾਵਾਂ ਵਿੱਚ ਫ਼ਿਲਮਾਇਆ ਗਿਆ ਹੈ। ਫ਼ਿਲਮ ਦੀ ਕਹਾਣੀ ਬਚਪਨ ਦੇ ਪਿਆਰਾਂ ਤੋਂ ਸ਼ੁਰੂ ਹੋ ਕੇ ਜ਼ਿੰਦਗੀ ਦੇ ਵੱਖ ਵੱਖ ਪੜਾਵਾਂ ਨਾਲ ਜੁੜੀ ਰੋਮਾਂਟਿਕ ਤੇ ਭਾਵਨਾਤਮਿਕ ਪਲਾਂ ਦੀ ਤਰਜ਼ਮਾਨੀ ਕਰਦੀ ਹੈ। ਗੁਰਨਾਮ ਭੁੱਲਰ ਨੇ ਆਪਣੇ ਕਿਰਦਾਰ ਵਿੱਚ ਫਿੱਟ ਹੋਣ ਲਈ ਬਹੁਤ ਮਿਹਨਤ ਕੀਤੀ ਹੈ। ਫ਼ਿਲਮ ਦੀ ਸ਼ੂਟਿੰਗ ਦੋ ਪੜਾਵਾਂ ਵਿੱਚ ਕੀਤੀ ਗਈ ਹੈ।

ਗੁਰਨਾਮ ਭੁੱਲਰ ਨੇ ਰਾਜਵੀਰ ਦਾ ਕਿਰਦਾਰ ਨਿਭਾਇਆ ਹੈ ਤੇ ਤਾਨੀਆ ਨੇ ਰੌਣਕ ਦਾ। ਸਕੂਲ ਪੜਦੇ ਸਮੇਂ ਦੋਵਾਂ ਦੇ ਦਿਲਾਂ ਵਿੱਚ ਇੱਕ ਦੂਜੇ ਪ੍ਰਤੀ ਮੋਹ ਭਰੀ ਖਿੱਚ ਹੁੰਦੀ ਹੈ, ਹੁਸੀਨ ਸੁਪਨਿਆਂ ਦਾ ਸੰਸਾਰ ਹੁੰਦਾ ਹੈ ਪਰ ਕੀ ਇਨਾਂ ਸੁਪਨਿਆਂ ਦਾ ਸ਼ਹਿਜ਼ਾਦਾ ਆਪਣੀ ਮੰਜਿਲ 'ਤੇ ਪਹੁੰਚਦਾ ਹੈ? ਜ਼ਿਕਰਯੋਗ ਹੈ ਕਿ ਇਸ ਫਿਲਮ ਦੀ ਕਹਾਣੀ, ਸਕਰੀਨ ਪਲੇਅ ਅਤੇ ਡਾਇਲਾਗ ਜਗਦੀਪ ਸਿੱਧੂ ਨੇ ਲਿਖੇ ਹਨ। ਫ਼ਿਲਮ ਨੂੰ ਮਨਵੀਰ ਬਰਾੜ ਨੇ ਡਾਇਰੈਕਟ ਕੀਤਾ ਹੈ। ਫ਼ਿਲਮ ਦੇ ਗੀਤ ਜਾਨੀ ਨੇ ਲਿਖੇ ਹਨ ਤੇ ਸੰਗੀਤ ਬੀ ਪਰਾਕ ਨੇ ਦਿੱਤਾ ਹੈ। ਗੁਰਨਾਮ ਭੁੱਲਰ, ਤਾਨੀਆ, ਕਾਕਾ ਕੌਤਕੀ, ਨਿਰਮਲ ਰਿਸ਼ੀ, ਹਰਮਨ ਧਾਲੀਵਾਲ ਤੇ ਹਰਮਨ ਬਰਾੜ ਨੇ ਫ਼ਿਲਮ ਵਿਚ ਅਹਿਮ ਕਿਰਦਾਰ ਨਿਭਾਏ ਹਨ।

ਪੰਜਾਬ ਅਤੇ ਰਾਜਸਥਾਨ ਦੀਆਂ ਵੱਖ ਵੱਖ ਖ਼ੂਬਸੂਰਤ ਲੋਕੇਸ਼ਨਾਂ 'ਤੇ ਫਿਲਮਾਈ ਗਈ ਇਹ ਫ਼ਿਲਮ ਦਰਸ਼ਕਾਂ ਨੂੰ ਪਰਦੇ 'ਤੇ ਇਕ ਖ਼ੂਬਸੂਰਤ ਜ਼ਿੰਦਗੀ ਦਾ ਅਹਿਸਾਸ ਕਰਵਾਵੇਗੀ। ਇਸ ਫ਼ਿਲਮ ਵਿੱਚ ਪੰਜਾਬੀ ਸਿਨੇਮੇ ਦਾ ਇਕ ਨਾਮੀ ਸਟਾਰ ਵੀ ਮਹਿਮਾਨ ਭੂਮਿਕਾ ਵਿੱਚ ਨਜ਼ਰ ਆਵੇਗਾ। ਆਸ ਹੈ ਕਿ ਪਹਿਲੀ ਅਪ੍ਰੈਲ ਨੂੰ ਰਿਲੀਜ਼ ਹੋ ਰਹੀ ਇਹ ਫ਼ਿਲਮ 'ਲੇਖ' ਪੰਜਾਬੀ ਸਿਨੇਮਾ ਦੇ ਨਵੇਂ ਲੇਖ ਲਿਖਣ ਵਿੱਚ ਸਫ਼ਲ ਹੋਵੇਗੀ।

# ਤਾਰੀਖ



ਹਰਕੀਰਤ ਕੌਰ
9779118066

ਧਰਮ ਸੁੰਹ ਫੌਜ ਵਿੱਚੋਂ ਰਿਟਾਇਰ ਹੋਇਆ ਸੀ, ਚਿੱਕ ਠੋਕ ਕੇ ਵੀਹ ਪੰਝੀ ਸਾਲ ਨੌਕਰੀ ਕੀਤੀ ਤੇ ਫਿਰ ਟੱਬਰ ਦੇ ਮੋਹ ਨੂੰ ਸਰਕਾਰੀ ਪੈਨਸ਼ਨ ਦਾ ਸਹਾਰਾ ਤਕ ਘਰ ਮੁੜ ਆਇਆ। ਹਾਲੇ ਘਰ ਆਏ ਨੂੰ ਥੋੜਾ ਹੀ ਵਕਤ ਲੰਘਿਆ ਸੀ ਕਿ ਉਸਦੀ ਘਰਵਾਲੀ ਜਹਾਨੋਂ ਕੂਚ ਕਰ ਗਈ। ਪਿਛਲੀ ਉਮਰੇ ਸਾਥੀ, ਸਾਥਣ ਦਾ ਸਾਥ ਬੜਾ ਜਰੂਰੀ ਹੁੰਦਾ, ਸੋ ਉਸਦੀ ਪਤਨੀ ਸੰਤੋ ਦੇ ਤੁਰ ਜਾਣ ਕਰਕੇ ਉਹ ਨੂੰਹ ਪੁੱਤ ਦੇ ਵੱਸ ਪੈ ਗਿਆ ਸੀ। ਸਮਾਂ ਬੀਤਦਾ ਗਿਆ। ਅੱਜ ਪਹਿਲੀ ਤਾਰੀਖ ਸੀ, ਨੂੰਹ ਨੇ ਅਵਾਜ਼ ਮਾਰੀ, ਭਾਪਾ ਜੀ ਉੱਠੋ, ਚਾਹ ਪੀ ਲਵੋ, ਅੱਜ ਤੁਸੀਂ ਸ਼ਹਿਰ ਜਾਣਾ। ਕੱਪੜੇ ਮੈਂ ਤਾਡੇ (ਤੁਹਾਡੇ) ਪ੍ਰੈੱਸ ਕਰਕੇ ਕਿੱਲੀ ਤੇ ਟੰਗੇ ਆ... ਫੇਰ ਆਪਣੇ ਪੁੱਤ ਕਿੰਦਰ ਨੂੰ ਅਵਾਜ਼ ਮਾਰ ਕੇ ਕਹਿੰਦੀ, ਅੱਜ ਤੂੰ ਸਕੂਲੋਂ ਛੁੱਟੀ ਕਰਲਾ, ਅੱਜ ਪਹਿਲੀ ਤਾਰੀਖ ਆ ਤੂੰ ਭਾਪੇ ਨਾਲ ਪੈਨਸ਼ਨ ਲੈਣ ਜਾਣਾ ਏ, ਚੰਗਾ ਕਹਿ ਕੇ ਕਿੰਦਰ ਮੋਟਰਸਾਇਕਲ ਲੈ ਪਿੰਡ ਦਾ ਗੇੜਾ ਕੱਢਣ ਉੱਡ ਗਿਆ।

ਦਸ, ਗਿਆਰਾਂ ਵਜੇ ਨਾਲ ਕਿੰਦਰ ਆਇਆ ਤਾਂ ਵੀਰੋ (ਧਰਮ ਸੁੰਹ ਦੀ ਨੂੰਹ) ਨੇ ਕਿੰਦਰ ਨੂੰ ਪੈਨਸ਼ਨ ਵਾਲੀ ਕਾਪੀ ਫੜਾਈ ਤੇ ਕਹਿਣ ਲੱਗੀ, ਕਿੰਦਰਾ ਪੈਸੇ ਧਿਆਨ ਨਾਲ ਗਿਣ ਕੇ ਅੰਦਰਲੀ ਜੇਬ ਵਿਚ ਪਾ ਲਵੀਂ, ਭਾਪੇ ਨੂੰ ਕੁਝ ਪਤਾ ਨਹੀਂ ਲੱਗਦਾ, ਨਾ ਇਸ ਦਾ ਕੋਈ ਚੇਤਾ ਆ। ਭਾਪਾ ਡੰਗੋਰੀ ਇੱਕ ਪਾਸੇ ਕਰਕੇ ਪੋਤੇ ਪਿੱਛੇ ਬਹਿ ਗਿਆ ਤੇ ਅੱਧੇ ਕੁ ਘੰਟੇ ਤੱਕ ਦੋਵੇਂ ਬੈਂਕ ਪਹੁੰਚ ਗਏ, ਭਾਪੇ ਨੂੰ ਦੇਖ ਉਸਦਾ ਇੱਕ ਜਾਣੂ ਹਰੀ ਸਿੰਘ ਮਿਲਿਆ ਤੇ ਕਹਿਣ ਲੱਗਾ ਕਿ ਬੱਲੇ ਧਰਮ ਸਿਆਂ ਅੱਜ ਬੜਾ ਲਿਸ਼ਕੂ ਲਿਸ਼ਕੂ ਕਰਦਾ ਏਂ, ਬਸ ਹਰੀ ਸਿਆਂ ਆ ਕਾਪੀ ਦੀਆਂ ਬਰਕਤਾਂ ਨੇ। ਏਨਾ ਕਹਿ ਧਰਮ ਸੁੰਹ ਅੱਗੇ ਹੋ ਤੁਰਿਆ।

ਹੁਣ ਪੰਦਰਾਂ ਤਾਰੀਖ ਹੋ ਗਈ ਸੀ, ਧਰਮ ਸੁੰਹ ਪਾਸੇ ਮਾਰਦਾ ਹੋਇਆ ਕਹਿ ਰਿਹਾ ਸੀ, ਉਏ ਮੈਨੂੰ ਵੀ ਪੁੱਛ ਲਓ ਕੋਈ ਹੁਣ ਤੇ ਸੂਰਜ ਵੀ ਲਾਲੀ ਫੜ ਗਿਆ, ਚਾਹ ਦਾ ਘੁੱਟ ਹੀ ਦੇ ਜਾਓ। ਰਾਤ ਬਿੱਲੀ ਦੁੱਧ ਪੀ ਗਈ ਸੀ, ਮੱਝ ਆਪਣੀ ਲੰਘੇ ਡੰਗ ਆ, ਥੋੜਾ ਸਬਰ ਕਰ, ਤੇਰਾ ਵੀ ਮੱਥਾ ਡੰਮ ਦਿਆਂਗੇ। ਧਰਮ ਸੁੰਹ ਦੀ ਨੂੰਹ ਆਪ ਚਾਹ ਦੀ ਚੁਸਕੀ ਲੈਂਦੀ ਸੜੇ ਮੱਥੇ ਨਾਲ ਬੋਲੀ। ਇਹ ਗੱਲ ਸੁਣ ਧਰਮ ਸੁੰਹ ਦਿਲ ਵਿਚ ਸੋਚਣ ਲੱਗਾ ਕਿ ਅੱਜ ਪੰਦਰਾਂ ਤਾਰੀਖ ਆ, ਹੋਰ ਹਫਤਾ ਖੰਡ ਬਿੱਲੀ ਨੇ ਏਸੇ ਤਰਾਂ ਦੁੱਧ ਪੀਣਾ। ਪਹਿਲੀ ਤਾਰੀਖ ਨੇੜੇ ਸਭ ਕੁਝ ਠੀਕ ਠਾਕ ਹੋ ਜਾਊ। ਸਮਾਂ ਹੋਰ ਲੰਘਿਆ ਤੇ ਪੋਤੇ ਕਿੰਦਰ ਨੂੰ ਕਹਿਣ ਲੱਗਾ, ਪੁੱਤ ਘੁੱਟ ਲੱਸੀ ਹੀ ਦੇ ਜਾਊ, ਖੋਹ ਜਿਹੀ ਪੈਂਦੀ ਢਿੱਡ 'ਚ.. ਅੱਗੋਂ ਕਿੰਦਰ ਕਹਿੰਦਾ ਕੀ ਤੂੰ ਟੈਂ ਟੈਂ ਲਾਈ ਏ, ਲੱਸੀ ਤੇ ਸੀਰੀ ਪੀ ਗਿਆ ਸਬਰ ਕਰ ਬੁੱਢਿਆ। ਮਿਲ ਜਾਂਦੀ ਰੋਟੀ ਤੈਨੂੰ।

ਨੂੰਹ ਤੇ ਪੋਤਰੇ ਕੋਲੋਂ ਫਿਟਕਾਰਾਂ ਸੁਣ ਧਰਮ ਸੁੰਹ ਦਾ ਮਨ ਬੜਾ ਦੁਖੀ ਹੋਇਆ ਤੇ ਮਨ ਹੀ ਮਨ ਸੋਚਣ ਲੱਗਾ ਅੱਜ ਪੰਦਰਾਂ ਤਾਰੀਖ ਜੋ ਹੋਈ, ਪਹਿਲੀ ਤਾਰੀਖ ਆਉਣ ਦੇ ਫਿਰ ਵੇਖੀਂ ਤੇਰੀ ਸੇਵਾ ਹੁੰਦੀ। ਏਨੇ ਨੂੰ ਅੰਦਰੋਂ ਅਵਾਜ਼ ਆਈ ਧਰਮ ਸਿੰਆਂ ਸੇਵਾ ਤੇਰੀ ਨਹੀਂ ਤੇਰੀ ਪੈਨਸ਼ਨ ਵਾਲੀ ਕਾਪੀ ਦੀ ਹੁੰਦੀ। ਇੱਕ ਲੰਬਾ ਹੋਕਾ ਲੈ ਧਰਮ ਸਿਉਂ ਰੱਬ ਦਾ ਧਿਆਨ ਧਰਦਾ ਪੰਦਰਾਂ ਤਾਰੀਖ ਦੇ ਲੰਘਣ ਦੀ ਉਡੀਕ ਕਰਨ ਲੱਗਾ।




## ਪਾਠਕਾਂ ਦਾ ਨਜ਼ਰੀਆ

### ਪੰਜਾਬ ਵਿੱਚ ਸਿਆਸੀ ਪਰਿਵਰਤਨ ਕਿਉਂ ਹੋਇਆ ?

ਪੰਜਾਬ ਦੀ 16ਵੀਂ ਵਿਧਾਨ ਸਭਾ ਦੀਆਂ ਚੋਣਾਂ, ਆਮ ਆਦਮੀ ਪਾਰਟੀ ਦੀ ਹੂੰਝਾ ਫੇਰੂ ਇਤਿਹਾਸਕ ਜਿੱਤ, ਭਗਵੰਤ ਮਾਨ ਦਾ ਮੁੱਖ ਮੰਤਰੀ ਬਣਨਾ, ਸ਼ਹੀਦ ਏ ਆਜ਼ਮ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਵਿਧਾਨਕ ਅਹੁਦੇ ਦੀ ਸਹੁੰ ਚੁੱਕਣਾ, ਸੌਂਪੀ ਗਈ ਜ਼ਿੰਮੇਵਾਰੀ ਵਾਸਤੇ ਪੰਜਾਬ ਦੇ ਲੋਕਾਂ ਦਾ ਹਿਰਦੇ ਤੋਂ ਧੰਨਵਾਦ ਕਰਨਾ ਤੇ ਇਸ ਦੇ ਨਾਲ ਹੀ ਚੋਣਾਂ ਤੋਂ ਪਹਿਲਾਂ ਕੀਤੇ ਵਾਅਦਿਆਂ ਨੂੰ ਪੂਰੇ ਕਰਨ ਦਾ ਭਰੋਸਾ ਦੁਹਰਾਉਣਾ ਤੇ ਹੁਣ ਦਸ ਕੈਬਨਿਟ ਮੰਤਰੀਆਂ ਨੂੰ ਸਹੁੰ ਚੁੱਕਾ ਕੇ ਪਹਿਲੀ ਕੈਬਨਿਟ ਮੀਟਿੰਗ ਵਿੱਚ ਪਹਿਲਾ ਮਤਾ ਪਾਸ ਕਰਕੇ 25 ਹਜ਼ਾਰ ਨੌਕਰੀਆਂ ਦੀ ਪੁਲਿਸ ਤੇ ਹੋਰ ਸਰਕਾਰੀ ਵਿਭਾਗਾਂ ਵਿੱਚ ਭਰਤੀ ਨੂੰ ਮਨਜ਼ੂਰੀ ਦੇਣਾ ਆਦਿ ਹੁਣ ਤੱਕ ਦਾ ਸਾਰਾ ਘਟਨਾਕ੍ਰਮ ਆਪਣੇ ਆਪ ਵਿੱਚ ਜਿੱਥੇ ਨਵਾਂ ਇਤਿਹਾਸ ਸਿਰਜਣ ਵੱਲ ਭਗਵੰਤ ਮਾਨ ਦੀ ਪ੍ਰਤੀਬੱਧਤਾ ਪੇਸ਼ ਕਰਦਾ ਹੈ ਉੱਥੇ ਇਸ ਸ਼ੁਰੂਆਤ ਤੋਂ ਇਹ ਗੱਲ ਵੀ ਸਪਸ਼ਟ ਰੂਪ ਵਿੱਚ ਸਾਹਮਣੇ ਆਉਂਦੀ ਹੈ ਕਿ ਨਵਾਂ ਮੁੱਖ ਮੰਤਰੀ ਤੇ ਉਸ ਦੀ ਟੀਮ ਪੰਜਾਬ ਦੀ ਵਿਗੜੀ ਸੰਵਾਰਨ ਤੇ ਪੰਜਾਬ ਨੂੰ ਮੰਦਹਾਲੀ, ਬਦਹਾਲੀ ਤੇ ਗੁਰਬਤ ਤੋਂ ਬਾਹਰ ਕੱਢਕੇ ਮੁੜ ਖ਼ੁਸ਼ਹਾਲੀ ਅਤੇ ਵਿਕਾਸ ਦੀ ਪਟੜੀ 'ਤੇ ਚਾੜਨ ਵਾਸਤੇ ਲੋੜੀਂਦੀ ਇਮਾਨਦਾਰੀ, ਨੇਕ ਨੀਅਤ ਤੇ ਇੱਛਾਸ਼ਕਤੀ ਦੇ ਜੋਸ਼ ਨਾਲ ਪੂਰੀ ਤਰਾਂ ਲਬਾਲਬ ਹੈ। ਇਸ ਤਰਾਂ ਲਗਦਾ ਹੈ ਕਿ ਪੰਜਾਬੀ ਬਹੁਤ ਦੇਰ ਬਾਅਦ ਜਾਗੇ ਹਨ ਤੇ ਪੰਜਾਬ ਵਿੱਚ ਜੁੱਗ ਪਲਟਾ ਹੋਇਆ ਹੈ, ਨੀਲੇ ਚਿੱਟਿਆਂ ਦੀ 'ਉੱਤਰ ਕਾਟੋ ਹੁਣ ਮੇਰੀ ਵਾਰੀ ਵਾਲੀ ਲੁੱਟ ਖਸੁੱਟ ਵਾਲੀ ਗੰਦੀ ਖੇਡ' ਖ਼ਤਮ ਹੋਈ ਹੈ।

ਕਿਸਾਨ ਸੰਘਰਸ਼ ਨੇ ਇਸ ਬਦਲਾਵ ਵਾਸਤੇ ਬਹੁਤ ਵੱਡਾ ਰੋਲ ਅਦਾ ਕੀਤਾ ਹੈ। ਕਿਸਾਨ ਜਥੇਬੰਦੀਆਂ ਦੇ ਏਕੇ ਕਾਰਨ ਜਿੱਥੇ ਤਿੰਨ ਕਾਲੇ ਕਾਨੂੰਨਾਂ ਵਿਰੁੱਧ ਕਿਸਾਨ ਸੰਘਰਸ਼ ਬਹੁਤ ਪਰਚੰਡ ਹੋਇਆ, ਉੱਥੇ ਰਿਵਾਇਤੀ ਪਾਰਟੀਆਂ ਦੀ ਇਸ ਸੰਘਰਸ਼ ਪ੍ਰਤੀ ਦੋਗਲੀ ਨੀਤੀ ਵੀ ਖੁੱਲਕੇ ਸਾਹਮਣੇ ਆਈ। ਇੱਕ ਪਾਸੇ ਸ਼ੁਰੂ ਵਿੱਚ ਤਿੰਨ ਕਾਲੇ ਕਾਨੂੰਨਾਂ ਦੀ ਤਾਰੀਫ਼ ਕਰਦੇ ਰਹੇ ਤੇ ਜਦ ਸੰਘਰਸ਼ ਬਹੁਤ ਤਿੱਖਾ ਹੋ ਗਿਆ ਤੇ ਦਿੱਲੀ ਦੀਆਂ ਬਰੂਹਾਂ ਤੱਕ ਜਾ ਪਹੁੰਚਿਆ ਤਾਂ ਹਾਲਾਤ ਦਾ ਬਦਲਿਆ ਰੁਖ ਦੇਖ ਕੇ ਯੂ ਟਰਨ ਲੈ ਕੇ ਓਪਰੇ ਮਨੋਂ ਕਿਸਾਨਾਂ ਦੇ ਨਾਲ ਹੋਣ ਦੀ ਗੱਲ ਕਰਨ ਲੱਗ ਪਏ, ਜਿਸ ਕਾਰਨ ਆਮ ਜਨਤਾ ਦਾ ਇਹਨਾਂ ਲੋਕਾਂ ਤੋਂ ਪੂਰੀ ਤਰਾਂ ਵਿਸ਼ਵਾਸ ਉੱਠ ਗਿਆ। ਦੂਸਰੇ ਪਾਸੇ ਕੇਜਰੀਵਾਲ ਨੇ ਦਿੱਲੀ ਦੀਆਂ ਬਰੂਹਾਂ 'ਤੇ ਬੈਠੇ ਕਿਸਾਨਾਂ ਦੀ ਹਰ ਪੱਖੋਂ ਖਾਤਰਦਾਰੀ ਕੀਤੀ। ਉਹ ਉਨਾਂ ਨੂੰ ਜਾ ਕੇ ਨਿੱਜੀ ਤੌਰ 'ਤੇ ਮਿਲਦੇ ਰਹੇ, ਲੁੜੀਂਦੇ ਰੋਟੀ ਪਾਣੀ, ਸਾਫ ਸਫਾਈ ਤੇ ਪਖਾਨਿਆਂ ਦਾ ਇੰਤਜ਼ਾਮ ਕਰਦੇ ਰਹੇ, ਜਿਸਦਾ ਕਿਸਾਨਾਂ ਉੱਤੇ ਹੀ ਨਹੀਂ ਬਲਕਿ ਪੂਰੇ ਪੰਜਾਬ ਦੇ ਲੋਕਾਂ ਦੇ ਮਨਾਂ 'ਤੇ ਬੜਾ ਸਕਾਰਾਤਮਕ ਅਸਰ ਪਿਆ। ਕੇਜਰੀਵਾਲ ਦੁਆਰਾ ਦਿੱਲੀ ਵਿੱਚ ਲੋਕਾਂ ਦੇ ਭਲੇ ਵਾਸਤੇ ਕੀਤੇ ਕਾਰਜਾਂ ਨੇ ਵੀ ਪੰਜਾਬੀ ਮਨਾਂ ਵਿੱਚ ਆਮ ਆਦਮੀ ਪਾਰਟੀ ਵਾਸਤੇ ਜਗਾ ਬਣਾਈ।

ਨਵਜੋਤ ਸਿੰਘ ਸਿੱਧੂ ਨੂੰ ਸਾਰੇ ਕਾਂਗਰਸੀ ਇਸ ਵੇਲੇ ਇਹ ਕਹਿ ਕੇ ਨਿੰਦ ਰਹੇ ਹਨ ਕਿ ਉਸ ਨੇ ਕਾਂਗਰਸ ਦੀ ਬੇੜੀ ਡੁੱਬੋ ਕੇ ਰੱਖ ਦਿੱਤੀ। ਚਲੋ ਮੰਨ ਲੈਂਦੇ ਹਾਂ ਕਿ ਉਸ ਦੀ ਬਦਜ਼ੁਬਾਨੀ ਕਾਰਨ ਅਜਿਹਾ ਹੋਇਆ ਵੀ ਹੋਵੇਗਾ, ਪਰ ਜੇਕਰ ਜ਼ਰਾ ਗਹੁ ਨਾਲ ਦੇਖੀਏ ਤਾਂ ਇਹ ਗੱਲ ਵੀ ਬਹੁਤ ਹੀ ਉੱਭਰਵੇਂ ਰੂਪ ਵਿੱਚ ਸਾਹਮਣੇ ਆਉਂਦੀ ਹੈ ਕਿ ਪੰਜਾਬ ਵਿੱਚ ਰਵਾਇਤੀ ਪਾਰਟੀਆਂ ਦਾ ਸਫਾਇਆ ਕਰਨ ਵਿੱਚ ਅਸਲ ਵਿੱਚ ਉਸ ਨੇ ਬਹੁਤ ਅਹਿਮ ਤੇ ਮੋਹਰੀ ਦੀ ਭੂਮਿਕਾ ਨਿਭਾਈ ਹੈ। ਭਾਜਪਾ ਦਾ ਜੋ ਮਾੜਾ ਮੋਟਾ ਜਨ-ਅਧਾਰ ਉਸ ਦੇ ਭਾਜਪਾ ਦਾ ਜੋ ਮਾੜਾ ਮੋਟਾ ਜਨ-ਅਧਾਰ ਉਸ ਦੇ ਭਾਜਪਾ ਦਾ ਹਿੱਸਾ ਹੋਣ ਕਾਰਨ ਸੀ, ਉਹ ਉਸ ਦੇ ਕਾਂਗਰਸ ਵਿੱਚ ਸ਼ਾਮਿਲ ਹੋਣ ਨਾਲ ਖਤਮ ਹੋ ਗਿਆ। ਕਾਂਗਰਸ ਵਿੱਚ ਸਿੱਧੂ ਉਪ ਮੁੱਖ ਮੰਤਰੀ ਦੀ ਪੇਸ਼ਕਸ਼ 'ਤੇ ਸ਼ਾਮਿਲ ਹੋਇਆ, ਪਰ ਕੈਪਟਨ ਅਮਰਿੰਦਰ ਸਿੰਘ ਨੇ ਕਾਫ਼ੀ ਸਮਾਂ ਉਸ ਦੇ ਪੈਰ ਨਾ ਲੱਗਣ ਦਿੱਤੇ ਤੇ ਆਖਿਰ ਡੇਢ ਕੁ ਸਾਲ ਚੁੱਪ ਰਹਿਣ ਤੋਂ ਬਾਅਦ ਉਹ ਕੈਪਟਨ ਨੂੰ ਮੂਧੇ ਮੂੰਹ ਸੁੱਟਣ ਵਿੱਚ ਕਾਮਯਾਬ ਹੋ ਗਿਆ। ਪਰ ਅੱਗੇ ਮੁੱਖ ਮੰਤਰੀ ਦੀ ਕੁਰਸੀ ਫਿਰ ਉਸ ਦੀ ਬਜਾਏ ਚਰਨਜੀਤ ਚੰਨੀ ਲੈ ਗਿਆ ਜਿਸ ਕਰਕੇ ਹਾਈ ਕਮਾਂਡ ਨਾਲ ਉਸ ਦੀ ਨਰਾਜ਼ਗੀ ਚਲਦੀ ਰਹੀ ਤੇ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇਣ ਦੀ ਚਰਚਾ ਵੀ ਕਾਫ਼ੀ ਦੇਰ ਚਲਦੀ ਰਹੀ। ਕਾਂਗਰਸ, ਸਿੱਧੂ ਤੇ ਅਮਰਿੰਦਰ ਦੋ ਖੇਮਿਆਂ ਵਿੱਚ ਵੰਡੀ ਗਈ। ਲੋਕਾਂ ਦੇ ਕੰਮਾਂ ਦੀ ਬਜਾਏ ਨਿੱਤ ਇੱਕ ਦੂਜੇ ਵਿਰੁੱਧ ਬਿਆਨਬਾਜ਼ੀ ਹੁੰਦੀ ਰਹੀ, ਜਿਸ ਕਾਰਨ ਲੋਕਾਂ ਦਾ ਇਸ ਪਾਰਟੀ ਤੋਂ ਮੋਹ ਭੰਗ ਹੋਣਾ ਲਾਜ਼ਮੀ ਸੀ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਕੀਤੇ ਵਾਅਦਿਆਂ ਦੀ ਅਪੂਰਤੀ, ਚੰਨੀ ਦੀ ਗਲਤ ਸਮੇਂ 'ਤੇ ਮੁੱਖ ਮੰਤਰੀ ਵਜੋਂ ਕੀਤੀ ਗਈ ਨਿਯੁਕਤੀ ਤੇ ਮੁੱਖ ਮੰਤਰੀ ਬਣਕੇ ਉਸ ਵੱਲੋਂ ਨਿੱਤ ਦਿਨ ਮਾਰੀਆਂ ਗਈਆਂ ਔਲ-ਬਲੌਲੀਆਂ ਅਤੇ ਪਾਰਟੀ ਵਿੱਚ ਆਪਸੀ ਫੁੱਟ ਜਿੱਥੇ ਕਾਂਗਰਸ ਦੇ ਜੜੀਂ ਤੇਲ ਦੇ ਗਈ, ਉੱਥੇ ਤੀਜੇ ਬਦਲ ਵਜੋਂ ਆਮ ਆਦਮੀ ਪਾਰਟੀ ਦਾ ਅਧਾਰ ਬਹੁਤ ਮਜ਼ਬੂਤ ਕਰ ਗਈ। ਇਸਦਾ ਮੁੱਖ ਸੂਤਰਧਾਰ ਬਿਨਾ ਸ਼ੱਕ ਨਵਜੋਤ ਸਿੰਘ ਸਿੱਧੂ ਰਿਹਾ।

ਅਕਾਲੀਆਂ ਨੇ 2015 ਵਿੱਚ ਹੀ ਬਰਗਾੜੀ ਅਤੇ ਬਿਹਬਲ ਕਲਾਂ ਬੇਅਦਬੀ ਕਾਂਡਾਂ ਦਾ ਅਜਿਹਾ ਕਾਰਾ ਕਰ ਲਿਆ ਸੀ ਜੋ ਉਨਾਂ ਦੀ ਪਾਰਟੀ ਦੇ ਜੜੀਂ ਬੈਠ ਗਿਆ, ਜਿਸਦੇ ਫਲਸਰੂਪ ਢੀਂਡਸਾ, ਬ੍ਰਹਮਪੁਰਾ ਤੇ ਸੇਖਵਾਂ ਵਰਗੇ ਟਕਸਾਲੀ ਆਗੂ ਪਹਿਲਾਂ ਹੀ ਇਸ ਪਾਰਟੀ ਤੋਂ ਕਿਨਾਰਾ ਕਰ ਗਏ। ਇਹ ਵੱਖਰੀ ਗੱਲ ਹੈ ਹੁਣਵੀਆਂ ਚੋਣਾਂ ਵਿੱਚ ਉਨਾਂ ਨੇ ਭਾਜਪਾ ਨਾਲ ਸਾਂਝ ਭਿਆਲੀ ਪਾ ਕੇ ਆਪਣਾ ਰਹਿੰਦਾ ਖੂੰਹਦਾ ਵਜੂਦ ਵੀ ਖਤਮ ਕਰ ਲਿਆ। ਬਸਪਾ ਦਾ ਪੰਜਾਬ ਵਿੱਚ ਵੈਸੇ ਹੀ ਕੋਈ ਜਨ-ਅਧਾਰ ਨਹੀਂ, ਸੋ ਲਾ ਪਾ ਕੇ ਅਕਾਲੀਆਂ ਦੀਆਂ ਤਿੰਨ ਸੀਟਾਂ, ਨਤੀਜਾ ਆਪਣੇ ਸਭ ਦੇ ਸਾਹਮਣੇ ਹੈ।

ਪੰਜਾਬ ਵਿਚਲੇ ਸੱਤਾ ਪਰਿਵਰਤਨ ਵਿੱਚ ਜੇਕਰ ਦੇਖਿਆ ਜਾਵੇ ਤਾਂ ਸਭ ਤੋਂ ਵੱਡਾ ਯੋਗਦਾਨ ਸੋਸ਼ਲ ਮੀਡੀਏ ਦਾ ਵੀ ਰਿਹਾ ਹੈ। ਜਿੱਥੇ ਪਹਿਲਾਂ ਵੱਖ ਵੱਖ ਪਾਰਟੀਆਂ ਚੋਣਾਂ ਤੋਂ ਪਹਿਲਾਂ ਵੱਡੇ ਵੱਡੇ ਵਾਅਦੇ ਤੇ ਐਲਾਨ ਕਰਕੇ ਲੋਕਾਂ ਨੂੰ ਭਰਮਾ ਲੈਂਦੀਆਂ ਸਨ ਤੇ ਜਿੱਤਣ ਤੋਂ ਬਾਅਦ ਵਿੱਚ ਆਪਣੀ ਮਨ ਮਰਜ਼ੀ ਕਰਦੀਆਂ ਸਨ ਤੇ ਸਮਾਂ ਪਾ ਕੇ ਲੋਕ ਵੀ ਸਭ ਕੁਝ ਭੁੱਲ ਜਾਂਦੇ ਸਨ, ਪਰ ਹੁਣ ਸੋਸ਼ਲ ਮੀਡੀਆ ਇੱਕ ਅਜਿਹਾ ਹਥਿਆਰ ਹੈ ਜੋ ਲੋਕਾਂ ਨੂੰ ਵਾਰ ਵਾਰ ਯਾਦ ਕਰਾਉਂਦਾ ਰਹਿੰਦਾ ਹੈ ਕਿ ਕਿਹੜੀ ਪਾਰਟੀ ਤੇ ਕਿਹੜੇ ਲੀਡਰ ਨੇ ਕਿਹੜੇ ਸਮੇਂ ਕੀ ਵਾਅਦਾ ਤੇ ਐਲਾਨ ਕੀਤਾ ਸੀ। ਮਿਸਾਲ ਵਜੋਂ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਕਾਂਡ, ਸੌਦਾ ਸਾਧ ਨੂੰ ਮੁਆਫੀ ਤੇ ਅਮਰਿੰਦਰ ਸਿੰਘ ਵੱਲੋਂ ਗੁਟਕਾ ਸਾਹਿਬ ਦੀ ਕਸਮ ਚੁੱਕ ਕੇ ਕੀਤੇ ਗਏ ਵਾਅਦੇ ਆਦਿ। ਇਸਦੇ ਨਾਲ ਹੀ ਸੋਸ਼ਲ ਮੀਡੀਏ 'ਤੇ ਬਣੇ ਗਰੁੱਪ ਲੋਕਾਂ ਵਿੱਚ ਆਪਸੀ ਤਾਲਮੇਲ ਤੇ ਰਾਇ ਸ਼ੁਮਾਰੀ ਦਾ ਵੱਡਾ ਸਾਧਨ ਹਨ। ਮਿੰਟਾਂ ਸਕਿੰਟਾਂ ਵਿੱਚ ਹੀ ਗਰੁੱਪ ਤੈਅ ਕਰ ਲੈਂਦੇ ਹਨ ਕਿ ਕਿਸੇ ਮਸਲੇ 'ਤੇ ਸਬੰਧਤ ਗਰੁੱਪ ਨੇ ਕੀ ਫੈਸਲਾ ਲੈਣਾ ਹੈ। ਹੁਣਵੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਬਾਰੇ ਲੋਕਾਂ ਨੇ ਪਹਿਲਾਂ ਹੀ ਤੈਅ ਕੀਤਾ ਹੋਇਆ ਸੀ ਕਿ ਇਸ ਵਾਰ ਉਹਨਾਂ ਨੇ ਕੀ ਫ਼ਤਵਾ ਦੇਣਾ ਹੈ। ਇਹ ਵੱਖਰੀ ਗੱਲ ਹੈ ਕਿ ਲੋਕ ਜਾਗਰੂਕ ਹੋ ਕੇ ਮੁੰਡੇ ਸਭਨਾਂ ਪਾਰਟੀਆਂ ਨੂੰ ਹੀ ਵੰਡਦੇ ਰਹੇ, ਪਰ ਅਸਲੀਅਤ ਇਹ ਹੈ ਕਿ ਸ਼ਰਾਬ ਤੇ ਦਾਰੂ ਸਿੱਕਾ ਕਿਸੇ ਹੋਰ ਪਾਰਟੀ ਦਾ ਖਾ ਪੀ ਕੇ ਵੋਟਾਂ ਆਮ ਆਦਮੀ ਦੇ ਉਮੀਦਵਾਰਾਂ ਨੂੰ ਪਾਉਂਦੇ ਰਹੇ।

ਮੁੱਕਦੀ ਗੱਲ ਕਿ ਇਸ ਵਾਰ ਪੰਜਾਬ ਵਿੱਚ ਸਹੀ ਸਿਆਸੀ ਪਰਿਵਰਤਨ ਆ ਚੁੱਕਾ ਹੈ। ਰਿਵਾਇਤੀ ਪਾਰਟੀਆਂ ਨੂੰ ਪੂਰੀ ਤਰਾਂ ਤੇ ਬੁਰੀ ਤਰਾਂ ਨਕਾਰਕੇ ਰਾਜ ਦੇ ਲੋਕਾਂ ਨੇ ਰਾਜ ਦੀ ਸਿਆਸੀ ਵਾਗਡੋਰ ਤੀਜੀ ਧਿਰ ਦੇ ਹੱਥ ਫੜਾ ਦਿੱਤੀ ਹੈ। ਆਮ ਆਦਮੀ ਦੀ ਸਰਕਾਰ ਬਣ ਚੁੱਕੀ ਹੈ, ਲੋਕਾਂ ਨੂੰ ਇਸ ਸਰਕਾਰ ਤੋਂ ਵੱਡੀਆਂ ਆਸਾਂ ਹਨ। ਸਰਕਾਰ ਸਿਰ ਲੋਕਾਂ ਦੀਆਂ ਆਸਾਂ 'ਤੇ ਖਰੇ ਉੱਤਰਨ ਦੀ ਚੁਣੌਤੀ ਭਰੀ ਵੱਡੀ ਜ਼ਿੰਮੇਵਾਰੀ ਹੈ। ਭਗਵੰਤ ਮਾਨ ਦੀ ਸਰਕਾਰ ਵਾਸਤੇ ਬੇਸ਼ੱਕ ਪੈਂਡਾ ਬੜਾ ਹੀ ਬਿੱਖੜਾ ਹੈ, ਪਰ ਜੋ ਉਤਸ਼ਾਹ ਇਸ ਸਮੇਂ ਪਾਰਟੀ ਕਾਡਰ ਵਿੱਚ ਹੈ, ਜਿਸ ਜੋਸ਼ ਨਾਲ ਭਗਵੰਤ ਮਾਨ ਨੇ ਸ਼ੁਰੂਆਤ ਕੀਤੀ ਹੈ, ਉਸ ਨੂੰ ਦੇਖ ਕੇ ਲਗਦਾ ਹੈ ਕਿ ਮੌਜੂਦਾ ਪੰਜਾਬ ਸਰਕਾਰ ਰਿਵਾਇਤੀ ਸਿਆਸੀ ਪਾਰਟੀਆਂ ਦੀਆਂ ਲੀਹਾਂ ਤੋਂ ਹਟਕੇ ਨਵੀਆਂ ਲੀਹਾਂ ਸਿਰਜੇਗੀ। ਬਹੁਤ ਸਾਰੇ ਨਵੇਂ ਕੀਰਤੀਮਾਨ ਅਤੇ ਦਿਸਹੱਦੇ ਸਥਾਪਤ ਕਰੇਗੀ। ਦਿਲੀ ਦੁਆ ਹੈ ਕਿ ਪੰਜਾਬ ਮੁੜ ਖੁਸ਼ਹਾਲ ਹੋਵੇ, ਵਿਕਾਸ ਦਾ ਪਹੀਆ ਖੁਸ਼ਹਾਲੀ ਦੀ ਲੀਹੇ ਪੈ ਕੇ ਪੰਜਾਬ ਦੀ ਨੁਹਾਰ ਬਦਲੇ ਤੇ ਲੋਕ ਸੁਖੀ ਵਸਣ।

**ਪ੍ਰੋ. ਸ਼ਿੰਗਾਰਾ ਸਿੰਘ ਢਿੱਲੋਂ**

### ਬਜ਼ੁਰਗ ਬਾਦਲ ਨੂੰ ਪੈਨਸ਼ਨ ਹੁਣੇ ਹੀ ਕਿਉਂ ਬੁਰੀ ਲੱਗੀ ?

ਬਜ਼ੁਰਗ ਆਗੂ ਪ੍ਰਕਾਸ਼ ਸਿੰਘ ਬਾਦਲ ਨੇ ਵਿਧਾਨ ਸਭਾ ਚੋਣਾਂ ਵਿੱਚ ਹੋਈ 'ਰਿਕਾਰਡਤੋੜ' ਹਾਰ ਮਗਰੋਂ ਜੋ ਹੁਣ ਪੈਨਸ਼ਨ ਲੈਣ ਤੋਂ ਇਨਕਾਰ ਕੀਤਾ ਹੈ, ਉਸਨੇ ਲੱਦੇ ਊਠ ਤੋਂ ਛਾਨਣੀ ਲਾਹੁਣ ਵਾਲਾ ਮੁਹਾਵਰਾ ਚੇਤੇ ਕਰਵਾ ਦਿੱਤਾ ਹੈ। ਚੰਡੀਗੜੋਂ ਛਪਦੀ 'ਪੰਜਾਬੀ ਟ੍ਰਿਬਿਊਨ' ਦੇ 18 ਮਾਰਚ 2022 ਵਾਲ਼ੇ ਅੰਕ ਵਿੱਚ ਪੰਜਾਬ ਰਾਜ ਦੇ ਵਿਧਾਨਕਾਰਾਂ ਨੂੰ ਮਿਲਦੀ ਪੈਨਸ਼ਨ ਬਾਰੇ ਛਪੀ ਇੱਕ ਰਿਪੋਰਟ ਵਿੱਚ ਲਿਖਿਆ ਹੋਇਆ ਹੈ :-

'ਭਾਵੇਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅੱਜ ਸਾਬਕਾ ਵਿਧਾਇਕ ਵਾਲੀ ਪੈਨਸ਼ਨ ਲੈਣ ਤੋਂ ਇਨਕਾਰ ਕਰ ਦਿੱਤਾ ਹੈ ਪਰ ਉਹ 5.26 ਲੱਖ ਪ੍ਰਤੀ ਮਹੀਨਾ ਪੈਨਸ਼ਨ ਲੈਣ ਦੇ ਹੱਕਦਾਰ ਬਣ ਗਏ ਸਨ।'

ਇਸ ਤੋਂ ਇਲਾਵਾ ਐੱਮ.ਐੱਲ.ਏ ਸਾਹਿਬਾਨ ਦੀਆਂ ਪੈਨਸ਼ਨਾਂ ਬਾਰੇ ਇਹ ਜਾਣਕਾਰੀ ਵੀ ਇਸੇ ਖ਼ਬਰ ਵਿੱਚ ਦਰਜ ਹੈ :-

'ਨਿਯਮਾਂ ਅਨੁਸਾਰ ਜੋ ਇੱਕ ਵਾਰ ਵਿਧਾਇਕ ਬਣ ਜਾਂਦਾ ਹੈ ਉਹ ਸਭ ਭੱਤਿਆਂ ਸਮੇਤ 75, 150 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਾ ਹੱਕਦਾਰ ਬਣ ਜਾਂਦਾ, ਜੇ ਦੋ ਵਾਰ ਵਿਧਾਇਕ ਬਣਦਾ ਤਾਂ ਸਵਾ ਲੱਖ ਰੁਪਏ, ਤਿੰਨ ਵਾਰੀ ਬਣਨ 'ਤੇ ਪੌਣੇ ਦੋ ਲੱਖ ਪ੍ਰਤੀ ਮਹੀਨਾ।'

ਇਹ ਵੇਰਵੇ ਪੜ ਕੇ ਮਨ ਵਿੱਚ ਸਵਾਲ ਉੱਠਦਾ ਹੈ ਕਿ ਸੰਨ ਸਤਵੰਜਾ ਵਿੱਚ ਪਹਿਲੀ ਵਾਰ ਐੱਮ.ਐੱਲ.ਏ ਬਣ ਕੇ 95-96 ਸਾਲ ਦੀ ਉਮਰ ਤਕ 'ਖੁਸ਼ੀ ਖੁਸ਼ੀ' ਪੈਨਸ਼ਨਾਂ ਦੀਆਂ ਰਕਮਾਂ ਲੈਣ ਵਾਲ਼ੇ ਕਰੋੜਾਂ ਅਰਬਾਂ ਪਤੀ ਸ੍ਰੀ ਬਾਦਲ ਨੂੰ ਪੈਨਸ਼ਨ ਰੂਪੀ 'ਘਰੇ ਆਉਂਦੀ ਲੱਛਮੀ' ਅਚਾਨਕ ਹੁਣੇ ਹੀ ਕਿਉਂ 'ਬੁਰੀ' ਲੱਗਣ ਲੱਗ ਪਈ ਹੋਵੇਗੀ ? ਬਾਰਾਂ ਵਾਰ ਚੋਣਾਂ ਲੜ ਕੇ ਸਦਾ ਜੇਤੂ ਰਹਿਣ ਵਾਲ਼ੇ ਬਜ਼ੁਰਗ ਬਾਦਲ ਨੂੰ ਹੁਣ ਅਖੀਰੀ ਉਮਰੇ ਤੇਰਵੀਂ ਚੋਣ ਵਿੱਚ ਇੱਕ ਸਧਾਰਨ ਜਿਹੇ ਕਿਸਾਨ ਹੱਥੋਂ ਬੁਰੀ ਤਰਾਂ ਹਾਰਨ ਬਾਅਦ ਪੈਨਸ਼ਨ 'ਦਾਨ ਕਰਨ' ਦਾ ਫੁਰਨਾ ਚਾਣਚੱਕ ਕਿਉਂ ਫੁਰਿਆ ਹੋਊ ? ਇਨਾਂ ਸਵਾਲਾਂ ਦੇ ਜਵਾਬ, ਅਗਲੀਆਂ ਕੁਝ ਸਤਰਾਂ ਵਿੱਚ ਹਨ।

ਸੰਨ 70-71 ਵਿੱਚ ਜਦ ਮੈਂ ਸਕੂਲੇ ਪੜਨ ਲੱਗ ਪਿਆ ਤਾਂ ਸਾਡੇ ਪਿੰਡ ਬੋਹੜ ਥੱਲੇ ਖੇਡਣ ਵੇਲੇ ਉੱਥੇ ਬਹਿਣ ਵਾਲ਼ੇ ਬਜ਼ੁਰਗ ਬਾਪੂਆਂ ਦੀਆਂ ਗੱਲਾਂ ਸੁਣਨ ਦਾ ਭੁਸ ਵੀ ਪੈ ਗਿਆ ਮੈਨੂੰ, ਸਾਡੇ ਇਲਾਕੇ ਦੇ ਇੱਕ ਕੰਜੂਸ ਬੰਦੇ ਦੀ ਗੱਲ ਕਰਕੇ ਉਹ ਬੜਾ ਹੱਸਦੇ, ਕਹਿੰਦੇ ਉਸ ਕੰਜੂਸ ਦੀ ਘਰ ਵਾਲੀ ਭੱਜ ਗਈ। ਜਦ ਲੋਕ ਉਹਦੇ ਕੋਲ਼ ਅਫਸੋਸ ਕਰਨ ਜਾਣ ਤਾਂ ਉਹ ਅੱਗਿਉਂ ਅੰਦਰ ਪਏ ਸੰਦੂਕ ਵੱਲ ਹੱਥ ਕਰਕੇ ਕਿਹਾ ਕਰੇ, 'ਭਰਾਵੋ, ਅੰਦਰ ਵੜਨ ਨੂੰ ਮੇਰੀ ਵੱਢੀ ਰੂਹ ਨੀ ਕਰਦੀ, ਸੰਦੂਕ ਦੇਖ ਕੇ ਸੱਲ ਪੈਂਦਾ ਐ ਮੇਰੇ ਕਾਲ਼ਜੇ ਜੇ 'ਕੰਜਰੀ' ਨੇ ਜਾਣਾ ਈ ਤੀ, ਤਾਂ ਆਹ ਲੱਕੜੀ (ਸੰਦੂਕ) ਨੂੰ ਤਾਂ ਅੱਗ ਲਾ ਜਾਂਦੀ ਜਾਣ ਲੱਗੀ।'

ਠਹਾਕੇ ਮਾਰ ਮਾਰ ਹੱਸਦਿਆਂ ਬੁੜਿਆਂ ਨੇ ਉਸ ਸੰਦੂਕ ਦੀ ਹੋਣੀ ਦੱਸ ਕੇ ਗੱਲ ਨਬੇੜਨੀ, ਅਖੇ ਛੜੇ ਰਹਿ ਗਏ ਉਸ ਕੰਜੂਸ ਨੇ 'ਸੱਲ ਲਾਉਣਾ ਸੰਦੂਕ' ਕਿਸੇ ਲਾਂਭ ਦੇ ਪਿੰਡ ਦੇ ਬੰਦੇ ਨੂੰ ਮੁਫਤੋ ਮੁਫਤੀ ਚੁਕਾ ਦਿੱਤਾ ਸੀ।

ਹੁਣ ਜ਼ਰਾ ਬਜ਼ੁਰਗ ਬਾਦਲ ਦੀ ਪੈਨਸ਼ਨ ਬਾਰੇ ਸੋਚੋ। ਜਿਸ ਵਿਧਾਨ ਸਭਾ ਵਿੱਚ ਹੁਣ ਨਾ ਉਹ ਖੁਦ ਆਪ, ਨਾ ਉਨਾਂ ਦੇ ਹੱਥੀਂ ਲਾਏ ਬੂਟਿਆਂ ਵਿੱਚੋਂ ਉਨਾਂ ਦਾ ਪੁੱਤ, ਨਾ ਪੁੱਤ ਦਾ ਸਾਲ਼ਾ ਸਾਹਿਬ, ਨਾ ਨੂੰਹ, ਨਾ ਜਵਾਈ ਅਤੇ ਨਾ ਹੀ ਕੋਈ ਹੋਰ ਅੰਗ-ਸਾਕ ਬੈਠਾ ਹੋਵੇ ' ਸਾਰਿਆਂ ਨੂੰ 'ਝਾੜੂ' ਨੇ ਮੱਖਣ ਵਿੱਚੋਂ ਵਾਲ਼ ਵਾਂਗ ਕੱਢ ਮਾਰਿਆ ਹੋਵੇ, ਉਸ ਵਿਧਾਨ ਸਭਾ ਤੋਂ ਆਉਣ ਵਾਲੀ ਪੈਨਸ਼ਨ ਨੇ ਉਕਤ ਵਾਰਤਾ ਵਿਚਲੇ ਸੰਦੂਕ ਵਾਂਗ ਸ੍ਰੀ ਬਾਦਲ ਦੇ ਕਾਲ਼ਜੇ ਸੱਲ ਹੀ ਪਾਉਣਾ ਸੀ, ਸੋ ਉਨਾਂ ਨੇ ਚੜਦੇ ਮਹੀਨੇ ਕਾਲ਼ਜੇ ਪੈਣ ਵਾਲ਼ੇ ਸੱਲ ਦਾ ਇਲਾਜ ਕਰ ਲਿਆ, ਜਾਂ ਫਿਰ ਉਨਾਂ ਵੱਲੋਂ ਪੈਨਸ਼ਨ 'ਦਾਨ ਵਜੋਂ' ਮੋੜਨ ਦਾ ਇੱਕ ਕਾਰਨ ਹੋਰ ਇਹ ਵੀ ਹੋ ਸਕਦਾ ਹੈ :-

ਕਹਿੰਦੇ ਦੋ ਦੋਸਤ ਕਿਸੇ ਸੁੰਨਮਸਾਨ ਜਗਾ ਇਕੱਠੇ ਤੁਰੇ ਜਾ ਰਹੇ ਸਨ। ਝਾੜੀਆਂ ਵਿਚ ਲੁਕਿਆ ਬੈਠਾ ਇੱਕ ਲੁਟੇਰਾ ਅਚਾਨਕ ਉਨਾਂ ਮੋਹਰੇ ਆ ਖੜਾ ਹੋਇਆ, ਕਹਿੰਦਾ, ਕੱਢ ਦਿਉ ਜੋ ਜੋ ਕੁਝ ਜੇਬਾਂ ਵਿੱਚ ਹੈਗਾ। ਦੋਹਾਂ ਵਿੱਚੋਂ ਇੱਕ ਜਣਾ ਬਹੁਤ ਚੁਸਤ ਚਲਾਕ ਸੀ। ਉਸਨੇ ਫੁਰਤੀ ਨਾਲ ਆਪਣੀ ਜੇਬ ਵਿੱਚੋਂ ਸੌ ਰੁਪਏ ਦਾ ਨੋਟ ਕੱਢ ਕੇ ਆਪਣੇ ਦੋਸਤ ਨੂੰ ਫੜਾਉਂਦਿਆਂ ਕਿਹਾ, 'ਲੈ ਫੜ ਭਰਾਵਾ ਆਪਣਾ ਉਧਾਰ'। ਨਾਲ਼ੇ ਚੋਰ ਨੂੰ ਕਹਿੰਦਾ, 'ਜੀ ਮੇਰੇ ਕੋਲ਼ ਤਾਂ ਆਹੀ ਇੱਕੋ ਨੋਟ ਸੀਗਾ, ਉਹ ਵੀ ਮੈਂ ਉਧਾਰਾ ਲਿਆ ਫੜਿਆ ਹੋਇਆ ਸੀ ਇਹਤੋਂ।'

ਦੋਹਾਂ ਮਿਸਾਲਾਂ ਵਿੱਚੋਂ ਤੁਹਾਨੂੰ ਜ਼ਿਆਦਾ ਕਿਹੜੀ ਢੁਕਵੀਂ ਲੱਗੀ ? ਇਹ ਤੁਹਾਡੀ ਮਰਜ਼ੀ।

**ਤਰਲੋਚਨ ਸਿੰਘ 'ਦੁਪਾਲਪੁਰ'**

### ਯੂਕਰੇਨ ਰੂਸ ਜੰਗ ਤੇ ਮਨੁੱਖਤਾ

ਪਿਛਲੇ ਤਿੰਨ ਹਫਤਿਆਂ ਤੋਂ ਰੂਸ ਨੇ ਯੂਕਰੇਨ ਉੱਤੇ ਹਮਲਾ ਕੀਤਾ ਹੋਇਆ ਹੈ। ਬਹੁਤ ਹੀ ਭਿਆਨਕ ਕਿਸਮ ਦੀ ਬੰਬਾਰੀ ਯੂਕਰੇਨ ਦੇ ਸ਼ਹਿਰਾਂ ਉੱਤੇ ਲਗਾਤਾਰ ਹੋ ਰਹੀ ਹੈ। ਕਈ ਸ਼ਹਿਰਾਂ ਨੂੰ ਪਲਾਂ ਵਿੱਚ ਹੀ ਖੰਡਰ ਬਣਾ ਦਿੱਤਾ ਗਿਆ ਹੈ। ਬੱਚੇ, ਬਜ਼ੁਰਗ ਅਤੇ ਔਰਤਾਂ ਆਪਣੀ ਜਾਨ ਬਚਾਉਣ ਲਈ ਸੁਰੱਖਿਅਤ ਥਾਵਾਂ 'ਤੇ ਭੱਜ ਰਹੇ ਹਨ। ਇਹ ਦੋਸ਼ ਲਗਾਇਆ ਜਾ ਰਿਹਾ ਹੈ ਕਿ ਪਿਛਲੇ ਦਿਨੀ ਰੂਸ ਦੀ ਫੌਜ ਨੇ ਇੱਕ ਅਜਿਹੀ ਇਮਾਰਤ ਉੱਤੇ ਹਮਲਾ ਕੀਤਾ ਜਿਸ ਵਿੱਚ ਲਗਭਗ ਇੱਕ ਹਜ਼ਾਰ ਇਨਸਾਨਾਂ ਨੇ ਪਨਾਹ ਲਈ ਹੋਈ ਸੀ। ਹਾਲ ਦੀ ਘੜੀ ਉਸ ਭਿਆਨਕ ਹਮਲੇ ਵਿੱਚ ਜਾਨਾਂ ਗਵਾਉਣ ਵਾਲਿਆਂ ਦੀ ਅਸਲ ਗਿਣਤੀ ਦਾ ਪਤਾ ਨਹੀ ਲੱਗ ਸਕਿਆ, ਪਰ ਰੂਸੀ ਫੌਜ ਦੀ ਭਿਆਨਕਤਾ ਦਿਨੋ ਦਿਨ ਵਧ ਰਹੀ ਹੈ। ਉਨਾਂ ਲਈ ਯੂਕਰੇਨ ਦੀ ਤਬਾਹੀ ਹੀ ਇੱਕੋ ਇੱਕ ਨਿਸ਼ਾਨਾ ਰਹਿ ਗਿਆ ਜਾਪਦਾ ਹੈ। ਹਮਲਾਵਰ ਬਣੇ ਰੂਸ ਲਈ ਭਿਆਨਕ ਤਬਾਹੀ ਹੀ ਉਸਦੀ ਖੁਸ਼ੀ ਅਤੇ ਤਸੱਲੀ ਦਾ ਮੰਜ਼ਰ ਬਣਦਾ ਜਾ ਰਿਹਾ ਹੈ। ਦੁਨੀਆਂ ਭਰ ਦੇ ਦਾਨਿਸ਼ਵਰਾਂ ਦੀਆਂ ਅਪੀਲਾਂ ਅਤੇ ਬੇਨਤੀਆਂ ਵੀ ਰੂਸੀ ਰਾਸ਼ਟਰਪਤੀ ਦੇ ਮਨ ਨੂੰ ਨਹੀਂ ਪਸੀਜ ਰਹੀਆਂ।

ਜਦੋਂ ਵੀ ਕਿਤੇ ਜੰਗ ਲੱਗਦੀ ਹੈ ਤਾਂ ਉਸਦੇ ਹਮੇਸ਼ਾ ਦੋ ਪਹਿਲੂ ਸਾਹਮਣੇ ਰਹਿੰਦੇ ਹਨ। ਇੱਕ ਤਬਾਹੀ ਅਤੇ ਦਰਿੰਦਗੀ ਦਾ ਅਤੇ ਦੂਜਾ ਸੰਭਾਲ ਅਤੇ ਇਨਸਾਨੀਅਤ ਦਾ। ਯੂਕਰੇਨ 'ਤੇ ਹੋਏ ਹਮਲੇ ਦੌਰਾਨ ਵੀ ਇਹ ਦੋਵੇਂ ਪਹਿਲੂ ਸਪੱਸ਼ਟ ਉਜਾਗਰ ਹੋ ਰਹੇ ਹਨ। ਜਿੱਥੇ ਇੱਕ ਪਾਸੇ ਰੂਸ ਦੀਆਂ ਫੌਜਾਂ ਤਬਾਹੀ ਲਿਆ ਰਹੀਆਂ ਹਨ ਉੱਥੇ ਹੀ ਦੂਜੇ ਪਾਸੇ ਆਪਣੇ ਘਰ ਘਾਟ ਗਵਾ ਚੁੱਕੇ ਯੂਕਰੇਨੀਆਂ ਦੀ ਸਾਂਭ ਸੰਭਾਲ ਲਈ ਵੀ ਦੁਨੀਆਂ ਨੇ ਬਾਹਾਂ ਖੋਲ ਦਿੱਤੀਆਂ ਹਨ।

ਪੋਲੈਂਡ, ਹੰਗਰੀ, ਜਰਮਨੀ ਅਤੇ ਇੰਗਲੈਂਡ ਦੇ ਲੋਕਾਂ ਨੇ ਬੇਸਹਾਰੇ ਯੂਕਰੇਨੀਆਂ ਲਈ ਆਪਣੇ ਦਿਲਾਂ ਦੇ ਬੂਹੇ ਖੋਲ ਦਿੱਤੇ ਹਨ। ਪੋਲੈਂਡ ਅਤੇ ਹੰਗਰੀ ਲਗਾਤਾਰ ਜੰਗ ਪੀੜਤਾਂ ਦੀ ਸਾਂਭ ਸੰਭਾਲ ਲਈ ਅੱਗੇ ਆ ਰਹੇ ਹਨ। ਇਸ ਵੇਲੇ ਲਗਭਗ 50 ਲੱਖ ਲੋਕ ਯੂਕਰੇਨ ਵਿੱਚੋਂ ਪਲਾਇਨ ਕਰਕੇ ਜਾ ਚੁੱਕੇ ਹਨ ਜਿਨਾਂ ਦੀ ਸਾਂਭ ਸੰਭਾਲ ਗਵਾਂਢੀ ਮੁਲਕਾਂ ਦੇ ਲੋਕ ਕਰ ਰਹੇ ਹਨ। ਜਿਆਦਾ ਠੰਡ ਹੋਣ ਕਾਰਨ ਸਾਰਿਆਂ ਲਈ ਰਹਿਣ ਦੇ ਆਰਜੀ ਪ੍ਰਬੰਧ ਕੀਤੇ ਜਾ ਰਹੇ ਹਨ, ਗਰਮ ਕੱਪੜੇ ਅਤੇ ਖਾਣੇ ਦੇ ਪਰਬੰਧ ਵੱਡੇ ਪੱਧਰ ਤੇ ਕੀਤੇ ਜਾ ਰਹੇ ਹਨ ਅਤੇ ਸਾਰਿਆਂ ਲਈ ਡਾਕਟਰੀ ਸਹੂਲਤਾਂ ਦਾ ਇੰਤਜਾਮ ਕੀਤਾ ਜਾ ਰਿਹਾ ਹੈ। ਜਰਮਨੀ ਅਤੇ ਇੰਗਲੈਂਡ ਨੇ ਵੱਡੀ ਪੱਧਰ 'ਤੇ ਯੂਕਰੇਨ ਦੇ ਸ਼ਹਿਰੀਆਂ ਨੂੰ ਆਪਣੇ ਮੁਲਕਾਂ ਵਿੱਚ ਪਨਾਹ ਦੇਣ ਦਾ ਐਲਾਨ ਕੀਤਾ ਹੈ। ਜਰਮਨੀ ਪਹਿਲਾਂ ਹੀ ਇਰਾਕ, ਸੀਰੀਆ, ਅਫਗਾਨਿਸਤਾਨ ਆਦਿ ਤੋਂ ਕਰੋੜਾਂ ਲੋਕਾਂ ਨੂੰ ਪਨਾਹ ਦੇ ਚੁੱਕਾ ਹੈ।

ਇੰਗਲੈਂਡ ਦੀ ਸਰਕਾਰ ਨੇ ਵੀ ਯੂਕਰੇਨ ਦੇ ਸ਼ਹਿਰੀਆਂ ਨੂੰ ਪਨਾਹ ਦੇਣ ਦਾ ਐਲਾਨ ਕਰ ਦਿੱਤਾ ਹੈ। ਅਸੀਂ ਜੋ ਪੱਛਮੀ ਦੁਨੀਆਂ ਤੋਂ ਦੂਰ ਬੈਠੇ ਹਾਂ ਅਕਸਰ ਪੱਛਮੀ ਤਰਜ਼ੇ ਜਿੰਦਗੀ ਨੂੰ ਭੰਡਦੇ ਰਹਿੰਦੇ ਹਾਂ ਕਿ ਇਸਨੇ ਸੱਭਿਅਤਾ ਦੀ ਤਬਾਹੀ ਕਰ ਦਿੱਤੀ ਹੈ, ਇਸਦੇ ਰਾਜਸੀ ਅਤੇ ਆਰਥਕ ਮਾਡਲ ਨੇ ਇਨਸਾਨ ਦੀ ਇਨਸਾਨੀਅਤ ਖਤਮ ਕਰ ਦਿੱਤੀ ਹੈ। ਉਹ ਭੋਗਤਾ ਦੀ ਵਸਤੂ ਬਣ ਕੇ ਰਹਿ ਗਿਆ ਹੈ। ਪਰ ਇਹ ਅਧੂਰਾ ਸੱਚ ਹੈ। ਅਸੀਂ ਜਿਹੜੇ ਹਰ ਰੋਜ਼ ਸਰਬੱਤ ਦੇ ਭਲੇ ਦੀ ਅਰਦਾਸ ਕਰਦੇ ਹਾਂ ਅਮਲੀ ਤੌਰ 'ਤੇ ਕਿੰਨਾ ਕੁ ਸਰਬੱਤ ਦਾ ਭਲਾ ਕਰਦੇ ਹਾਂ। ਸਾਡੇ ਕਿਸੇ ਪਿੰਡ ਵਿੱਚ ਕਿਸੇ ਗਰੀਬ ਬੱਚੇ ਦੇ ਮਾਂ ਬਾਪ ਮਾਰੇ ਜਾਣ ਅਸੀਂ ਕਿੰਨੇ ਕੁ ਪਰਵਾਰਾਂ ਨੂੰ ਆਪਣੇ ਨਾਲ ਜੋੜਕੇ ਉਨਾਂ ਦੀ ਜਿੰਦਗੀ ਭਰ ਸਾਰ ਲੈਂਦੇ ਹਾਂ। ਪੰਜਾਬ ਵਿੱਚ ਕਿੰਨੇ ਬੱਚੇ ਬੇਸਹਾਰਾ ਫਿਰ ਰਹੇ ਹਨ, ਸੜਕਾਂ ਤੇ ਮਰੁੰਡੇ ਵੇਚ ਕੇ ਆਪਣੇ ਪਰਵਾਰ ਦਾ ਢਿੱਡ ਭਰ ਰਹੇ ਹਨ। ਪਰ ਅਸੀਂ ਸਮਾਜ ਦੇ ਤੌਰ 'ਤੇ ਅਤੇ ਸੱਭਿਅਤਾ ਦੇ ਤੌਰ 'ਤੇ ਉਨਾਂ ਦਾ ਜੀਵਨ ਸੁਧਾਰਨ ਵੱਲ ਕਿੰਨਾ ਕੁ ਧਿਆਨ ਦੇਂਦੇ ਹਾਂ।

ਦੂਜੇ ਪਾਸੇ ਪੱਛਮੀ ਮੁਲਕ ਕਹੇ ਜਾਂਦੇ ਜਰਮਨੀ ਨੇ ਹੁਣ ਤੱਕ ਲਗਭਗ 4 ਕਰੋੜ ਲੋਕਾਂ ਨੂੰ ਪਨਾਹ ਦਿੱਤੀ ਹੈ, ਉਨਾਂ ਦਾ ਜੀਵਨ ਬਦਲ ਦਿੱਤਾ ਹੈ। ਉਨਾਂ ਘਰ, ਕੱਪੜਾ ਅਤੇ ਰੁਜ਼ਗਾਰ ਸਭ ਕੁਝ ਮੁਹੱਈਆ ਕਰਵਾਇਆ ਹੈ। ਅਸੀਂ ਆਪਣੀਆਂ ਸੜਕਾਂ ਤੇ ਰੁਲਦੇ ਬੱਚਿਆਂ ਨੂੰ ਹੀ ਚੰਗਾ ਜੀਵਨ ਨਹੀਂ ਦੇ ਸਕੇ ਜਿਹੜੇ ਸਾਡੇ ਆਪਣੇ ਬੱਚੇ ਹਨ। ਹੋਰ ਤਾਂ ਹੋਰ ਪਿਛਲੇ ਦਿਨੀ ਕਿਸੇ ਵੀਰ ਨੇ ਸੋਸ਼ਲ ਮੀਡੀਆ ਤੇ ਜਾਣਕਾਰੀ ਦਿੱਤੀ ਕਿ ਪੰਜਾਬ ਦੀ ਅਜ਼ਮਤ ਨੂੰ ਬਚਾਉਣ ਲਈ ਚੱਲੇ ਸਿੱਖ ਸੰਘਰਸ਼ ਦੌਰਾਨ ਅਹਿਮ ਭੂਮਿਕਾ ਨਿਭਾਉਣ ਵਾਲੇ ਭਾਈ ਮਨੋਹਰ ਸਿੰਘ ਧੀਰੇ ਦਾ ਘਰ ਢੱਠਣ ਵਾਲਾ ਹੈ, ਕੋਈ ਉਸਦੀ ਸਾਰ ਨਹੀਂ ਲੈ ਰਿਹਾ।

ਦੂਜੇ ਪਾਸੇ ਇੰਗਲੈਂਡ ਦੀ ਸਰਕਾਰ ਨੇ ਅਪੀਲ ਕੀਤੀ ਕਿ ਜੇ ਕਿਸੇ ਕੋਲ ਘਰ ਵਿੱਚ ਵਾਧੂ ਥਾਂ ਹੈ ਤਾਂ ਉਹ ਸਰਕਾਰ ਨਾਲ ਸੰਪਰਕ ਕਰੇ ਤਾਂ ਕਿ ਯੂਕਰੇਨ ਤੋਂ ਆਉਣ ਵਾਲੇ ਲੋਕਾਂ ਨੂੰ ਰੱਖਣ ਦਾ ਪ੍ਰਬੰਧ ਕੀਤਾ ਜਾ ਸਕੇ। ਹੈਰਾਨੀ ਹੋਈ ਕਿ ਤਿੰਨ ਦਿਨਾਂ ਵਿੱਚ ਹੀ 1 ਲੱਖ 22 ਹਜ਼ਾਰ ਲੋਕਾਂ ਨੇ ਆਪਣੇ ਘਰ ਯੂਕਰੇਨ ਦੇ ਰੀਫਿਊਜ਼ੀਆਂ ਨੂੰ ਦੇਣ ਦੀ ਹਾਮੀ ਭਰ ਦਿੱਤੀ, ਬਿਨਾਂ ਕਿਸੇ ਲਾਲਚ ਦੇ। ਸਕਾਟਲੈਂਡ ਦੇ ਇੱਕ ਪੂਰੇ ਪਿੰਡ ਨੇ ਆਪਣੇ ਘਰਾਂ ਦੇ ਦਰਵਾਜ਼ੇ ਖੋਲ ਦਿੱਤੇ ਹਨ। ਇਹ ਹੈ ਇਨਸਾਨੀ ਜਜ਼ਬਾ ਜੋ ਸੰਕਟ ਵੇਲੇ ਵੀ ਇਨਸਾਨੀਅਤ ਨੂੰ ਜਿੰਦਾ ਰੱਖਦਾ ਹੈ।

**ਅਵਤਾਰ ਸਿੰਘ ਯੂ.ਕੇ.**

# ਭਗਤ ਸਿੰਘ ਤੇ ਉਸਦੇ ਸਾਥੀਆਂ ਨੂੰ ਫਾਂਸੀ ਅਖ਼ੀਰਲੇ 12 ਘੰਟੇ

ਅੰਮ੍ਰਿਤਸਰ ਟਾਈਮਜ: ਲਾਹੌਰ ਸੈਂਟਰਲ ਜੇਲ੍ਹ 'ਚ 23 ਮਾਰਚ, 1931 ਨੂੰ ਦਿਨ ਦੀ ਸ਼ੁਰੂਆਤ ਕਿਸੇ ਹੋਰ ਦਿਨ ਵਾਂਗ ਹੀ ਹੋਈ ਸੀ। ਫ਼ਰਕ ਸਿਰਫ਼ ਇਹ ਸੀ ਕਿ ਸਵੇਰੇ ਜ਼ੋਰਦਾਰ ਹਨ੍ਹੇਰੀ ਆਈ ਸੀ।

ਜੇਲ੍ਹ ਵਿਚ ਕੈਦੀਆਂ ਨੂੰ ਉਸ ਵੇਲੇ ਕੁਝ ਅਜੀਬ ਜਿਹਾ ਲੱਗਿਆ ਜਦੋਂ ਚਾਰ ਵਜੇ ਵਾਰਡਨ ਚੜਤ ਸਿੰਘ ਨੇ ਉਨ੍ਹਾਂ ਨੂੰ ਆ ਕੇ ਕਿਹਾ ਕਿ ਉਹ ਆਪਣੀਆਂ ਕੋਠੜੀਆਂ 'ਚ ਚਲੇ ਜਾਣ। ਹਾਲਾਂਕਿ, ਇਸ ਦਾ ਕਾਰਨ ਨਹੀਂ ਦੱਸਿਆ ਗਿਆ।ਉਨ੍ਹਾਂ ਦੇ ਮੂੰਹੋਂ ਸਿਰਫ਼ ਇਹ ਨਿਕਲਿਆ ਕਿ ਇਹ ਹੁਕਮ ਉਪਰੋਂ ਹਨ।ਅਜੇ ਕੈਦੀ ਸੋਚ ਹੀ ਰਹੇ ਸਨ ਕਿ ਆਖ਼ਰ ਗੱਲ ਕੀ ਹੈ ਕਿ ਜੇਲ੍ਹ ਦਾ ਹੱਜਾਮ ਬਰਕਤ ਹਰੇਕ ਕਮਰੇ ਦੇ ਸਾਹਮਣਿਓਂ ਬੁੜਬੁੜਾਉਂਦਾ ਨਿਕਲਿਆ ਕਿ ਅੱਜ ਰਾਤ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦਿੱਤੀ ਜਾਣ ਵਾਲੀ ਹੈ।ਉਸ ਪਲ ਨੇ ਉਨ੍ਹਾਂ ਨੂੰ ਹਿਲਾ ਕੇ ਰੱਖ ਦਿੱਤਾ। ਕੈਦੀਆਂ ਨੇ ਬਰਕਤ ਨੂੰ ਅਰਜ਼ ਕੀਤੀ ਕਿ ਉਹ ਫਾਂਸੀ ਤੋਂ ਬਾਅਦ ਭਗਤ ਸਿੰਘ ਦੀ ਕੋਈ ਚੀਜ਼ ਜਿਵੇਂ ਪੈੱਨ, ਕੰਘਾ ਜਾਂ ਘੜੀ ਲਿਆ ਕੇ ਦੇਵੇ ਤਾਂ ਜੋ ਉਹ ਆਪਣੇ ਪੋਤਰੇ-ਪੋਤਰੀਆਂ ਨੂੰ ਦੱਸ ਸਕਣ ਕਿ ਉਹ ਕਦੇ ਭਗਤ ਸਿੰਘ ਦੇ ਨਾਲ ਜੇਲ੍ਹ ਵਿਚ ਰਹੇ ਸਨ।ਬਰਕਤ, ਭਗਤ ਸਿੰਘ ਦੀ ਕੋਠੜੀ ਵਿਚ ਗਿਆ ਅਤੇ ਉਥੋਂ ਉਨ੍ਹਾਂ ਦਾ ਪੈੱਨ ਅਤੇ ਕੰਘਾ ਲੈ ਆਇਆ। ਸਾਰੇ ਕੈਦੀ ਉਸ 'ਤੇ ਆਪਣਾ ਅਧਿਕਾਰ ਸਮਝਣ ਲੱਗੇ ਅਤੇ ਅਖ਼ੀਰ ਇਸ ਲਈ ਡਰਾਅ ਕੱਢਿਆ ਗਿਆ ਸੀ।

ਹੁਣ ਸਾਰੇ ਕੈਦੀ ਚੁੱਪ ਹੋ ਗਏ ਸਨ। ਉਨ੍ਹਾਂ ਦੀਆਂ ਅੱਖਾਂ ਉਸ ਰਾਹ 'ਤੇ ਟਿਕੀਆਂ ਹੋਈਆਂ ਸਨ, ਜਿੱਥੋਂ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਫਾਂਸੀ ਲਈ ਲੈ ਕੇ ਜਾਣਾ ਸੀ।ਇੱਕ ਵਾਰ ਪਹਿਲਾ, ਜਦੋਂ ਭਗਤ ਸਿੰਘ ਨੂੰ ਉਸੇ ਰਸਤਿਓਂ ਲਿਜਾਇਆ ਜਾ ਰਿਹਾ ਸੀ ਤਾਂ ਪੰਜਾਬ ਕਾਂਗਰਸ ਦੇ ਆਗੂ ਭੀਮਸੈਨ ਸੱਚਰ ਨੇ ਉੱਚੀ ਆਵਾਜ਼ ਵਿਚ ਪੁੱਛਿਆ ਸੀ, "ਤੁਸੀਂ ਅਤੇ ਤੁਹਾਡੇ ਸਾਥੀਆਂ ਨੇ ਲਾਹੌਰ ਸਾਜਿਸ਼ ਕੇਸ ਵਿਚ ਅਪਣਾ ਬਚਾਅ ਕਿਉਂ ਨਹੀਂ ਕੀਤਾ ?"

ਭਗਤ ਸਿੰਘ ਦਾ ਜਵਾਬ ਸੀ, "ਇਨਕਲਾਬੀਆਂ ਨੇ ਮਰਨਾ ਹੀ ਹੁੰਦਾ ਹੈ ਕਿਉਂਕਿ ਮੌਤ ਨਾਲ ਉਨ੍ਹਾਂ ਦੀ ਮੁਹਿੰਮ ਮਜ਼ਬੂਤ ਹੁੰਦੀ ਹੈ, ਨਾ ਕਿ ਅਦਾਲਤ 'ਚ ਅਪੀਲ ਨਾਲ।"ਵਾਰਡਨ ਚੜਤ ਸਿੰਘ ਭਗਤ ਸਿੰਘ ਦੇ ਸ਼ੁੱਭਚਿੰਤਕ ਸਨ ਅਤੇ ਉਨ੍ਹਾਂ ਕੋਲੋਂ ਭਗਤ ਸਿੰਘ ਲਈ ਜੋ ਕੁਝ ਹੁੰਦਾ ਸੀ, ਉਹ ਕਰਦਾ ਸੀ। ਉਹੀ ਲਹੌਰ ਦੀ ਦਵਾਰਕਾ ਦਾਸ ਲਾਇਬ੍ਰੇਰੀ ਤੋਂ ਭਗਤ ਸਿੰਘ ਲਈ ਕਿਤਾਬਾਂ ਜੇਲ੍ਹ ਵਿਚ ਲਿਆਉਂਦਾ ਸੀ।

### ਜੇਲ੍ਹ ਦੀ ਸਖ਼ਤ ਜ਼ਿੰਦਗੀ

ਭਗਤ ਸਿੰਘ ਨੂੰ ਕਿਤਾਬਾਂ ਪੜ੍ਹਣ ਦਾ ਇੰਨਾ ਸ਼ੌਕ ਸੀ ਕਿ ਇੱਕ ਵਾਰ ਉਨ੍ਹਾਂ ਨੇ ਆਪਣੇ ਸਕੂਲ ਦੇ ਸਾਥੀ ਜੈਦੇਵ ਕਪੂਰ ਨੂੰ ਲਿਖਿਆ ਕਿ ਉਹ ਕਾਰਲ ਲਿਕਨੇਖ਼ ਦੀ 'ਮਿਲੀਟ੍ਰਿਜ਼ਮ', ਲੈਨਿਨ ਦੀ 'ਲ਼ੈਫਟ ਵਿੰਗ ਕਮਿਊਨਿਜ਼ਮ' ਅਤੇ ਆਪਟਨ ਸਿੰਕਲੇਅਰ ਦਾ ਨਾਵਲ 'ਦਿ ਸਪਾਈ' ਕੁਲਬੀਰ ਰਾਹੀਂ ਭੇਜ ਦੇਵੇ।

ਭਗਤ ਸਿੰਘ ਜੇਲ੍ਹ ਦੀ ਸਖ਼ਤ ਜ਼ਿੰਦਗੀ ਦੇ ਆਦੀ ਹੋ ਗਏ ਸਨ। ਉਨ੍ਹਾਂ ਦੀ ਕੋਠੜੀ ਨੰਬਰ 14 ਦਾ ਫ਼ਰਸ਼ ਪੱਕਾ ਨਹੀਂ ਸੀ, ਉਸ 'ਤੇ ਘਾਹ ਉੱਗਿਆ ਹੋਇਆ ਸੀ। ਉਸ 'ਚ ਬੱਸ ਇੰਨੀ ਕੁ ਥਾਂ ਸੀ ਕਿ ਉਨ੍ਹਾਂ ਦਾ 5 ਫੁੱਟ 10 ਇੰਚ ਦਾ ਸਰੀਰ ਮੁਸ਼ਕਲ ਨਾਲ ਆ ਸਕੇ।ਭਗਤ ਸਿੰਘ ਨੂੰ ਫਾਂਸੀ ਤੋਂ ਦੋ ਘੰਟੇ ਪਹਿਲਾਂ ਉਨ੍ਹਾਂ ਦੇ ਵਕੀਲ ਪ੍ਰਾਣ ਨਾਥ ਮਹਿਤਾ ਉਨ੍ਹਾਂ ਨੂੰ ਮਿਲਣ ਆਏ। ਮਹਿਤਾ ਨੇ ਬਾਅਦ ਵਿੱਚ ਲਿਖਿਆ ਕਿ ਭਗਤ ਸਿੰਘ ਆਪਣੀ ਛੋਟੀ ਜਿਹੀ ਕੋਠੜੀ 'ਚ ਪਿੰਜਰੇ 'ਚ ਬੰਦ ਸ਼ੇਰ ਵਾਂਗ ਚੱਕਰ ਲਾ ਰਹੇ ਸਨ।

ਇਨਕਲਾਬ ਜ਼ਿੰਦਾਬਾਦ ! 'ਉਨ੍ਹਾਂ ਨੇ ਮੁਸਕਰਾ ਕੇ ਮਹਿਤਾ ਦਾ ਸੁਆਗਤ ਕੀਤਾ ਅਤੇ ਪੁੱਛਿਆ ਕਿ ਕੀ ਤੁਸੀਂ ਮੇਰੀ ਕਿਤਾਬ 'ਰਿਵੋਲਿਊਸ਼ਨਰੀ ਲੇਨਿਨ' ਲਿਆਏ ਹੋ ਜਾਂ ਨਹੀਂ ? ਜਦ ਮਹਿਤਾ ਨੇ ਉਨ੍ਹਾਂ ਨੂੰ ਕਿਤਾਬ ਦਿੱਤੀ ਤਾਂ ਉਹ ਉਸੇ ਸਮੇਂ ਹੀ ਪੜ੍ਹਣ ਲੱਗੇ ਸਨ ਜਿਵੇਂ ਉਨ੍ਹਾਂ ਕੋਲ ਹੁਣ ਜ਼ਿਆਦਾ ਸਮਾਂ ਨਹੀਂ ਸੀ।

ਮਹਿਤਾ ਨੇ ਉਨ੍ਹਾਂ ਨੂੰ ਪੁੱਛਿਆ ਕਿ ਕੀ ਤੁਸੀਂ ਦੇਸ ਨੂੰ ਕੋਈ ਸੁਨੇਹਾ ਦੇਣਾ ਚਾਹੁੰਦੇ ਹੋ ? ਭਗਤ ਸਿੰਘ ਨੇ ਕਿਤਾਬ ਤੋਂ ਆਪਣਾ ਧਿਆਨ ਹਟਾਏ ਬਿਨਾ ਕਿਹਾ, "ਸਿਰਫ਼ ਦੋ ਸੁਨੇਹੇ ... ਸਮਰਾਜਵਾਦ ਮੁਰਦਾਬਾਦ ਅਤੇ ਇਨਕਲਾਬ ਜ਼ਿੰਦਾਬਾਦ!"

ਇਸ ਤੋਂ ਬਾਅਦ ਭਗਤ ਸਿੰਘ ਨੇ ਮਹਿਤਾ ਨੂੰ ਕਿਹਾ ਕਿ ਉਹ ਪੰਡਿਤ ਨਹਿਰੂ ਅਤੇ ਸੁਭਾਸ਼ ਚੰਦਰ ਬੋਸ ਨੂੰ ਮੇਰਾ ਧੰਨਵਾਦ ਪਹੁੰਚਾ ਦੇਣ, ਜਿਨ੍ਹਾਂ ਨੇ ਮੇਰੇ ਕੇਸ ਵਿੱਚ ਡੂੰਘੀ ਦਿਲਚਸਪੀ ਦਿਖਾਈ ਸੀ। ਭਗਤ ਸਿੰਘ ਨਾਲ






ਮੁਲਾਕਾਤ ਤੋਂ ਬਾਅਦ ਮਹਿਤਾ ਰਾਜਗੁਰੂ ਨੂੰ ਮਿਲਣ ਉਨ੍ਹਾਂ ਦੀ ਕੋਠੜੀ ਪਹੁੰਚੇ।ਰਾਜਗੁਰੂ ਦੇ ਆਖ਼ਰੀ ਸ਼ਬਦ ਸਨ, "ਅਸੀਂ ਛੇਤੀ ਮਿਲਾਂਗੇ।"

ਸੁਖਦੇਵ ਨੇ ਮਹਿਤਾ ਨੂੰ ਯਾਦ ਦਿਵਾਇਆ ਕਿ ਉਨ੍ਹਾਂ ਦੀ ਮੌਤ ਤੋਂ ਬਾਅਦ ਉਹ ਜੇਲ੍ਹਰ ਕੋਲੋਂ ਕੈਰਮ ਬੋਰਡ ਲੈ ਲੈਣ ਜੋ ਉਨ੍ਹਾਂ ਨੇ ਉਨ੍ਹਾਂ ਨੂੰ ਕੁਝ ਮਹੀਨੇ ਪਹਿਲਾਂ ਦਿੱਤਾ ਸੀ।ਤਿੰਨ ਕ੍ਰਾਂਤੀਕਾਰੀ

ਮਹਿਤਾ ਦੇ ਜਾਣ ਤੋਂ ਥੋੜ੍ਹੀ ਦੇਰ ਬਾਅਦ ਜੇਲ੍ਹ ਅਧਿਕਾਰੀਆਂ ਨੇ ਤਿੰਨਾਂ ਕ੍ਰਾਂਤੀਕਾਰੀਆਂ ਨੂੰ ਦੱਸ ਦਿੱਤਾ ਕਿ ਉਨ੍ਹਾਂ ਨੂੰ ਸਮੇਂ ਤੋਂ 12 ਘੰਟੇ ਪਹਿਲਾਂ ਹੀ ਫਾਂਸੀ ਦਿੱਤੀ ਜਾ ਰਹੀ ਹੈ। ਅਗਲੇ ਦਿਨ ਸਵੇਰੇ ਛੇ ਵਜੇ ਦੀ ਬਜਾਏ ਉਸੇ ਸ਼ਾਮ 7 ਵਜੇ ਫਾਂਸੀ 'ਤੇ ਚੜ੍ਹਾ ਦਿੱਤਾ ਜਾਵੇਗਾ।

ਭਗਤ ਸਿੰਘ ਮਹਿਤਾ ਵਲੋਂ ਦਿੱਤੀ ਗਈ ਕਿਤਾਬ ਦੇ ਕੁਝ ਪੰਨੇ ਹੀ ਪੜ੍ਹ ਸਕੇ ਸਨ। ਉਨ੍ਹਾਂ ਦੇ ਮੂੰਹੋਂ ਨਿਕਲਿਆਂ ਕਿ "ਕੀ ਤੁਸੀਂ ਮੈਨੂੰ ਇਸ ਕਿਤਾਬ ਦਾ ਇੱਕ ਅਧਿਆਏ ਵੀ ਪੂਰਾ ਨਹੀਂ ਪੜ੍ਹਣ ਦਿਓਗੇ ?"

ਭਗਤ ਸਿੰਘ ਨੇ ਜੇਲ੍ਹ ਦੇ ਮੁਸਲਿਮ ਸਫ਼ਾਈ ਕਰਮਚਾਰੀ ਬੇਬੇ ਨੂੰ ਬੇਨਤੀ ਕੀਤੀ ਸੀ ਕਿ ਫਾਂਸੀ ਤੋਂ ਇਕ ਦਿਨ ਪਹਿਲਾਂ ਸ਼ਾਮ ਨੂੰ ਉਹ ਆਪਣੇ ਘਰੋਂ ਭੋਜਨ ਲਿਆਉਣ।ਪਰ ਬੇਬੇ ਭਗਤ ਸਿੰਘ ਦੀ ਇਹ ਇੱਛਾ ਪੂਰੀ ਨਹੀਂ ਕਰ ਸਕੇ, ਕਿਉਂਕਿ ਭਗਤ ਸਿੰਘ ਨੂੰ 12 ਘੰਟੇ ਪਹਿਲਾਂ ਫਾਂਸੀ ਦੇਣ ਦਾ ਫੈਸਲਾ ਲੈ ਲਿਆ ਗਿਆ ਸੀ ਅਤੇ ਬੇਬੇ ਜੇਲ੍ਹ ਦੇ ਗੇਟ ਅੰਦਰ ਨਹੀਂ ਆ ਸਕੇ।

### ਅਜ਼ਾਦੀ ਦਾ ਗੀਤ

ਕੁਝ ਦੇਰ ਬਾਅਦ ਤਿੰਨਾਂ ਕ੍ਰਾਂਤੀਕਾਰੀਆਂ ਨੂੰ ਫਾਂਸੀ ਦੀ ਤਿਆਰੀ ਲਈ ਉਨ੍ਹਾਂ ਦੀਆਂ ਕੋਠੜੀਆਂ ਤੋਂ ਬਾਹਰ ਲਿਆਂਦਾ ਗਿਆ। ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੇ ਆਪਣੇ ਹੱਥ ਜੋੜੇ ਅਤੇ ਆਪਣਾ ਮਨਪਸੰਦ ਅਜ਼ਾਦੀ ਦਾ ਗੀਤ ਗਾਉਣ ਲੱਗੇ-

*ਕਦੇ ਉਹ ਦਿਨ ਆਵੇਗਾ*
*ਕਿ ਜਦ ਅਸੀਂ ਅਜ਼ਾਦ ਹੋਵਾਂਗੇ*
*ਇਹ ਆਪਣੀ ਹੀ ਧਰਤੀ ਹੋਵੇਗੀ*
*ਇਹ ਆਪਣਾ ਅਸਮਾਨ ਹੋਵੇਗਾ*

ਫਿਰ ਇਨ੍ਹਾਂ ਤਿੰਨਾਂ ਦਾ ਇੱਕ-ਇੱਕ ਕਰਕੇ ਭਾਰ ਤੋਲਿਆ ਗਿਆ। ਸਾਰਿਆਂ ਦਾ ਭਾਰ ਵਧਿਆ ਹੋਇਆ ਸੀ। ਇਨ੍ਹਾਂ ਸਾਰਿਆਂ ਨੂੰ ਅਪਣਾ ਆਖ਼ਰੀ ਇਸ਼ਨਾਨ ਕਰਨ ਲਈ ਕਿਹਾ ਗਿਆ। ਫਿਰ ਉਨ੍ਹਾਂ ਨੂੰ ਪਾਉਣ ਲਈ ਕਾਲੇ ਕੱਪੜੇ ਦਿੱਤੇ ਪਰ ਉਨ੍ਹਾਂ ਦੇ ਚਿਹਰੇ ਖੁੱਲ੍ਹੇ ਰਹਿਣ ਦਿੱਤੇ ਗਏ।ਚੜਤ ਸਿੰਘ ਨੇ ਭਗਤ ਸਿੰਘ ਦੇ ਕੰਨ 'ਚ ਕਿਹਾ ਵਾਹਿਗੁਰੂ ਨੂੰ ਯਾਦ ਕਰੋ।

ਜਿਵੇਂ ਹੀ ਜੇਲ੍ਹ ਦੀ ਘੜੀ ਨੇ 6 ਵਜਾਏ ਤਾਂ, ਕੈਦੀਆਂ ਨੇ ਦੂਰੋਂ ਆਉਣ ਵਾਲੇ ਕੁਝ ਕਦਮਾਂ ਦੀ ਅਵਾਜ਼ ਸੁਣੀ। ਉਨ੍ਹਾਂ ਦੇ ਨਾਲ ਹੀ ਭਾਰੇ ਬੂਟਾਂ ਦੀ ਜ਼ਮੀਨ 'ਤੇ ਤੁਰਨ ਦੀ ਅਵਾਜ਼ ਵੀ ਆ ਰਹੀ ਸੀ।

ਇਸ ਦੇ ਨਾਲ ਹੀ ਇੱਕ ਗਾਣੇ ਵੀ ਦੀ ਦੱਬੀ ਹੋਈ ਅਵਾਜ਼, "ਸਰਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ ..." ਵੀ ਸੁਣ ਰਹੀ ਸੀ।ਸਾਰਿਆਂ ਨੂੰ ਅਚਾਨਕ 'ਇਨਕਲਾਬ ਜ਼ਿੰਦਾਬਾਦ' ਅਤੇ 'ਹਿੰਦੁਸਤਾਨ ਆਜ਼ਾਦ ਹੋ' ਦੇ ਨਾਅਰੇ ਸੁਣਨ ਲੱਗੇ। ਫਾਂਸੀ ਦਾ ਤਖ਼ਤਾ ਪੁਰਾਣਾ ਸੀ ਪਰ ਫਾਂਸੀ ਦੇਣ ਵਾਲਾ ਕਾਫ਼ੀ ਤੰਦਰੁਸਤ ਸੀ। ਫਾਂਸੀ ਦੇਣ ਲਈ ਮਸੀਹ ਜ਼ੱਲਾਦ ਨੂੰ ਲਾਹੌਰ ਨੇੜਿਓਂ ਸ਼ਾਹਦਾਰਾ ਤੋਂ ਬੁਲਾਇਆ ਗਿਆ ਸੀ।

ਭਗਤ ਸਿੰਘ ਵਿਚਾਲੇ ਖੜੇ ਸਨ। ਭਗਤ ਸਿੰਘ ਆਪਣੀ ਮਾਂ ਨੂੰ ਦਿੱਤਾ ਵਚਨ ਪੂਰਾ ਕਰਨਾ ਚਾਹੁੰਦੇ ਸਨ ਕਿ ਉਹ ਦੇ ਤਖ਼ਤੇ ਤੋਂ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਲਗਾਉਣਗੇ।

### ਲਾਹੌਰ ਸੈਂਟ੍ਰਲ ਜੇਲ੍ਹ

ਲਾਹੌਰ ਜ਼ਿਲਾ ਕਾਂਗਰਸ ਦੇ ਸਕੱਤਰ ਪਿੰਡੀ ਦਾਸ ਸੋਂਧੀ ਦਾ ਘਰ ਲਹੌਰ ਸੈਂਟ੍ਰਲ ਜੇਲ੍ਹ ਦੇ ਬਿਲਕੁਲ ਨਾਲ ਸੀ। ਭਗਤ ਸਿੰਘ ਨੇ ਇੰਨੀ ਜ਼ੋਰ ਨਾਲ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਲਗਾਇਆ ਕਿ ਉਸ ਦੀ ਆਵਾਜ਼ ਸੋਂਧੀ ਦੇ ਘਰ ਸੁਣਾਈ ਦਿੱਤੀ।

ਉਨ੍ਹਾਂ ਦੀ ਅਵਾਜ਼ ਸੁਣਦਿਆਂ ਹੀ ਜੇਲ੍ਹ ਦੇ ਦੂਜੇ ਕੈਦੀ ਵੀ ਨਾਅਰੇ ਲਾਉਣ ਲੱਗੇ। ਤਿੰਨਾਂ ਨੌਜਵਾਨ ਇਨਕਲਾਬੀਆਂ ਦੇ ਗਲੇ 'ਚ ਫਾਂਸੀ ਦਾ ਰੱਸਾ ਪਾ ਦਿੱਤਾ ਗਿਆ। ਉਨ੍ਹਾਂ ਦੇ ਹੱਥ-ਪੈਰ ਬੰਨ੍ਹ ਦਿੱਤੇ ਗਏ ਸਨ। ਫਿਰ ਜੱਲਾਦ ਨੇ ਪੁੱਛਿਆ, "ਪਹਿਲਾਂ ਕੌਣ ਜਾਵੇਗਾ ?"

"ਸੁਖਦੇਵ ਨੇ ਸਭ ਤੋਂ ਪਹਿਲਾ ਫਾਂਸੀ 'ਤੇ ਚੜ੍ਹਣ ਦੀ ਹਾਮੀ ਭਰੀ। ਜੱਲਾਦ ਨੇ ਇੱਕ ਇੱਕ ਕਰ ਕੇ ਰੱਸੀ ਖਿੱਚੀ ਅਤੇ ਉਨ੍ਹਾਂ ਦੇ ਪੈਰਾਂ ਹੇਠ ਲੱਗੇ ਤਖ਼ਤੇ ਨੂੰ ਹਟਾ ਦਿੱਤਾ। ਕਾਫ਼ੀ ਦੇਰ ਤੱਕ ਉਨ੍ਹਾਂ ਦੇ ਸਰੀਰ ਲਟਕਦੇ ਰਹੇ।ਅਖ਼ੀਰ ਉਨ੍ਹਾਂ ਨੂੰ ਹੇਠਾਂ ਲਾਇਆ ਗਿਆ ਅਤੇ ਉੱਥੇ ਮੌਜੂਦ ਡਾਕਟਰਾਂ ਲੈਫਟੀਨੈਂਟ ਕਰਨਲ ਜੇ.ਜੇ. ਨੈਲਸਨ ਅਤੇ ਲੈਫਟੀਨੈਂਟ ਕਰਨਲ ਐੱਨ.ਐੱਸ. ਸੋਂਧੀ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ।

### ਅੰਤਮ ਸਸਕਾਰ

ਇੱਕ ਜੇਲ੍ਹ ਅਧਿਕਾਰੀ 'ਤੇ ਫਾਂਸੀ ਦਾ ਇੰਨਾ ਅਸਰ ਹੋਇਆ ਕਿ ਜਦੋਂ ਉਸ ਨੂੰ ਕਿਹਾ ਗਿਆ ਕਿ ਉਹ ਮ੍ਰਿਤਕਾਂ ਦੀ ਪਛਾਣ ਕਰੇ ਤਾਂ ਉਸ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਉਸ ਨੂੰ ਉਸੇ ਥਾਂ 'ਤੇ ਹੀ ਮੁਅੱਤਲ ਕਰ ਦਿੱਤਾ ਗਿਆ। ਇੱਕ ਜੂਨੀਅਰ ਅਫ਼ਸਰ ਨੇ ਇਸ ਕੰਮ ਨੂੰ ਅੰਜਾਮ ਦਿੱਤਾ।

ਪਹਿਲਾ ਯੋਜਨਾ ਸੀ ਕਿ ਇਨ੍ਹਾਂ ਦੀ ਅੰਤਮ ਸਸਕਾਰ ਜੇਲ੍ਹ 'ਚ ਹੀ ਕੀਤਾ ਜਾਵੇਗਾ ਪਰ ਜਦੋਂ ਅਧਿਕਾਰੀਆਂ ਨੂੰ ਇਹ ਅਹਿਸਾਸ ਹੋਇਆ ਕਿ ਜੇਲ੍ਹ 'ਚੋਂ ਧੂੰਆਂ ਨਿਕਲਦਿਆ ਦੇਖ ਬਾਹਰ ਖੜ੍ਹੀ ਭੀੜ ਜੇਲ੍ਹ 'ਤੇ ਹਮਲਾ ਕਰ ਸਕਦੀ ਹੈ ਤਾਂ ਇਹ ਵਿਚਾਰ ਛੱਡਣਾ ਪਿਆ।

ਇਸ ਲਈ ਜੇਲ੍ਹ ਦੀ ਪਿਛਲੀ ਕੰਧ ਤੋੜੀ ਗਈ ਅਤੇ ਇੱਕ ਟਰੱਕ ਜੇਲ੍ਹ ਦੇ ਅੰਦਰ ਲਿਆਂਦਾ ਗਿਆ ਤੇ ਉਸ 'ਤੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਬੁਰੇ ਤਰੀਕੇ ਨਾਲ ਲੱਦਿਆ ਗਿਆ।ਪਹਿਲਾ ਤੈਅ ਹੋਇਆ ਕਿ ਅੰਤਮ ਸਸਕਾਰ ਰਾਵੀ ਦੇ ਕੰਢੇ ਕੀਤਾ ਜਾਵੇਗਾ ਪਰ ਰਾਵੀ 'ਚ ਪਾਣੀ ਬਹੁਤ ਘੱਟ ਸੀ, ਇਸ ਕਰਕੇ ਸਸਕਾਰ ਲਈ ਸਤਲੁਜ ਦਾ ਕੰਢਾ ਚੁਣਿਆ ਗਿਆ।

### ਲਾਹੌਰ 'ਚ ਨੋਟਿਸ

ਉਨ੍ਹਾਂ ਦੀਆਂ ਮ੍ਰਿਤਕ ਦੇਹਾਂ ਨੂੰ ਫ਼ਿਰੋਜ਼ਪੁਰ ਦੇ ਨੇੜੇ ਸਤਲੁਜ ਕੰਢੇ ਲਿਆਂਦਾ ਗਿਆ। ਰਾਤ ਦੇ 10 ਵੱਜ ਚੁੱਕੇ ਸਨ। ਪੁਲਿਸ ਅਧਿਕਾਰੀ ਸੁਦਰਸ਼ਨ ਸਿੰਘ ਕਸੂਰ ਪਿੰਡ ਤੋਂ ਇੱਕ ਪੁਜਾਰੀ ਜਗਦੀਸ਼ ਅਚਰਜ ਨੂੰ ਬੁਲਾ ਲਿਆਏ।

ਅਜੇ ਲਾਸ਼ਾਂ ਨੂੰ ਅੱਗ ਲਾਈ ਹੀ ਸੀ ਕਿ ਲੋਕਾਂ ਨੂੰ ਪਤਾ ਲੱਗ ਗਿਆ। ਜਿਵੇਂ ਹੀ ਬਰਤਾਨਵੀ ਸੈਨਿਕਾਂ ਨੇ ਲੋਕਾਂ ਨੂੰ ਆਪਣੇ ਵੱਲ ਆਉਂਦਿਆਂ ਦੇਖਿਆ ਤਾਂ ਉਹ ਲਾਸ਼ਾਂ ਨੂੰ ਉੱਥੇ ਛੱਡ ਕੇ ਭੱਜ ਗਏ। ਸਾਰੀ ਰਾਤ ਲੋਕਾਂ ਨੇ ਲਾਸ਼ਾਂ ਦੇ ਚਾਰੇ ਪਾਸੇ ਪਹਿਰਾ ਦਿੱਤਾ ਸੀ।

ਅਗਲੇ ਦਿਨ ਕਰੀਬ ਦੁਪਹਿਰ ਵੇਲੇ ਜ਼ਿਲਾ ਮੈਜਿਸਟ੍ਰੇਟ ਦੇ ਦਸਤਖ਼ਤ ਨਾਲ ਕਈ ਇਲਾਕਿਆਂ ਵਿੱਚ ਨੋਟਿਸ ਲਗਾਏ ਗਏ ਕਿ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸਤਲੁਜ ਕੰਢੇ ਹਿੰਦੂ ਅਤੇ ਸਿੱਖ ਮਰਿਆਦਾ ਮੁਤਾਬਕ ਅੰਤਮ ਸਸਕਾਰ ਕਰ ਦਿੱਤਾ ਗਿਆ।ਇਸ ਖ਼ਬਰ 'ਤੇ ਲੋਕਾਂ ਦੀ ਸਖ਼ਤ ਪ੍ਰਤੀਕਿਰਿਆ ਆਈ ਅਤੇ ਲੋਕਾਂ ਨੇ ਕਿਹਾ ਕਿ ਇਨ੍ਹਾਂ ਦਾ ਅੰਤਮ ਸਸਕਾਰ ਕਰਨਾ ਤਾਂ ਦੂਰ, ਉਨ੍ਹਾਂ ਦੀਆਂ ਦੇਹਾਂ ਨੂੰ ਪੂਰੀ ਤਰ੍ਹਾਂ ਨਾਲ ਸਾੜਿਆ ਤੱਕ ਨਹੀਂ ਗਿਆ। ਜ਼ਿਲ੍ਹਾ ਮੈਜਿਸਟ੍ਰੇਟ ਨੇ ਇਸ ਦਾ ਖੰਡਨ ਕੀਤਾ ਪਰ ਕਿਸੇ ਨੇ ਉਨ੍ਹਾਂ 'ਤੇ ਵਿਸ਼ਵਾਸ ਨਹੀਂ ਕੀਤਾ।

### ਭਗਤ ਸਿੰਘ ਦਾ ਪਰਿਵਾਰ

ਇਨ੍ਹਾਂ ਤਿੰਨਾਂ ਦੇ ਸਨਮਾਨ ਵਿੱਚ 3 ਮੀਲ ਲੰਬਾ ਸੋਗ ਮਾਰਚ ਕੱਢਿਆ ਗਿਆ। ਮਰਦਾਂ ਨੇ ਵਿਰੋਧ ਜਤਾਉਂਦਿਆਂ ਆਪਣੀਆਂ ਬਾਹਵਾਂ 'ਤੇ ਕਾਲੀਆਂ ਪੱਟੀਆਂ ਬੰਨੀਆਂ ਸਨ ਅਤੇ ਔਰਤਾਂ ਨੇ ਕਾਲੀਆਂ ਚੁੰਨੀਆਂ ਲਈਆਂ ਸਨ।

ਲਗਭਗ ਸਾਰੇ ਲੋਕਾਂ ਦੇ ਹੱਥ ਵਿੱਚ ਕਾਲੇ ਝੰਡੇ ਸਨ। ਲਹੌਰ ਦੇ ਮਾਲ ਰੋਡ ਤੋਂ ਲੰਘਦਾ ਹੋਇਆ ਮਾਰਚ ਅਨਾਰਕਲੀ ਬਜ਼ਾਰ ਵਿਚਕਾਰ ਰੁਕਿਆ।

ਅਚਾਨਕ ਪੂਰੀ ਭੀੜ ਵਿੱਚ ਉਸ ਵੇਲੇ ਚੁੱਪ ਪਸਰ ਗਈ ਜਦ ਇਹ ਐਲਾਨ ਹੋਇਆ ਕਿ ਭਗਤ ਸਿੰਘ ਦਾ ਪਰਿਵਾਰ ਤਿੰਨਾਂ ਸ਼ਹੀਦਾਂ ਦੇ ਬਚੇ ਹੋਏ ਹਿੱਸਿਆਂ ਨਾਲ ਫ਼ਿਰੋਜ਼ਪੁਰ ਤੋਂ ਇੱਥੇ ਪਹੁੰਚ ਗਿਆ ਹੈ।ਜਿਵੇਂ ਹੀ ਫੁੱਲਾਂ ਨਾਲ ਢੱਕੇ ਤਾਬੂਤਾਂ 'ਚ ਉਨ੍ਹਾਂ ਦੀਆਂ ਦੇਹਾਂ ਉੱਥੇ ਪਹੁੰਚੀਆਂ ਤਾਂ ਭੀੜ ਭਾਵੁਕ ਹੋ ਗਈ। ਲੋਕ ਆਪਣੇ ਅੱਥਰੂ ਨਹੀਂ ਰੋਕ ਸਕੇ।

### ਬ੍ਰਿਟਿਸ਼ ਸਮਰਾਜ

ਉੱਥੇ ਇੱਕ ਮਸ਼ਹੂਰ ਅਖ਼ਬਾਰ ਸੰਪਾਦਕ ਮੌਲਾਨਾ ਜ਼ਫਰ ਅਲੀ ਨੇ ਇੱਕ ਨਜ਼ਮ ਪੜ੍ਹੀ, "ਕਿਵੇਂ ਇਨ੍ਹਾਂ ਸ਼ਹੀਦਾਂ ਦੀਆਂ ਅਧਸੜੀਆਂ ਲਾਸ਼ਾਂ ਨੂੰ ਖੁੱਲ੍ਹੇ ਅਸਮਾਨ ਹੇਠ ਜ਼ਮੀਨ 'ਤੇ ਛੱਡ ਦਿੱਤਾ ਗਿਆ।"

ਵਾਰਡਨ ਚੜਤ ਸਿੰਘ ਸੁਸਤ ਕਦਮਾਂ ਨਾਲ ਆਪਣੇ ਕਮਰੇ 'ਚ ਆਇਆ ਅਤੇ ਉੱਚੀ-ਉੱਚੀ ਰੋਣ ਲੱਗਾ। ਆਪਣੇ 30 ਸਾਲਾਂ ਦੇ ਕਰੀਅਰ ਵਿੱਚ ਉਸ ਨੇ ਸੈਂਕੜੇ ਫਾਂਸੀਆਂ ਦੇਖੀਆਂ ਸਨ। ਪਰ ਭਗਤ ਸਿੰਘ ਅਤੇ ਉਸ ਦੇ ਦੋ ਸਾਥੀਆਂ ਵਾਂਗ ਕਿਸੇ ਨੇ ਵੀ ਮੌਤ ਨੂੰ ਇੰਨੀ ਬਹਾਦਰੀ ਨਾਲ ਗਲ ਨਹੀਂ ਲਾਇਆ।

## ਮਹਾਂ ਕਵੀ ਭਾਈ ਸੰਤੋਖ...

ਸ਼ੋਕ ਹੈ ਕਿ ਉਸ ਮਹਾਨ ਉਪਕਾਰੀ ਦਾ ਉਸ ਦੇ ਪਰਿਵਾਰ ਨੇ, ਉਸ ਦੇ ਪੰਥ ਨੇ, ਕੋਈ ਨਿਸ਼ਾਨ ਕਾਇਮ ਨਹੀਂ ਰੱਖਿਆ ਕਿ ਸਿੱਖਾਂ ਦੇ ਬੱਚੇ ਉਸ ਤੇ ਮਾਣ ਕਰਦੇ। ਨਾ ਸਿੱਖ ਰਾਜਿਆਂ ਨਾ ਸਿੱਖ ਸੰਤਾਂ ,ਮਹੰਤਾਂ, ਡੇਰੇਦਾਰਾਂ, ਨਾਂ ਸਿੰਘ ਸਭਾ ਸੁਸਾਇਟੀਆਂ, ਨਾਂ ਕਿਸੇ ਪ੍ਰੇਮੀ ਨੇ ਆਪ ਦੇ ਜਨਮ ਤੇ ਚਲਾਣੇ ਦੀਆਂ ਥਾਵਾਂ ਨੂੰ ਯਾਦਗਾਰ ਬਣਾ ਕੇ ਕਾਇਮ ਕੀਤਾ ਤੇ ਨਾਂ ਹੀ ਉਸ ਦੀ ਰਚਨਾ ਦੇ ਅਸਲੀ ਨੁਸਖੇ ਲੱਭ ਕੇ ਉਨਾਂ ਥਾਈਂ ਸਥਾਪਤ ਕੀਤਾ। ਕਾਮਯਾਬ ਕੌਮਾਂ ਆਪਣੇ ਬਜ਼ੁਰਗਾਂ ਦੇ ਨਿਸ਼ਾਨ ਕਾਇਮ ਕਰਕੇ ਕੌਮਾਂ ਵਿੱਚ ਜਾਨ ਭਰਦੀਆਂ ਹਨ ।ਸਿੱਖ ਆਪਣੇ ਬਜ਼ੁਰਗਾਂ ਨੂੰ ਵਿਸਾਰਦੇ ਹਨ ਅਤੇ ਕੌਮ ਵਿੱਚੋਂ ਕਾਮਯਾਬੀ ਪਰੇ-ਪਰੇ ਹਟਣ ਦੇ ਨਿਸ਼ਾਨ ਦਿਖਾਲ ਦੀ ਰਹਿੰਦੀ ਹੈ (ਪੰਨਾ 161-162)।

ਭਾਈ ਵੀਰ ਸਿੰਘ ਜੀ ਦੇ ਇਨਾਂ ਸ਼ਬਦਾਂ ਨੂੰ ਪੜ ਕੇ ਕੁਝ ਪੰਥ ਦਰਦੀਆਂ ਨੇ ਇਸ ਮਹਾਨ ਸ਼ਖ਼ਸੀਅਤ ਦੀ

ਯਾਦਗਾਰੀ ਹਵੇਲੀ ਨੂੰ ਸੰਭਾਲਣ ਦਾ ਉਪਰਾਲਾ ਆਰੰਭਿਆ ਹੈ ਜੋ ਅਤਿ ਸਲਾਹੁਣਯੋਗ ਹੈ ।ਇਸ ਵੱਡੇ ਕਾਰਜ ਵਿੱਚ ਕੌਮ ਦੀ ਮਹਾਨ ਸ਼ਖ਼ਸੀਅਤ ਗਿਆਨੀ ਸ਼ੇਰ ਸਿੰਘ ਜੀ ਅੰਬਾਲਾ ਵਾਲਿਆਂ ਨੇ ਪਹਿਲ ਕੀਤੀ ਹੈ। ਉਨਾਂ ਨੇ ਇਸ ਵਿਰਾਸਤੀ ਹਵੇਲੀ ਨੂੰ ਖ਼ਰੀਦਣ ਅਤੇ ਇਸ ਨੂੰ ਪੁਰਾਤਨ ਦਿੱਖ ਦੇਣ ਦਾ ਉਪਰਾਲਾ ਆਰੰਭ ਦਿੱਤਾ ਹੈ। ਉਨਾਂ ਨੇ ਕਵੀ ਰਾਜ ਭਾਈ ਸੰਤੋਖ ਸਿੰਘ ਚੂੜਾਮਣਿ ਟਰੱਸਟ (ਰਜਿ.) ਹਰਿਆਣਾ, ਦਾ ਗਠਨ ਕਰਕੇ ਇਹ ਸੇਵਾ ਆਰੰਭ ਕੀਤੀ ਹੈ। ਇਸ ਟਰੱਸਟ ਵਿਚ ਉਹਨਾਂ ਦੇ ਨਾਲ ਗਿਆਨੀ ਟਿੱਕਾ ਸਿੰਘ ਯਮੁਨਾਨਗਰ ਜੀ ਵਿਸ਼ੇਸ਼ ਭੂਮਿਕਾ ਨਿਭਾ ਰਹੇ ਹਨ, ਵੀ ਸ਼ਾਮਲ ਹਨ। ਇਸ ਤੋਂ ਇਲਾਵਾ ਬੀਬੀ ਸੁਖਮੀਤ ਕੌਰ ਪਟਿਆਲਾ, ਗਿਆਨੀ ਪ੍ਰਿਤਪਾਲ ਸਿੰਘ ਜੀ ਹੈੱਡ ਗ੍ਰੰਥੀ ਗੁਰਦੁਆਰਾ ਸ੍ਰੀ ਦੁਖਨਿਵਾਰਨ ਸਾਹਿਬ, ਗਿਆਨੀ ਡਾ. ਭੁਪਿੰਦਰਪਾਲ ਸਿੰਘ ਜੀ ਪਟਿਆਲਾ, ਸੰਤ ਦਰਸ਼ਨ ਸਿੰਘ ਜੀ ਸ਼ਾਸਤਰੀ ਪਟਿਆਲਾ, ਗਿਆਨੀ ਹਰਸਿਮਰਨ ਸਿੰਘ ਅੰਬਾਲਾ, ਗਿਆਨੀ ਹੀਰਾ ਸਿੰਘ ਯਮੁਨਾਨਗਰ ,

ਗਿਆਨੀ ਗਿਆਨ ਸਿੰਘ ਯਮੁਨਾਨਗਰ,ਡਾ. ਪਵਨ ਥਰੇਜਾ ਕੈਥਲ, ਸੰਤ ਗੁਰਵਿੰਦਰ ਸਿੰਘ ਜੀ ਮਾਂਡੀ ਸਾਹਿਬ ਵਾਲੇ, ਅਤੇ ਲੇਖਕ ਆਦਿ ਹੋਰ ਵੀ ਸ਼ਖ਼ਸੀਅਤਾਂ ਸ਼ਾਮਿਲ ਹਨ। ਇਹ ਸਾਰੇ ਮੈਂਬਰ ਸਹਿਬਾਨ ਤਨ-ਮਨ -ਧਨ ਨਾਲ ਇਸ ਅਸਥਾਨ ਦੀ ਸੇਵਾ ਕਰ ਰਹੇ ਹਨ ਅਤੇ ਹੋਰ ਸੇਵਾਵਾਂ ਕਰਨ ਨੂੰ ਵੀ ਤਤਪਰ ਹਨ। ਹੁਣ ਟਰੱਸਟ ਨੇ ਇਸ ਹਵੇਲੀ ਦਾ ਕੁਝ ਹਿੱਸਾ ਖਰੀਦ ਲਿਆ ਹੈ ਅਤੇ ਇਸੇ ਖੁਸ਼ੀ ਵਿੱਚ ਲਗਪਗ ਦੋ ਸੌ ਸਾਲ ਬਾਅਦ ਇਸ ਵਿਰਾਸਤੀ ਹਵੇਲੀ ਵਿਚ ਗੁਰਮਤਿ ਸਮਾਗਮ ਕਰਵਾਏ ਹਨ; ਜੋ ਹਰ ਮਹੀਨੇ ਦੇ ਪਹਿਲੇ ਐਤਵਾਰ ਨੂੰ ਨਿਰੰਤਰ ਕੀਤੇ ਜਾਇਆ ਕਰਨਗੇ।ਇਨਾਂ ਸਮਾਗਮਾਂ ਵਿਚ ਕੈਥਲ ਸਥਿਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੇ ਹੈੱਡ ਗ੍ਰੰਥੀ ਸਾਹਿਬ ਅਤੇ ਮੈਨੇਜਰ ਸਾਹਿਬ ਅਤੇ ਉਨਾਂ ਦੇ ਸਟਾਫ ਵੱਲੋਂ ਪੂਰਾ ਸਹਿਯੋਗ ਕੀਤਾ ਜਾ ਰਿਹਾ ਹੈ। ਨਾਲ ਹੀ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਵੱਡੀ ਪੱਧਰ ਤੇ ਸੇਵਾ ਅਤੇ ਸਹਿਯੋਗ ਕਰ ਰਹੀਆਂ ਹਨ।ਸਹਿਜਧਾਰੀ ਸਿੱਖ ਅਤੇ ਹਿੰਦੂ ਪਰਿਵਾਰਾਂ ਵੱਲੋਂ ਵੀ ਹਵੇਲੀ ਦੀ ਸੇਵਾ ਵਿਚ ਹਿੱਸਾ ਪਾਇਆ ਜਾ ਰਿਹਾ ਹੈ। ਟਰੱਸਟ ਦਾ ਵਿਚਾਰ ਹੈ ਕਿ ਸੰਗਤ ਦੇ ਸਹਿਯੋਗ ਨਾਲ ਹਵੇਲੀ ਨੂੰ ਖ਼ਰੀਦ ਕੇ ਪੁਰਾਤਨ ਦਿੱਖ ਦੇ ਕੇ ਤਿਆਰ ਕੀਤਾ ਜਾਵੇ ਅਤੇ ਕਵੀ ਰਾਜ ਜੀ ਦੀਆਂ ਨਿਸ਼ਾਨੀਆਂ ਦੀ ਸੰਭਾਲ ਇਸ ਵਿੱਚ ਕੀਤੀ ਜਾਵੇ। ਗਿਆਨੀ ਸ਼ੇਰ ਸਿੰਘ ਜੀ ਅੰਬਾਲਾ ਵਾਲਿਆਂ ਵੱਲੋਂ ਨਾਲ ਹੀ ਗੁਰਮਤਿ ਵਿਦਿਆਲਿਆ ਵੀ ਆਰੰਭ ਕਰ ਦਿੱਤਾ ਗਿਆ ਹੈ, ਜਿਸ ਵਿੱਚ ਵਿਦਿਆਰਥੀ ਗੁਰਮਤਿ ਵਿੱਦਿਆ ਪੜ ਰਹੇ ਹਨ। ਆਸ ਹੈ ਕਿ ਹੁਣ ਇਹ ਵਿਰਾਸਤੀ ਹਵੇਲੀ ਟਰੱਸਟ ਵੱਲੋਂ ਸੰਭਾਲ ਲਈ ਜਾਵੇਗੀ ਅਤੇ ਅਸੀਂ ਆਪਣੀਆਂ ਪੀੜੀਆਂ ਨੂੰ ਭਾਈ ਸਾਹਿਬ ਜੀ ਦੀ ਘਾਲ-ਕਮਾਈ ਬਾਰੇ ਦੱਸਣ ਯੋਗ ਹੋ ਜਾਵਾਂਗੇ। ਇਹ ਕਾਰਜ ਬਹੁਤ ਵੱਡਾ ਹੈ ਜੋ ਗੁਰੂ ਦੀ ਮਿਹਰ ਅਤੇ ਸੰਗਤਾਂ ਦੇ ਸਹਿਯੋਗ ਨਾਲ ਨੇਪਰੇ ਚੜਨਾ ਹੈ।

## ਸ਼ਮਾਦਾਨ ਦੀ ਆਸ

ਹੁਣ ਤੂੰ ਇਹ ਤੈਅ ਕਰ ਕਿ ਤੇਰੀ ਸਿਹਤ ਲਈ ਇਹ ਸਿਗਰਟ ਲਾਹੇਵੰਦ ਹੈ ਜਾਂ ਨੁਕਸਾਨਦਾਇਕ ?

ਜਦ ਅਸੀਂ ਛੋਟੇ ਹੁੰਦੇ ਹਾਂ ਤਾਂ ਅਸੀਂ ਕਈ ਵਾਰ ਇਹੋ ਜਿਹੀਆਂ ਸ਼ਰਾਰਤਾਂ ਕਰ ਦਿੰਦੇ ਹਾਂ, ਸਾਡੇ ਮਾਂ ਬਾਪ ਸਾਨੂੰ ਝਿੜਕ ਮਾਰ ਦਿੰਦੇ ਹਨ, ਹਾਲਾਂਕਿ ਉਹ ਗਲਤੀ ਬਹੁਤ ਵੱਡੀ ਹੁੰਦੀ ਹੈ। ਪਰ ਜਦ ਸਾਡੇ ਉਹੀ ਮਾਂ ਬਾਪ ਬੁੱਢੇ ਹੋ ਜਾਂਦੇ ਹਨ ਤਾਂ ਅਸੀਂ ਉਹ ਗੱਲਾਂ ਭੁੱਲ ਜਾਂਦੇ ਹਾਂ। ਜੇ ਕਦੇ ਉਹ ਕੋਈ ਉਹ ਕੌੜਾ ਸ਼ਬਦ ਬੋਲ ਦੇਣ ਤਾਂ ਸਾਨੂੰ ਵੀ ਆਪਣਾ ਬਚਪਨ ਦੀ ਭੁੱਲ ਸਮਝ ਕੇ ਭੁੱਲ ਜਾਣਾ ਚਾਹੀਦਾ ਹੈ। ਜੇ ਅਸੀਂ ਬਹਿਸ ਕਰਾਂਗੇ ਤਾਂ ਉਹ ਆਪਣੇ ਦਿਲ 'ਤੇ ਬੋਝ ਲੈ ਕੇ ਵਿਦਾ ਹੋਣਗੇ ਤੇ ਉਨਾਂ ਦੇ ਜਾਣ ਤੋਂ ਬਾਅਦ ਸਾਡੇ ਕੋਲ ਸਿਰਫ ਤੇ ਸਿਰਫ ਪਛਤਾਵਾ ਹੀ ਰਹਿ ਜਾਂਦਾ ਹੈ ਪਰ ਫਿਰ ਉਦੋਂ ਉਸ ਪਛਤਾਵੇ ਦਾ ਵੀ ਕੋਈ ਫਾਇਦਾ ਨਹੀਂ ਹੁੰਦਾ।

ਜਿਵੇਂ ਓਸ਼ੋ ਕਹਿੰਦੇ ਹਨ ਜਦ ਮੈਂ ਮਰ ਜਾਵਾਂਗਾ ਮੇਰੇ ਇਕੱਠ 'ਤੇ ਤੁਸੀਂ ਮੇਰੇ ਸਾਰੇ ਗੁਨਾਹਾਂ ਨੂੰ ਮੁਆਫ ਕਰ ਦੇਵੋਗੇ। ਪਰ ਉਸ ਵੇਲੇ ਮੈਂ ਸਰੀਰਿਕ ਰੂਪ ਵਿਚ ਤਾਂ ਨਹੀਂ ਹੋਵਾਂਗਾ, ਉਹ ਸਾਰੀਆਂ ਗੱਲਾਂ ਸੁਨਣ ਲਈ। ਪਰ ਜੇ ਤੁਸੀਂ ਮੈਨੂੰ ਜਿਉਂਦੇ ਜੀ ਮੁਆਫ ਕਰ ਦੇਵੋਗੇ ਤਾਂ ਮੇਰੀ ਰੂਹ ਨੂੰ ਵੀ ਸਕੂਨ ਹੋਵੇਗਾ ਤੇ ਤੁਹਾਡੇ ਦਿਲ 'ਤੇ ਵੀ ਬੋਝ ਨਹੀਂ ਰਹੇਗਾ।

## ਨਿਹੰਗ ਸਿੰਘਾਂ ਦੀ...

ਕੁਝ ਇਕ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਵੀ ਇਸਦਾ ਪ੍ਰਦਰਸ਼ਨ ਹੁੰਦਾ ਹੈ। ਅੰਤਰ-ਰਾਸ਼ਟਰੀ ਖੇਡ ਫੈਂਸੀ ਇਕ ਤਰਾਂ ਗੱਤਕੇ ਦਾ ਹੀ ਸੁਧਰਿਆ ਰੂਪ ਹੈ।

ਗੱਤਕਾ ਨਿਹੰਗ ਸਿੰਘਾਂ ਦੀ ਜੰਗੀ ਖੇਡ ਹੈ। ਗੱਤਕੇ ਵਿਚ ਮੁੱਢਲੇ ਤੌਰ ਤੇ ਤਿੰਨ ਹੱਥ ਲੰਮਾ ਚਮੜੇ ਦਾ ਲਪੇਟਿਆ ਡੰਡਾ ਵਰਤੋਂ ਵਿਚ ਲਿਆਂਦਾ ਜਾਂਦਾ ਹੈ। ਕਈ ਵਾਰ ਹੱਥ ਵਿਚ ਛੋਟੀ ਢਾਲ ਵੀ ਫੜੀ ਜਾਂਦੀ ਹੈ। ਗੱਤਕੇ ਦਾ ਪ੍ਰਦਰਸ਼ਨ ਸੋਟੇ ਤੋਂ ਲੈ ਕੇ ਤਲਵਾਰਾਂ ਤੱਕ ਚਲਦਾ ਹੈ। ਗੱਤਕੇ ਦੇ ਪ੍ਰਦਰਸ਼ਨ ਤੋਂ ਪਹਿਲਾਂ ਸਰੀਰ ਗਰਮਾਏ ਜਾਂਦੇ ਹਨ। ਇਸ ਲਈ ਡੰਡ ਬੈਠਕਾਂ ਤੇ ਅਖਾੜੇ ਦੁਆਲੇ ਦੌੜਾਂ ਲਾਉਣ ਦਾ ਅਭਿਆਸ ਹੁੰਦਾ ਹੈ। ਸ਼ਸ਼ਤਰਾਂ ਨੂੰ ਨਮਸਕਾਰ ਕਰਨ ਦੇ ਸੰਦਰਭ ਵਿਚ ਵਿਸ਼ੇਸ਼ ਕਿਸਮ ਨਾਲ ਪੈਂਤੜਾ **(Foot Work)** ਕੱਢਿਆ ਜਾਂਦਾ ਹੈ। ਪੂਰੇ ਜੋਸ਼ ਨਾਲ ਗੱਤਕੇ ਨੂੰ ਫੜ ਕੇ ਬੀਰਰਸੀ ਸ਼ਬਦ ਬੋਲੇ ਜਾਂਦੇ ਹਨ। ਆਮ ਤੌਰ 'ਤੇ ਇਹ ਸ਼ਬਦ ਸਵੱਯੇ ਜਾਂ ਦੋਹਰੇ ਹੁੰਦੇ ਹਨ। ਇਹ ਸ਼ਬਦ ਆਮ ਵੀ ਹੁੰਦੇ ਹਨ ਤੇ ਵਿਸ਼ੇਸ਼ ਬੀਰਰਸੀ ਸਾਹਿਤਕ ਰਚਨਾਵਾਂ ਵਿਚੋਂ ਵੀ ਬੋਲੇ ਜਾਂਦੇ ਹਨ :-

1. ਕਾਲ ਤੁਹੀ ਕਾਲੀ ਤੁਹੀ ਤੁਹੀ ਤੇਗ ਅਰ ਤੀਰ ॥
ਤੁਹੀ ਨਿਸਾਨੀ ਜੀਤ ਕੀ ਆਜ ਤੁਹੀ ਜਗ ਬੀਰ॥

2. ਸਿੰਘ ਚੜਨਗੇ ਸ਼ਿਕਾਰ
ਚੌਂਵੀ ਚੌਂਵੀ ਕੋਹ ਦੀ ਉਜਾੜ
ਬਾਗੀਂ ਕੋਹੀਂ ਪੜਾਅ
ਆਉਣਗੇ ਛਿਆਨਵੇਂ ਕਰੋੜੀ ਚੜ ਕੇ
ਲੈ ਜਾਣਗੇ ਤੈਨੂੰ ਫੜ ਕੇ
ਗੁਰੂਘਰ ਦਿਆਂ ਦੋਸ਼ੀਆ
ਦਿਨ ਕੱਟੇ ਜਾਂਦੇ ਕੱਟ ਲਾ
ਸ੍ਰੀ ਸਾਹਿਬ ਤੇਰੇ ਨੱਕ ਨੂੰ
ਠੂਠਾ ਤੇਰੇ ਹੱਥ ਨੂੰ
ਮੰਗਦਾ ਫਿਰੇਂ ਜਗਤ ਨੂੰ
ਆਉਣਗੇ ਛਿਆਨਵੇਂ ਕਰੋੜੀ ਚੜ ਕੇ
ਲੈ ਜਾਣਗੇ ਤੈਨੂੰ ਫੜ ਕੇ
ਬੋਲੇ ਸੋ ਨਿਹਾਲ
ਸੱਤ ਸ੍ਰੀ ਅਕਾਲ

3. ਕਲਗੀਆਂ ਵਾਲਿਆ ਤੇਰੀਆਂ ਕਰਨੀਆਂ ਨੇ
ਸਾਡਾ ਸੰਗਲ ਗੁਲਾਮੀ ਵਾਲਾ ਤੋੜ ਦਿੱਤਾ।
ਮੇਲ ਜੋਲ ਕੇ ਚਹੁੰਆਂ ਸ਼੍ਰੇਣੀਆਂ ਨੂੰ
ਨਵੇਂ ਮੋੜ ਵੱਲ ਕੌਮ ਨੂੰ ਮੋੜ ਦਿੱਤਾ।
ਐਸੀ ਮੁਰਦਿਆਂ ਦਿਲਾਂ ਵਿਚ ਜਾਨ ਪਾਈ
ਫੜ ਕੇ ਚਿੜੀ ਨੇ ਬਾਜ਼ ਮਰੋੜ ਦਿੱਤਾ।
ਇਕ ਹੱਥ ਮਾਲਾ ਦੂਜੇ ਤੇਗ ਦੇ ਕੇ
ਸ਼ਕਤੀ ਭਗਤੀ ਨੂੰ ਕੱਠਿਆਂ ਜੋੜ ਦਿੱਤਾ।

4. ਏਥੇ ਲੱਖਾਂ ਹੀ ਜੰਮਣ ਤੇ ਮਰਨ ਵਿਰਲੇ
ਪੈਦਾ ਹੁੰਦਾ ਏ ਕਦੇ ਇਨਸਾਨ ਕੋਈ।
ਦੇਸ਼ ਕੌਮ ਅਤੇ ਵਤਨ ਦੀ ਅਣਖ ਬਦਲੇ
ਵਾਰ ਜਾਂਦਾ ਏ ਸੂਰਮਾ ਜਾਨ ਕੋਈ।
ਆਪਣੀ ਅਣਖ ਬਦਲੇ ਮਰਦੇ ਨੇ ਏਥੇ
ਹੁੰਦਾ ਦੂਜਿਆਂ ਲਈ ਕੁਰਬਾਨ ਕੋਈ।
ਲੋਕੀਂ ਜੱਗ ਤੇ ਉਹਨਾਂ ਨੂੰ ਪੂਜਦੇ ਨੇ
ਜਿਹੜੇ ਕਰਦੇ ਨੇ ਕੰਮ ਮਹਾਨ ਕੋਈ।

5. ਪੁੱਤਾਂ ਵਾਲਿਉ ਗੁਰੂ ਦਸ਼ਮੇਸ਼ ਜੀ ਨੇ
ਕਿਦਾਂ ਜੰਝ ਚੜਾਈ ਹੈ ਪੁੱਤਰਾਂ ਦੀ।
ਦੋ ਨਾਲ ਦਾਦੀ ਅਤੇ ਦੋ ਨਾਲ ਪਿਤਾ
ਵੰਡ ਇਸ ਤਰਾਂ ਪਾਈ ਦੋ ਪੁੱਤਰਾਂ ਦੀ।
ਦੋ ਚਮਕੌਰ ਤੇ ਦੋ ਸਰਹੰਦ ਅੰਦਰ
ਜੰਝ ਏਦਾਂ ਢੁਕਾਈ ਹੈ ਪੁੱਤਰਾਂ ਦੀ।
ਨਿਰਮਲ ਮੌਤ ਦੇ ਨਾਲ ਵਿਆਹੇ ਗਏ ਨੇ
ਡੋਲੀ ਘਰ ਨੂੰ ਆਈ ਏ ਪੁੱਤਰਾਂ ਦੀ।

6. ਮੈਂ ਕਲਗੀਧਰ ਦਾ ਲਾਡਲਾ
ਮੇਰੇ ਹੱਥ ਵਿਚ ਨੰਗੀ ਤਲਵਾਰ।
ਮੈਂ ਚੁਣ ਚੁਣ ਵੈਰੀ ਮਾਰਦਾ
ਮੈਂ ਕਦੇ ਨਾ ਖਾਵਾਂ ਹਾਰ।
ਮੈਂ ਨਾਮ ਧਿਆਵਾਂ ਗੁਰੂ ਦਾ
ਜੋ ਬੋਲੇ ਸੋ ਨਿਹਾਲ।

7. ਦਸਮ ਪਿਤਾ ਨੇ ਸਾਨੂੰ ਜਨਮ ਦਿੱਤਾ
ਗੁੜਤੀ ਮਿਲੀ ਏ ਖੰਡੇ ਦੀ ਧਾਰ ਵਿਚੋਂ।
ਸਿੱਖੀ ਸਿਦਕ ਸਿਰ ਸੋਹਣੀ ਦਸਤਾਰ
ਸਾਡਾ ਵੱਖਰਾ ਏ ਰੂਪ ਸੰਸਾਰ ਵਿਚੋਂ।

8. ਕੂੰਜਾਂ ਵਾਂਗ ਕੁਰਲਾ ਕੇ ਅੱਜ ਲੋਕੀਂ
ਐਵੇਂ ਨਹੀਂ ਦਸ਼ਮੇਸ਼ ਨੂੰ ਯਾਦ ਕਰਦੇ।
ਉਹ ਤਾਂ ਸੁਖਣਾ ਇਹੋ ਹੀ ਸੁੱਖਦੇ ਨੇ
ਮੇਰੇ ਮਾਲਕਾ ਪੂਰੀ ਫਰਿਆਦ ਕਰਦੇ।
ਮੇਰਾ ਪਿਤਾ ਲਿਆ ਮੇਰੇ ਪੁੱਤ ਲੈ ਲਾ
ਮੇਰਾ ਵੱਸਦਾ ਘਰ ਬਰਬਾਦ ਕਰਦੇ।
ਚੁਣ ਲੈ ਨਹੂੰਆਂ ਦੇ ਨਾਲ ਪਰਿਵਾਰ ਮੇਰਾ
ਮੇਰਾ ਖ਼ਾਲਸਾ ਪੰਥ ਆਬਾਦ ਕਰਦੇ।

9. ਆਏ ਰਾਹਾਂ ਵਿਚ ਦੁੱਖ ਪਹਾੜ ਜਿੱਡੇ
ਢਿੱਲੀ ਪਈ ਪਰ ਤੇਰੀ ਰਫ਼ਤਾਰ ਵੀ ਨਾ।
ਵਿਛੜ ਗਿਆ ਜੋ ਸਰਸਾ ਦੇ ਆਣ ਕੰਢੇ
ਚੇਤੇ ਆਇਆ ਉਹ ਤੈਨੂੰ ਪਰਿਵਾਰ ਵੀ ਨਾ।
ਹੋਣੀ ਵਿਚ ਆਕਾਸ਼ ਦੇ ਰੋਣ ਲੱਗੀ
ਮਿਲ ਸਕੇ ਅਜੀਤ ਜੁਝਾਰ ਵੀ ਨਾ।
ਹੌਲਾ ਭਾਰ ਸੰਸਾਰ ਦਾ ਕਰਨ ਬਦਲੇ
ਰੱਥੀਂ ਪੁੱਤਾਂ ਦਾ ਕੀਤਾ ਸਸਕਾਰ ਵੀ ਨਾ।

10. ਹੁੰਦੇ ਕਦੇ ਮੁਥਾਜ ਨਹੀਂ ਦੀਵਿਆਂ ਦੇ
ਹਰ ਇਕ ਮੱਸਿਆ ਉਨਾਂ ਦੀ ਚਾਨਣੀ ਏ।
ਜਿਹੜੀ ਕੌਮ ਦੇ ਅਣਖੀ ਪਤੰਗਿਆਂ ਨੇ
ਸੇਜ ਸ਼ਮਾਂ ਦੀ ਲਾਟ ਤੇ ਮਾਨਣੀ ਏ।
ਬੇਗੁਨਾਹ ਮਾਸੂਮਾਂ ਦੀ ਰੱਤ ਪੀ ਕੇ
ਵਰਕੇ ਜਿਨਾਂ ਇਤਿਹਾਸ ਦੇ ਰੰਗ ਲਏ ਨੇ।
ਆਖਰ ਉਨਾਂ ਹੀ ਅੱਥਰੇ ਸਮੇਂ ਕੋਲੋਂ
ਹੱਕ ਛਾਤੀਆਂ ਤਾਣ ਕੇ ਮੰਗ ਲਏ ਨੇ।

ਗੱਤਕੇ ਦਾ ਆਰੰਭ ਕਰਨ ਲਈ ਦੋਵੇਂ ਖਿਡਾਰੀ ਆਪਸ ਵਿਚ ਸੋਟੀਆਂ ਮਿਲਾਉਂਦੇ ਹਨ, ਜਿਸਨੂੰ ਸਲਾਮੀ ਕਿਹਾ ਜਾਂਦਾ ਹੈ ਅਤੇ ਖੇਡ ਸ਼ੁਰੂ ਕਰਦੇ ਹਨ। ਗੱਤਕੇ ਦੇ ਪ੍ਰਦਰਸ਼ਨ ਵਿਚ ਵਾਰ ਕੀਤੇ ਜਾਂਦੇ ਹਨ ਅਤੇ ਰੋਕੇ ਜਾਂਦੇ ਹਨ। ਵੱਖੋ-ਵੱਖਰੇ ਦਾਅ ਪੇਚ ਵਰਤੇ ਜਾਂਦੇ ਹਨ ਤੇ ਵਿਰੋਧੀ ਖਿਡਾਰੀ ਨੂੰ ਹਰਾਉਣ ਦਾ ਯਤਨ ਕੀਤਾ ਜਾਂਦਾ ਹੈ। ਨਿਹੰਗ ਸਿੰਘ ਨੀਲੇ ਤੇ ਕੇਸਰੀ ਬਾਣੇ ਪਹਿਨ ਕੇ ਲੋਹ ਚੱਕਰਾਂ ਨਾਲ ਦੁਮਾਲੇ ਸਜਾ ਕੇ ਜਦੋਂ ਗੱਤਕਾ ਖੇਡਦੇ ਹਨ ਤਾਂ ਦਰਸ਼ਕ ਅਸ਼ ਅਸ਼ ਕਰ ਉਠਦੇ ਹਨ। ਜਦੋਂ ਖੇਡ ਖਤਮ ਕੀਤੀ ਜਾਂਦੀ ਹੈ ਤਾਂ ਖੇਡਣ ਵਾਲੇ ਖਿਡਾਰੀ ਆਪਸ ਵਿਚ ਦੁਬਾਰਾ ਸੋਟੀਆਂ ਮਿਲਾਉਂਦੇ ਹਨ ਜਿਸ ਨੂੰ ਫਤਹਿਨਾਮਾ ਕਿਹਾ ਜਾਂਦਾ ਹੈ। ਨਿਹੰਗ ਸਿੰਘਾਂ ਦੀਆਂ ਛਾਉਣੀਆਂ ਜਾਂ ਪੜਾਅ ਗੱਤਕੇ ਦੀਆਂ ਟਕਸਾਲਾਂ ਹਨ। ਇਥੇ ਗੱਤਕਾ ਖੇਡਿਆ ਹੀ ਨਹੀਂ ਜਾਂਦਾ, ਸਿਖਾਇਆ ਵੀ ਜਾਂਦਾ ਹੈ। ਗੱਤਕਾ ਸਿੱਖਣ ਦਾ ਇਕ ਬੱਝਵਾਂ ਅਨੁਸ਼ਾਸ਼ਨ ਹੁੰਦਾ ਹੈ। ਇਕ ਮਰਿਯਾਦਾ ਵਿਚ ਰਹਿ ਕੇ ਗੱਤਕੇ ਨੂੰ ਸਿਖਿਆ ਜਾਂਦਾ ਹੈ। ਉਸਤਾਦ ਨਿਹੰਗ ਸਿੰਘ ਭੁਝੰਗੀਆਂ ਨੂੰ ਸ਼ਾਗਿਰਦ ਧਾਰਨ ਕਰਦੇ ਹਨ। ਪਹਿਲਾਂ ਉਹਨਾਂ ਦੇ ਆਚਰਣ ਨੂੰ ਮਰਿਯਾਦਾ ਵਿਚ ਢਾਲਿਆ ਜਾਂਦਾ ਹੈ। ਚਾਲ ਚੱਲਣ ਉੱਚਾ ਸੁੱਚਾ ਤੇ ਨੇਕ ਰੱਖਣ ਦੀ ਸਿੱਖਿਆ ਦਿੱਤੀ ਜਾਂਦੀ ਹੈ। ਬੱਚੇ, ਬਜ਼ੁਰਗ ਤੇ ਔਰਤ ਤੇ ਵਾਰ ਨਹੀਂ ਕਰਨਾ ਸਗੋਂ ਉਨਾਂ ਦੀ ਢਾਲ ਬਣਨਾ ਹੈ। ਸਾਦੀ ਤੇ ਸ਼ੁੱਧ ਖ਼ੁਰਾਕ ਖਾਣ ਪੀਣ ਉੱਤੇ ਜ਼ੋਰ ਦਿੱਤਾ ਜਾਂਦਾ ਹੈ। ਇਸਤੋਂ ਬਾਅਦ ਪੈਂਤੜਾ ਕੱਢਣਾ, ਗੱਤਕਾ, ਮਰੱਟੀਆਂ, ਬਿਛੂਆ, ਚੱਕਰ ਤੇ ਹੋਰ ਸ਼ਸ਼ਤਰਾਂ ਦੀ ਸਿਖਲਾਈ ਦਿੱਤੀ ਜਾਂਦੀ ਹੈ।

ਗੱਤਕੇ ਦਾ ਪ੍ਰਦਰਸ਼ਨ ਕੇਵਲ ਡੰਡਿਆਂ ਦੀ ਖੇਡ ਤੱਕ ਹੀ ਸੀਮਿਤ ਨਹੀਂ। ਲੋਕਾਂ ਦੇ ਆਕਰਸ਼ਣ ਵਾਸਤੇ ਬਹੁਤ ਸਾਰੇ ਹੋਰ ਕਰਤਵ ਵੀ ਦਿਖਾਏ ਜਾਂਦੇ ਹਨ ਜਿਨਾਂ ਨੂੰ ਗੱਤਕੇ ਦੇ ਅੰਤਰਗਤ ਹੀ ਰੱਖਿਆ ਜਾਂਦਾ ਹੈ। ਦੋ ਡੰਡਿਆਂ ਨੂੰ ਵਿਚਕਾਰੋਂ ਫੜ ਕੇ ਤੇਜ਼ੀ ਨਾਲ ਘੁਮਾਇਆ ਜਾਂਦਾ ਹੈ। ਇਨਾਂ ਨੂੰ ਮੁਰੱਟੀਆਂ ਕਿਹਾ ਜਾਂਦਾ ਹੈ। ਮੁਰੱਟੀਆਂ ਘੁਮਾਉਣ ਦਾ ਮਕਸਦ ਵਾਰ ਰੋਕਣਾ ਤੇ ਸਰੀਰਕ ਅੰਗਾਂ ਦੀ ਕਸਰਤ ਕਰਨਾ ਹੁੰਦਾ ਹੈ। ਤਲਵਾਰ ਘੁਮਾਉਣਾ ਵੀ ਪ੍ਰਦਰਸ਼ਣ ਕਲਾ ਦਾ ਉੱਤਮ ਨਮੂਨਾ ਹੈ। ਇਕ ਤਲਵਾਰ ਮੂੰਹ ਵਿਚ ਫੜ ਕੇ ਦੋ ਤਲਵਾਰਾਂ ਹੱਥਾਂ ਵਿਚ ਲੈ ਕੇ ਘੁਮਾਈਆਂ ਜਾਂਦੀਆਂ ਹਨ। ਇਸਦਾ ਮਕਸਦ ਹੈ ਕਿ ਜੇਕਰ ਮੈਦਾਨਿ ਜੰਗ ਵਿਚ ਤਲਵਾਰ ਹੱਥੋਂ ਡਿੱਗ ਪਵੇ ਜਾਂ ਹੱਥ ਕੱਟਿਆ ਜਾਵੇ ਤਾਂ ਮੂੰਹ ਵਾਲੀ ਤਲਵਾਰ ਨਾਲ ਵਾਰ ਕੀਤੇ ਤੇ ਰੋਕੇ ਜਾ ਸਕਦੇ ਹਨ। ਕੁਝ ਇਕ ਉਸਤਾਦ ਨਿਹੰਗ ਸਿੰਘ ਇਕੋ ਵੇਲੇ ਅੱਠ ਤਲਵਾਰਾਂ ਘੁਮਾਉਣ ਦੇ ਵੀ ਮਾਹਿਰ ਹੁੰਦੇ ਹਨ। ਚਾਰ ਤਲਵਾਰਾਂ ਲੱਕ ਨਾਲ ਬੰਨ ਕੇ, ਦੋ ਮੂੰਹ ਵਿਚ ਫੜ ਕੇ ਤੇ ਦੋ ਹੱਥਾਂ ਵਿਚ ਫੜ ਕੇ ਘੁਮਾਈਆਂ ਜਾਂਦੀਆਂ ਹਨ। ਤਲਵਾਰਾਂ ਤੇ ਢਾਲਾਂ ਨਾਲ ਲੜਾਈ ਦਾ ਪ੍ਰਦਰਸ਼ਨ ਵੀ ਗੱਤਕੇ ਦਾ ਹੀ ਇਕ ਅੰਗ ਹੈ। ਢਾਲ ਤੋਂ ਬਿਨਾਂ ਛੋਟੀ ਕਿਰਪਾਨ ਨੂੰ ਬਿਛੂਆ ਕਿਹਾ ਜਾਂਦਾ ਹੈ। ਇਸ ਨਾਲ ਕੀਤੀ ਲੜਾਈ ਵੀ ਗੱਤਕੇ ਦਾ ਭਾਗ ਹੈ। ਬਿਛੂਏ ਦਾ ਵਾਰ ਰੋਕਣ ਲਈ ਵਿਰੋਧੀ ਨੂੰ ਗੁੱਟ ਤੋਂ ਜਾਂ ਬਾਂਹ ਤੋਂ ਫੜਿਆ ਜਾਂਦਾ ਹੈ। ਗੱਤਕੇ ਦੇ ਪ੍ਰਦਰਸ਼ਨ ਸਮੇਂ ਚੱਕਰ ਘੁਮਾਇਆ ਜਾਂਦਾ ਹੈ। ਚੱਕਰ ਨੂੰ ਤੇਜ਼ਘੁਮਾ ਕੇ ਉਂਗਲ ਤੇ ਟਿਕਾਇਆ ਜਾਂਦਾ ਹੈ ਅਤੇ ਨਾਲ-ਨਾਲ ਕਈ ਤਰਾਂ ਦੇ ਕਰਤਬ ਦਿਖਾਏ ਜਾਂਦੇ ਹਨ। ਘੁੰਮਦੇ ਹੋਏ ਚੱਕਰ ਨੂੰ ਟੇਡਾ ਕਰਕੇ ਪਿਛਲੇ ਪਾਸਿਉਂ ਕੱਢਿਆ ਜਾਂਦਾ ਹੈ। ਇਕ ਨਿਹੰਗ ਸਿੰਘ ਦੂਸਰੇ ਨਿਹੰਗ ਸਿੰਘ ਉੱਤੇ ਘੁੰਮਦੇ ਹੋਏ ਚੱਕਰ ਨੂੰ ਸੁੱਟਦਾ ਹੈ, ਦੂਸਰਾ ਨਿਹੰਗ ਸਿੰਘ ਇਸ ਨੂੰ ਫੜ ਕੇ ਇਸਦਾ ਸੰਤੁਲਨ ਕਾਇਮ ਰੱਖਦਾ ਹੈ। ਘੁੰਮਦੇ ਹੋਏ ਚੱਕਰ ਨੂੰ ਫੜ ਕੇ ਲੇਟਣਾ ਤੇ ਫਿਰ ਉੱਠਣਾ ਇਸ ਪ੍ਰਦਰਸ਼ਨ ਦਾ ਸਿਖਰ ਹੁੰਦਾ ਹੈ। ਵਾਸਤਵ ਵਿਚ ਚੱਕਰ ਘੁਮਾਉਣ ਦਾ ਮਕਸਦ ਆਉਂਦੇ ਹੋਏ ਤੀਰਾਂ ਨੂੰ ਰੋਕਣਾ ਹੁੰਦਾ ਹੈ। ਲੜਾਈ ਦੇ ਮੈਦਾਨ ਵਿਚ ਜਿਥੇ ਗੁਰੂ ਸਾਹਿਬ ਬੈਠਦੇ ਸਨ ਉਹਨਾਂ ਦੇ ਸਾਹਮਣੇ ਇਕ ਸਿੰਘ ਚੱਕਰ ਘੁੰਮਾਉਂਦਾ ਰਹਿੰਦਾ ਸੀ ਜਿਸ ਨਾਲ ਆਉਣ ਵਾਲੇ ਤੀਰ ਰੁਕ ਜਾਂਦੇ ਸਨ। ਮੁਕੰਦ ਕੌਂਟਲਾ (ਕਮੰਦ ਕੌਂਟਲਾ) ਘੁੰਮਾਉਣਾ ਵੀ ਗੱਤਕੇ ਦਾ ਮਹੱਤਵਪੂਰਨ ਅੰਗ ਹੈ। ਗੱਤਕੇ ਵਿਚ ਲੰਮੇ ਨੇਜਿਆਂ ਨਾਲ ਵੀ ਲੜਾਈ ਕੀਤੀ ਜਾਂਦੀ ਹੈ। ਵਾਰ ਰੋਕਣ ਲਈ ਨੇਜੇ ਦੇ ਪਿਛਲੇ ਹਿੱਸੇ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਨੂੰ ਬਾਥਿਆਂ ਦੀ ਖੇਡ ਵੀ ਕਿਹਾ ਜਾਂਦਾ ਹੈ। ਗੱਤਕੇ ਵਿਚ ਕੁਝ ਵਿਸ਼ੇਸ਼ ਪ੍ਰਦਰਸ਼ਨ ਵੀ ਕੀਤੇ ਜਾਂਦੇ ਹਨ ਜਿਨਾਂ ਵਿਚ ਆਰਾ ਫੇਰਨਾ, ਤਲਵਾਰ ਨਾਲ ਅੱਖਾਂ ਵਿਚ ਸੁਰਮਾ ਪਾਉਣਾ, ਸਿਰ ਉੱਤੇ ਨਾਰੀਅਲ ਰੱਖ ਕੇ ਭੰਨਣਾ, ਧੌਣ ਉੱਤੇ ਇੱਟ ਰੱਖ ਕੇ ਭੰਨਣੀ, ਸਰੀਰ ਦੇ ਵੱਖ-ਵੱਖ ਅੰਗਾਂ ਉੱਤੇ ਕੋਈ ਚੀਜ਼ ਰੱਖ ਕੇ ਵੱਢਣੀ ਆਦਿ। ਇਨਾਂ ਪ੍ਰਦਰਸ਼ਨਾਂ ਵਾਸਤੇ ਕੁਝ ਨਿਹੰਗਾਂ ਤੇ ਭੁਝੰਗੀਆਂ ਨੂੰ ਥੋੜੀ-ਥੋੜੀ ਦੂਰੀ ਤੇ ਬਿਠਾ ਕੇ ਉਨਾਂ ਦੇ ਸਿਰ, ਹੱਥ, ਪੱਟ, ਧੌਣ ਆਦਿ ਅੰਗਾਂ ਉੱਤੇ ਨਾਰੀਅਲ ਜਾਂ ਹੋਰ ਵਸਤੂਆਂ ਰੱਖ ਦਿੱਤੀਆਂ ਜਾਂਦੀਆਂ ਹਨ। ਇਕ ਨਿਹੰਗ ਸਿੰਘ ਅੱਖਾਂ ਤੇ ਪੱਟੀ ਬੰਨ ਕੇ ਤਲਵਾਰ ਨੂੰ ਘੁਮਾਉਂਦਾ ਹੋਇਆ ਵਾਰੀ-ਵਾਰੀ ਸਾਰਿਆਂ ਕੋਲ ਪਹੁੰਚ ਕੇ ਰੱਖੀਆਂ ਹੋਈਆਂ ਵਸਤੂਆਂ ਨੂੰ ਵੱਢਦਾ ਹੈ। ਫਿਰ ਅੱਖਾਂ 'ਤੇ ਪੱਟੀ ਬੰਨ ਕੇ ਹੀ ਕਿਸੇ ਇਕ ਦੀਆਂ ਅੱਖਾਂ ਵਿਚ ਤਲਵਾਰ ਦੀ ਨੋਕ ਨਾਲ ਸੁਰਮਾ ਪਾਉਂਦਾ ਹੈ। ਕਈ ਵਾਰ ਇਕ ਨਿਹੰਗ ਸਿੰਘ ਇਕ ਤੋਂ ਜ਼ਿਆਦਾ ਨਿਹੰਗ ਸਿੰਘਾਂ ਨਾਲ ਗੱਤਕਾ ਖੇਡਦਾ ਹੈ ਜਿਸਨੂੰ 'ਦੰਗਲ' ਜਾਂ 'ਸਵਾ ਲਾਖ ਸੇ ਏਕ ਲੜਾਊਂ' ਕਿਹਾ ਜਾਂਦਾ ਹੈ।

ਭਾਵੇਂ ਗੱਤਕਾ ਤਿੰਨ ਹੱਥ ਲੰਮੇ ਡੰਡੇ ਦਾ ਨਾਮ ਹੈ ਪਰ ਅਰਥ ਵਿਸਥਾਰ ਕਰਕੇ ਇਹ ਸ਼ਬਦ ਇਕ ਤਰਾਂ ਅਜਿਹੀ ਪ੍ਰਦਰਸ਼ਨ ਕਲਾ ਦਾ ਸਮੁੱਚ ਬਣ ਗਿਆ ਹੈ ਜਿਸ ਵਿਚ ਅਨੇਕਾਂ ਸ਼ਸ਼ਤਰਾਂ ਤੇ ਵਿਧੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਗੱਤਕਾ ਪ੍ਰੰਪਰਕ ਯੁੱਧ ਕਲਾ ਦਾ ਰੂਪ ਹੈ ਜਿਸ ਨੂੰ ਨਿਹੰਗ ਸਿੰਘਾਂ ਨੇ ਵਿਰਾਸਤ ਦੇ ਤੌਰ 'ਤੇ ਸਾਂਭ ਕੇ ਰੱਖਿਆ ਹੈ।

## ਅਣਖੀ ਜਵਾਨ

ਲੋਕੋ ਜ਼ੁਲਮ ਨਹੀਂ ਸਹਿਣਾ ਸਿੱਖਿਆ ਕਦੇ ਜਵਾਨਾਂ ਨੇ।
ਅਜ਼ਾਦੀ ਤੋਂ ਪਿਛੋਂ ਵੀ ਨੇ ਕਈ ਅਨਹੋਣੀਆਂ ਹੋਈਆਂ।
ਹੋਏ ਜ਼ੁਲਮ ਬਥੇਰੇ ਇਥੇ ਲੱਖਾਂ ਸੱਧਰਾਂ ਮੋਈਆਂ।
ਹੱਕਾਂ ਦੀ ਰਾਖੀ ਲਈ ਯੋਧੇ ਲੜਦੇ ਰਹੇ ਹਮੇਸ਼ਾ।
ਪਾਕਿਸਤਾਨ ਤੇ ਚੀਨ ਨਾਲ ਵੀ ਕੀਤੇ ਯੁੱਧ ਅਨੇਕਾਂ।
ਪਾਈ ਸ਼ਹੀਦੀ ਰਲ ਕੇ ਹਿੰਦੂਆਂ ਸਿੱਖਾਂ ਮੁਸਲਮਾਨਾਂ ਨੇ।
ਲੋਕੋ ਜ਼ੁਲਮ ਨਹੀਂ ਸਹਿਣਾ ਸਿੱਖਿਆ ਕਦੇ ਜਵਾਨਾਂ ਨੇ।

## ਪੰਜਾਬ 'ਚ ਵਿਰੋਧੀ ਧਿਰ...

ਕਾਂਗਰਸ ਵੀ ਗੱਲੀਂ ਬਾਤੀ ਬਹੁਤ ਕੁਝ ਪੰਜ ਸਾਲ ਕਰਦੀ ਰਹੀ, ਪਰ ਜ਼ਮੀਨੀ ਪੱਧਰ 'ਤੇ ਲੋਕ ਉਸ ਤੋਂ ਵੀ ਮੁੱਖ ਮੋੜ ਬੈਠੇ। ਨਿਰਾਸ਼ਾ ਦੇ ਆਲਮ ਵਿੱਚ ਇਹ ਪਾਰਟੀਆਂ, ਜਿਹੜੀਆਂ ਤਾਕਤ ਹੰਢਾ ਬੈਠੀਆਂ ਹਨ, ਜੇਕਰ ਧਰਾਤਲ 'ਤੇ ਆ ਕੇ ਕੰਮ ਕਰਨਗੀਆਂ ਤਾਂ ਫਿਰ ਥਾਂ ਸਿਰ ਹੋਣ ਵੱਲ ਕਦਮ ਵਧਾ ਸਕਦੀਆਂ ਹਨ। ਉਂਜ ਪੰਜਾਬ ਵਰਗੇ ਸ਼ਕਤੀਸ਼ਾਲੀ ਸੂਬੇ ਲਈ, ਜਿਥੇ ਦੀ ਬਹੁਤੀ ਆਬਾਦੀ ਪੇਂਡੂ ਹੈ, ਸ਼ਹਿਰੀ ਆਬਾਦੀ ਦੇ ਤਾਂ 20 ਵਿਧਾਨ ਸਭਾ ਹਲਕੇ ਹੀ ਹਨ, ਇੱਕ ਤਕੜੀ ਵਿਰੋਧੀ ਧਿਰ ਦੀ ਲੋੜ ਹੈ। ਇਸ ਵਿਰੋਧੀ ਧਿਰ ਦੀ ਭੂਮਿਕਾ ਬਿਨਾਂ-ਸ਼ੱਕ ਖੱਬੀਆਂ ਧਿਰਾਂ ਜਾਂ ਕਿਸਾਨ-ਮਜ਼ਦੂਰ ਜੱਥੇਬੰਦੀਆਂ ਇੱਕ ਦਬਾਅ ਗਰੁੱਪ ਵਜੋਂ ਕੰਮ ਕਰਕੇ ਨਿਭਾ ਸਕਦੀਆਂ ਹਨ, ਪਰ ਨਾਲ ਦੀ ਨਾਲ ਸਿਆਸੀ ਧਿਰਾਂ ਵਜੋਂ ਪੰਜਾਬ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ (ਬ) ਨੂੰ ਨਾ ਛੁਟਿਆਇਆ ਜਾ ਸਕਦਾ ਹੈ, ਨਾ ਵਿਸਾਰਿਆ ਜਾ ਸਕਦਾ ਹੈ।

ਕਿਸੇ ਵੀ ਹਾਕਮ ਧਿਰ ਲਈ ਰੇਤ, ਸ਼ਰਾਬ ਤੇ ਨਸ਼ਾ, ਟ੍ਰਾਂਸਪੋਰਟ, ਕੇਬਲ, ਮਾਫੀਆ ਵਿਚ ਬਣੀ ਤਿਕੜੀ ਨੂੰ ਤੋੜਨਾ ਸੌਖਾ ਨਹੀਂ ਹੈ। ਬਹੁਤੇ ਸਮਾਜਿਕ ਅਤੇ ਆਰਥਿਕ ਮੁੱਦਿਆਂ ਦਾ ਹੱਲ ਕਰਨਾ ਵੀ ਔਖਾ ਹੈ। ਪਰ ਇਸ ਸਮੇਂ ਪੰਜਾਬ ਨੂੰ ਮਰਨੋਂ ਬਚਾਉਣ ਲਈ, ਹਾਕਮਾਂ ਨੂੰ ਦ੍ਰਿੜਤਾ ਅਤੇ ਵਿਰੋਧੀ ਧਿਰ ਨੂੰ ਮਿਲਵਰਤਨ ਨਾਲ ਕੰਮ ਕਰਨਾ ਹੋਵੇਗਾ।

ਸਾਲ 1849 ਵਿਚ ਦੇਸ਼ ਪੰਜਾਬ ਨੂੰ ਅੰਗਰੇਜ਼ਾਂ ਨੇ ਆਪਣੇ ਸਾਮਰਾਜ ਦਾ ਹਿੱਸਾ ਬਣਾਇਆ। ਸਾਲ 1947 'ਚ ਦੇਸ਼ ਭਾਰਤ ਆਜ਼ਾਦ ਹੋਇਆ। ਉਸੇ ਸਮੇਂ ਪੰਜਾਬ ਵੱਢਿਆ-ਟੁੱਕਿਆ ਤੇ ਵੰਡਿਆ ਗਿਆ। ਫਿਰ ਉਸਦੇ ਕੁਦਰਤੀ ਸਾਧਨ ਲੁੱਟੇ, ਫਿਰ ਪੰਜਾਬ ਦਾ ਪੌਣਪਾਣੀ ਬੁਰੀ ਤਰਾਂ ਪਲੀਤ ਕੀਤਾ। ਪੰਜਾਬ ਦੀ ਜਵਾਨੀ ਦਾ ਕਤਲ ਕੀਤਾ ਤੇ ਨਸ਼ਿਆਂ ਰਾਹੀਂ ਘਾਤ ਕੀਤਾ। ਪੰਜਾਬ ਦੀ ਬੋਲੀ ਸਭਿਆਚਾਰ ਤੇ ਇਤਿਹਾਸ ਨੂੰ ਜ਼ਹਿਰ ਭਰੇ ਡੰਗ ਮਾਰੇ। ਹੁਣ ਪੰਜਾਬੀ ਇਸ ਸਾਰੀ ਖੇਡ ਨੂੰ ਸਮਝ ਚੁੱਕੇ ਹਨ।

ਇਹ ਗੱਲ ਪੰਜਾਬ ਵਿਚ ਕੰਮ ਕਰਨ ਵਾਲੀਆਂ ਸਿਆਸੀ ਧਿਰਾਂ ਨੂੰ ਸਮਝ ਲੈਣੀ ਚਾਹੀਦੀ ਹੈ ਕਿ ਜਿਹੜੀ ਧਿਰ ਪੰਜਾਬੀਆਂ ਦੇ ਦੁੱਖ, ਦਰਦ, ਮੁਸੀਬਤਾਂ ਦੀ ਬਾਤ ਪਾਵੇਗੀ, ਪੰਜਾਬੀ ਉਸੇ ਨੂੰ ਹੀ ਗਲੇ ਲਗਾਉਣਗੇ।

## ਦਰਬਾਰ ਸਾਹਿਬ ਵਿਖੇ...

ਜਿਸ ਦੀ ਸਾਫ-ਸਫਾਈ ਤੇ ਧੁਆਈ ਦੀ ਸੇਵਾ ਗੁਰੂ ਨਾਨਕ ਨਿਸ਼ਕਾਮ ਸੇਵਕ ਜਥੇ ਵਲੋਂ ਕਰਵਾਈ ਜਾਂਦੀ ਹੈ ।ਸੇਵਾ ਕਰਵਾ ਰਹੇ ਭਾਈ ਇੰਦਰਜੀਤ ਸਿੰਘ ਨੇ ਦੱਸਿਆ ਕਿ ਪਾਵਨ ਅਸਥਾਨ ਦੇ ਬਾਹਰੀ ਹਿੱਸੇ 'ਤੇ ਲੱਗੇ ਸੋਨੇ ਦੀ ਧੁਆਈ ਕੁਦਰਤੀ ਢੰਗ ਨਾਲ ਕੀਤੀ ਜਾਵੇਗੀ ਤੇ ਇਸ ਧੁਆਈ ਦੌਰਾਨ ਰੀਠੇ ਨੂੰ ਉਬਾਲ ਕੇ ਉਸ ਦਾ ਪਾਣੀ ਅਤੇ ਨਿੰਬੂ ਦਾ ਰਸ ਵਰਤਿਆ ਜਾਂਦਾ ਹੈ ਤੇ ਇਸ ਵਿਚ ਕਿਸੇ ਵੀ ਰਸਾਇਣ ਦੀ ਵਰਤੋਂ ਨਹੀਂ ਕੀਤੀ ਜਾਂਦੀ ।

## ਪੰਜ ਦਰਵਾਜ਼ੇ...

ਇਸ ਲਈ ਜ਼ਿੰਦਗੀ ਵਿੱਚ ਜਿੱਥੇ ਵੀ ਜਦੋਂ ਵੀ ਅਧਿਆਪਕ ਨਾਲ ਮੁਲਾਕਾਤ ਹੋਵੇ, ਤੁਹਾਨੂੰ ਆਪਣੇ ਅਧਿਆਪਕ ਦਾ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਜੀਵਨ ਭਰ ਅਧਿਆਪਕ ਵੱਲੋਂ ਦਿੱਤੀ ਹੋਈ ਸਿੱਖਿਆ ਨੂੰ ਯਾਦ ਰੱਖਣ ਦੇ ਨਾਲ-ਨਾਲ ਜੀਵਨ ਵਿੱਚ ਵੀ ਅਪਣਾਉਣਾ ਚਾਹੀਦਾ ਹੈ। ਸਫਲਤਾ ਦਾ ਪੰਜਵਾਂ ਦਰਵਾਜ਼ਾ ਹੈ, ਲਾਇਬਰੇਰੀ ਦੀਆਂ ਪੁਸਤਕਾਂ ਜਾਂ ਹੋਰ ਚੰਗੀਆਂ ਪੁਸਤਕਾਂ , ਚੰਗਾ ਸਾਹਿਤ ਪੜਨਾ। ਪਿਆਰੇ ਬੱਚਿਓ, ਵਿਦਿਆਰਥੀ ਜੀਵਨ ਦੌਰਾਨ ਤੁਹਾਨੂੰ ਚਾਹੀਦਾ ਹੈ ਕਿ ਵਿਦਿਆਰਥੀ ਜੀਵਨ ਵਿੱਚ ਰਹਿੰਦੇ ਹੋਏ ਤੁਸੀਂ ਲਾਇਬਰੇਰੀ ਦੀਆਂ ਚੰਗੀਆਂ ਪੁਸਤਕਾਂ ਜ਼ਰੂਰ ਪੜਦੇ ਰਹੋ। ਇਸ ਤੋਂ ਇਲਾਵਾ ਤੁਹਾਨੂੰ ਸਾਰੀ ਉਮਰ ਚੰਗਾ ਸਾਹਿਤ, ਚੰਗੀਆਂ ਪੁਸਤਕਾਂ, ਸਫ਼ਰਨਾਮੇ, ਸਵੈ-ਜੀਵਨੀ ਹਮੇਸ਼ਾ ਪੜਦੇ ਰਹਿਣਾ ਚਾਹੀਦਾ ਹੈ ; ਕਿਉਂਕਿ ਇੱਕ ਕਿਤਾਬ ਬਿਨਾਂ ਡਾਂਟ, ਬਿਨਾਂ ਕੁੱਟ ਤੋਂ ਤੇ ਬਿਨਾਂ ਕਿਸੇ ਤਕਲੀਫ ਪਹੁੰਚਾਏ ਤੋਂ ਤੁਹਾਨੂੰ ਦੁਨੀਆਂ ਭਰ ਦਾ ਗਿਆਨ ਪ੍ਰਦਾਨ ਕਰਦੀ ਹੈ। ਇਸ ਲਈ ਕਿਤਾਬਾਂ ਦਾ ਸਾਥ ਜੀਵਨ ਦੇ ਹਰ ਪਲ, ਹਰ ਮੋੜ ਤੇ ਹਰ ਮੁਕਾਮ 'ਤੇ ਰੱਖੋ। ਹਮੇਸ਼ਾ ਕਿਤਾਬਾਂ ਨਾਲ ਪਿਆਰ ਕਰੋ, ਚੰਗੀਆਂ ਕਿਤਾਬਾਂ ਖਰੀਦੋ ਅਤੇ ਪੜਦੇ ਰਹੋ। ਪਿਆਰੇ ਬੱਚਿਓ, ਜੀਵਨ ਨੂੰ ਸੁਚਾਰੂ ਢੰਗ ਨਾਲ ਜਿਉਣ ਅਤੇ ਖ਼ੁਸ਼ੀਆਂ ਪ੍ਰਾਪਤ ਕਰਨ ਦੇ ਲਈ ਇਹ ਪੰਜ ਦਰਵਾਜ਼ੇ ਹਨ। ਤੁਸੀਂ ਬਸ ਇੰਨਾ ਕਰਨਾ ਹੈ ਕਿ ਜੀਵਨ ਦੀ ਸਫਲਤਾ ਦੇ ਇਨਾਂ ਪੰਜ ਦਰਵਾਜ਼ਿਆਂ ਨੂੰ ਹਮੇਸ਼ਾ ਖੁੱਲਾ ਰੱਖਣਾ ਹੈ ਤਾਂ ਜੋ ਇਨਾਂ ਤੋਂ ਆਉਣ ਵਾਲਾ ਗਿਆਨ, ਤਜਰਬੇ, ਅਨੁਭਵ, ਜ਼ਿੰਦਗੀ ਜਿਊਣ ਦੇ ਢੰਗ, ਦੁੱਖਾਂ- ਤਕਲੀਫ਼ਾਂ ਤੋਂ ਬਚਣ ਦੇ ਰਸਤੇ ਅਤੇ ਕਾਮਯਾਬੀ ਦੇ ਨੁਕਤੇ ਤੁਹਾਨੂੰ ਜੀਵਨ ਦੇ ਹਰ ਮੋੜ ਤੇ ਹਰ ਮੁਕਾਮ 'ਤੇ ਹਰ ਥਾਂ ਅਤੇ ਹਰ ਸਮੇਂ ਮਿਲਦੇ ਰਹਿਣ।ਜੇਕਰ ਤੁਸੀਂ ਇਨਾਂ ਪੰਜ ਦਰਵਾਜ਼ਿਆਂ ਨੂੰ ਆਪਣੇ ਜੀਵਨ ਲਈ ਹਮੇਸ਼ਾ ਖੁੱਲਾ ਰੱਖੋਗੇ ਤਾਂ ਤੁਹਾਡਾ ਜੀਵਨ ਬਹੁਤ ਹੀ ਸੌਖਾ, ਸੁਖਾਲਾ, ਅਨੰਦ ਤੇ ਖ਼ੁਸ਼ੀਆਂ ਭਰਿਆ, ਭੈਅ-ਮੁਕਤ ਤੇ ਚਿੰਤਾ-ਮੁਕਤ ਹੋਵੇਗਾ।

## ਪੰਜਾਬੀ ਸੱਭਿਆਚਾਰ 'ਚੋਂ...

ਉਹ ਲੋਰੀਆਂ ਕਿਸੇ ਸਵਰਗ ਦੇ ਹੁਲਾਰੇ ਤੋਂ ਘੱਟ ਨਹੀਂ ਸਨ ਹੁੰਦੀਆਂ :-

ਨੀਂ ਮੇਰਾ ਵੀਰਾ ਕਿਉਂ ਰੋਵੇ
ਜਿਹਦੇ ਕੋਲ ਵੀਰੇ ਦੀ ਮਾਂ ਹੋਵੇ ਨੀਂ ਮੇਰਾ ਵੀਰਾ ਕਿਉਂ ਰੋਵੇ ਅਤੇ
ਨੀਂ ਸਦਕੇ ਜਾਵਾਂ ਵੀਰਾ ਤੇਰੇ ਸਿਰ ਬੰਨਿਆ ਸੁਨਹਿਰੀ ਚੀਰਾ
ਤੂੰ ਲਗਦਾ ਏ ਮਾਣਕ ਹੀਰਾ ਵੇ ਮੈਂ ਸਦਕੇ ਜਾਵਾਂ ਵੀਰਾ।

ਜਦੋਂ ਵੀਰ ਕਿਤੇ ਦੂਰੋਂ ਘਰ ਪਰਤਦਾ ਤਾਂ ਭੈਣਾਂ ਉਸ ਤੋਂ ਵਾਰੀ ਘੋਲੀ ਜਾਂਦੀਆਂ। ਉਸ ਦੇ ਅੱਗੇ ਖਾਣ-ਪੀਣ ਦੇ ਅਨੇਕਾਂ ਪਦਾਰਥ ਰੱਖਦੀਆਂ। ਰੀਝਾਂ-ਚਾਵਾਂ ਦੀਆਂ ਸਿਰ ਤੋਂ ਮੁੱਠੀਆਂ ਉਤਾਰਦੀਆਂ :-

ਵੀਰ ਆਇਆ ਦੂਰੋਂ
ਮੈਂ ਮਿੱਠਾ ਮੰਨ ਕੱਢਾਂ ਤੰਦੂਰੋਂ। ਊਂ-ਊਂ-ਊਂ
ਵੀਰ ਆਇਆ ਨਾ ਕੇ।
ਮੈਂ ਰੋਟੀ ਦੇਂਦੀ ਆਂ ਪਾ ਕੇ। ਊਂ-ਊਂ-ਊਂ

'ਊਂ' ਸ਼ਬਦ ਲਗਭਗ ਅਲੋਪ ਹੀ ਹੋ ਗਿਆ ਹੈ, ਪਰ ਪੇਂਡੂ ਛੋਟੇ ਬੱਚਿਆਂ ਵਿਚ ਅਜੇ ਵੀ ਮਿਲਦਾ ਹੈ। 'ਊਂ' ਸ਼ਬਦ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਪ੍ਰਾਚੀਨ ਮੋਹਰ ਹੈ। ਵੀਰ ਸ਼ਬਦ ਰਾਹੀਂ ਭੈਣ ਕਿਵੇਂ ਚਾਵਾਂ-ਮਲਾਰਾਂ ਨਾਲ ਸੰਬੋਧਨ ਕਰਦੀ ਹੈ :-

ਗਾਨਾ ਵੀਰ ਨੂੰ ਦੇਨੀਆਂ, ਕੌਡੀ ਸੁੱਟ ਗਿਆ,
ਮੋੜੋ-ਮੋੜੋ ਸਹੇਲੀਓ, ਮੋੜੋ ਰਾਜੇ ਦੀਉ ਬੇਟੀਓ
ਵੀਰਾ ਰੁਸ ਗਿਆ
ਜਾਂ
ਵੀਰ ਪੁੱਤ ਆਨਾਰ ਦਾ ਸੁਹਣਾ ਫੁੱਲ ਗੁਲਾਬ ਦਾ, ਬਾਗ ਖਿੜ ਰਿਹਾ।

ਵੀਰਾਂ ਨਾਲ ਹੀ ਬਾਬਲ ਦੇ ਬਾਗ ਖਿੜੇ ਰਹਿੰਦੇ ਹਨ। ਵੀਰ ਨੂੰ ਕਿੰਨੀ ਖ਼ੂਬਸੂਰਤ ਬਿੰਬਾਂ-ਪ੍ਰਤੀਕਾਂ ਦਾ ਮਾਲਿਕ ਦੱਸਿਆ ਹੈ। ਅਥਾਹ ਪਿਆਰ ਦੀ ਬੁਲੰਦੀ।

ਵੀਰ ਤੋਂ ਭੈਣ ਵਾਰੇ-ਵਾਰੇ ਜਾਂਦੀ ਹੈ। ਆਪਣੇ ਮੋਹ-ਪਿਆਰ ਕਰਕੇ ਉਸ ਤੋਂ ਸਭ ਕੁਝ ਵਾਰਨ ਲਈ ਤਿਆਰ ਹੁੰਦੀ ਹੈ :

ਆਪਣੇ ਵੀਰੇ ਤੋਂ ਕੀ ਕੁਝ ਵਾਰਾਂ, ਜੋ ਵਾਰਾਂ ਸੋ ਥੋੜਾ ਏ।
ਪੰਜ ਰੁਪਈਏ ਗਿਣ-ਗਿਣ ਵਾਰਾਂ, ਸੱਠ ਦਾ ਭਾਨ ਬਥੇਰਾ ਏ।

ਵੀਰ ਸ਼ਬਦ ਦੇ ਨਾਲ ਮਾਮੇ, ਚਾਚੇ, ਚਾਚੀ, ਭਾਬੀ, ਮਾਸੀ ਰਿਸ਼ਤਿਆਂ ਦੇ ਮੋਹ ਦਾ ਜ਼ਿਕਰ ਕਿੰਨੀ ਖ਼ੂਬਸੂਰਤੀ ਨਾਲ ਮਿਲਦਾ ਹੈ। ਪੰਜਾਬੀ ਸੱਭਿਆਚਾਰ ਦੀ ਇਹ ਰਿਸ਼ਤੇ ਜ਼ਿੰਦ ਜਾਨ ਹਨ :

ਨਾਲਵੀਰੇਦੇਬਾਬਲਸੋਹਵੇਮਾਏਦਾਚਮਕਾਰਾਏ।
ਨਾਲ ਵੀਰੇ ਦੇ ਚਾਚਾ ਸੋਹਵੇ ਚਾਚੀ ਦਾ ਚਮਕਾਰਾ ਏ।
ਨਾਲ ਵੀਰੇ ਦੇ ਦੇ ਵੀਰਾ ਸੋਹਵੇ ਭਾਬੀ ਦਾ ਚਮਕਾਰਾ ਏ।
ਨਾਲਵੀਰੇਦੇਮਾਮਾਸੋਹਵੇਮਾਮੀਦਾਚਮਕਾਰਾਏ।

ਛੋਟੇ ਵੀਰ ਨੂੰ ਜਦੋਂ ਭੈਣ ਰੀਝਾਂ ਨਾਲ ਖਿਡਾਉਂਦੀ ਹੈ ਤਾਂ ਲੋਕ ਗੀਤਾਂ ਵਿਚ ਇੰਝ ਕਹਿੰਦੀ ਹੈ :

ਉਖੱਲੀ 'ਚ ਡੇਲੇ ਵੀਰ ਮੇਰਾ ਖੇਲੇ। ਉਖੱਲੀ ਵਿਚ ਦਵੌਣਾ ਵੀਰ ਮੇਰਾ ਸੋਹਣਾ।

ਵੀਰ ਦੇ ਵਿਆਹ ਦੀ ਖ਼ੁਸ਼ੀ ਵਿਚ ਭੈਣ ਇੰਝ ਆਖਦੀ ਹੈ ਅਤੇ ਉਸ ਦੀ ਉਪਮਾ ਉਚੇ ਸਰਦਾਰਾਂ ਨਾਲ ਕਰਦੀ ਹੈ :

ਵੀਰ ਮੇਰਾ ਵਿਆਹੁਣ ਚੱਲਿਆ ਜੰਞ ਗਈ ਸਰਦਾਰਾਂ ਦੀ।

ਵੀਰ ਬਿਨਾਂ ਭੈਣ ਇੰਝ ਮਹਿਸੂਸ ਕਰਦੀ ਹੈ।

ਭੈਣਾਂ ਵੀਰ ਬਿਨਾਂ ਫੁੱਲ ਵਾਂਗੂੰ ਕੁਮਲਾਵਣ।

ਇਸ ਤਰਾਂ ਅਨੇਕਾਂ ਹੀ ਲੋਕ ਗੀਤ ਮੌਜੂਦ ਹਨ ਜਾਂ ਪੁਰਾਣੀਆਂ ਜਨਾਨੀਆਂ ਤੋਂ 'ਵੀਰ' ਨਾਲ ਸਬੰਧਤ ਲੋਕ ਗੀਤ ਸੁਣੇ ਜਾ ਸਕਦੇ ਹਨ ਜੋ ਕਿਤਾਬਾਂ ਵਿਚ ਵੀ ਨਹੀਂ ਮਿਲਦੇ। ਕੁਝ ਵੰਨਗੀਆਂ ਹੋਰ :-

ਵੀਰ ਮੇਰੇ ਨੇ ਕੁੜਤੀ ਦਿੱਤੀ ਭਾਬੋ ਨੇ ਫੁਲਕਾਰੀ।
ਨੀ ਜੱਗ ਜੀ ਭਾਬੋ ਲੱਗੇ ਵੀਰ ਤੋਂ ਪਿਆਰੀ।
ਅਤੇ
ਔਖਾ ਹੋਵੇਗਾ ਵੀਰਾ ਭਾਬੋ ਲਾਡਲੀ ਰੱਖੀ
ਅਤੇ
ਮਹਿਲਾਂ ਦਾ ਰਾਜਾ ਮੇਰੇ ਬਾਬੁਲ ਦਾ ਜਾਇਆ
ਅੰਬੜੀ ਦੇ ਦਿਲ ਦਾ ਸਹਾਰਾ ਨੀਂ ਵੀਰ ਮੇਰਾ ਘੋੜੀ ਚੜਿਆ।
ਖੱਟਣ ਗਿਆ ਤੇ ਖੱਟ ਕੇ ਲਿਆਂਦੀਆਂ ਛੱਲੀਆਂ
ਵੀਰ ਮੈਨੂੰ ਲੈ ਚਲ ਵੇ ਪੀਂਘਾਂ ਝੂਟਣ ਸਹੇਲੀਆਂ ਕੱਲੀਆਂ ਅਤੇ
ਵੀਰ ਘਰ ਪੁੱਤ ਜੰਮਿਆ ਚੰਦ ਚੜਿਆ ਬਾਪ ਦੇ ਵਿਹੜੇ ਅਤੇ
ਪੁੱਤ ਵੀਰ ਦਾ ਭਤੀਜਾ ਮੇਰਾ ਨਿਉਂ ਜੜ ਬਾਬਲ ਦੀ ਸਰਵਣ ਵੀਰ ਕੁੜੀਓ
ਬੋਤੇ ਚਾਰਦੇ ਭੈਣਾਂ ਨੂੰ ਮਿਲ ਆਉਂਦੇ।
ਅਤੇ ਸੱਸ ਮਾਰਦੀ ਬੀਹੀ ਦੇ ਵਿਚ ਮਿਹਣੇ
ਤੀਆਂ ਨੂੰ ਨਾ ਆਇਆ ਵੀਰਨਾ

ਇਸ ਤਰਾਂ ਅਨੇਕਾਂ ਹੀ ਵੀਰ ਸ਼ਬਦ ਸਬੰਧੀ ਟੱਪੇ, ਲੋਰੀਆਂ, ਸੁਹਾਗ, ਗੀਤ ਆਦਿ ਮਿਲਦੇ ਹਨ। ਇਹ ਲੋਕ ਗੀਤ ਔਰਤਾਂ ਤ੍ਰਿਝਣਾਂ, ਵਿਆਹ, ਸ਼ਾਦੀਆਂ, ਸੱਥਾਂ, ਦੁੱਖ ਅਤੇ ਸੁੱਖ ਵਿਚ ਆਪ ਮੁਹਾਰੇ ਹੀ ਗੰਢ ਲੈਂਦੀਆਂ ਸਨ ਜਿਨਾਂ ਵਿਚ ਰਿਸ਼ਤੇ-ਨਾਤਿਆਂ ਦਾ ਨਿੱਘ ਹੁੰਦਾ ਸੀ। ਜਿਸ ਕਰਕੇ ਇਹ ਮਕਬੂਲ ਅਤੇ ਹਰਮਨ ਪਿਆਰੇ ਹੁੰਦੇ ਸਨ। ਅੱਜ ਕੱਲ ਉਹ ਪ੍ਰਾਚੀਨ ਮਾਹੌਲ ਨਹੀਂ ਰਿਹਾ ਇਸ ਕਰਕੇ ਲੋਕ ਗੀਤ ਵੀ ਔਰਤਾਂ ਦੀ ਜ਼ੁਬਾਂ 'ਚੋਂ ਖ਼ਤਮ ਹੋ ਗਏ।

## ਬਾਦਲਾਂ ਦੀ ਸ਼੍ਰੋਮਣੀ...

ਕੀਤੀ ਅਤੇ ਇਸ ਮੁਕਾਮ ਤੱਕ ਪਹੁੰਚਾਇਆ। ਉਨਾਂ ਕਿਹਾ ਕਿ ਇਸ ਲਈ ਜਿਹੜੇ ਲੋਕ ਆਪਣੇ ਨਿੱਜੀ ਹਿੱਤਾਂ ਲਈ ਪਾਰਟੀ ਨਾਲ ਗੱਦਾਰੀ ਕਰਕੇ ਪਾਰਟੀ ਨੂੰ ਤਬਾਹ ਕਰਨ ਦੇ ਇਰਾਦੇ ਰੱਖਦੇ ਹਨ, ਉਨਾਂ ਨੂੰ ਚੰਗੀ ਤਰਾਂ ਸਮਝ ਲੈਣਾ ਚਾਹੀਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਸ਼ਹੀਦਾਂ ਦੀ ਜੱਥੇਬੰਦੀ ਹੈ ਅਤੇ ਇਹ ਹਮੇਸ਼ਾ ਕਾਇਮ ਰਹੇਗੀ। ਚੁਣੀ 21 ਮੈਂਬਰੀ ਕਮੇਟੀ ਵਿਚ ਅਵਤਾਰ ਸਿੰਘ ਹਿੱਤ, ਭੁਪਿੰਦਰ ਸਿੰਘ ਆਨੰਦ, ਰਵਿੰਦਰ ਸਿੰਘ ਖੁਰਾਣਾ, ਪ੍ਰਿਤਪਾਲ ਸਿੰਘ ਕਪੂਰ, ਸੁਖਦੇਵ ਸਿੰਘ ਰਿਆਤ, ਗੁਰਦੇਵ ਸਿੰਘ ਭੋਲਾ, ਐਮ.ਜੀ.ਐਸ ਬਿੰਦਰਾ, ਤੇਜਪਾਲ ਸਿੰਘ, ਅਮਰਜੀਤ ਸਿੰਘ ਸੰਧੂ, ਅੰਮ੍ਰਿਤ ਸਿੰਘ ਖਾਨਪੁਰੀ, ਸੁਰਜੀਤ ਸਿੰਘ ਵਿਲਖੂ, ਸੁਦੀਪ ਸਿੰਘ, ਅਵਨੀਤ ਸਿੰਘ ਰਾਇਸਨ, ਤਰਲੋਕ ਸਿੰਘ ਨਾਗਰਾ, ਰਾਜਪਾਲ ਸਿੰਘ ਪੰਮੀ, ਸਤਪਾਲ ਸਿੰਘ, ਜਗਮੋਹਨ ਸਿੰਘ ਵਿਰਕ, ਮਨਦੀਪ ਸਿੰਘ ਭਮਰਾ, ਪਰਮਜੀਤ ਸਿੰਘ ਮਾਨ, ਭੁਪਿੰਦਰ ਸਿੰਘ ਮਾਣਕ, ਜਗਦੇਵ ਸਿੰਘ ਸ਼ਾਮਲ ਹਨ।

## ਸ਼੍ਰੋਮਣੀ ਅਕਾਲੀ ਦਲ...

ਉਨਾਂ ਕਿਹਾ ਕਿ ਹਾਲਾਂਕਿ ਸ. ਕਾਲਕਾ ਦੀ ਅਗਵਾਈ ਵਾਲੇ 'ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ' ਨੂੰ ਸੁਸਾਇਟੀ ਐਕਟ ਦੇ ਤਹਿਤ ਰਜਿਸਟਰਡ ਹੋਣ ਦਾ ਦਾਵਾ ਕੀਤਾ ਜਾ ਰਿਹਾ ਹੈ, ਪਰੰਤੂ ਦਿੱਲੀ ਗੁਰਦੁਆਰਾ ਨਿਯਮਾਂ ਮੁਤਾਬਿਕ ਇਕ ਨਾਮ ਦੀਆਂ ਦੋ ਪਾਰਟੀਆਂ ਨੂੰ ਵੱਖ-ਵੱਖ ਰਾਖਵੇਂ ਚੋਣ ਨਿਸ਼ਾਨ ਅਲਾਟ ਨਹੀ ਕੀਤੇ ਜਾ ਸਕਦੇ ਹਨ। ਸ. ਇੰਦਰ ਮੋਹਨ ਸਿੰਘ ਨੇ ਦਸਿਆ ਕਿ ਦਿੱਲੀ ਗੁਰਦੁਆਰਾ ਚੋਣਾਂ ਵਿਚ ਦਲ-ਬਦਲੂ ਕਾਨੂੰਨ ਲਾਗੂ ਨਹੀ ਹੈ ਇਸ ਲਈ ਕਮੇਟੀ ਦੇ ਗਠਨ ਦਾ ਦਾਵਾ ਮੈਂਬਰਾਂ ਦੀ ਗਿਣਤੀ ਦੇ ਆਧਾਰ 'ਤੇ ਕੀਤਾ ਜਾਂਦਾ ਹੈ ਅਤੇ ਘੱਟੋ-ਘੱਟ 26 ਮੈਂਬਰਾਂ ਵਾਲਾ ਧੜਾ ਦਿੱਲੀ ਗੁਰਦੁਆਰਾ ਕਮੇਟੀ ਦੇ ਕਾਰਜਕਾਰੀ ਬੋਰਡ ਵਿਚ ਕਾਬਿਜ ਹੋਣ 'ਚ ਕਾਮਯਾਬ ਹੋ ਜਾਂਦਾ ਹੈ।

## 'ਆਪ' ਸੂਬੇ ਦੀ ਤਰੱਕੀ...

ਅਜਾਇਬ ਘਰ ਵਿੱਚ ਦਰਸਾਏ ਸਹੀਦ ਦੇ ਜੀਵਨ ਵੇਰਵਿਆਂ ਅਤੇ ਨਿੱਜੀ ਚੀਜਾਂ ਨੇ ਮੈਨੂੰ ਭਾਵੁਕ ਕਰ ਦਿੱਤਾ ਹੈ।ਸਹੀਦ-ਏ-ਆਜਮ ਦੇ ਸੁਪਨਿਆਂ ਨੂੰ ਸਾਕਾਰ ਕਰਨਾ ਸਾਡਾ ਨੈਤਿਕ ਫਰਜ ਹੈ।"

ਮੁੱਖ ਮੰਤਰੀ ਨੇ ਸਹੀਦ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਸਨਮਾਨਿਤ ਕੀਤਾ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਸਹੀਦ ਦੇ ਪਿਤਾ ਸਵਰਗੀ ਕਿਸਨ ਸਿੰਘ ਦੀ ਸਮਾਧ 'ਤੇ ਵੀ ਸਰਧਾਂਜਲੀ ਭੇਟ ਕੀਤੀ। ਉਨ੍ਹਾਂ ਸਹੀਦ ਭਗਤ ਸਿੰਘ ਦੇ ਬੁੱਤ 'ਤੇ ਸਰਧਾ ਦੇ ਫੁੱਲ ਵੀ ਅਰਪਣ ਕੀਤੇ। ਉਨ੍ਹਾਂ ਨੇ ਸਰਦਾਰ ਭਗਤ ਸਿੰਘ ਦੇ ਪਰਿਵਾਰ ਦੇ ਜੱਦੀ ਘਰ ਨੂੰ ਵੀ ਸਿਜਦਾ ਕੀਤਾ



# ਪੁਸਤਕ ਚਰਚਾ : ਬਹੁਜਨ ਸਿਆਸਤ ਦੇ ਸਿਧਾਂਤਕਾਰ ਦੀ ਗਾਥਾ

**ਬਿੰਦਰ ਬਸਰਾ**

ਜਾਤੀ ਵਿਵਸਥਾ ਵਿਚ ਵੰਡੇ ਭਾਰਤੀ ਸਮਾਜ ਵਿਚ ਦਲਿਤ ਜਾਤੀਆਂ ਦੀ ਸਮਾਜਿਕ, ਆਰਥਿਕ ਅਤੇ ਰਾਜਨੀਤਕ ਸਥਿਤੀ ਬਹੁਤ ਤਰਸਯੋਗ ਰਹੀ ਹੈ। ਇਸ ਸਥਿਤੀ ਨੂੰ ਬਦਲਣ ਲਈ ਸਮੇਂ-ਸਮੇਂ 'ਤੇ ਕਈ ਲਹਿਰਾਂ ਉੱਠੀਆਂ। ਇਨਾਂ ਰਾਜਸੀ ਲਹਿਰਾਂ 'ਚ ਬਹੁਜਨ ਸਮਾਜ ਪਾਰਟੀ ਦੀ ਭੂਮਿਕਾ ਵੀ ਜ਼ਿਕਰਯੋਗ ਹੈ।ਭਾਰਤੀ ਸਿਆਸਤ ਦੇ ਸਮੀਕਰਨ ਬਦਲਣ ਅਤੇ ਟੁਕੜਿਆਂ ਵਿਚ ਵੰਡੇ ਹੋਏ ਬਹੁਜਨ ਸਮਾਜ ਨੂੰ ਇਕ ਸੂਤਰ ਵਿਚ ਪ੍ਰੋਣ ਵਾਲੇ ਆਗੂ ਦੇ ਸੰਘਰਸ਼ਮਈ ਜੀਵਨ ਦੀ ਗਾਥਾ ਹੈ ਪੁਸਤਕ 'ਬਹੁਜਨਾਂ ਦੇ ਨਾਇਕ ਕਾਂਸ਼ੀ ਰਾਮ'। ਡਾ. ਭੀਮ ਰਾਓ ਅੰਬੇਡਕਰ ਤੋਂ ਬਾਅਦ ਦਲਿਤ ਰਾਜਨੀਤੀ ਵਿਚ ਪੈਦੇ ਹੋਏ ਖ਼ਲਾਅ ਨੂੰ ਭਰਨ ਲਈ ਬਾਬੂ ਕਾਂਸ਼ੀ ਰਾਮ ਨੂੰ ਸਾਈਕਲ ਯਾਤਰਾ ਕਰਦਿਆਂ ਕਿਨਾਂ ਬਿਖੜੇ ਪੈਂਡਿਆਂ ਰਾਹੀਂ ਗੁਜ਼ਰਨਾ ਪਿਆ ਉਸ ਨੂੰ ਡਾ. ਬਦਰੀ ਨਾਰਾਇਣ ਨੇ ਸਖ਼ਤ ਮਿਹਨਤ ਪਿੱਛੋਂ ਬਹੁਤ ਬਾਰੀਕੀ ਨਾਲ ਤੱਥ ਆਧਾਰਿਤ ਪੇਸ਼ ਕੀਤਾ ਹੈ। ਉਨਾਂ ਦੀ ਅੰਗਰੇਜ਼ੀ ਵਿਚ ਲਿਖੀ ਇਸ ਪੁਸਤਕ ਦਾ ਪੰਜਾਬੀ ਅਨੁਵਾਦ ਵਿਦੇਸ਼ ਵਸਦੇ ਡਾ. ਹਰਜਿੰਦਰ ਕੁਮਾਰ ਅਤੇ ਡਾ. ਪਰਮਜੀਤ ਚੁੰਬਰ ਨੇ ਸਾਂਝੇ ਉਦਮ ਨਾਲ ਕੀਤਾ ਹੈ।

ਲੇਖਕ ਨੇ ਪੁਸਤਕ ਨੂੰ ਵੱਖ-ਵੱਖ 8 ਸਿਰਲੇਖਾਂ 'ਚ ਵੰਡਿਆ ਹੈ। ਪਹਿਲੇ ਭਾਗ 'ਮੁੱਢਲੇ ਸਾਲ' 'ਚ ਬਿਆਨਿਆ ਗਿਆ ਹੈ ਕਿ ਦੇਸ਼ 'ਚ ਦਲਿਤ ਰਾਜਨੀਤੀ ਦਾ ਜੋ ਮੂੰਹ-ਮੁਹਾਂਦਰਾ ਅੱਜ ਨਜ਼ਰ ਆ ਰਿਹਾ ਹੈ ਇਹ ਇਕ-ਦੋ ਦਿਨ ਦਾ ਚਮਤਕਾਰ ਨਹੀਂ। ਇਸ ਪਿੱਛੇ ਸਮੇਂ-ਸਮੇਂ ਉਠੀਆਂ ਦਲਿਤ ਲਹਿਰਾਂ ਅਤੇ ਦਲਿਤ ਆਗੂਆਂ ਦਾ ਯੋਗਦਾਨ ਹੈ ਜਿਨਾਂ ਨੇ ਪੀੜਤ ਧਿਰਾਂ ਨੂੰ ਸਮਾਜ ਅਤੇ ਰਾਜਨੀਤੀ 'ਚ ਸਨਮਾਨਜਨਕ ਥਾਂ ਦਿਵਾਉਣ ਲਈ ਘਾਲਣਾ ਘਾਲੀ ਹੈ। ਪੰਜਾਬ 'ਚੋਂ ਉੱਠੀ 'ਆਦਿ ਧਰਮ ਮੰਡਲ ਲਹਿਰ', ਬੰਗਾਲ ਦੀ 'ਨਮੋਸ਼ੂਦਰ ਲਹਿਰ', ਤਾਮਿਲਨਾਡੂ ਦੀ 'ਆਦਿ-ਦਰਾਵਿੜ ਲਹਿਰ', ਆਂਧਰਾ ਪ੍ਰਦੇਸ਼ ਦੀ ਆਦਿ-ਆਂਧਰਾ ਲਹਿਰ, ਆਦਿ ਕਰਨਾਟਕ ਲਹਿਰ ਅਤੇ ਯੂ.ਪੀ. ਵਿਚ ਕਾਨਪੁਰ ਦੇ ਆਲੇ ਦੁਆਲੇ ਆਦਿ-ਹਿੰਦੂ ਲਹਿਰ ਪ੍ਰਮੁੱਖ ਹਨ ਜੋ 1920 ਦੇ ਦਹਾਕੇ 'ਚ ਪੈਦਾ ਹੋਈਆਂ ਅਤੇ ਉਨਾਂ ਦੇ ਆਗੂਆਂ ਦੀ ਜੱਦੋ-ਜਹਿਦ ਦਾ ਵਰਨਣ ਬਾਖ਼ੂਬੀ ਕੀਤਾ ਗਿਆ ਹੈ।

ਆਦਿ ਧਰਮ ਲਹਿਰ ਦੇ ਬਾਨੀ ਬਾਬੂ ਮੰਗੂ ਰਾਮ ਮੁੱਗੋਵਾਲੀਆ, ਭਾਗਿਆ ਰੈਡੀ ਵਰਮਾ, ਸਵਾਮੀ ਅਛੂਤਾਨੰਦ, ਪੇਰੀਆਰ ਰਾਮਸਵਾਮੀ ਨਾਇਕਰ ਆਦਿ ਵਲੋਂ ਖੜੀਆਂ ਕੀਤੀਆਂ ਜਾਤ ਵਿਰੋਧੀ ਲਹਿਰਾਂ ਦੀ ਭੂਮਿਕਾ ਨੂੰ ਵਿਸਥਾਰ 'ਚ ਵਿਚਾਰਿਆ ਗਿਆ ਹੈ। ਬਾਬੂ ਕਾਂਸ਼ੀ ਰਾਮ ਨੇ ਦਲਿਤ ਬਰਾਦਰੀਆਂ ਵਿਚ ਇਨਾਂ ਲਹਿਰਾਂ ਵਲੋਂ ਲਾਈ ਜਾਗ ਨੂੰ ਬਹੁਜਨਾਂ ਦੀ ਰਾਜਨੀਤੀ ਵਿਚ ਤਬਦੀਲ ਕਰਨ ਲਈ ਲੰਬਾ ਪੈਂਡਾ ਤੈਅ ਕਰਨਾ ਪਿਆ। ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਨਾਲ ਦੋ ਚਾਰ ਹੁੰਦਿਆਂ ਅਤੇ ਬਚਪਨ ਵਿਚ ਹੰਢਾਏ ਜਾਤੀ ਤ੍ਰਿਸਕਾਰ ਅਤੇ ਨੌਕਰੀ ਦੌਰਾਨ ਦਲਿਤਾਂ ਨਾਲ ਹੁੰਦੇ ਵਿਤਕਰੇ ਨੂੰ ਦੇਖ ਜੋ ਅੰਤਰ ਆਤਮਾ 'ਚੋਂ ਆਵਾਜ਼ ਉੱਠੀ ਉਸ ਨੇ ਬਾਬੂ ਕਾਂਸੀ ਰਾਮ ਨੂੰ ਦਲਿਤਾਂ ਅੰਦਰ ਅਣਖ ਅਤੇ ਸਵੈਮਾਣ ਦੀ ਭਾਵਨਾ ਭਰਨ ਦੇ ਰਾਹ ਤੋਰਿਆ।

ਲੇਖਕ ਨੇ ਪਹਿਲੇ ਭਾਗ ਵਿਚ ਇਕ ਖ਼ਾਸ ਨੁਕਤਾ ਬਹੁਤ ਜ਼ੋਰ ਨਾਲ ਉਭਾਰਿਆ ਹੈ ਕਿ ਕਮਿਊਨਿਸਟ ਲਹਿਰ ਦੇ ਆਗੂਆਂ ਵਾਂਗ ਬਾਬੂ ਕਾਂਸ਼ੀ ਰਾਮ ਨੇ ਵੀ ਆਪਣੇ ਜੀਵਨ ਸੰਘਰਸ਼ ਨੂੰ ਬਿਆਨਦੀਆਂ ਲਿਖਤਾਂ ਅਤੇ ਚਿੱਠੀਆਂ ਨੂੰ ਸੰਭਾਲਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਇੱਥੋਂ ਤਕ ਕਿ ਆਪਣੇ ਰਾਜਸੀ ਮਿਸ਼ਨ ਦੀ ਪ੍ਰਾਪਤੀ ਲਈ ਘਰ ਦਾ ਤਿਆਗ ਕਰਨ ਬਾਰੇ ਲਿਖਿਆ 24 ਸਫ਼ਿਆਂ ਦਾ ਖ਼ਤ ਵੀ ਘਰ ਵਾਲਿਆਂ ਨੇ ਨਹੀਂ ਸੰਭਾਲਿਆ।

'ਗੁਰੂ ਕਿੱਲੀ ਦੀ ਭਾਲ' ਅਧਿਆਏ ਵਿਚ ਲੇਖਕ ਨੇ ਸੱਤਾ ਦੀ ਚਾਬੀ ਕਿਵੇਂ ਹਥਿਆਉਣੀ ਹੈ, ਇਸ ਲਈ ਉਨਾਂ ਰਾਜਸੀ ਤੌਰ 'ਤੇ ਚੇਤੰਨ ਹੁੰਦਿਆਂ ਰਿਪਬਲਿਕਨ ਪਾਰਟੀ ਆਫ ਇੰਡੀਆ ਤੋਂ ਸ਼ੁਰੂਆਤ ਕਰ ਕੇ ਬਹੁਜਨ ਸਮਾਜ ਪਾਰਟੀ ਦੇ ਗਠਨ ਤਕ ਦਾ ਸਫ਼ਰ ਕਿਨਾਂ ਪੜਾਵਾਂ 'ਚੋਂ ਲੰਘਦਿਆਂ ਕੀਤਾ, ਸਬੰਧੀ ਚਰਚਾ ਕੀਤੀ ਗਈ ਹੈ। ਬਾਬੂ ਕਾਂਸ਼ੀ ਰਾਮ ਵੱਲੋਂ ਸਰਕਾਰੀ ਨੌਕਰੀਆਂ ਕਰਦੇ ਪੜ੍ਹੇ ਲਿਖੇ ਦਲਿਤਾਂ ਨੂੰ ਟਰੇਡ ਯੂਨੀਅਨਾਂ ਦੀ ਲੀਹ 'ਤੇ ਜੋੜਨ ਦਾ ਕਾਰਜ ਕਰਦਿਆਂ 6 ਦਸੰਬਰ 1978 ਨੂੰ ਬਾਮਸੇਫ ਦਾ ਰਸਮੀ ਐਲਾਨ ਕੀਤਾ। ਉਸ ਤੋਂ ਪਿੱਛੋ ਰਾਜਨੀਤਕ ਸੰਸਥਾ ਦੀ ਲੋੜ ਮਹਿਸੂਸ ਕਰਦਿਆਂ ਉਨਾਂ 1981 ਵਿਚ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸਮਿਤੀ (ਡੀਐੱਸ4) ਦੀ ਸਥਾਪਨਾ ਕੀਤੀ ਅਤੇ ਫਿਰ 1984 'ਚ ਬਹੁਜਨ ਸਮਾਜ ਪਾਰਟੀ ਦੀ ਸਥਾਪਨਾ ਕਰ ਕੇ ਪੰਜਾਬ 'ਚ ਚੋਣਾਂ ਦੌਰਾਨ ਕੁਝ ਸੀਟਾਂ 'ਤੇ ਜਿੱਤ ਪ੍ਰਾਪਤ ਕਰਨ ਅਤੇ ਫਿਰ ਯੂਪੀ ਵਿਚ ਸੱਤਾ 'ਤੇ ਕਾਬਜ਼ ਹੋਣ ਦੀ ਕਹਾਣੀ ਪੁਸਤਕ ਵਿਚ ਦਰਜ ਕੀਤੀ ਗਈ ਹੈ।

'ਚਮਚਾ ਯੁੱਗ' ਡਾ. ਅੰਬੇਡਕਰ ਤੋਂ ਅਗਲਾ ਏਜੰਡਾ' ਭਾਗ 'ਚ ਬਾਬੂ ਕਾਂਸ਼ੀ ਰਾਮ ਦੀ 1982 'ਚ ਲਿਖੀ ਕਿਤਾਬ 'ਚਮਚਾ ਯੁੱਗ' ਨਾ ਸਿਰਫ ਉਦੋਂ ਤਕ ਦੀ ਲੀਹੋਂ ਲੱਥੀ ਦਲਿਤ ਲਹਿਰ ਦੀ ਆਲੋਚਨਾ ਹੀ ਕਰਦੀ ਹੈ ਬਲਕਿ ਦਲਿਤ ਸਮਾਜ ਦੇ ਵੱਕਾਰ ਨੂੰ ਆਪਣੇ ਨਿੱਜੀ ਹਿੱਤਾਂ ਲਈ ਵੇਚਣ ਵਾਲੇ ਦਲਿਤ ਨੇਤਾਵਾਂ 'ਤੇ ਤਿੱਖੇ ਵਾਰ ਕਰਦੀ ਹੈ। ਅਜਿਹੇ ਨੇਤਾ ਹੀ ਬਾਬੂ ਕਾਂਸ਼ੀ ਰਾਮ ਦੀ ਨਜ਼ਰ ਵਿਚ ਮੁੱਖਧਾਰਾ ਦੀਆਂ ਪਾਰਟੀਆਂ ਵੱਲੋਂ ਪੈਦਾ ਕੀਤੇ ਚਮਚੇ ਸਨ




ਜਿਹੜੇ ਉੱਠ ਰਹੀਆਂ ਦਲਿਤ ਲਹਿਰਾਂ ਨੂੰ ਖੁੰਢਿਆਂ ਕਰਨ ਦੇ ਕੰਮ ਆਉਂਦੇ ਰਹੇ। ਚਮਚਾ ਯੁੱਗ ਦੇ ਪੈਦਾ ਹੋਣ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਦਿਆਂ ਇਨਾਂ ਦੀਆਂ ਕਿਸਮਾਂ 'ਤੇ ਵੀ ਚਾਨਣਾ ਪਾਇਆ ਗਿਆ ਹੈ।

ਭਾਰਤ ਦੇ ਸਮਾਜਿਕ ਤੇ ਰਾਜਸੀ ਢਾਂਚੇ 'ਤੇ ਬ੍ਰਾਹਮਣਵਾਦ ਦੀ ਪੀਡੀ ਜਕੜ ਨੂੰ ਢਿੱਲਿਆਂ ਕਰਨ ਲਈ ਬਾਬੂ ਕਾਂਸ਼ੀ ਰਾਮ ਨੇ ਬਹੁਜਨ ਸਮਾਜ ਦਾ ਸੰਕਲਪ ਲਿਆਂਦਾ। ਉਨਾਂ ਸਰਕਾਰ ਅਤੇ ਪ੍ਰਸ਼ਾਸਨ ਵਿਚ ਹਿੱਸੇਦਾਰੀ ਲਈ ਛੋਟੀਆਂ-ਛੋਟੀਆਂ ਜਾਤਾਂ 'ਚ ਵੰਡੇ ਲੋਕਾਂ ਨੂੰ ਇੱਜ਼ਤ ਅਤੇ ਸਵੈਮਾਣ ਲਈ ਇਕੱਠੇ ਹੋ ਕੇ ਲੜਨ ਦੀ ਲਾਈ ਚਿਣਗ ਨੇ ਦਲਿਤ ਸਮਾਜ ਨੂੰ ਰਾਜਸੀ ਸਮੀਕਰਨ ਬਦਲਣ ਦੇ ਕਿਵੇਂ ਯੋਗ ਬਣਾਇਆ ਇਸ ਦਾ ਖੁਲਾਸਾ ਇਸ ਪੁਸਤਕ ਵਿਚ ਕੀਤਾ ਗਿਆ ਹੈ। ਦੇਸ਼ ਦੇ ਵੱਖ-ਵੱਖ ਖਿੱਤਿਆਂ 'ਚ ਵਸਦੀਆਂ ਟੁਕੜਿਆਂ ਵਿਚ ਵੰਡੀਆਂ ਅਤੇ ਪੀੜਿਤ ਦਲਿਤ ਧਿਰਾਂ ਨੂੰ ਇਕ ਸਾਂਝੇ ਪਲੇਟਫਾਰਮ 'ਤੇ ਲਿਆਉਣ ਲਈ ਬਾਬੂ ਕਾਂਸ਼ੀ ਰਾਮ ਵੱਲੋਂ ਕੀਤੇ ਲੰਬੇ ਸੰਘਰਸ਼ ਦੀ ਕਹਾਣੀ ਡੂੰਘੀ ਖੋਜ ਤੇ ਸਖ਼ਤ ਮੁਸ਼ੱਕਤ ਵਾਲਾ ਅਹਿਮ ਕਾਰਜ ਹੈ ਜਿਸ ਨੂੰ ਲੇਖਕ ਨੇ ਕਰ ਦਿਖਾਇਆ ਹੈ।

ਦੇਸ਼ ਵਿਚ ਧਾਰਮਿਕ ਅਤੇ ਜਾਤੀ ਪਛਾਣ ਵਾਲੀ ਰਾਜਨੀਤੀ ਕਾਰਨ ਪੈਦਾ ਹੋਏ ਹਾਲਾਤ ਨੂੰ ਕਾਂਸ਼ੀ ਰਾਮ ਨੇ ਆਪਣੀ ਪਾਰਟੀ ਨੂੰ ਸੱਤਾ ਵਿਚ ਲਿਆਉਣ ਲਈ ਕਿਵੇਂ ਵਰਤਿਆ ਇਸ ਦੇ ਤਫਸੀਲੀ ਵੇਰਵੇ ਉਨਾਂ ਦੀ ਰਾਜਸੀ ਸਮਝ ਅਤੇ ਦੂਰਅੰਦੇਸ਼ੀ ਦੀ ਮਿਸਾਲ ਪੇਸ਼ ਕਰਦੇ ਹਨ। 'ਹਾਥੀ ਦੀ ਚੜਤ- ਬਾਬੂ ਕਾਂਸ਼ੀ ਰਾਮ ਦੀ ਸੱਭਿਆਚਾਰਕ ਰਾਜਨੀਤੀ ਅਤੇ ਬਸਪਾ ਦਾ ਗਠਨ' ਲੇਖ 'ਚ ਮੰਡਲ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਹੋਣ ਪਿੱਛੋਂ ਪੈਂਦਾ ਹੋਏ ਹਾਲਤ ਵਿੱਚੋਂ ਬਹੁਜਨ ਸਮਾਜ ਪਾਰਟੀ ਨੂੰ ਰਾਜਸੀ ਰੰਗਮੰਚ 'ਤੇ ਲਿਆ ਖੜੇ ਕਰਨ ਅਤੇ ਅਣਗੌਲੇ ਹੋਏ ਦਲਿਤ ਨਾਇਕਾਂ ਨੂੰ ਉਭਾਰਨ ਦੀ ਕਹਾਣੀ ਬਿਆਨੀ ਗਈ ਹੈ। ਇਸ ਤੋਂ ਇਲਾਵਾ ਪਾਰਟੀ ਦੇ ਸੰਗਠਨ ਦੀ ਬਣਤਰ ਬਾਰੇ ਜਾਣਕਾਰੀ ਦਿੱਤੀ ਗਈ ਹੈ। 'ਸੱਤਾ ਪ੍ਰਾਪਤੀ ਵੱਲ ਵਧਦੇ ਕਦਮ- ਬਸਪਾ ਦੀ ਚੁਣਾਵੀ ਸਿਆਸਤ' 'ਚ ਬਸਪਾ ਦੀ ਚੋਣ ਰਣਨੀਤੀ ਅਤੇ ਗਠਜੋੜਾਂ ਅਤੇ ਚੋਣ ਪ੍ਰਚਾਰ ਲਈ ਰਿਵਾਇਤੀ ਪਾਰਟੀਆਂ ਦੇ ਮੁਕਾਬਲੇ ਲਈ ਜੁਟਾਏ ਗਏ ਜਨਤਕ ਸਾਧਨਾਂ ਦੀ ਲੰਬੀ ਕਹਾਣੀ ਦਰਜ ਕੀਤੀ ਹਈ ਹੈ। 'ਆਲੋਚਨਾਵਾਂ ਦੇ ਘੇਰੇ ਵਿਚ-ਮੌਕਾਪ੍ਰਸਤੀ ਇਕ ਰਣਨੀਤੀ ਦੇ ਰੂਪ ਵਿਚ' ਬਾਬੂ ਕਾਂਸ਼ੀ ਰਾਮ ਵਲੋਂ ਖ਼ੁਦ ਘੜੇ ਰਾਜਨੀਤਕ ਆਦਰਸ਼ਾਂ ਦਾ ਲੇਖਾ ਜੋਖਾ ਕੀਤਾ ਗਿਆ ਹੈ।

ਪੁਸਤਕ ਦੇ ਅਧਿਆਏ 'ਅੰਤਲੇ ਦਿਨ-ਪਾਰਟੀ ਅਤੇ ਪਰਿਵਾਰ ਦਰਮਿਆਨ ਖਿੱਚੋਤਾਣ' 'ਚ ਬਾਬੂ ਕਾਂਸ਼ੀ ਰਾਮ ਦੇ ਪਰਿਵਾਰ ਅਤੇ ਕੁਮਾਰੀ ਮਾਇਆਵਤੀ ਦਰਮਿਆਨ ਰਹੀ ਖਿੱਚੋਤਾਣ ਦੇ ਕਾਰਨਾਂ ਨੂੰ ਵਿਚਾਰਿਆ ਗਿਆ ਹੈ। ਪੁਸਤਕ ਦੇ ਆਖ਼ਰੀ ਭਾਗ 'ਪੈਗ਼ਾਮ ਜ਼ਿੰਦਾਬਾਦ- ਬਾਬੂ ਕਾਂਸ਼ੀ ਰਾਮ ਦੀ ਸਿਆਸਤ ਦੀਆਂ ਸੀਮਾਵਾਂ' ਵਿਚ ਜਾਤੀ ਆਧਰਿਤ ਸਿਆਸਤ ਦੀ ਚੁਣੌਤੀਆਂ ਅਤੇ ਸੀਮਾਵਾਂ ਦਾ ਵਰਣਨ ਕੀਤਾ ਗਿਆ ਹੈ। ਬਾਬੂ ਕਾਂਸ਼ੀ ਰਾਮ ਦੇ ਪਰਿਵਾਰਕ ਮੈਂਬਰਾਂ ਅਤੇ ਘਰ ਦੀਆਂ ਤਸਵੀਰਾਂ ਪੁਸਤਕ ਦੀ ਗੁਣਵੱਤਾ 'ਚ ਹੋਰ ਵਾਧਾ ਕਰਦੀਆਂ ਹਨ। ਜੋ ਖੋਜਾਰਥੀ ਦਲਿਤ ਰਾਜਨੀਤੀ ਬਾਰੇ ਜਾਣਨਾ ਚਾਹੁੰਦੇ ਹਨ, ਉਨਾਂ ਲਈ ਇਹ ਪੁਸਤਕ ਬਹੁਤ ਲਾਭਾਕਾਰੀ ਹੋਵੇਗੀ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ
ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ਅੱਜ ਦਾ ਮੁੱਦਾ
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com